SANWAD RESEARCH JOURNAL

# ਸੰਵਾਦ

ISSN : 2395 1273
ਜਨਵਰੀ - ਜੂਨ 2019

## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

ਸਾਲ 05 — ਅੰਕ 09

## ਗੁਰੂ ਨਾਨਕ ਵਿਸ਼ੇਸ਼ ਅੰਕ


- ਗੁਰੂ ਨਾਨਕ ਸਾਹਿਬ
- ਮੋਹਨ ਸਿੰਘ ਦੀ ਕਵਿਤਾ 'ਸਿੱਖੀ': ਉਸਤਿਤ ਤੋਂ ਚਿੰਤਾ ਦਾ ਸਫ਼ਰ
- ਗੁਰੂ ਨਾਨਕ ਦਾ ਨਾਟ ਚਿਤਰਣ: ਸਮਾਜਿਕ ਪ੍ਰਾਸੰਗਿਕਤਾ
- ਅਸੀਂ ਨਾਨਕ ਦੇ ਕੀ ਲਗਦੇ ਹਾਂ : ਪੁਨਰ-ਚਿੰਤਨ
- ਗੁਰੂ ਨਾਨਕ : ਜਨਮਸਾਖੀ ਬਿੰਬ
- ਸੇਵਾ ਦਾ ਸੰਕਲਪ ਅਤੇ ਗੁਰੂ ਨਾਨਕ ਦਰਸ਼ਨ
- ਗੁਰੂ ਨਾਨਕ-ਬਾਣੀ ਅਤੇ ਪੰਜਾਬੀ ਸੰਵੇਦਨਾ
- ਜਨਮਸਾਖੀ ਅਧਿਐਨ ਦੇ ਵਿਭਿੰਨ ਪਰਿਪੇਖ
- ਜਪੁਜੀ : ਭਾਸ਼ਾਈ ਵਿਵੇਚਨ
- ਵਿਸ਼ਵੀਕਰਨ ਦੇ ਦੌਰ ਵਿਚ ਗੁਰੂ ਨਾਨਕ ਬਾਣੀ ਦੀ ਸਾਰਥਕਤਾ
- ਭਟ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰ ਪਰਮੇਸ਼ਰ' ਸਰੂਪ ਦਾ ਚਿਤਰਣ
- ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਮਨੁੱਖੀ ਸਹਿ-ਹੋਂਦ
- ਸ੍ਰੀ ਗੁਰੂ ਨਾਨਕ ਦੇਵ ਜੀ : ਜੋਤਿ ਤੇ ਜੁਗਤਿ
- ਗੁਰੂ ਨਾਨਕ ਬਾਣੀ ਵਿਚਲੀ ਪ੍ਰਗਟਾ ਜੁਗਤ 'ਬਿੰਬ' : ਵਿਭਿੰਨ ਪਾਸਾਰ
- ਸਭਿਆਚਾਰਕ ਕ੍ਰਾਂਤੀ ਅਤੇ ਨਵ ਜਾਗ੍ਰਿਤੀ ਦਾ ਸੰਕਲਪ: ਨਾਨਕ ਬਾਣੀ ਦੇ ਵਿਸ਼ੇਸ਼ ਸੰਦਰਭ ਵਿੱਚ
- ਗੁਰੂ ਨਾਨਕ ਦਾ ਸ਼ਬਦ-ਸਰੂਪ ਉਸਤਤੀ ਵਿਧਾਨ: ਕੀਰਤਨ
- ਕਰਤਾਰ ਸਿੰਘ ਦੁੱਗਲ ਦੀ ਕਹਾਣੀ ਕਰਾਮਾਤ : ਗੁਰੂ ਨਾਨਕ ਸਾਹਿਬ ਦੇ ਸ਼ਖ਼ਸੀ ਪ੍ਰਭਾਵ ਦੀ ਪੇਸ਼ਕਾਰੀ
- ਪੁਸਤਕ ਰੀਵਿਊ


ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ



ਮਹਿਮਾ ਪ੍ਰਕਾਸ਼ (ਸਰੂਪਦਾਸ ਭੱਲਾ)



ਮਹਿਮਾ ਪ੍ਰਕਾਸ਼ (ਸਰੂਪਦਾਸ ਭੱਲਾ)



ਸਾਖੀ ਪੋਥੀ (ਹਰਿਜੀ)



ਸਾਖੀ ਪੋਥੀ (ਮਿਹਰਬਾਨ)

# ਸੰਵਾਦ

## ਰੈਫ਼ਰੀਡ ਰਿਸਰਚ ਜਰਨਲ

**(ਪੰਜਾਬੀ ਭਾਸ਼ਾ ਤੇ ਸਾਹਿਤ ਸੰਬੰਧੀ)**

**A Peer Reviewed Punjabi Research Journal**

**(ਛਿਮਾਹੀ ਖੋਜ ਰਸਾਲਾ)**

**ਸਰਪ੍ਰਸਤ**

*ਡਾ. ਮਹਿਲ ਸਿੰਘ*

*ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ*

**ਮੁੱਖ ਸੰਪਾਦਕ**

*ਡਾ. ਮਹਿਲ ਸਿੰਘ*

**ਸੰਪਾਦਕ**

*ਡਾ. ਕੁਲਦੀਪ ਸਿੰਘ ਢਿੱਲੋਂ*

ESTD. 1892

**ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ**

ਖ਼ਾਲਸਾ ਕਾਲਜ ਅੰਮ੍ਰਿਤਸਰ

# Sanvad

## (Dialogic)

## PUNJABI REFEREED RESEARCH JOURNAL

Bi- Annual

A Peer Reviewed Research Journal of the Post-Graduate Department of Punjabi Studies, Khalsa College, Amritsar.

**Email : sanvadpunjabi@gmail.com**

**www.sanvad.org**



**Patron & Chief Editor:**
*Dr. Mehal Singh*
+91-85288-28200

**Editor:**
*Dr. Kuldip Singh Dhillon*
+91-8054560550



**ISSN : 2395-1273**

**January-June 2019**



**ਸੰਪਾਦਕੀ ਮੰਡਲ**

ਡਾ. ਦਵਿੰਦਰ ਕੌਰ
*ਮੁਖੀ, ਪੰਜਾਬੀ ਅਧਿਐਨ ਵਿਭਾਗ*
ਡਾ. ਆਤਮ ਸਿੰਘ ਰੰਧਾਵਾ
ਡਾ. ਪਰਮਿੰਦਰ ਸਿੰਘ
ਡਾ. ਭੁਪਿੰਦਰ ਸਿੰਘ
ਡਾ. ਕੁਲਦੀਪ ਸਿੰਘ ਢਿੱਲੋਂ
ਡਾ. ਹੀਰਾ ਸਿੰਘ
ਡਾ. ਮਿੰਨੀ ਸਲਵਾਨ
ਡਾ. ਹਰਜੀਤ ਕੌਰ

**ਸਲਾਹਕਾਰ ਬੋਰਡ**

ਪ੍ਰੋ. ਜਸਵਿੰਦਰ ਸਿੰਘ (ਡਾ.)
*ਪੰਜਾਬੀ ਯੂਨੀਵਰਸਿਟੀ, ਪਟਿਆਲਾ*
ਪ੍ਰੋ. ਪਰਮਿੰਦਰ ਸਿੰਘ (ਡਾ.)
*ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ*
ਡਾ. ਹਰਿਭਜਨ ਸਿੰਘ ਭਾਟੀਆ
*ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ*
ਪ੍ਰੋ. ਰਮਿੰਦਰ ਕੌਰ (ਡਾ.)
*ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ*
ਪ੍ਰੋ. ਜਸਵਿੰਦਰ ਸਿੰਘ ਸੈਣੀ (ਡਾ.)
*ਪੰਜਾਬੀ ਯੂਨੀਵਰਸਿਟੀ ਪਟਿਆਲਾ*
ਪ੍ਰੋ. ਯੋਗਰਾਜ ਅੰਗਰਿਸ਼ (ਡਾ.)
*ਪੰਜਾਬ ਯੂਨੀਵਰਸਿਟੀ ਚੰਡੀਗੜ੍ਹ*
ਪ੍ਰੋ. ਜਸਪਾਲ ਕੌਰ (ਡਾ.)
*ਦਿੱਲੀ ਯੂਨੀਵਰਸਿਟੀ, ਦਿੱਲੀ*
ਡਾ. ਰਜਨੀਸ਼ ਬਹਾਦੁਰ ਸਿੰਘ
*ਡੀ.ਏ.ਵੀ. ਕਾਲਜ, ਜਲੰਧਰ*
ਡਾ. ਕੁਲਵੰਤ ਸਿੰਘ
*ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ*


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 2100 |
| **ਪੰਜ ਸਾਲਾ** | : ₹ 1200 |
| **ਪ੍ਰਤਿ ਕਾਪੀ** | : ₹ 150 |



**© Principal, Khalsa College Amritsar**



**'ਸੰਵਾਦ'** ਰਿਸਰਚ ਜਰਨਲ,
ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵਲੋਂ
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ


## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

(ਛਿਮਾਹੀ ਖੋਜ ਰਸਾਲਾ)

**ਸਾਲ - 05 ਅੰਕ - 09** **ਜਨਵਰੀ-ਜੂਨ 2019**


## ਤਤਕਰਾ


• ਸੰਪਾਦਕੀ

❐ **ਸਿਰਦਾਰ ਕਪੂਰ ਸਿੰਘ** 09-16
ਗੁਰੂ ਨਾਨਕ ਸਾਹਿਬ

❐ **ਡਾ. ਮਹਿਲ ਸਿੰਘ** 17-23
ਮੋਹਨ ਸਿੰਘ ਦੀ ਕਵਿਤਾ 'ਸਿੱਖੀ': ਉਸਤਿਤ ਤੋਂ ਚਿੰਤਾ ਦਾ ਸਫ਼ਰ

❐ **ਡਾ. ਜਸਪਾਲ ਕੌਰ ਦਿਉਲ** 24-37
ਗੁਰੂ ਨਾਨਕ ਦਾ ਨਾਟ ਚਿਤਰਣ: ਸਮਾਜਿਕ ਪ੍ਰਾਸੰਗਿਕਤਾ

❐ **ਡਾ. ਆਤਮ ਸਿੰਘ ਰੰਧਾਵਾ** 38-46
ਅਸੀਂ ਨਾਨਕ ਦੇ ਕੀ ਲਗਦੇ ਹਾਂ : ਪੁਨਰ-ਚਿੰਤਨ

❐ **ਡਾ. ਪਰਮਿੰਦਰ ਸਿੰਘ** 47-54
ਗੁਰੂ ਨਾਨਕ : ਜਨਮਸਾਖੀ ਬਿੰਬ

❐ **ਡਾ. ਭੁਪਿੰਦਰ ਸਿੰਘ** 55-64
ਸੇਵਾ ਦਾ ਸੰਕਲਪ ਅਤੇ ਗੁਰੂ ਨਾਨਕ ਦਰਸ਼ਨ

❐ **ਡਾ. ਮਨਜਿੰਦਰ ਸਿੰਘ** 65-72
ਗੁਰੂ ਨਾਨਕ-ਬਾਣੀ ਅਤੇ ਪੰਜਾਬੀ ਸੰਵੇਦਨਾ

❐ **ਡਾ. ਕੁਲਦੀਪ ਸਿੰਘ ਢਿੱਲੋਂ** 73-78
ਜਨਮਸਾਖੀ ਅਧਿਐਨ ਦੇ ਵਿਭਿੰਨ ਪਰਿਪੇਖ

❐ **ਡਾ. ਮਿੰਨੀ ਸਲਵਾਨ** 79-86
ਜਪੁਜੀ : ਭਾਸ਼ਾਈ ਵਿਵੇਚਨ

❐ **ਡਾ. ਹਰਜੀਤ ਕੌਰ** 87-92
ਵਿਸ਼ਵੀਕਰਨ ਦੇ ਦੌਰ ਵਿਚ ਗੁਰੂ ਨਾਨਕ ਬਾਣੀ ਦੀ ਸਾਰਥਕਤਾ

❐ **ਡਾ. ਗੁਰਤੇਜ ਸਿੰਘ ਠੀਕਰੀਵਾਲਾ** 93-99
ਭਟ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰ ਪਰਮੇਸ਼ਰ' ਸਰੂਪ ਦਾ ਚਿਤਰਣ

❐ **ਸਤਵਿੰਦਰ ਸਿੰਘ ਫੂਲਪੁਰ** 100-106
ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਮਨੁੱਖੀ ਸਹਿ-ਹੋਂਦ

❐ **ਡਾ. ਤੇਜਿੰਦਰ ਪਾਲ ਸਿੰਘ** 107-119
ਸ੍ਰੀ ਗੁਰੂ ਨਾਨਕ ਦੇਵ ਜੀ : ਜੋਤਿ ਤੇ ਜੁਗਤਿ

- **ਡਾ. ਜਸਬੀਰ ਸਿੰਘ** 120-126
  ਗੁਰੂ ਨਾਨਕ ਬਾਣੀ ਵਿਚਲੀ ਪ੍ਰਗਟਾ ਜੁਗਤ 'ਬਿੰਬ' : ਵਿਭਿੰਨ ਪਾਸਾਰ
- **ਡਾ. ਅਮਨਦੀਪ ਕੌਰ** 127-131
  ਸਭਿਆਚਾਰਕ ਕ੍ਰਾਂਤੀ ਅਤੇ ਨਵ ਜਾਗ੍ਰਿਤੀ ਦਾ ਸੰਕਲਪ: ਨਾਨਕ ਬਾਣੀ ਦੇ ਵਿਸ਼ੇਸ਼ ਸੰਦਰਭ ਵਿੱਚ
- **ਡਾ. ਜਤਿੰਦਰ ਸਿੰਘ** 132-139
  ਗੁਰੂ ਨਾਨਕ ਦਾ ਸ਼ਬਦ-ਸਰੂਪ ਉਸਤਤੀ ਵਿਧਾਨ: ਕੀਰਤਨ
- **ਡਾ. ਕਾਰਜ ਸਿੰਘ** 140-143
  ਕਰਤਾਰ ਸਿੰਘ ਦੁੱਗਲ ਦੀ ਕਹਾਣੀ ਕਰਾਮਾਤ : ਗੁਰੂ ਨਾਨਕ ਸਾਹਿਬ ਦੇ ਸ਼ਖ਼ਸੀ ਪ੍ਰਭਾਵ ਦੀ ਪੇਸ਼ਕਾਰੀ
- **ਪੁਸਤਕ ਰੀਵਿਊ : ਸਾਦਿਕ ਸੁਲਤਾਨ ਸ਼ੇਰ ਸ਼ਾਹ ਸੂਰੀ** (**ਨਾਵਲ**) 144-145
  : **ਖਾਂਡਵ ਦਾਹ** (**ਨਾਵਲ**) 146-147

# ਸਮਰਪਿਤ

ਗੁਰੂ ਨਾਨਕ ਦੇਵ ਜੀ ਦੇ
550ਵੇਂ ਪ੍ਰਕਾਸ਼ ਵਰ੍ਹੇ ਨੂੰ

# ਸੰਪਾਦਕੀ

ਇਹ ਸੰਵਾਦ ਰਿਸਰਚ ਜਰਨਲ ਦਾ ਨੌਵਾਂ ਅੰਕ ਹੈ। ਇਹ ਸਾਲ ਗੁਰੂ ਨਾਨਕ ਦੇਵ ਜੀ ਦੇ ਪੰਜ-ਸੌ-ਪੰਜਾਹ ਸਾਲਾਂ ਪ੍ਰਕਾਸ਼ ਪੁਰਬ ਨਾਲ ਸੰਬੰਧਿਤ ਹੈ। ਇਹ ਅੰਕ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਗੁਰਮਿਤ ਨਾਲ ਸੰਬੰਧਿਤ ਖੋਜ-ਪੱਤਰ ਸ਼ਾਮਿਲ ਹਨ।

ਅਸੀਂ ਗੁਰੂ ਸਾਹਿਬ ਨੂੰ ਮੰਨਦੇ ਹਾਂ। ਗੁਰੂ ਪ੍ਰਤੀ ਸਾਡੇ ਵਿਚ ਸ਼ਰਧਾ ਬਹੁਤ ਹੈ। ਇਹ ਸਾਡੇ ਗੁਣਾਂ ਦਾ ਇਕ ਪੱਖ ਹੈ। ਪਰ ਅਸੀਂ ਗੁਰੂ ਸਾਹਿਬ ਦੇ ਕਾਰਜਾਂ ਦੀ ਅਸਲ ਰੂਹ ਨੂੰ ਪਛਾਣਦੇ ਨਹੀਂ ਹਾਂ। ਅਜੇਹਾ ਨਾ ਹੋਣ ਵਿਚ ਸਾਡੀਆਂ ਕੀ ਮਜ਼ਬੂਰੀਆਂ ਹਨ? ਜਾਂ ਕੀ ਖੁਦਗਰਜ਼ੀਆਂ ਹਨ? ਇਸ ਸੰਬੰਧੀ ਚਿੰਤਨ-ਮੰਥਨ ਦੀ ਲੋੜ ਹੈ। ਸਿੱਖ ਬਾਹਰ (ਸੰਸਾਰ) ਵੱਲ ਫੈਲ ਰਹੇ ਹਨ। ਪਰ ਇਥੇ ਸਿੱਖੀ ਦੇ ਧੁਰ-ਮੂਲ ਤੋਂ ਸੁੰਗੜ ਰਹੇ ਹਨ। ਸਿੱਖ ਧਰਮ ਇਕ ਅਮਲ ਰੂਪੀ ਸਮਾਜਕ ਤੇ ਧਾਰਮਿਕ ਵਰਤਾਰਾ ਹੈ। ਇਹ ਸੱਚੀ-ਸੁੱਚੀ ਕਿਰਤ ਦੇ ਮਹਾਤਮ ਨੂੰ ਵਡਿਆਉਣ ਵਾਲਾ ਦੁਨੀਆਂ ਭਰ ਵਿਚ ਇਕੋ-ਇਕ ਧਰਮ ਹੈ। ਅਸੀਂ ਅਜੇਹੀ ਵਿਸ਼ੇਸ਼ਤਾ ਨੂੰ ਨਾ ਪ੍ਰਚਾਰ ਸਕੇ ਹਾਂ ਨਾ ਅਪਨਾ ਸਕੇ ਹਾਂ। ਇਹ ਪੰਜ-ਸੌ-ਪੰਜਾਹ ਸਾਲਾ ਪ੍ਰਕਾਸ਼ ਪੁਰਬ ਸਾਡੇ ਲਈ ਸਿੱਖੀ ਦੇ ਅਸਲ ਰਾਹ ਦੀ ਸਵੈ-ਸੋਝੀ ਦਾ ਹੋਣਾ ਚਾਹੀਦਾ ਹੈ।

ਇਸ ਅੰਕ ਵਿਚ ਵਿਸ਼ੇਸ਼ ਤੌਰ ਉੱਤੇ ਵੱਖ-ਵੱਖ ਖੋਜ-ਪੱਤਰਾਂ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਵਿਭਿੰਨ ਪੱਖਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਇੰਨ੍ਹਾਂ ਖੋਜ-ਪੱਤਰਾਂ ਵਿਚ ਵੰਨ-ਸੁਵੰਨਤਾ ਹੈ। ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਤੇ ਸਿੱਧਾਂਤਕਾਰ ਹਨ। ਉਨ੍ਹਾਂ ਨੇ ਆਪਣੇ ਜੀਵਨ ਤੇ ਬਾਣੀ ਰਾਹੀਂ ਅਧਿਆਤਮ, ਕੁਦਰਤ, ਬ੍ਰਹਿਮੰਡ, ਸਮਾਜ, ਸਿਆਸਤ, ਗੁਰਮੁੱਖ ਤੇ ਕਿਰਤੀ ਮਨੁੱਖ ਸੰਬੰਧੀ ਮਹਾਂ-ਦ੍ਰਿਸ਼ਟੀ ਪੇਸ਼ ਕੀਤੀ ਹੈ। ਕੁਝ ਵੀ ਗੁਰੂ ਨਾਨਕ ਬਾਣੀ ਤੋਂ ਬਾਹਰ ਨਹੀਂ ਹੈ। ਜੋ ਵਰਤਾਰਾ ਉਸ ਸਮੇਂ ਦੇ ਸੰਸਾਰ ਤੇ ਬ੍ਰਹਿਮੰਡ ਵਿਚ ਸੀ, ਉਸ ਸੰਬੰਧੀ ਸਾਰਾ ਕੁਝ ਗੁਰੂ ਸਾਹਿਬ ਦੀ ਬਾਣੀ ਵਿਚ ਦਰਜ਼ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਆਪਣੇ ਸਮਿਆਂ ਨਾਲ ਸੰਬੰਧਿਤ ਹੁੰਦੀ ਹੋਈ ਵੀ ਸਮਿਆਂ ਤੋਂ ਪਾਰ ਹੈ। ਇਸ ਵਿਚ ਸਦੀਵੀ ਨੈਤਿਕ ਮੁੱਲਾਂ, ਗੁਰਮੁੱਖ, ਕੁਦਰਤ ਤੇ ਕਿਰਤੀ ਮਨੁੱਖ ਦਾ ਐਸਾ ਫਲਸਫ਼ਾਨਾ ਤਰਕ ਪੇਸ਼ ਹੈ ਕਿ ਜਿਸ ਬਿਨਾਂ ਕਿਸੇ ਵੀ ਸਭਿਅਕ ਸਮਾਜ ਦਾ ਗੁਜ਼ਾਰਾ ਨਹੀਂ ਹੈ।

ਅੱਜ ਅਸੀਂ ਕੁਦਰਤੀ ਵਾਤਾਵਰਣ ਦੇ ਸੰਤੁਲਨ ਜਾਂ ਕਿਰਤ ਤੋਂ ਟੁੱਟ ਜਾਣ ਤੋਂ ਚਿੰਤਤ ਅਤੇ

ਭੈਅ-ਭੀਤ ਹਾਂ। ਸਾਡਾ ਅਜੋਕਾ ਵਿਕਾਸ ਮਾਡਲ ਇਕ ਪਾਸੜ ਤੇ ਓਪਰੀ ਕਿਸਮ ਦਾ ਹੈ। ਇਸ ਮਾਡਲ ਵਿਚੋਂ ਬੰਦਾ ਤੇ ਕੁਦਰਤ ਖਾਰਜ਼ ਹੈ। ਅਸਲ ਵਿਕਾਸ ਬੰਦੇ ਦਾ ਹੁੰਦਾ ਹੈ। ਪਰ ਅਸੀਂ ਚੀਜ਼ਾਂ/ਵਸਤਾਂ ਦੇ ਵਿਕਾਸ ਨੂੰ ਹੀ ਅੰਤਿਮ ਮੰਨ ਲਿਆ ਹੈ। ਸਾਡੇ ਸਭਿੱਅਕ, ਮਾਨਵੀਂ ਤੇ ਕੁਦਰਤੀ ਮੁੱਲ ਖਾਰਜ਼ ਹੋ ਰਹੇ ਹਨ। ਅਸੀਂ ਲੰਮੀ ਨਜ਼ਰ ਦੀ ਥਾਂ ਵਕਤੀ ਗਰਜ਼ਾਂ ਤੇ ਤਰਜ਼ੀਹਾਂ ਦੀ ਮਾਰ ਹੇਠ ਹਾਂ। ਇਥੋਂ ਹੀ ਸਾਡੀਆਂ ਅਜੋਕੀਆਂ ਸਮੱਸਿਆਵਾਂ ਦਾ ਮੁੱਢ ਬੱਝਦਾ ਹੈ। ਇਸ ਦਾ ਇਕ ਠੋਸ ਕਾਰਣ ਇਹ ਹੀ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਬਾਣੀ ਸਿੱਧਾਂਤ ਨੂੰ ਵਿਸਾਰ ਦਿੱਤਾ ਹੈ। ਗੁਰੂ ਸਾਹਿਬ ਦੇ ਮਾਰਗ ਦਰਸ਼ਨ ਵਿਚ ਕੁਦਰਤ ਅਤੇ ਬੰਦੇ ਸੰਬੰਧੀ ਸੰਤੁਸ਼ਟੀ ਦੀ ਭਰਪੂਰਤਾ ਸ਼ਾਮਿਲ ਹੈ। ਅੱਜ ਸਾਡੀ ਵੱਡੀ ਲੋੜ ਅਜੇਹੇ ਮਹਾਂ-ਮਾਰਗ ਨੂੰ ਸਮਝਣ ਅਤੇ ਅਪਨਾਉਣ ਦੀ ਹੈ। ਅਜੇਹੇ ਇਕ ਨਿਵਾਣੇ ਯਤਨ ਵਜੋਂ ਹੀ ਇਹ ਅੰਕ ਪਾਠਕਾਂ ਦੇ ਰੂਬਰੂ ਹੈ।

**-ਡਾ. ਮਹਿਲ ਸਿੰਘ**
ਮੁੱਖ ਸੰਪਾਦਕ

ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥

*(ਰਾਗੁ ਗਉੜੀ - ਮ: ੫ - ਅੰਗ ੨੯੪)*

# ਗੁਰੂ ਨਾਨਕ ਸਾਹਿਬ




ਸਿਰਦਾਰ ਕਪੂਰ ਸਿੰਘ
ਪ੍ਰੋਫ਼ੈਸਰ ਆਫ਼ ਸਿੱਖ ਇਜ਼ਮ
ICS

ਗੁਰੂ ਨਾਨਕ ਸਾਹਿਬ ਦੀ ਜੀਵਨ-ਕਥਾ ਦੋ ਜਨਮਸਾਖੀਆਂ ਵਿਚ ਮਿਲਦੀ ਹੈ। ਇਕ ਵਿਚ ਵਧੀਕ ਪ੍ਰਮਾਣੀਕ ਤੇ ਘੱਟ ਰਹੱਸਵਾਦੀ ਸਾਖੀਆਂ ਹਨ ਤੇ ਜਿਸ ਨੂੰ 'ਵਲਾਇਤ ਵਾਲੀ ਜਨਮਸਾਖੀ' ਆਖਦੇ ਹਨ ਤੇ ਜਿਸ ਨੂੰ ਕੋਲਬਰੁਕ ਸਾਹਿਬ ਨੇ ਈਸਟ ਇੰਡੀਆ ਕੰਪਨੀ ਦੀ ਭੇਟਾ ਕੀਤੀ ਸੀ ਤੇ ਜੋ ਹੁਣ ਛਪੇ ਹੋਏ ਰੂਪ ਵਿਚ ਵੀ ਮਿਲਦੀ ਹੈ ਤੇ ਦੂਜੀ ਜਿਸ ਨੂੰ 'ਬਾਲੇ ਵਾਲੀ ਜਨਮਸਾਖੀ' ਆਖਦੇ ਹਨ, ਪਰ ਇਸ ਵਿਚ ਬਹੁਤ ਕੁਝ ਖੋਟ ਭਰਿਆ ਪਿਆ ਹੈ ਤੇ ਜੋ ਇਉਂ ਜਾਪਦਾ ਹੈ ਕਿ ਬੋਧੀ ਜਾਤਕ ਕਹਾਣੀਆਂ ਜਾਂ ਉਸ ਤੋਂ ਵੀ ਪਹਿਲਾਂ ਦੀਆਂ ਲੋਕ ਕਹਾਣੀਆਂ ਨੂੰ ਨਾਨਕ ਨਾਉਂ ਨਾਲ ਜੋੜ ਕੇ ਉਹਨਾਂ ਦੀ ਵਡਿਆਈ ਕਰਨ ਦੀ ਤੀਬਰਤਾ ਰੱਖਦੀ ਹੈ। ਹੋਰ ਵੀ ਕਈ ਗੋਸ਼ਟੀਆਂ ਅਣਛਪੇ ਰੂਪ ਵਿਚ ਮਿਲਦੀਆਂ ਹਨ, ਪਰ ਉਹਨਾਂ ਵਿਚ ਇੰਨਾਂ ਜੀਵਨ-ਬਿਰਤਾਂਤ ਗੁਰੂ ਦਾ ਨਹੀ ਚਿਤਰਿਆ, ਜਿੰਨਾ ਲਿਖਣ ਵਾਲਿਆਂ ਨੇ ਆਪਣੇ ਮਨ ਭਾਉਂਦੇ ਫ਼ਲਸਫ਼ੇ ਲਈ ਗੁਰੂ ਦੇ ਮੂੰਹੋਂ ਪ੍ਰਵਾਨਗੀ ਲੈਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਗੁਰੂ ਜੀ ਦਾ ਜੀਵਨ ਤੇ ਫ਼ਲਸਫ਼ਾ ਬਹੁਤ ਕਰੜੀ ਅਮਲ, ਪੁਣ-ਛਾਣ ਤੇ ਸੋਝੀ ਭਰੀ ਨੀਝ ਨਾਲ ਨਿਤਾਰਨਾ ਪੈਂਦਾ ਸੀ।

ਇਵੇਂ ਹੋਣਾ ਕੁਦਰਤੀ ਵੀ ਸੀ। ਗੁਰੂ ਨਾਨਕ ਦੇਵ ਜੀ ਨਿਰਾ ਕੋਈ ਕਵੀ, ਭਗਤ ਜਾਂ ਤਿਆਗੀ, ਵੈਰਾਗੀ ਸੈਲਾਨੀ ਸਾਧੂ ਨਹੀਂ ਸਨ ਸਗੋਂ ਉਹ ਇਕ ਜਾਤੀ, ਇਕ ਨਵੀਂ ਜੀਵਨ-ਕਣੀ ਬਾਰੇ ਨਵੀਂ ਦੇਸ਼ ਭਗਤੀ ਤੇ ਤਹਿਜ਼ੀਬ ਨੂੰ ਜਨਮ ਦੇਣ ਵਾਲੇ ਪ੍ਰਾਚੀਨ ਕਰਤਾਰੀ ਤੇ ਬਲਵਾਨ ਆਗੂ ਸਨ, ਜਿਨ੍ਹਾਂ ਨੇ ਇਤਿਹਾਸ ਦਾ ਪਾਸਾ ਪਲਟ ਦਿੱਤਾ, ਜੋ ਬਲਦੀ ਲਾਟ ਵਾਂਗ ਹਨੇਰੇ ਦਿਲਾਂ ਨੂੰ ਚਾਨਣ ਵੀ ਦਿੰਦੇ ਰਹੇ ਤੇ ਮੋਈਆਂ, ਸੁੱਤੀਆਂ, ਨਿਰਜਿੰਦ ਲੋਥਾਂ ਵਿਚੋਂ ਜੀਵਨ-ਭਬਾਕੇ ਵੀ ਮਚਾਉਂਦੇ ਰਹੇ ਤੇ ਨਾਲ ਹੀ ਜ਼ੋਰ-ਜਬਰ ਕਰਕੇ ਦੂਜਿਆਂ ਦੀ ਅਣਖ, ਆਨ, ਸੁਤੰਤਰਤਾ ਤੇ ਖੁਸ਼ਹਾਲੀ ਨੂੰ ਮਾਰਨ ਵਾਲੇ ਜਰਵਾਣਿਆਂ ਵਿਰੁੱਧ ਖ਼ੂਨ ਦੇ ਸੋਹਿਲੇ ਵੀ ਗਾਉਂਦੇ ਰਹੇ। ਇਕ ਉਮਾਹੂ ਚਸ਼ਮੇ ਨੂੰ ਜੇ ਕਹੋ ਸਾਫ਼ ਪਾਣੀ ਹੈ ਤਾਂ ਕੀ ਉਸ ਦੀ ਉਪਮਾ ਕੀਤੀ? ਜੋ ਸਦੀਆਂ ਦੇ ਕੋਹੜ ਕੱਟੇ ਸਾਰੀ ਜਾਤੀ ਦੇ, ਜੋ ਮੋਈਆਂ ਰੂਹਾਂ ਵਿਚ ਬਿਜਲੀ-ਰੌਆਂ ਜਗਾ ਦੇਵਾ, ਜੋ ਨਿਰਮਲ ਪਾਣੀ ਪਿਆਲ ਕੇ ਅੰਦਰ ਜੀਵਨ-ਆਨੰਦ ਦੇ ਵਲਵਲੇ ਜਗਾ ਦੇਵੇ, ਉਸ ਨੂੰ ਕੁਝ ਹੋਰ ਕਹੀਏ ਤਾਂ ਫਬਦਾ ਹੈ।

ਪਾਣੀ ਤਾਂ ਉਹ ਹੀ ਜਿਵੇਂ ਹਰ ਬੰਦਾ ਬੰਦਾ ਹੈ, ਚੰਮ, ਹੱਡੀ, ਮਾਸ, ਲਹੂ ਦਾ ਰਚਿਆ ਪਰ ਇਹੀ ਬੰਦਾ ਜਦੋਂ ਇਕ ਖਿਨ, ਇਕ ਪਲ ਵਿਚ ਨਾਲ ਲੱਗਦਿਆਂ ਨੂੰ ਮਨੁੱਖ ਨੂੰ ਦਿਉਤਾ ਬਣਾਂਦਾ ਫਿਰੇ ਤਾਂ ਉਸ ਨੂੰ ਬੰਦਾ ਕਹਿਣਾ ਅਵੱਲਿਆ ਹੈ, ਆਪਣੀ ਸਮਝ ਦੀ ਬੇਹੋਸ਼ੀ ਹੈ।

ਅਜਿਹੇ ਮਹਾਂਪੁਰਸ਼ ਨਾਲ ਸਿਦਕਵਾਨ ਸ਼ਰਧਾਲੂਆਂ ਦਾ ਅਨੇਕ ਕਥਾ-ਕਹਾਣੀਆਂ ਜੋੜ ਦੇਣਾ ਕੁਦਰਤੀ ਸੀ। 'ਨਾਨਕ ਨਾਮ ਚੜ੍ਹਦੀ ਕਲਾ'

ਜਦ ਥਾਂ-ਥਾਂ ਗੂੰਜਦੀ ਹੋਵੇ, ਖ਼ੈਬਰ ਦੇ ਪਹਾੜੀ ਟਿੱਲਿਆਂ ’ਤੇ, ਬੀਕਾਨੇਰ ਦੇ ਮਾਰੂਥਲ ਵਿਚ, ਕਾਹਨੂੰਵਾਨ ਦੀਆਂ ਜੂਹਾਂ ਵਿਚ, ਜਦ ਕੋਈ ਏਸ਼ੀਆ ਦੀ ਧਰਤ ਦਾ ਜ਼ੱਰਾ, ‘ਨਾਨਕ ਨਾਮ’ ਦੀ ਗੂੰਜ ਮੁਹਰ-ਛਾਪ ਜਾਂ ਲਾਗ ਤੋਂ ਵਾਂਝਿਆ ਨਾ ਰਿਹਾ ਹੋਵੇ, ਤਾਂ ਲੋਕਾਂ ਲਈ ਕੁਦਰਤੀ ਸੀ, ਜੁ ਆਖਦੇ ਨਾਨਕ ਪਾਰਬ੍ਰਹਮ ਪਰਮੇਸ਼ਰ ਆਪ ਸੀ, ਇਕ ਚਮਤਕਾਰੀ, ਇਲਾਹੀ, ਧੁਰ ਥੀਂ ਅਸੀਸਿਆ, ਕਰਾਮਾਤੀ ਮਹਾਂਪੁਰਖ ਸੀ, ਜਿਸ ਦੀ ਰੱਬੀ-ਛੁਹ ਨਾਲ ਪੱਥਰਾਂ ਦੀ ਜਵਾਲਾ ਪਾਣੀ ਬਣ ਵਗਦੀ ਸੀ, ਜੋ ਜਿਥੇ ਚਾਹੁੰਦਾ ਸੀ, ਅੱਖੀਂ ਮੀਟ ਕੇ ਪਲਾਂ ਵਿਚ ਪੁੱਜ ਸਕਦਾ ਸੀ, ਜੋ ਧਰਤ, ਅਕਾਸ਼, ਪਾਤਾਲ, ਤਿੰਨਾਂ ਲੋਕਾਂ, ਤ੍ਰੈਕਾਲਾਂ, ਤਾਰਾ-ਮੰਡਲਾਂ, ਬ੍ਰਹਮ ਦੇ ਇੰਦਰ ਲੋਕਾਂ, ਸਭ ਦੀ ਟੋਹ ਜਾਣਦਾ ਸੀ, ਸਭ ਉੱਤੇ ਹਾਵੀ ਸੀ, ਸਭ ਦਾ ਵਾਸੀ ਸੀ। ਜਿਸ ਸਾਰੀ ਜ਼ਿੰਦਗੀ ਹੀ, ਇਕ ਦਿਨ ਵੀ ਵਿਹਲੇ ਰਹਿ ਕੇ ਨਾ ਗੁਜ਼ਾਰਿਆ ਹੋਵੇ ਤੇ ਕਾਬਲ, ਮੱਕਾ, ਮਦੀਨਾ, ਬਗ਼ਦਾਦ, ਕਸ਼ਮੀਰ, ਤਿੱਬਤ, ਆਸਾ ਦੇਸ਼ (ਆਸਾਮ), ਸੰਗਲਾਦੀਪ (ਲੰਕਾ), ਸਿੰਧ, ਭਾਰਤ ਪੈਰਾਂ ਨਾਲ ਟੁਰ ਕੇ ਗਾਹਿਆ ਹੋਵੇ, ਰਾਕਸ਼ ਤੇ ਮਾਣਸ-ਖਾਣੇ ਜਾਂਗਲੀ ਤੇ ਧਾੜਵੀ, ਰਾਉ ਤੇ ਰੰਕ, ਹਿੰਦੂ ਤੇ ਮੁਸਲਮਾਨ ਸਭੇ ਜਿਸ ਦੇ ਮੁਰੀਦ ਬਣਦੇ ਜਾਣ, ਉਸ ਦੇ ਜੀਵਨ ਨਾਲ ਅਲੋਕਾਰ ਕਥਾ ਕਹਾਣੀਆਂ ਦਾ ਜੁੜ ਜਾਣਾ ਕੁਦਰਤੀ ਸੀ।

ਨਾਨਕ ਪੜ੍ਹਿਆ, ਮਸੀਤੇ ਵੀ ਤੇ ਪਾਠਸ਼ਾਲਾ ਵਿਚ ਵੀ, ਫ਼ਾਰਸੀ, ਤੋਰਕੀ, ਅਰਬੀ ਵੀ ਤੇ ਸੰਸਕ੍ਰਿਤ ਵੀ। ਪਰ ਬਹੁਤਾ ਪੜ੍ਹਿਆ ਉਹ ਮੇਲ-ਗੇਲ ਨਾਲ, ਸੁਣ-ਵੇਖ ਕੇ, ਪਰਖ ਕੇ। ਉਸ ਹਿੰਦੂ ਫ਼ਲਸਫ਼ੇ ਦਾ ਤੱਤ ਵੀ ਜਾਣ ਲਿਆ ਤੇ ਮੁਸਲਮਾਨੀ ਫ਼ਸਲਫ਼ੇ ਦੀ ਰੂਹ ਵੀ। ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ ਆਦਿਕ ਬਾਣੀਆਂ ਕੋਈ ਅਜਿਹਾ ਕਵੀ ਨਹੀਂ ਲਿਖ ਸਕਦਾ, ਜਿਸ ਨੂੰ ਸਾਰੇ ਏਸ਼ੀਆ ਦੇ ਧਾਰਮਿਕ ਫ਼ਸਲਫ਼ੇ ਦੀ ਮੁਕੰਮਲ ਸੁੱਧ-ਬੁੱਧ ਸੋਝੀ ਨਾ ਹੋਵੇ। ਤਰਕ ਉਹੀ ਕਰ ਸਕਦਾ ਹੈ ਜੋ ਜਾਣਦਾ ਹੋਵੇ। ਪਰ ਤਰਕ ਕਰ ਕੇ ਨਵੇਂ ਰਾਹ ਦਰਸਾਉਣ ਦੀ ਦਲੇਰੀ ਉਹ ਕਰ ਸਕਦਾ ਹੈ ਜਿਸ ਨੇ ਜਾਣ ਕੇ ਪਰਖਿਆ ਹੋਵੇ ਤੇ ਪਰਖ ਕੇ ਕੁਝ ਰੱਦਿਆ ਹੋਵੇ, ਕੁਝ ਕਬੂਲਿਆ ਹੋਵੇ, ਕੁਝ ਅੰਦਰੋਂ, ਧੁਰ ਅੰਦਰੋਂ ਕੱਢਿਆ ਹੋਵੇ।

ਸੱਚਾ ਸੌਦਾ ਕੀਤਾ ਗੁਰੂ ਨੇ। ਘਰ ਹੱਟੀ ਪਾਉਣ ਲਈ ਪੈਸੇ ਮਿਲੇ। ਭੁੱਖੇ ਸਾਧੂਆਂ ਨੂੰ ਖੁਆ ਦਿੱਤੇ। ਨਵਾਬ ਦੇ ਮੋਦੀ ਬਣੇ, ਆਪਣੀ ਤਨਖ਼ਾਹ ਦੀ ਰਸਦ ਲੋਕਾਂ ਵਿਚ ਵੰਡ ਦਿੱਤੀ। ਵਿਆਹ ਕੀਤਾ। ਦੋ ਬੱਚੇ ਹੋਏ ਪਰ ਇਕ ਦਿਨ ਵੇਈਂ ਨਦੀ ਵਿਚ ਨਹਾਉਣ ਗਏ, ਮੁੜ ਤਿੰਨ ਦਿਨ ਤੇ ਤਿੰਨ ਰਾਤਾਂ ਡੁੱਬੇ ਰਹੇ। ਉਸੇ ਅਸਗਾਹ ਪਾਣੀ ਵਿਚ, ਧਿਆਨ ਵਿਚ ਲੀਨ ਹੋਏ। ਆਖਦੇ ਹਨ, ਪਾਰਬ੍ਰਹਮ ਨੇ ਪ੍ਰੇਮ-ਕਟੋਰਾ ਦਿੱਤਾ ਆਪਣੀ ਦਰਗਾਹ ਤੋਂ, ਨਾਲੇ ਵਰ ਦਿੱਤਾ ਤੇ ਆਖਿਆ, “ਮੇਰਾ ਨਾਮ ਪਾਰਬ੍ਰਹਮ ਪਰਮੇਸ਼ਰ। ਤੇਰਾ ਨਾਮ ਗੁਰੂ ਪਰਮੇਸ਼ਰ।” ਜਦ ਇਹ ਗੁਰੂ ਪਰਮੇਸ਼ਰ ਪਾਣੀ ਥੀਂ ਬਾਹਰ ਆਇਆ ਤਾਂ ਪਹਿਲਾ ਬਚਨ ਜੋ ਉਸ ਆਖਿਆ, ਇਹ ਸੀ:

*ਨਾ ਕੋਈ ਹਿੰਦੂ, ਨਾ ਮੁਸਲਮਾਨ।*

ਸਾਰਾ ਮੁਲਕ ਲੜ ਮੋਇਆ ਸੀ, ਪਿਛਲੀਆਂ ਕਈ ਸਦੀਆਂ ਤੋਂ, ਇਸੇ ਗੱਲ ਪਿੱਛੇ ਕਿ ਕੋਈ ਤਾਂ ਹਿੰਦੂ ਹਨ ਤੇ ਕੋਈ ਮੁਸਲਮਾਨ ਹਨ। ਇਕ ਗੱਲ ਕਰੇ ਕਿ ਦੂਆ, ‘ਹਿੰਦੂ ਵੱਡਾ ਕਿ ਮੁਸਲਮਾਨੋਈ’। ਪਰ ਬਾਬੇ ਦੋਹਾਂ ਨੂੰ ਜੁਆਬ ਦਿੱਤਾ, ***ਸੁਭਿ ਅਮਲਾ ਬਾਝਹੁ ਦੋਨੋ ਰੋਈ।*** ਇਸ ਦਾ ਅੰਤਰੀਵ ਭਾਵ ਹੁਣ ਤਾਈਂ ਸਮਝਿਆ ਨਹੀਂ ਗਿਆ। ਬਾਬੇ ਦੇ ਇਸ ਕਥਨ ਵਿਚ ਇਕ ਡੂੰਘੀ ਰਮਜ਼ ਲੁਕੀ ਹੋਈ ਸੀ। ਇਕ ਇਹ ਜੁ ਗੁਰੂ ਨਾਨਕ ਦਾ ਪੰਥ, ਹਿੰਦੂ ਮੁਸਲਮਾਨ ਦੋਹਾਂ ਧਰਮਾਂ ਦੀਆਂ ਆਤਮਿਕ ਸਚਿਆਈਆਂ ਦਾ ਪੱਕਾ ਤੇ ਸਹੀ ਵਾਰਸ ਹੈ। ਦੂਜੇ, ਇਹ ਜੁ ਹੁਣ ਤਾਈਂ ਸਚਿਆਈਆਂ ਹਿੰਦੂ ਮੁਸਲਮਾਨਾਂ ਦੀ ਆਪਣੀ-ਆਪਣੀ ਅੱਡਰੀ ਮਲਕੀਅਤ ਸਨ, ਹੁਣ ਸਮੁੱਚੀ ਮਨੁੱਖੀ-ਜਾਤੀ ਦਾ ਵਿਰਸਾ ਬਣ ਗਈਆਂ ਹਨ। ਕੋਹੜ ਜੋ ਦੋਹਾਂ ਵਿਚ ਪੈ ਗਿਆ ਸੀ, ਉਹ ਵੀ ਬਾਬੇ ਨੇ ਕੱਟਿਆ। ਇਸ ਵਿਗਿਆਪਨ ਵਿਚ ਕੈਸੇ ਅਨੋਖੇ ਅਤੇ ਸਿੱਧੇ-ਸਾਦੇ ਨਿਰੰਕਾਰੀ ਢੰਗ ਵਿਚ ਇਹ ਸਭ ਕੁਝ ਕਹਿ ਦਿੱਤਾ।

ਇਸਲਾਮ ਦੀ ਜਹਾਦ ਤੇ ਲੋਕ-ਜਥੇਬੰਦੀ ਦੀ ਸਪਿਰਟ ਲੈ ਲਈ, ਨਾਲੇ ਪ੍ਰਚਾਰੀ ਉਤਸ਼ਾਹ ਲੈ ਲਿਆ ਸਾਮੀ ਨਸਲ ਦਾ। ਹਿੰਦੂਆਂ ਦੀ ਆਪਾ-ਚੀਨਣ ਤੇ ਸਤ-ਪ੍ਰਾਪਤੀ ਦੇ ਅਨੇਕ -ਪੱਖ ਯਤਨਾਂ ਦਾ ਤੱਤ-ਮੂਲ ਵੀ ਸਾਂਭ ਲਿਆ। ਅਵਤਾਰ ਤਾਂ ਹੋਏ ਹੀ ਸਨ, ਦਸਾਂ ਅਵਤਾਰਾਂ ਜਾਂ ਕਲਕੀ ਅਵਤਾਰ ਉੱਤੇ ਗੱਲ ਮੁੱਕ ਚੁੱਕੀ ਸੀ। ਪਰ ਹੁਣ:

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥* *(ਪੰਨਾ 462)*

ਅਜਿਹਾ ਗੁਰੂ ਜਾਂ ਮਰਦ ਅਗੰਮੜਾ ਪ੍ਰਗਟ ਹੋ ਗਿਆ ਸੀ ਕਲ ਤਾਰਨ ਨੂੰ। ਹੁਣ ਸੰਸਾਰ ਨਿਰੀ ਲੀਲ੍ਹਾ ਹੀ ਨਹੀਂ ਸੀ ਰਹਿ ਗਿਆ, ਇਕ ਥੋੜ੍ਹ-ਚਿਰੀ, ਅਸਾਰ, ਬੇ-ਅਰਥੀ ਖੇਡ, ਸਗੋਂ ਕਿ ਪਾਪ ਨਾਲ ਘੋਲ ਕਰਨ ਲਈ ਅਖਾੜਾ ਬਣ ਗਿਆ ਗੁਸਾਈਂ ਦੇ ਪਹਿਲਵਾਨਾਂ ਲਈ। ਹੁਣ ਹਿੰਦੂ ਹੋਵੇ, ਸ਼ੂਦਰ ਹੋਵੇ, ਬ੍ਰਾਹਮਣ ਹੋਵੇ, ਠੱਗ, ਚੋਰ, ਧਾੜਵੀ ਹੋਵੇ ਜਾਂ ਆਦਮ-ਖਾਣਾ ਜਰਵਾਣਾ ਹੋਵੇ, ਬਾਬਰ ਹੋਵੇ ਜਾਂ ਸੰਗਲਾਦੀਪ ਦਾ ਸ਼ਿਵਨਾਭ ਹੋਵੇ, ਸਭ ਲਈ ਪਾਰ-ਉਤਾਰਾ ਸੰਭਵ ਸੀ। ਗੁਰੂ ਬਾਬੇ ਦੇ ਜ਼ਹੂਰ ਨਾਲ ਕੋਈ ਜਮਾਂਦਰੂ ਉੱਚਾ ਨਹੀਂ ਸੀ ਰਹਿ ਗਿਆ, ਨਾ ਕੋਈ ਜਮਾਂਦਰੂ ਨੀਵਾਂ। ਕਿਸੇ ਨੂੰ ਇਕ ਪਾਸੇ ਪਾਣੀ ਦੇਣ ਥੀਂ ਹਟਕਿਆ, ਕਿਸੇ ਨੂੰ ਇਕੋ ਪਾਸੇ ਰੱਬ ਦਾ ਕਾਅਬਾ ਸਮਝ ਬੈਠਣ ਤੋਂ। ਵਿਚੋਲੇ ਸਭੇ ਉੱਠ ਗਏ, ਕਾਜ਼ੀ, ਮੁੱਲਾਂ, ਸ਼ੇਖ਼, ਬ੍ਰਾਹਮਣ, ਨਾਥ, ਬੋਧ, ਜਿਹੜਾ ਚਾਹੇ ਕਲਿਆਣ ਪ੍ਰਾਪਤੀ ਲਈ ਤਤਪਰ ਹੋਵੇ। ਨਾ ਸੁੱਖਣਾ ਸੁੱਖੇ, ਨਾ ਮੱਥੇ ਰਗੜੇ, ਨਾ ਕਿਸੇ ਤੋਂ ਲਗਨ ਸੁਧਾਏ। ਨਾ ਨਿਆਜ਼ਾਂ ਤੇ ਦੱਖਣਾ ਦੇਵੇ। ਆਪਣੀ ਰਾਖੀ ਹਰ ਕੋਈ ਆਪ ਕਰੇ, ਆਪਣੀ ਕਿਰਤ ਹਰ ਕੋਈ ਆਪ ਕਰੇ, ਆਪਣਾ ਰੱਬ ਹਰ ਕੋਈ ਆਪ ਧਿਆਵੇ, ਕਿਸੇ ਤੋਂ ਡਰੇ ਨਾ, ਕਿਸੇ ਅੱਗੇ ਭਾਇ ਭਰੇ ਨਾ। ਪਰ ਜੀਵੇ ਜਾਂ ਕਿਰਤ ਕਰੇ, ਆਪਣੇ ਆਪ ਲਈ ਨਾ, ਜੀਵੇ ਸਭਨਾਂ ਲਈ, ਵੰਡ ਕੇ ਛਕੇ ਤੇ ਵੰਡ ਕੇ ਇਹ ਨਾ ਆਖੇ, 'ਇਹ ਮੈਂ ਦਿੱਤਾ ਹੈ।' ਆਪਣਾ ਲੰਗਰ ਵੀ ਗੁਰੂ ਕਾ ਜਾਣੇ। ਟਹਿਲ ਭਾਉਣੀ ਆਪਣੀ ਹੋਵੇ। ਇਉਂ ਇਕ ਨਵੇਂ ਸੰਸਾਰ ਸਮਾਜ ਦੀ ਨੀਂਹ ਰੱਖੀ ਗਈ।

ਜੋ ਇਹ ਆਖਦੇ ਹਨ ਕਿ ਗੁਰੂ ਨਾਨਕ ਦਾ ਫ਼ਲਸਫ਼ਾ ਨਿਪਟ ਹਿੰਦੂ ਜਾਂ ਮੁਸਲਮਾਨ, ਭਗਤੀ ਜਾਂ ਵਾਹਦਤ, ਸ੍ਵੈ-ਸਾਧਨ, ਜਹਾਦ ਦਾ ਹੀ ਇਕ ਗੱਠਜੋੜ, ਸੰਗ੍ਰਹਿ ਪ੍ਰਤੀਬਿੰਬ ਜਾਂ ਝਲਕਾਰਾ ਹੈ, ਉਹ ਭੁੱਲਦੇ ਹਨ। ਕੁਦਰਤ ਵਿਚ ਸਭ ਕੁਝ ਨਿਰਾ ਵਿਕਾਸ ਹੀ ਨਹੀਂ ਕਰਦਾ, ਕਰਾਮਾਤ ਵੀ ਹੁੰਦੀ ਹੈ। ਡਾਰਵਿਨ ਤੇ ਹੀਗਲ ਦੇ ਬੁੱਧੀਵਾਨ ਪੁਜਾਰੀ ਵੀ ਇਸ ਨੂੰ ਮੰਨਦੇ ਹਨ। ਉਨ੍ਹੀਵੀਂ ਸਦੀ ਵਾਲੀ ਹਠਧਰਮੀ ਹੁਣ ਸਾਇੰਸਦਾਨਾਂ ਵਿਚ ਵੀ ਨਹੀਂ ਰਹੀ। ਜਿਵੇਂ ਕਿ ਪ੍ਰਸਿੱਧ ਅੰਗਰੇਜ਼ ਪਾਰਖੂ, ਆਈ. ਏ. ਰਿਚਰਡਜ਼ ਨੇ ਬੀ.ਬੀ.ਸੀ. ਤੋਂ ਬ੍ਰਾਡਕਾਸਟ ਕਰਦਿਆਂ ਅਕਤੂਬਰ 1947 ਵਿਚ ਆਖਿਆ ਸੀ:

> *ਇਹ ਇਕ ਅਨੋਖਾ ਚਮਤਕਾਰ ਹੈ। ਸਾਹਿਤ ਵਿਚ ਇਕ ਵੰਨਗੀ ਸਭ ਤੋਂ ਨਵੀਨ ਵਧੀਆ ਉਪਜਦੀ ਹੈ, ਝਟਪਟੀ ਵਿਚ ਸੰਭਵ ਉਗਮਦੀ ਹੈ ਤੇ ਮੁੜ ਨਹੀਂ ਆਉਂਦੀ ਕਦੀ ਵੀ। ਇਹ ਗੱਲ ਉਹਨਾਂ ਲੋਕਾਂ ਲਈ, ਜੋ ਵਿਕਾਸ ਦੀ ਥੀਊਰੀ ਨੂੰ ਸਤਹੀ ਤੌਰ 'ਤੇ ਪਰਖਦੇ ਹਨ, ਬੜੀ ਅਨੋਖੀ ਜਿਹੀ ਲੱਗਦੀ ਹੈ। ਪਰ ਹੈ ਇਹ ਸੱਚ। ਸਾਹਿਤ ਦੇ ਹਰ ਖੇਤਰ ਵਿਚ ਸਰਬੋਤਮ ਰਚਨਾ ਹੈ, ਉਹੀ ਇਕੋ ਵਾਰ ਪੈਦਾ ਹੁੰਦੀ ਹੈ, ਉਸਦਾ ਕੋਈ ਸਾਨੀ ਨਹੀਂ ਹੁੰਦਾ ਤੇ ਉਸ ਨੂੰ ਮੁੜ ਕੋਈ ਨਹੀਂ ਪਹੁੰਚਦਾ।*

ਇਵੇਂ ਹੀ ਗੁਰੂ ਨਾਨਕ ਸਾਹਿਬ ਦੇ ਜੀਵਨ ਫ਼ਲਸਫ਼ੇ ਬਾਰੇ ਸਮਝਣਾ ਚਾਹੀਦਾ ਹੈ ਤੇ ਉਹ ਜੀਵਨ ਫ਼ਸਲਫ਼ਾ ਇਹਨਾਂ ਤਿੰਨ ਸਤੰਭਾਂ ਉੱਤੇ ਨਿਰਭਰ ਹੈ - ਕਿਰਤ ਕਰੋ, ਵੰਡ ਛਕੋ, ਨਾਮ ਜਪੋ। ਪਹਿਲਾ ਉਪਦੇਸ਼ ਗੁਰੂ ਨਾਨਕ ਜੀ ਨੇ ਸੈਦਪੁਰ ਦੇ ਮਲਕ ਭਾਗੋ ਨੂੰ ਕੀਤਾ ਸੀ, ਉਸ ਦੇ ਅਣਕਮਾਏ ਧਨ ਨਾਲ ਰਚੇ ਬ੍ਰਹਮ-ਭੋਜ ਵਿਚ ਹਿੱਸਾ ਨਾ ਲੈ ਕੇ ਤੇ ਲਾਲੋ ਬਾਢੀ ਦੀ ਹੱਥੀਂ ਕਮਾਈ ਕੋਧਰੇ ਦੀ ਰੋਟੀ ਨੂੰ ਦੁੱਧ ਆਖ ਕੇ ਸਵੀਕਾਰ ਕਰ ਕੇ, ਤਿੰਨ ਸਦੀਆਂ ਪਿੱਛੋਂ, ਕੁਝ ਇਹੋ ਜਿਹੀ ਗੱਲ ਕਾਰਲ ਮਾਰਕਸ ਅਤੇ ਪਰੂਧੋਨ ਨੇ ਵੀ ਆਖਣ ਦਾ ਯਤਨ ਕੀਤਾ ਕਿ ਜਿੰਨਾ, ਕੀਤੀ ਮਿਹਨਤ ਨਾਲੋਂ ਕਮਾਇਆ, ਵਾਧੂ ਧਨ ਕਿਸੇ ਪਾਸ ਹੈ, ਉਹ ਹੋਰ ਮਜ਼ਦੂਰਾਂ ਤੇ ਕਿਰਤੀ ਕਿਰਸਾਨਾਂ ਦੀ ਮਿਹਨਤ ਉੱਤੇ ਧਾੜਾਂ ਮਾਰ ਕੇ ਲੁੱਟਿਆ ਧੰਨ ਹੈ। ਗੁਰੂ ਨਾਨਕ ਸਾਹਿਬ ਦੇ ਧਾਰਮਿਕ ਫ਼ਲਸਫ਼ੇ ਵਿਚੋਂ ਇਉਂ ਸਮਾਜਵਾਦ, ਇਕ ਅਵੱਸ਼ ਪੈਦਾਵਾਰ ਦਿਸ ਆਉਂਦਾ ਹੈ। ਪਰ ਜਿਵੇਂ ਪਿਛਲੇ ਕੁਝ ਦਹਾਕਿਆਂ ਵਿਚ ਸਮਾਜਵਾਦੀ ਸਮਾਜ ਨੂੰ ਹੋਂਦ ਵਿਚ ਲਿਆਉਣ ਜਾਂ ਉਸ ਨੂੰ ਕਾਇਮ ਰੱਖਣ ਲਈ ਡਿਕਟੇਟਰਸ਼ਾਹੀ, ਖ਼ੁਫ਼ੀਆ ਪੁਲਿਸੀ ਪ੍ਰਬੰਧ, ਜੇਲ੍ਹਖ਼ਾਨੇ ਤੇ ਮੁਕੱਦਮਮੇਬਾਜ਼ੀਆਂ ਕਤਲ, ਖ਼ੂਨ ਤੇ ਸਾਜ਼ਿਸ਼ਾਂ ਰਚੀਆਂ ਗਈਆਂ ਹਨ, ਉਹਨਾਂ ਨਾਲੋਂ ਸਿੱਖ ਫ਼ਸਲਫ਼ੇ ਦਾ ਰਾਹ ਬਹੁਤ ਨਿੱਖੜਵਾਂ ਹੈ। ਗੁਰੂ ਨਾਨਕ ਸਾਹਿਬ ਦਾ ਸਮਾਜ ਆਰਥਿਕ ਬਰਾਬਰੀ ਲਿਆਉਂਦਾ ਹੈ। ਰੂਹ ਨੂੰ ਉੱਚਾ ਕਰ ਕੇ ਅਖ਼ਲਾਕੀ ਤੇ ਆਤਮਿਕ ਪੱਧਰ ਨੂੰ ਇੰਨਾ ਕੋਮਲ ਬਣਾ ਕੇ ਕਿ ਕਬਜ਼ੇ ਹਵਸ, ਹਿਰਸ,

ਲੁੱਟ-ਖਸੁੱਟ ਦੀ ਤੀਬਰਤਾ ਮਨੁੱਖ ਵਿਚ ਉੱਠਦੀ ਨਹੀਂ ਤੇ ਕਿਰਤ ਕਰ ਕੇ ਵੰਡ ਛਕਣਾ ਉਸ ਦਾ ਸੁਭਾਵਿਕ ਗੁਣ ਹੋ ਜਾਂਦਾ ਹੈ। ਉਹ ਚੰਮ-ਸਤਹ ਉੱਤੇ ਜੀਉਂਦਾ ਹੀ ਨਹੀਂ। ਉਸ ਲਈ ਭਾਈ ਮੂਲੇ ਵਾਂਗ ਜਿਊਣਾ ਕੂੜ ਤੇ ਮਰਨਾ ਸੱਚ ਹੋ ਜਾਂਦਾ ਹੈ। ਉਹ ਪਲ-ਪਲ ਮਰਨ ਦੇ ਚਾਉ ਵਿਚ ਆਪਾ-ਗ਼ਰਜ਼ੀ ਨੂੰ ਮਾਰਨ ਦੇ ਚਾਉ ਵਿਚ, ਤਨ-ਧਨ ਵਾਰਨ ਦੇ ਚਾਉ ਵਿਚ ਵਿਗਸਦਾ ਹੈ, ਸਹਿਜ-ਸੁਭਾਇ, ਕਿਸੇ ਜਬਰ ਕਿਬਰ, ਡਰ ਦਾ ਮਾਰਿਆ ਨਹੀਂ ਸਗੋਂ ਇਸ ਕਿ ਉਸ ਦੀ ਰੂਹ ਇਸ ਬਿਨਾਂ ਸਹਿਜ-ਟਿਕਾਉ ਵਿਚ ਨਹੀਂ ਆਉਂਦੀ, ਉਸ ਦੀ ਆਤਮਕ-ਹੋਣੀ ਇਸ ਬਿਨਾਂ ਸੰਪੂਰਨ ਨਹੀਂ ਹੁੰਦੀ, ਉਸ ਦੀ ਆਤਮ ਦਾ ਕਿਉਂਕਿ ਇਹ ਨਿੱਜ ਸੁਭਾਉ ਹੈ, ਜਿਵੇਂ ਅਗਨੀ ਦਾ ਜਾਲਣਾ ਤੇ ਪਾਣੀ ਦਾ ਮੈਲ ਧੋਣਾ, ਠੰਢ ਪਾਉਣਾ।

ਆਧੁਨਿਕ ਸਮਾਜਵਾਦੀ ਰਾਜ-ਪ੍ਰਬੰਧ ਦੀ ਰੂਹ ਦਾ, ਰੱਬ ਜਾਂ ਆਤਮਿਕ ਸਾਧਨਾਂ ਜਾਂ ਮਨੋਰਥਾਂ ਨਾਲ ਕੋਈ ਸੰਬੰਧ ਨਹੀਂ। ਉਸ ਲਈ ਸਰਵੁੱਚ ਮਨੋਰਥ ਸਮਾਜ ਨੂੰ ਸਮਾਜੀ, ਆਰਥਿਕ ਤੇ ਰਾਜਸੀ ਨੀਹਾਂ ਉੱਤੇ ਉਸਾਰਨਾ ਹੈ, ਰਾਹ ਢੰਗ ਭਾਵੇਂ ਕੋਈ ਵੀ ਵਰਤੇ। ਉਥੇ ਵੀ ਆਪਾ-ਗ਼ਰਜ਼ੀ ਮਾਰਨੀ ਹੈ, ਸਮਾਜੀ ਸੁਖ ਲਈ ਨਿੱਜੀ ਸੁਖ ਵਿਰਸਾ ਵੰਡ ਕੇ ਛਕਣਾ ਹੈ - 'ਜਿੰਨਾ ਤੇ ਜਿਹੋ ਜਿਹਾ ਕੋਈ ਕੰਮ ਕਰੋ ਉਨਾ ਤੇ ਉਹੋ ਜਿਹਾ ਕੋਈ ਖਾਵੇ ਤੇ ਹੁੰਦੇ ਹੋਏ ਜਿੰਨੀ ਕਿਸੇ ਦੀ ਲੋੜ ਹੋਵੇ ਬੱਸ ਉਨੀ ਹੀ ਪੂਰੇ, ਇਹ ਸਿਧਾਂਤ ਹੈ ਸਮਾਜਵਾਦੀ ਦਾ ਵੀ। ਉਥੇ ਵੀ ਇਕਾਈਆਂ ਨੂੰ ਇਹ ਲੌਕਿਕ ਸਮਾਜ, ਇਕ ਵਿਸ਼ਵ ਜਥੇਬੰਦੀ, ਇਕ ਸਰਬ-ਸਾਂਝੇ ਆਰਥਿਕ ਤੇ ਰਾਜਸੀ ਨਿਜ਼ਾਮ ਵਿਚ ਪਰੋਣਾ ਹੈ। ਪਰ ਕਿਵੇਂ, ਇਹ ਸੁਆਲ ਬਹੁਤ ਜ਼ਰੂਰੀ ਹੈ। ਜ਼ਬਰ ਨਾਲ ਮਾਰ-ਕੁੱਟ ਕੇ, ਡਰ-ਧਮਕਾ ਕੇ, ਸਾਰੀ ਤਾਕਤ ਨੂੰ ਇਕ ਥਾਂ ਇਕੱਠਾ ਕਰ ਕੇ? ਗੁਰੂ ਜੀ ਨੇ ਵੀ ਜਥੇਬੰਦੀ ਉੱਤੇ ਬਹੁਤ ਜ਼ੋਰ ਦਿੱਤਾ ਹੈ।

***ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ।*** *(ਵਾਰ 1/42)*

ਨੌਵੀਂ ਪਾਤਸ਼ਾਹੀ ਤਕ ਉਸ ਨੂੰ ਸੰਗਤ ਆਖਦੇ ਰਹੇ। ਦਸਵੇਂ ਸਤਿਗੁਰਾਂ ਨੇ ਉਸੇ ਨੂੰ 'ਪੰਥ' ਦਾ ਰੂਪ ਦੇ ਦਿੱਤਾ। ਪਰ ਸਮੁੱਚੀ ਤਾਕਤ ਦਾ ਸੋਮਾ ਕੋਈ ਡਿਕਟੇਟਰੀ ਪ੍ਰਬੰਧ ਜਾਂ ਫ਼ੌਜ, ਪੁਲਿਸ ਨਹੀਂ ਸਗੋਂ ਆਤਮਿਕ ਤੌਰ 'ਤੇ ਭਰ-ਜਾਗਿਆ ਵਿਅਕਤੀਗਤ ਹੈ, ਜਿਸ ਨੂੰ ਸਿੱਖ ਸ਼ਬਦਾਵਲੀ ਵਿਚ ਗੁਰਮੁਖ ਆਖਦੇ ਹਨ। ਇਹੀ ਜੀਆਦਾਨ ਬਖ਼ਸ਼ਦਾ ਹੈ, ਸੁੱਤਿਆਂ ਨੂੰ ਜਗਾਉਂਦਾ ਹੈ, ਜੀਵਨ-ਕਣੀਆਂ ਵੰਡਦਾ ਹੈ। ਜਥੇਬੰਦੀ ਦੀ ਇਕਾਈ ਥਾਂ-ਥਾਂ ਦੀ ਜੁੜੀ ਬਣੀ 'ਸੰਗਤ' ਹੈ। ਇਹ ਸੰਗਤ ਹੀ ਆਪਣੀ ਸ਼ਕਤੀ ਦਾ ਜਿੰਨਾ ਹਿੱਸਾ ਚਾਹੇ, ਮਨ-ਮਰਜ਼ੀ ਨਾਲ ਗੁਰੂ ਸੰਗਤ ਜਾਂ ਗੁਰੂ ਪੰਥ, ਜੋ ਸਮੂਹ ਪੰਥ ਦੀ ਜਥੇਬੰਦੀ ਹੈ, ਨੂੰ ਸੌਂਪਦੀ ਹੈ। ਗੁਰੂ ਪੰਥ ਸਭ ਤੋਂ ਉੱਤੇ ਹੈ। ਉਸ ਦਾ ਹੁਕਮ ਹਰੇਕ ਵਿਅਕਤੀ ਉੱਤੇ ਲਾਗੂ ਹੈ, ਪਰ ਸਥਾਨਕ ਸੰਗਤ ਜਦ ਚਾਹੇ ਉਸ ਨੂੰ ਤਾੜਨਾ ਕਰ ਸਕਦੀ ਹੈ, ਬਖ਼ਸ਼ੀ ਤਾਕਤ ਖੋੜ ਭੀ ਸਕਦੀ ਹੈ। ਇਸ ਤਰ੍ਹਾਂ ਨਾ ਹੀ ਬਹੁ-ਸੰਮਤੀ ਜਾਂ ਡਿਕਟੇਟਰਸ਼ਾਹੀ ਦਾ ਜ਼ਬਰ ਮਾਰਦਾ ਹੈ, ਨਾ ਹੀ ਵਿਅਕਤੀ ਦੀ ਸ਼ਖਸੀਅਤ ਨੂੰ ਆਪਣੀ ਪੂਰੀ ਆਤਮਿਕ ਪ੍ਰਫੁੱਲਤਾ ਤੋਂ ਕੋਈ ਰੋਕ ਪੈਂਦੀ ਹੈ।

ਗੁਰੂ ਨਾਨਕ ਸਾਹਿਬ ਦਾ ਧਰਮ ਉਹਨਾਂ ਦੀ ਜਾਤ ਜਾਂ ਬਾਣੀ ਦੇ ਜਗਾਏ ਗੁਰਮੁਖਾਂ ਨੇ ਹੀ ਪ੍ਰਚਾਰਿਆ। ਹਰ ਥਾਂ ਦੀ ਸੰਗਤ ਉਹਨਾਂ ਦੀ ਅਗਵਾਈ ਨੂੰ ਹਰ ਵੇਲੇ ਉਡੀਕਦੀ ਸੀ। ਤਾਂ ਬਾਬੇ ਉਥੇ ਧਰਮਸਾਲ ਬੁੱਧੀ, ਮੰਜੀ ਬਖ਼ਸ਼ੀ। ਇਹਨਾਂ ਮੰਜੀਆਂ ਦੇ ਬਖ਼ਸ਼ਣ ਦਾ ਇਹੋ ਮਨੋਰਥ ਸੀ ਪਰ ਫਿਰ ***ਘਰ ਘਰਿ ਅੰਦਰਿ ਧਰਮਸਾਲ*** ਹੋ ਗਈ ਕਿ ਹਰ ਵੇਲੇ ਕੋਈ ਕਿਸੇ ਦੀ ਉਚੇਚੀ ਅਗਵਾਈ ਨੂੰ ਉਡੀਕਦਾ ਨਾ ਰਹੇ ਤੇ ਜਦ ਕਣੀ ਅੰਦਰੋਂ ਮੁੱਕਦੀ ਖੁਰਦੀ ਜਾਪੇ ਜਾਂ ਅੱਗੋਂ ਗੱਲ ਨਾ ਸੁੱਝੇ ਜਾਂ ਕੋਈ ਆਤਮਿਕ ਭੀੜ ਆਣ ਬਣੇ ਤਾਂ ਗੁਰਮੁਖ ਦਾ ਦੀਦਾਰ ਕਰੇ, ਉਸ ਦੀ ਸੰਗਤ ਵਿਚ ਜਾਵੇ। ਨਿਤਾਪ੍ਰਤਿ ਸੰਗਤ ਇਕ ਥਾਂ ਦੀ ਆਪਣੀ ਥਾਂ ਹੀ ਜੁੜੇ, ਵਿਚਾਰ-ਚਰਚਾ ਕਰੇ, ਸਾਂਝੇ ਮਾਮਲੇ ਸੁਲਝਾਵੇ।

'ਨਾਨਕ ਪ੍ਰਕਾਸ਼' ਵਿਚ ਇਕ ਕਥਾ ਆਉਂਦੀ ਹੈ:

ਗੁਰੂ ਨਾਨਕ ਜੀ ਜਦ ਆਪਣੇ ਅੰਤਲੇ ਦਿਨਾਂ ਵਿਚ ਕਰਤਾਰਪੁਰ ਆਣ ਟਿਕੇ ਤਾਂ ਦੋ ਬੜੇ ਧਨਾਢ ਤੇ ਵਡੇਰੇ ਮਨੁੱਖ ਉਹਨਾਂ ਦੀ ਸੰਗਤ ਕਰਨ ਦੂਰੋਂ ਕਿਤੋਂ ਚੱਲ ਕੇ ਆਏ। ਕੁਝ ਚਿਰ ਪਿੱਛੋਂ ਉਹਨਾਂ ਬੇਨਤੀ ਕੀਤੀ:

> ਜੀਉ ਪਾਤਸ਼ਾਹ, ਅਸੀਂ ਤੇਰੇ ਚਰਨਾਂ ਵਿਚ ਹੀ ਤੇਰੀ ਟਹਿਲ ਸੇਵਾ ਲਈ ਬਾਕੀ ਤਾਂ ਜੀਵਨ ਬਤੀਤ ਕਰਨਾ ਲੋਚਦੇ ਹਾਂ ਪਰ ਗੁਰੂ ਜੀ ਨੇ ਉੱਤਰ ਦਿੱਤਾ:

> ਤੁਸੀਂ ਘਰ ਮੁੜ ਜਾਉ। ਆਪਣਾ ਧਨ ਗਰੀਬਾਂ ਵਿਚ ਵੰਡ ਦਿਉ। ਸਰੀਰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਸੇਵਾ ਲਈ ਅਰਪਨ ਕਰੋ। ਇਵੇਂ ਤੁਸੀਂ ਮੇਰੀ ਖੁਸ਼ੀ ਪ੍ਰਾਪਤ ਕਰੋਗੇ। ਇਹੋ ਮੇਰੀ ਸੇਵਾ ਹੋਵੇਗੀ।

ਨਾਮ ਜਪਣਾ, ਕਿਰਤ ਕਰਨਾ, ਭਗਤੀ, ਜਾਪ, ਲਿਵਲੀਨਤਾ, ਏਸ਼ੀਆਈ ਧਰਮਾਂ (ਸਮੇਤ ਈਸਾਈ ਮਤ) ਦੀ ਮੂਲ ਜੜ੍ਹ ਹੈ, ਪਰ ਜਿਵੇਂ ਨਾਮ ਜਪਣ ਲਈ ਤਿਆਗ, ਹਠ, ਜੋਗ, ਮਨ-ਮਾਰੀ, ਤਨ-ਜਲਾਈ ਆਦਿ ਕਠਿਨ ਸਾਧਨਾਂ ਨੂੰ ਸਭ ਨੇ ਅਵੱਸ਼ ਬਿਆਨਿਆ ਹੈ, ਉਸ ਤੋਂ ਸਿੱਖ ਧਰਮ ਇਨਕਾਰੀ ਹੈ। ਇਸ ਵਿਚ ਗ੍ਰਿਹਿਸਤ ਧਰਮ ਪ੍ਰਧਾਨ ਹੈ। ਜਦ ਤਿਆਗ ਕਰ ਕੇ ਵੀ ਆਪਣੀ ਉਪਜੀਵਕਾ ਲਈ *ਉਨਹੀ ਕੇ ਘਰਿ ਮੰਗਣਿ ਜਾਈ* ਤਾਂ ਤਿਆਗ ਦਾ ਕੀ ਲਾਭ? ਜੇ ਸਰੀਰ ਦਾ ਮਨੋਰਥ ਨਿੱਜੀ ਚੰਮ-ਖੁਸ਼ੀ ਜਾਂ ਨਿਰਾ ਆਤਮਕ ਵਿਗਾਸ ਜਾਂ ਸਹਿਜ-ਆਨੰਦ ਜਾਂ ਵਿਅਕਤੀਗਤ ਦੀ ਮੁਕਤੀ ਨਹੀਂ (ਜਿਵੇਂ ਕਿ ਸਿੱਖ ਧਰਮ ਮੰਨਦਾ ਹੈ) ਜੇ ਸਰੀਰ ਨੇ ਬਾਕੀ ਸਮਾਜ ਦੀ ਸੇਵਾ ਲਈ ਅਰਪਨ ਹੋਣਾ ਹੈ ਤਾਂ ਸਰੀਰ ਨੂੰ ਮਾਰਨਾ, ਸੁਕਾਣਾ, ਤਸੀਹੇ ਦੇਣੇ ਕਿ ਇਸ ਵਿਚੋਂ ਵਾਸ਼ਨਾ ਮਰੇ, ਅਯੋਗ ਹੈ। ਮਰੀਅਲ ਘੋੜੇ ਵਿਚੋਂ ਵਾਸ਼ਨਾ ਤਾ ਮੁੱਕੀ ਪਰ ਉਸ ਕਿਸ ਦਾ ਭਾਰ ਢੋਇਆ, ਕਿਸ ਉਸ ਦੀ ਥਲ-ਥਲ ਕਰਦੀ ਜੁਆਨੀ ਨੂੰ ਗਾਹਿਆ, ਕਿਸ ਉਸ ਦੇ ਨਰੋਏ ਵਿਗਾਸੇ ਤਨ ਦੀ ਉਡੀਕ ਕੀਤੀ? ਤਾਂ ਤੇ ਨਾਮ ਜਪਣਾ ਹੈ, ਬਿਨਾਂ ਹਠ ਨਾਲ ਤਨ ਮਾਰੇ, ਕਰਮ ਕਾਂਡ ਦੀ ਕੈਦ ਵਿਚ ਬੱਝੇ ਜਾਂ ਉਗਰ ਮੰਤਰ ਜਾਪ ਕਰਦੇ ਨਾ, ਸਗੋਂ ਇਵੇਂ ਕਿ ਧੁਰ ਅੰਦਰ ਜੁੜ ਜਾਵੇ ਅਨੰਦ ਦੇ ਪਸਾਰੇ ਨਾਲ, ਸਹਿਜ ਸੁਭਾਇ ਅੰਦਰੋਂ 'ਮੈਂ ਮੇਰੀ' ਦੀ ਥਾਂ 'ਤੂੰ ਤੇਰਾ, ਸਭ ਕੁਝ ਤੇਰਾ' ਦੀ ਧੁਨੀ ਗੂੰਜੇ, ਹੋਠ ਭਾਵੇਂ ਜੁੜੇ ਰਹਿਣ, ਅੰਦਰੋ ਨਾੜ-ਨਾੜ ਪਈ ਬੋਲੇ, ਗਾਵੇ 'ਵਾਹਿਗੁਰੂ, ਵਾਹਿਗੁਰੂ।

ਇਸ ਨਾਲ ਆਤਮਿਕ ਜ਼ਬਤ ਵੀ ਅੰਦਰ ਆਉਂਦਾ ਹੈ, ਕਿਉਂ ਜੋ ਅੰਦਰਲੀਆਂ ਵਾਸ਼ਨਾਵਾਂ ਦਾ ਹਰ ਕਿਣਕਾ ਇਕ ਨੁਕਤੇ ਉੱਤੇ ਇਕੱਠਾ ਹੋ ਕੇ ਆਪਾ ਭੁੱਲ ਜਾਂਦਾ ਹੈ ਤੇ ਵਾਸ਼ਨਾ ਮਰਦੀ ਹੈ, ਪਰ ਸਰੀਰ ਤੇ ਆਤਮਾ ਵਿਚ ਆਨੰਦ ਦਾ ਹੁਲਾਸ ਵੀ ਆਉਂਦਾ ਹੈ, ਕਿਉਂ ਜੁ ਹੱਠ ਨਾਲ ਇਹ ਕਮਾਈ ਨਹੀਂ ਕੀਤੀ ਹੁੰਦੀ, ਸਗੋਂ ਸੁਤੇ-ਸਿਧ ਹੀ ਦੈਵੀ ਪ੍ਰਕਾਸ਼ ਅੰਦਰ ਬਲਿਆ ਹੁੰਦਾ ਹੈ।

'ਸਤਿਨਾਮੁ' ਤੇ 'ਵਾਹਿਗੁਰੂ' ਦੋ ਸ਼ਬਦ ਹਨ, ਜਿਨ੍ਹਾਂ ਦਾ ਜਾਪ ਸਿੱਖਾਂ ਵਿਚ ਗੁਰੂ ਨਾਨਕ ਸਾਹਿਬ ਨੇ ਪ੍ਰਚਲਿਤ ਕੀਤਾ। ਨਾਵਾਂ ਵਿਚ ਕੀ ਹੈ, ਸਭੇ ਆਖਦੇ ਹਨ। ਹਾਂ, ਨਾਵਾਂ ਵਿਚ ਉਂਜ ਤਾਂ ਕੁਝ ਵੀ ਨਹੀਂ ਪਰ ਬਹੁਤ ਕੁਝ ਹੈ ਵੀ। ਜਦ ਅਸੀਂ ਕਿਸੇ ਚੀਜ਼ ਦਾ ਨਾਉਂ ਲੈਂਦੇ ਹਾਂ ਤਾਂ ਉਸ ਦੀਆਂ ਸਮੁੱਚੀਆਂ ਖ਼ਾਸੀਅਤਾਂ, ਰੂਪ, ਰੰਗ, ਆਕਾਰ, ਸਭ ਕੁਝ ਸਾਡੇ ਸਾਹਮਣੇ ਆ ਜਾਂਦਾ ਹੈ ਅਤੇ ਇਉਂ ਹੀ ਉਹ ਵਸਤੂ ਮਨੁੱਖੀ - ਮਨ ਵਿਚ ਸਾਕਾਰ ਤੇ ਰੂਪਮਾਨ ਹੁੰਦੀ ਹੈ:

*ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਦੇ ਧਾਰੇ ਪੁਰੀਆ ਸਭ ਭਵਨ ॥* *(ਪੰਨਾ 484)*

ਨਾਵਾਂ ਵਿਚ ਰੂਪ ਲੁਕੇ ਹਨ- ਸਾਇੰਸ, ਫ਼ਿਲਾਸਫ਼ੀ, ਸਾਧਾਰਨ ਜੀਵਨ-ਦੌੜ ਸਭਨਾਂ ਵਿਚ ਅਸੀਂ ਨਾਵਾਂ ਦੇ ਆਸਰੇ ਚੱਲਦੇ ਹਾਂ। ਨਾਮ ਸਿਰਮਦੇ ਹਾਂ ਕਿਉਂ ਜੁ ਨਾਵਾਂ ਵਿਚ ਉਹਨਾਂ ਦੀਆਂ ਤਸਵੀਰਾਂ, ਝਲਕੇ, ਝਾਂਵਲੇ, ਗੁਣ ਔਗੁਣ ਸਭ ਲੁਕੇ ਪਏ ਹਨ। ਕਿਸੇ ਜਾਤੀ ਦਾ ਸਭਿਆਚਾਰ ਉਸ ਦੇ ਨਾਵਾਂ ਦੇ ਪੈਦਾ ਕੀਤੇ ਵਾਯੂਮੰਡਲ ਉੱਤੇ ਹੀ ਨਿਰਭਰ ਹੁੰਦਾ ਹੈ। ਇਵੇਂ ਅਸੀਂ ਹਰ ਘੜੀ ਕਿਸੇ ਨਾ ਕਿਸੇ ਰੂਪਾਕਾਰ ਦਾ, ਕਿਸੇ ਨਾ ਕਿਸੇ ਤਰ੍ਹਾਂ ਮੰਤਰ ਜਾਪ ਕਰਦੇ ਰਹਿੰਦੇ ਹਾਂ। ਇਹ ਨਾਮ ਹੌਲੀ-ਹੌਲੀ ਆਪ ਹੀ ਵਧੀਕ ਤੋਂ ਵਧੀਕ ਠੋਸ ਖ਼ਾਸੀਅਤਾਂ ਧਾਰਨ ਕਰਦੇ ਜਾਂਦੇ ਹਨ। ਪਹਿਲਾਂ ਸਭ ਕੁਝ ਨਾਮ ਤੋਂ ਹੀ ਸ਼ੁਰੂ ਹੁੰਦਾ ਹੈ:

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਦੇ ਧਾਰੇ ਖੰਡ ਬ੍ਰਹਮੰਡ ॥* *(ਪੰਨਾ 284)*

ਇਹੀ ਉਪਨਿਸ਼ਦਾਂ ਦੀ ਅਧਿਆਤਮ ਵਿਦਿਆ ਹੈ। ਇਵੇਂ ਹੀ ਮਨੁੱਖ ਨਾਮ ਲੈਂਦੇ-ਲੈਂਦੇ ਨਾਮ ਲਏ ਜਾਣ ਵਾਲੇ ਦੇ ਗੁਣਾਂ ਵਿਚ ਲੱਗਦਾ ਹੈ ਤੇ ਹੌਲੀ-ਹੌਲੀ ਉਹਨਾਂ ਵਿਚ ਲੀਨ ਹੋ ਜਾਂਦਾ, ਉਹਨਾਂ ਨੂੰ ਆਪਣਾ ਸੁਭਾਅ ਬਣਾ ਲੈਂਦਾ ਹੈ:

*ਹਉਮੈ ਨਾਵੈ ਨਾਲਿ ਵਿਰੋਧੁ ਹੈ...* (ਪੰਨਾ 560)

ਇਸ ਲਈ ਜਦ ਨਾਮ ਅੰਦਰ ਆ ਵੱਸਦਾ ਹੈ ਤਾਂ ਹਉਮੈ ਟੁਰ ਜਾਂਦੀ ਹੈ:

*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥*
*ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥* (ਪੰਨਾ 284)

ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ। ਪਹਿਲੀ ਪੂਰਬ ਵੱਲ, ਜਦ ਉਹ ਹਿੰਦੂਆਂ ਦੇ ਪ੍ਰਸਿੱਧ ਤੀਰਥਾਂ ਉੱਤੇ ਗਏ। ਇਥੇ ਵੀ ਕਿਧਰੇ ਗੁਰੂ ਨੇ 'ਮਾਸ ਘਾਸ' ਦੀ ਸਦੀਆਂ ਦੀ ਪੁਰਾਣੀ ਚਰਚਾ ਵਾਦ-ਵਿਵਾਦ ਨੂੰ ਇਹ ਆਖ ਕੇ ਦੂਰ ਕੀਤਾ ਕਿ ਕੀ ਬਨਸਪਤੀ ਤੇ ਕੀ ਜਨੌਰ ਸਭੇ ਪਾਣੀ ਉੱਤੇ ਜੀਉਂਦੇ ਹਨ, ਜਿੰਦ ਪਾਣੀ ਵਿਚ ਹੈ, ਕਿਉਂਕਿ ਇਹ ਸਭ ਸ਼ੈਆਂ ਨੂੰ ਪ੍ਰਫੁੱਲਿਤ ਕਰਦਾ, ਤਾਜ਼ਗੀ ਤੇ ਨਰੋਆਪਨ ਬਖ਼ਸ਼ਦਾ ਹੈ:

*ਪਹਿਲਾ ਪਾਣੀ ਜੀਉ ਹੈ...* (ਪੰਨਾ 472)

ਇਸ ਲਈ ਜੇ ਪਾਣੀ ਪੀਣਾ ਪਾਪ ਨਹੀਂ ਤਾਂ ਉਸ ਨਾਲ ਪਾਲਿਆ ਮਾਸ ਖਾਣਾ ਕਿਵੇਂ ਪਾਪ ਹੈ ਤੇ ਬਨਸਪਤੀ ਨੂੰ ਖਾਣਾ ਕਿਵੇਂ ਪਾਪ ਨਹੀਂ?

*ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥*
*ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥* (ਪੰਨਾ 1289)

ਇਹ ਗੱਲ ਅੱਜ ਦੇ ਜ਼ਮਾਨੇ ਵਿਚ ਸਾਧਾਰਨ ਜਿਹੀ ਲੱਗਦੀ ਹੈ ਪਰ ਜੋ ਲੋਕ ਹਿੰਦੁਸਤਾਨ ਦੇ ਇਤਿਹਾਸ ਦਾ ਪਿਛੋਕੜ ਜਾਣਦੇ ਹਨ ਕਿ ਪ੍ਰਾਚੀਨ ਸਮਿਆਂ ਤੋਂ ਲੈ ਕੇ 'ਅਹਿੰਸਾ ਪਰਮੋ ਧਰਮ' ਦਾ ਏਨਾ ਚਰਚਾ ਸਾਰੇ ਦੇਸ਼ ਵਿੱਚ ਫੈਲਿਆ ਹੋਇਆ ਸੀ ਕਿ ਲੋਕਾਂ ਨੇ ਮੂੰਹ ਤੇ ਨਾਸਾਂ ਅੱਗੇ ਟਾਕੀਆਂ ਬੰਨ੍ਹ ਲਈਆਂ ਸਨ ਕਿ ਕੋਈ ਪ੍ਰਮਾਣੂ ਹਵਾ ਵਿਚੋਂ ਸਾਡੇ ਅੰਦਰ ਲੰਘ ਕੇ ਮਾਰਿਆ ਨਾ ਜਾਵੇ। ਪੈਰ ਫੂਕ-ਫੂਕ ਕੇ ਧਰਦੇ ਸਨ, ਪਾਣੀ ਛਾਣ-ਛਾਣ ਪੀਂਦੇ ਸਨ, ਜੂਠਾ ਮੰਗ-ਮੰਗ ਕੇ ਖਾਂਦੇ ਸਨ। ਕਸ਼ਤ੍ਰੀ ਧਰਮ ਅਲੋਪ ਹੋ ਚੁੱਕਾ ਸੀ। ਕ੍ਰਿਸ਼ੀ ਕਰਮ ਦੁਰਕਾਰਿਆ ਜਾ ਚੁੱਕਾ ਸੀ। ਬਾਹਰਲੇ ਜਰਵਾਣਿਆਂ ਦੇ ਟਾਕਰੇ ਉੱਤੇ ਸਾਡੀ ਬਹੁਤ ਲੋਕਾਈ ਤਲਵਾਰ ਚੁੱਕਣ ਨੂੰ ਇਸੇ ਲਈ ਤਿਆਰ ਨਹੀਂ ਸੀ ਕਿ ਉਹ ਜੀਵ ਹੱਤਿਆ ਨੂੰ ਹਰ ਹਾਲਤ ਵਿਚ ਪਾਪ ਸਮਝਦੀ ਸੀ। ਉਪਜਾਊ ਧਰਤੀ ਬੰਜਰ ਬਣੀ ਪਈ ਸੀ ਅਤੇ ਭੁੱਖ-ਮਰੀ ਦੇਸ਼ ਦਾ ਸਾਧਾਰਨ ਸੰਕਟ ਬਣ ਗਿਆ ਸੀ। ਇਸ ਲਈ ਸਵਾਲ ਨਿਰਾ ਮਾਸ ਖਾਣ ਦਾ ਜਾਂ ਨਾ ਖਾਣ ਦਾ ਨਹੀਂ ਸੀ। ਸਵਾਲ ਸੀ ਵਧੀਕ ਬੁਨਿਆਦੀ, ਸਮਾਜੀ ਤੇ ਰਾਜਸੀ ਵੀ ਅਤੇ ਆਤਮਿਕ ਵੀ। ਇਸ ਲਈ ਗੁਰੂ ਜੀ ਨੇ ਖਾਣ-ਪੀਣ ਦੇ ਬਾਰੇ ਇਕ ਵਾਰ ਬੁਨਿਆਦੀ ਹਦਾਇਤ ਕਰ ਦਿੱਤੀ:

*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥*
*ਜਿਤੁ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ ॥* (ਪੰਨਾ 16)

ਹੋਰ ਸਭ ਕੁਝ ਮਨੁੱਖ ਖਾਵੇ-ਪੀਵੇ, ਬੱਸ ਉਹ ਨਾ ਖਾਵੇ, ਜਿਸ ਨਾਲ ਤਨ ਨੂੰ ਪੀੜਾ ਹੋਵੇ ਜਾਂ ਮਨ ਵਿਚ ਵਿਕਾਰਾਂ ਦੀ ਰੌਅ ਵਗ ਤੁਰੇ।

ਇਵੇਂ ਹੀ ਜਗਨਨਾਥ ਪੁਰੀ ਦੇ ਮੰਦਰ ਵਿਚ ਜੋ ਆਰਤੀ ਹੁੰਦੀ ਪਈ ਸੀ, ਨਿੱਕੇ-ਨਿੱਕੇ ਦੀਵੇ ਥਾਲ ਵਿਚ ਬਾਲ ਦੇ ਜਗਨਨਾਥ ਦੀ ਮੂਰਤੀ ਦੀ, ਉਸ ਉੱਤੇ ਗੁਰੂ ਜੀ ਨੇ ਕਿੰਤੂ ਕੀਤਾ ਕਿ ਜਿਸ ਦੀ ਆਰਤੀ ਧਰਤ, ਆਕਾਸ਼, ਚੰਨ, ਸੂਰਜ, ਤਾਰੇ, ਬਨਸਪਤੀ, ਪਹਾੜ, ਦਰਿਆ ਹਰ ਵੇਲੇ ਉਤਾਰ ਰਹੇ ਹਨ, ਕਿਉਂ ਜੋ ਉਸ ਦੇ ਹੁਕਮ ਵਿਚ ਬੱਧੇ ਕਾਰ ਕਰਦੇ ਹਨ, ਉਸ ਦੀ ਆਰਤੀ ਵਿਚ ਨਿੱਕੇ-ਨਿੱਕੇ ਥਾਲਾਂ ਵਿਚ ਬਲਦੇ ਮੱਧਮ ਜਿਹੇ ਦੀਵੇ ਕੀ ਕਰਨਗੇ? ਇਹ ਅਕਹਿ ਕਾਵਿਕ ਖ਼ੂਬਸੂਰਤੀਆਂ ਨਾਲ ਭਰਿਆ ਸ਼ਬਦ ਗੁਰੂ ਜੀ ਨੇ ਇਥੇ ਉਚਾਰਿਆ, ਜਿਸ ਦੀ ਮਿਸਾਲ, ਬੋਲੀ, ਅਲੰਕਾਰਾਂ ਦੇ ਚਮਤਕਾਰਾਂ ਤੇ ਖ਼ਿਆਲਾਂ ਦੀ ਵਿਸ਼ਾਲਤਾ ਕਰਕੇ, ਰਿਗਵੇਦ ਵਿਚ ਅੰਕਿਤ 'ਊਸ਼ਾ' ਨੂੰ ਸੰਬੋਧਨ ਕੀਤੀ ਹੋਈ ਰਿਗਵੇਦ ਵਿਚ ਹੀ ਭਾਵੇਂ ਮਿਲੇ:

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥1॥*
*ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥*
*ਅਨਹਤਾ ਸਬਦ ਵਾਜੰਤ ਭੇਰੀ ॥* (ਪੰਨਾ 663)

ਗੁਰੂ ਨਾਨਕ ਜੀ ਦਾ ਕਵੀ-ਮਨ ਕਿਵੇਂ ਰੱਬ ਦੀ ਭਰਪੂਰਤਾ, ਵਿਸ਼ਾਲਤਾ ਤੇ ਖ਼ੂਬਸੂਰਤੀ ਨੂੰ ਇਕ-ਦਮ ਇਕੋ ਨੀਝ ਨਾਲ ਸਭ ਵੇਖ ਸਕਦਾ ਹੈ। ਇਹ ਰੱਬ ਦੀ ਅਨੇਕਾਂ ਦੇਵੀ-ਦੇਵਤਿਆਂ, ਅਵਤਾਰਾਂ ਦੇ ਰੂਪ ਵਿਚ ਹੁੰਦੀ ਪੂਜਾ ਤੋਂ ਲੋਕਾਂ ਦੇ ਮੂੰਹ ਮੋੜ ਕੇ ਏਕੰਕਾਰ ਦੀ ਅਸਗਾਹ ਅਨੰਤਤਾ ਪਰ ਏਕਤਾ ਦਾ ਗਿਆਨ ਦੇਣਾ ਸਾਡੇ ਦੇਸ਼ ਨੂੰ ਅਤਿ ਲੋੜੀਂਦਾ ਸੀ। ਜਦ ਹਰ ਵਿਅਕਤੀਗਤ ਦਾ ਪੂਜਯ ਆਪਣਾ ਹੋਵੇ ਤਾਂ ਲੋਕਾਈ ਦੀ ਸਮੁੱਚੀ ਆਤਮਾ ਨੂੰ ਕਿਵੇਂ ਥਾਂ ਮਿਲ ਸਕਦੀ ਹੈ, ਚਾਹੇ ਸਮਾਜੀ ਤੌਰ ’ਤੇ ਚਾਹੇ ਆਤਮਿਕ ਭਾਈਚਾਰੇ ਵਿਚ ਹੀ। ਕੌਮਾਂ ਕੇਵਲ ਕਿਸੇ ਵਿਸ਼ੇਸ਼ ਜੁਗਰਾਫ਼ਿਆਈ ਹੱਦਬੰਦੀ ਜਾਂ ਰਾਜਸੀ ਚੱਕਰਵਰਤੀ ਰਾਜ ਵਿਚ ਬੰਨ੍ਹੀਂਣ ਨਾਲ ਨਹੀਂ ਉਸਰਦੀਆਂ। ਉਹਨਾਂ ਦੇ ਆਤਮਿਕ ਵਿਸ਼ਵਾਸ ਤੇ ਪੂਜਯ ਵੀ ਸਾਂਝੇ ਹੋਣ, ਬੋਲੀ ਸਾਂਝੀ ਤੇ ਆਪਣੀ ਹੋਵੇ, ਖ਼ੁਰਾਕ, ਪੁਸ਼ਾਕ, ਰਾਗ, ਹੁਨਰ ਵਿਚ ਅੰਤਰਾ ਹੁੰਦੇ ਹੋਏ ਵੀ ਸਮਾਜ ਵਿਚ ਇਕ ਅੰਤਰੀਵ ਸਾਂਝੀ ਤਾਰ ਹੋਵੇ। ਤਦੇ ਕੌਮਾਂ ਉਸਰਦੀਆਂ ਤੇ ਸਾਂਝੇ ਸੁੱਖ-ਦੁੱਖ ਦੀਆਂ ਭਾਈਵਾਲ ਬਣਦੀਆਂ ਹਨ। ਸਦੀਆਂ ਜਰਵਾਣੇ ਰਾਜ ਕਰਦੇ ਰਹੇ ਪਰ ਸਾਡੇ ਦੇਸ਼ ਨੂੰ ਇਕ ਕੌਮ ਨਾ ਬਣਾ ਸਕੇ। ਕਿਉਂ ਜੋ ਉਹਨਾਂ ਦਾ ਢੰਗ ਏਕਤਵ ਠੋਸਣ ਦਾ ਜ਼ੋਰ-ਜਬਰ ਦਾ ਬਾਹਰੇ ਜਾਂ ਰਾਜਸੀ ਸੀ, ਆਤਮਿਕ ਨਹੀਂ ਸੀ। ਗੁਰੂ ਜੀ ਨੇ ਆਤਮਿਕ ਢੰਗ ਦਰਸਾਇਆ। ਬੋਲੀ ਆਪਣੀ ਬੋਲੋ, ਪੁਸ਼ਾਕ ਆਪਣੀ ਪਹਿਨੋ, ਖਾਉ ਜੋ ਪਚ ਜਾਵੇ ਤੇ ਜਿਸ ਦਾ ਵਿਕਾਰ ਨਾ ਵਧੇ, ਜਬਰ ਅੱਗੇ ਕਰ ਨਾ ਭਰੋ, ਸਗੋਂ *ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ*, ਰੱਬ ਦੀ ਸ਼ਖ਼ਸੀਅਤ ਨੂੰ ਖ਼ਾਨਿਆਂ ਵਿਚ ਨਾ ਵੰਡੋ, ਨਾ ਬ੍ਰਹਿਮੰਡ ਦੀ ਲੋਕਾਈ ਨੂੰ ਅਜੋੜੋ, ਨਾ ਜੀਵਨ ਨੂੰ, ਨਾ ਇਸ ਦੇ ਖ਼ਜ਼ਾਨਿਆਂ ਨੂੰ ਵੰਡੋ, ਮਰਨ ਦੀ ਜਾਚ ਸਿੱਖੋ, ਕੁਰਬਾਨ ਹੋਵੋ, ਇਵੇਂ ਗੁਰੂ ਨਾਨਕ ਸਾਹਿਬ ਨੇ ਹਿੰਦੀ ਜਾਤੀ ਨੂੰ ਉਸਾਰਨ ਲਈ ਉਤੇਜਨਾ ਦਿੱਤੀ।

ਦੂਜੀ ਉਦਾਸੀ ਵਿਚ ਗੁਰੂ ਜੀ ਨੇ ਦੱਖਣ ਦਾ ਦੌਰਾ ਕੀਤਾ ਤੇ ਲੰਕਾ ਤਕ ਅੱਪੜੇ। ਲੰਡਨ ਮਿਊਜ਼ਿਅਮ ਦੇ ਖਰੜਾ ਨੰਬਰ 1125 ਦੇ ਨਾਮ ਹੇਠ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੱਥ-ਲਿਖੀ ਬੀੜ ਪਈ ਹੈ ਤੇ ਜੋ ਗੁਜਰਾਤ ਦੀ ਲੜਾਈ, 1849 ਈਸਵੀ ਵਿਚ ਹੈਨਰੀ ਆਰਸਿਕਨ ਨੇ ਲੁੱਟੀ ਸੀ, ਦੇ ਵਾਧੂ ਪੱਤਰਿਆਂ ਵਿਚ ਇਸ ਉਦਾਸੀ ਦਾ ਪੂਰਾ ਹਾਲ ਅੰਕਿਤ ਮਿਲਦਾ ਹੈ। ਰਾਮੇਸ਼ਵਰਮ, ਸਲੂਰ, ਭਾਕੇਰ, ਸ਼ਿਵਕਾਸੀ, ਕੋਲੰਬੂ ਆਦਿ ਥਾਵਾਂ ’ਤੇ ਗੁਰੂ ਤੇ ਗੁਰੂ ਦੇ ਯਾਦਗਾਰੀ ਗੁਰਦੁਆਰੇ ਹੁਣ ਤਾਈਂ ਮਿਲਦੇ ਹਨ। ਬੁਰਹਾਨਪੁਰ, ਸੂਰਤ, ਮਹਾਂਲੱਛਮੀ, ਅਮਰਾਵਤੀ, ਨਿਰਮਲ ਆਦਿਕ ਥਾਵਾਂ ਉੱਤੇ ਵੀ ਗੁਰੂ ਜੀ ਦੀ ਇਸ ਉਦਾਸੀ ਦੀ ਯਾਦ ਵਿਚ ਗੁਰਦੁਆਰੇ ਮਿਲਦੇ ਹਨ। ਇਥੇ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਪ੍ਰਾਚੀਨ ਬੀੜਾਂ ਵੀ ਪਈਆਂ ਹਨ ਜੋ ਸਿੱਖ ਪ੍ਰਚਾਰਕ ਛੇਵੇਂ ਤੇ ਸੱਤਵੇਂ ਪਾਤਸ਼ਾਹ ਦੇ ਵੇਲੇ ਇਥੋਂ ਲੈ ਗਏ ਸਨ।

ਤੀਜੀ ਉਦਾਸ ਕਸ਼ਮੀਰ, ਨੇਪਾਲ, ਤਿੱਬਤ, ਮਾਨਸਰੋਵਰ ਤੇ ਕੈਲਾਸ਼ ਪਰਬਤ ਵੱਲ ਨੂੰ ਕੀਤੀ। ਜਨਮਸਾਖੀ ਵਿਚ ਲਿਖਿਆ ਹੈ ਕਿ ਕੈਲਾਸ਼ ਉੱਤੇ ਜਦ ਚੜ੍ਹੇ ਤਾਂ ਉਥੇ ਰਹਿਣ ਵਾਲੇ ਜੋਗੀ ਚਕ੍ਰਿਤ ਹੋ ਗਏ। ਉਹ ਜਾਣਦੇ ਸਨ ਕਿ ਕੋਈ ਵੀ ਪੁਰਖ ਜੋ ਕਰਾਮਾਤੀ ਸ਼ਕਤੀਆਂ ਤੇ ਜੋਗ-ਸਿੱਧੀਆਂ ਰੱਖਣ ਵਾਲਾ ਨਾ ਹੋਵੇ, ਉਥੇ ਸੁਖਾਲਾ ਨਹੀਂ ਅੱਪੜ ਸਕਦਾ। ਇਸੇ ਲਈ ਜੋਗੀਆਂ ਨੇ ਗੁਰੂ ਜੀ ਨੂੰ ਕੋਈ ਕਰਾਮਾਤ ਦੱਸਣ ਲਈ ਆਖਿਆ ਪਰ ਗੁਰੂ ਜੀ ਨੇ ਉੱਤਰ ਦਿੱਤਾ:

*ਗੁਰੁ ਸੰਗਤਿ ਬਾਣੀ ਬਿਨਾ... ।* *(ਵਾਰ 1/42)*
*ਹੋਰੁ ਕਰਾਮਾਤਿ ਅਸਾਂ ਤੇ ਨਾਹੀ ।* *(ਵਾਰ 1/43)*

ਇਉਂ ਗੁਰੂ ਜੀ ਨੇ ‘ਸੰਗਤ’ ਤੇ ‘ਬਾਣੀ’ ਨੂੰ ਹੀ ਕਰਾਮਾਤ ਦੱਸਿਆ। ਸੰਗਤ ਹੀ ਗੁਰੂ ਹੈ, ਇਸੇ ਲਈ ਇਸ ਨੂੰ ’ਗੁਰ-ਸੰਗਤ’ ਆਖਿਆ ਹੈ। ਸੰਗਤ ਇੱਕੀ ਵਿਸਵੇ ਹੈ, ਗੁਰੂ ਵੀਹ ਵਿਸਵੇ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਆਪਣੇ ਧਰਮ ਦੀ ਨੀਂਹ ਠੀਕ ਠੋਸ ਸਿਧਾਂਤਾਂ ਉੱਤੇ ਰੱਖੀ ਤੇ ਉਸ ਦੀ ਅਗਵਾਈ ਲਈ ਵਿਅਕਤੀ ਦੀ ਥਾਂ ਆਦਰਸ਼ ਨੂੰ ਥਾਪਿਆ, ਜੋ ਬਾਣੀ-ਰੂਪ ਵਿਚ ਹੈ ਤੇ ਕਦੀ ਵੱਟਦਾ ਨਹੀਂ, ਜੋ ਹਰ ਵੇਲੇ ਹਰ ਸ਼ੰਕੇ ਦਾ ਉੱਤਰ ਦਿੰਦਾ ਹੈ, ਸਰੀਰ ਦੇ ਵੀ ਤੇ ਸਰੀਰ ਦੇ ਪਰੇ ਦੇ ਵੀ, ਜੋ ਮਨੁੱਖੀ ਸ਼ਖ਼ਸੀਅਤ ਵਾਂਗ ਬੋਲਦਾ ਵੀ ਹੈ, ਪਰ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ, ਜੋ ਆਪਣੀ ਨਿੱਜੀ ਪੂਜਾ ਨਹੀਂ ਮੰਗਦਾ, ਨਾ ਰੋਸੇ-ਹਾਸੇ ਨਾਲ ਰੁੱਸਦਾ, ਵਿਗਸਦਾ ਹੈ, ਜੋ ਬ੍ਰਹਮ ਹੈ, ਪਰ ਬੋਲਦਾ, ਅੰਦਰ ਵੱਸਦਾ ਹੈ।

ਗੁਰੂ ਨਾਨਕ ਸਾਹਿਬ ਨੇ ਚੌਥੀ ਉਦਾਸੀ ਭਾਰਤ ਤੋਂ ਬਾਹਰ ਦੇ ਪੱਛਮੀ ਦੇਸ਼ਾਂ ਵੱਲ ਨੂੰ ਕੀਤੀ। ਮੱਕੇ ਵਿਚ ਗੁਰੂ ਨੂੰ ਕਾਅਬੇ ਵੱਲ ਪੈਰ ਕਰ ਕੇ ਸੌਣ ਉੱਤੇ ਤਾੜਨਾ ਹੋਈ। ਗੁਰੂ ਨੇ ਆਪਣੇ ਦੈਵੀ ਭੋਲੇਪਣ ਵਿਚ ਕਿਹਾ:

'ਜਿਧਰ ਰੱਬ ਦਾ ਘਰ ਨਹੀਂ, ਉਧਰ ਮੇਰੇ ਪੈਰ ਕਰ ਦੇਵੋ।'

ਕਾਜ਼ੀ ਹੈਰਾਨ ਹੋਇ ਗਿਆ, ਕਿਧਰ ਨਹੀਂ ਸੀ ਰੱਬ ਦਾ ਘਰ? ਉਸ ਦਾ ਮਨ ਉਸ ਤੋਂ ਪੁੱਛੇ ਤੇ ਉਸ ਨੂੰ ਜਵਾਬ ਨਾ ਅਹੁੜੇ। ਜਦ ਪੁੱਛਿਆ:

'ਤੂੰ ਕੌਣ ਹੈਂ, ਹਿੰਦੂ ਜਾਂ ਮੁਸਲਾਮਾਨ?'

ਤਾਂ ਬਾਬਾ ਬੋਲਿਆ:

'ਪਾਂਚ ਤੱਤ ਕਾ ਪੁਤਲਾ, ਨਾਨਕ ਮੇਰਾ ਨਾਉਂ। ਬੱਸ, ਮੈਂ ਆਦਮੀ ਹਾਂ, ਹੋਰ ਕੁਝ ਨਹੀਂ।'

ਜਦ ਪੁੱਛਿਆ, 'ਹਿੰਦੂ ਵੱਡਾ ਕਿ ਮੁਸਲਮਾਨ' ਤਾਂ ਬਾਬੇ ਆਖਿਆ

*ਸੁਭਿ ਅਮਲਾ ਬਾਝਹੁ ਦੋਨੋ ਰੋਈ ॥*

ਮੁੜਦੀ ਵਾਰ ਗੁਰੂ ਜੀ ਬਗ਼ਦਾਦ ਵੀ ਠਹਿਰੇ, ਜਿਥੇ ਹੁਣ ਤਾਈਂ 927 ਹਿਜਰੀ (1520 ਈ.) ਦੀ ਬਣੀ ਇਸ ਫੇਰੀ ਦੀ ਯਾਦਗਾਰ ਉਥੇ ਖੜੋਤੀ ਹੈ। ਇਸ ਉੱਤੇ ਜੋ ਅੱਖਰ ਗੁਰੂ ਜੀ ਸੰਬੰਧੀ ਉੱਕਰੇ ਹਨ, ਇਹ ਹਨ:

ਗੁਰੂ ਨਾਨਕ ਔਲਦੀ ਹਜ਼ਰਤ ਰਬੁੱਲ ਮਜੀਦ

ਬਾਬਾ ਨਾਨਕ ਫ਼ਕੀਰ।

ਗੁਰੂ ਨਾਨਕ ਜੀ ਨੂੰ ਜੇ ਅਸੀਂ ਭਾਰਤਵਾਸੀ, 'ਗੁਰੂ ਬਾਬਾ, ਅਕਾਲ ਪੁਰਖ' ਆਖਦੇ ਹਾਂ, ਉਸ ਦਾ ਤੁਰਕੀ ਵਿਚ ਇਹ ਬਿਲਕੁਲ ਸਹੀ ਤਰਜਮਾ ਹੈ ਤੇ ਜਦ ਅਸੀਂ ਦੇਖਦੇ ਹਾਂ ਕਿ ਇਸਲਾਮ ਵਿਚ ਕਿਸੇ ਨੂੰ ਰੱਬ ਸਮਝਣਾ ਜਾਂ ਰੱਬ ਨਾਲ ਤੁਲਨਾ ਦੇਣੀ ਵੱਡਾ ਕੁਫ਼ਰ ਹੈ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਜੀ ਨੇ ਕਿਵੇਂ ਮੁਸਲਮਾਨੀ ਦੇਸ਼ਾਂ ਨੂੰ ਆਪਣੀ ਇਲਾਹੀ ਵਡਿਆਈ ਨਾਲ ਪ੍ਰਭਾਵਿਤ ਕੀਤਾ ਸੀ।

ਬਾਬਰ ਦੇ ਤੀਜੇ ਹੱਲੇ ਵੇਲੇ ਗੁਰੂ ਜੀ ਨੇ ਜੋ 'ਬਾਬਰਵਾਣੀ' ਦੇ ਸ਼ਬਦ ਰਾਗ ਆਸਾ ਤੇ ਤਿਲੰਗ ਵਿਚ ਉਚਾਰੇ ਹਨ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਮਨੁੱਖੀ ਸ਼ਖ਼ਸੀਅਤ ਦੀ ਨਿਰਾਦਰੀ, ਰਾਜਸੀ ਗ਼ੁਲਾਮੀ ਤੇ ਹੀਣ ਦਾਸ-ਭਾਵ ਨੂੰ ਕਿਸ ਅਕਹਿ ਗਰਮੀ ਤੇ ਜੋਸ਼ ਨਾਲ ਧ੍ਰਿਤਕਾਰਦਾ ਸੀ ਤੇ ਉਸ ਵਿਚ ਸੁਹਜ-ਸੁਹੱਪਣ ਨੂੰ ਬਰਬਾਦ ਹੁੰਦਾ ਵੇਖ ਕਿਵੇਂ ਦਰਦ ਦੀ ਹੂਕ ਮਾਰਦਾ ਸੀ। *ਜਿਨਿ ਸਿਰਿ ਸੋਹਨਿ ਪਟੀਆ* ਵਾਲਾ ਸ਼ਬਦ ਰੁਲਦੀ ਖੂਬਸੂਰਦੀ ਦੀ ਆਭਾ ਨੂੰ ਦੇਖ ਕਿਸੇ ਵੱਡੇ ਅਹਿਸਾਸੀ ਤੇ ਸਹਿਜ-ਸੁਆਦ ਮਾਣਨ ਵਾਲੇ ਹਿਰਦੇ ਵਿਚੋਂ ਹੀ ਨਿਕਲ ਸਕਦਾ ਹੈ। ਫਿਰ *ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ* ਵਿਚ ਕਿਸੇ ਜਰਵਾਣੇ ਦੇ ਵਿਰੁੱਧ ਉਸ ਦੀ ਪੇਸ਼ੀ ਵਿਚ ਆਖੀ ਕਿੰਨੀ ਭਰਵੀਂ ਲਲਕਾਰ ਹੈ।

ਗੁਰੂ ਨਾਨਕ ਜੀ ਨੇ ਕੁਝ ਚਿਰ ਆਪਣੇ ਅੰਤਲੇ ਦਿਨਾਂ ਵਿਚ ਕਰਤਾਰਪੁਰ ਰਹਿ ਕੇ ਖੇਤੀ ਵੀ ਕੀਤੀ। ਹੱਥੀਂ ਕਾਰ ਕਰ ਕੇ ਕਮਾਉਣ ਦਾ ਉਪਦੇਸ਼ ਇਉਂ ਗੁਰੂ ਜੀ ਨੇ ਨਿਰੇ ਲਫ਼ਜ਼ਾਂ ਵਿਚ ਹੀ ਨਹੀਂ ਦਿੱਤਾ, ਸਗੋਂ ਅਮਲ ਕਰ ਕੇ, ਉਸ ਨੂੰ ਜੀਉ ਕੇ, ਹੁਣ ਮੁੜ ਉਹ ਘਰਬਾਰੀ ਸੰਸਾਰੀ ਹੋ ਗਏ। ਪੂਜਾ ਨਹੀਂ ਕਰਵਾਈ, ਨਾ ਹੀ ਪੂਜਾ ਦਾ ਧਨ ਅੰਗੀਕਾਰ ਕੀਤਾ। ਜਦ ਸਰੀਰ ਦਾ ਚੋਲਾ ਛੱਡਿਆ ਤਾਂ ਪੁੱਤਰਾਂ ਨੂੰ ਲਾਂਭੇ ਰੱਖ ਕੇ ਗੁਰੂ ਦੀ ਗੱਦੀ ਅਨਿੰਨ ਸਿੱਖ ਭਾਈ ਲਹਿਣੇ ਨੂੰ ਬਖ਼ਸ਼ੀ। ਸਿਧਾਂਤ ਇਹ ਸੀ ਕਿ ਕੀ ਸੰਸਾਰੀ ਤੇ ਕੀ ਆਤਮਿਕ ਵਡਿਆਈ, ਉਸ ਦਾ ਹੱਕਦਾਰ ਕਿਸੇ ਵਿਸ਼ੇਸ਼ ਆਦਰਸ਼ ਵਿਚ ਜੀਊਣ ਵਾਲਾ ਮਹਾਪੁਰਖ ਹੀ ਹੈ, ਕੋਈ ਜਾਇਦਾਦ ਨਹੀਂ ਜੋ ਖ਼ੂਨ ਦੇ ਰਿਸ਼ਤੇ ਵਿਚ ਵੰਡੀ ਜਾ ਸਕੇ। ਸਿੱਖ ਰਾਜ ਦੇ ਨਾਸ਼ ਦਾ ਕਾਰਨ ਵੀ ਇਹ ਸੀ ਕਿ ਉਸ ਵਿਚ ਰਾਜ ਦਾ ਕਬਜ਼ਾ ਵਿਰਾਸਤ ਦਾ ਸ਼ਖ਼ਸੀ ਸੁਆਲ ਬਣ ਗਿਆ ਸੀ। ਬੱਸ ਪੂਰੀ ਸਦੀ ਦੀ ਘਾਲ ਸ਼ਹੀਦੀਆਂ ਦੀ ਜੱਦੋ-ਜਹਿਦ ਨਾਲ ਪੈਦਾ ਕੀਤਾ ਰਾਜ, ਪੰਜ-ਛੇ ਵਰ੍ਹਿਆਂ ਵਿਚ ਢਹਿ-ਢੇਰੀ ਹੋ ਗਿਆ।

◈

# ਮੋਹਨ ਸਿੰਘ ਦੀ ਕਵਿਤਾ 'ਸਿੱਖੀ': ਉਸਤਤਿ ਤੋਂ ਚਿੰਤਾ ਦਾ ਸਫ਼ਰ

ਇਹ ਕਵਿਤਾ ਮੋਹਨ ਸਿੰਘ ਦੇ ਪਹਿਲੇ ਕਾਵਿ-ਸੰਗ੍ਰਹਿ **ਸਾਵੇ ਪੱਤਰ** (1936) ਵਿਚ ਦਰਜ਼ ਹੈ। ਇਸ ਕਾਵਿ-ਪੁਸਤਕ ਦੀਆਂ ਆਪਣੇ ਸਮਿਆਂ ਵਿਚ ਪੰਜਾਹ ਹਜ਼ਾਰ ਕਾਪੀਆਂ ਵਿਕੀਆਂ ਸਨ। ਇਸ ਤੋਂ ਮੋਹਨ ਸਿੰਘ ਦੀ ਇਕ ਕਵੀ ਵਜੋਂ ਲੋਕ-ਪ੍ਰਿਯਤਾ ਦਾ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ। ਮੋਹਨ ਸਿੰਘ ਨੂੰ ਵੀਹਵੀਂ ਸਦੀ ਦੇ **ਸਾਵੇ ਪੱਤਰ** ਵਾਲਾ 'ਯੁੱਗ ਕਵੀ' ਹੋਣ ਦਾ ਮਾਣ ਹਾਸਿਲ ਹੈ। ਭਾਈ ਵੀਰ ਸਿੰਘ ਤੋਂ ਬਾਅਦ ਮੋਹਨ ਸਿੰਘ ਸਭ ਤੋਂ ਵੱਧ ਪ੍ਰਸਿੱਧੀ ਹਾਸਿਲ ਕਰਨ ਵਾਲਾ ਕਵੀ ਹੈ। ਮੋਹਨ ਸਿੰਘ ਨੂੰ ਜ਼ਿਆਦਾਤਰ ਰੁਮਾਂਟਿਕ ਭਾਵਾਂ ਵਾਲੇ ਜਾਂ ਰੁਮਾਂਟਿਕ ਪ੍ਰਗਤੀਵਾਦੀ ਕਵੀ ਵਜੋਂ ਹੀ ਜਾਣਿਆ ਗਿਆ ਹੈ। ਨਿਰਸੰਦੇਹ ਮੋਹਨ ਸਿੰਘ ਅਜੇਹਾ ਕਵੀ ਸੀ। ਪਰ ਉਹ ਇਸ ਤੋਂ ਵੱਧ ਜਾਂ ਵੱਖਰਾ ਵੀ ਸੀ। ਉਸ ਦੀ ਕਵਿਤਾ 'ਸਿੱਖੀ' ਅਜੇਹੀ ਪ੍ਰਤੀਨਿਧ ਮਿਸਾਲ ਹੈ। ਮੋਹਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾਂ (1969) ਦੇ ਆਗਮਨ-ਪੁਰਬ ਨੂੰ ਸਮਰਪਿਤ ਮਹਾਂ-ਕਾਵਿ **ਨਨਕਾਇਣ** ਵੀ ਲਿਖਿਆ ਸੀ। ਇਸ ਮਹਾਂ-ਕਾਵਿ ਦਾ ਆਪਣਾ ਵਿਸ਼ੇਸ਼ ਵਜ਼ਨ ਤੇ ਮਹੱਤਵ ਹੈ। ਪਰ ਸਾਡਾ ਵਿਸ਼ਲੇਸ਼ਣ ਇੱਥੇ ਕੇਵਲ 'ਸਿੱਖੀ' ਕਵਿਤਾ ਤੱਕ ਹੀ ਸੀਮਿਤ ਰਹੇਗਾ।




ਡਾ. ਮਹਿਲ ਸਿੰਘ
ਪ੍ਰਿੰਸੀਪਲ,
ਖ਼ਾਲਸਾ ਕਾਲਜ,
ਅੰਮ੍ਰਿਤਸਰ।
khalsacollegeamritsar@yahoo.com
ਮੋ.: 98722 66667


ਆਮ ਕਰਕੇ ਕਵਿਤਾ ਜਜ਼ਬੇ ਜਾਂ ਵਲਵਲੇ ਦਾ ਪ੍ਰਗਟਾਅ ਮੰਨੀ ਜਾਂਦੀ ਹੈ। ਜਜ਼ਬੇ/ਭਾਵ ਜਾਂ ਭਾਵਨਾਵਾਂ ਮਨੁੱਖੀ ਮਨ ਦਾ ਕੁਦਰਤੀ ਤੇ ਅਨਿਵਾਰੀ ਗੁਣ ਹਨ। ਅਕਸਰ ਹੀ ਕਾਵਿ ਅਜੇਹੀ ਵਿਸ਼ੇਸ਼ਤਾ ਨਾਲ ਬੱਝਾ ਹੁੰਦਾ ਹੈ। ਪਰ ਕਵਿਤਾ ਵਿਚ ਖ਼ਿਆਲ ਦਾ ਵੀ ਆਪਣਾ ਮਹੱਤਵ ਹੈ। ਖ਼ਿਆਲ ਵਿਚਾਰ ਵੀ ਹੋ ਸਕਦਾ ਹੈ, ਵਿਚਾਰਧਾਰਾ ਵੀ ਤੇ ਕਿਸੇ ਫ਼ਲਸਫ਼ੇ ਦੀ ਧੁਨੀ ਵੀ। ਮੋਹਨ ਸਿੰਘ 'ਸਿੱਖੀ' ਕਵਿਤਾ ਵਿਚ ਭਾਵ ਨੂੰ ਅੱਗੇ ਡੂੰਘੇ ਖ਼ਿਆਲ ਵਿਚ ਰੂਪਾਂਤਰਣ ਕਰਦਾ ਹੈ, ਜੋ ਅੱਗੇ ਕਈ ਦਿਸ਼ਾਵਾਂ ਵੱਲ ਫੈਲਿਆ ਹੈ। ਕਵੀ ਨੇ ਆਪਣੇ ਖ਼ਿਆਲ ਨੂੰ ਘਟਨਾਵਾਂ ਦੇ ਦ੍ਰਿਸ਼ ਵਰਣਨ ਰਾਹੀਂ ਪੇਸ਼ ਕੀਤਾ ਹੈ। ਇਸ ਨਾਲ ਖਿਆਲ ਅੱਗੇ ਬਿਰਤਾਂਤ ਦਾ ਰੂਪ ਵੀ ਧਾਰਦਾ ਹੈ। ਇਸ ਕਵਿਤਾ ਵਿਚ ਤੁਕਾਂਤ-ਮੇਲ ਦੀ ਥਾਂ ਤੁਕਾਂਤ ਲੈਅ ਦਾ ਭੁਲਾਵਾ (ਭਰਮ) ਉਪਜਦਾ ਹੈ। ਇਸ ਸੰਬੰਧੀ ਉਚੇਚੀ ਵਿਉਂਤਬੰਦੀ ਤਾਂ ਨਹੀਂ ਹੈ ਪਰ ਸਹਿਜਭਾਵੀ ਬੰਧੇਜ਼ ਦਾ ਪ੍ਰਭਾਵ ਅਵੱਸ਼ ਹੈ। ਕਾਵਿ-ਸ਼ਬਦਾਂ ਵਿਚ ਸਰਲ, ਤਰਲ ਤੇ ਰੂਮਾਨੀ ਲੈਅ ਵੀ ਹੈ ਤੇ ਭਾਵ-ਪੂਰਤ ਵਿਚਾਰ ਵੀ। ਕਵੀ ਨੇ ਸਿੱਖੀ ਦੀ ਕਈ ਪਾਸਿਆਂ ਤੋਂ ਉਸਤਤਿ ਕੀਤੀ ਹੈ। ਅਜੇਹੀ ਜਾਣਕਾਰੀ ਤੇ ਸਮਝ ਕਵਿਤਾ ਦੀ ਸਮੁੱਚੀ ਪੜ੍ਹਤ ਤੋਂ ਭਲੀ-ਭਾਂਤ ਹਾਸਿਲ ਹੁੰਦੀ ਹੈ।

'ਸਿੱਖੀ' ਕਵਿਤਾ ਵਿਚ ਸਿੱਖ ਇਤਿਹਾਸ ਵੀ ਹੈ, ਸਿੱਖ ਚਰਿੱਤਰ ਅਤੇ

ਵਿਹਾਰ ਵੀ। ਇਸ ਵਿਚ ਸਿੱਖ ਨਾਇਕਾਂ ਦੀ ਸਿਫ਼ਤ-ਸਲਾਹੁਤ ਹੈ। ਪਰ ਕਵੀ ਦਾ ਨਜ਼ਰੀਆ ਅਜੇਹੀ ਉਸਤਿਤ ਤੋਂ ਪਾਰ ਵੀ ਹੈ। ਉਹ ਆਪਣੇ ਵੇਲੇ ਦੀ ਫ਼ਿਕਰਮੰਦੀ ਵੀ ਜ਼ਾਹਿਰ ਕਰਦਾ ਹੈ। ਕਵਿਤਾ ਦਾ ਆਰੰਭ ਸਵਾਲ ਨਾਲ ਹੁੰਦਾ ਹੈ। ਸਾਹਿਤ ਉਂਝ ਵੀ ਜਵਾਬਾਂ ਨਹੀਂ, ਸਵਾਲਾਂ ਦੀ ਭਾਸ਼ਾ ਹੈ। ਅਰਥਾਤ 'ਉਹ ਕਿਹੜਾ ਬੂਟਾ ਏ'?[1] ਇਹ ਬੂਟਾ ਤਾਂ ਸਿੱਖੀ ਦਾ ਲਖਸ਼ਣਾ ਰੂਪ ਨਾਮ ਹੈ। ਕਵੀ ਇਸ ਨੂੰ ਰਮਜ਼ ਤੇ ਰਹੱਸ ਵਿਚ ਪੇਸ਼ ਕਰਦਾ ਹੈ। ਕਾਵਿ-ਭਾਸ਼ਾ ਬਾਕੀ ਸਾਹਿਤ ਰੂਪਾਂ ਨਾਲੋਂ ਵਧੇਰੇ ਹੀ ਲਖਸ਼ਣਾ ਰੂਪੀ (ਬਹੁ-ਅਰਥੀ) ਹੁੰਦੀ ਹੈ। ਅਜੇਹੀ ਭਾਸ਼ਾ ਦੀ ਚਤੁਰਾਈ ਭਰਪੂਰ ਢੁੱਕਵੀਂ ਵਰਤੋਂ ਹੀ ਕਵਿਤਾ ਦੀ ਜਾਦੂਗਰੀ ਬਣਦੀ ਹੈ। ਕਵੀ ਨੂੰ ਸ਼ਬਦਾਂ ਦੀ ਕਾਵਿਕ ਰਵਾਨਗੀ, ਲੈਅ ਤੇ ਸੁਰ ਉੱਤੇ ਪੂਰੀ ਮੁਹਾਰਿਤ ਹਾਸਿਲ ਹੈ। ਮੋਹਨ ਸਿੰਘ ਪ੍ਰੋ. ਮੋਹਨ ਸਿੰਘ ਵੀ ਸੀ। ਉਹ ਅਰਬੀ-ਫ਼ਾਰਸੀ ਦਾ ਵਿਦਵਾਨ ਸੀ। ਨਾਲ ਉਹ ਅੰਗਰੇਜ਼ੀ ਸਾਹਿਤ ਦਾ ਗਿਆਤਾ ਵੀ ਸੀ। ਉਹ ਉੱਚ-ਸਿਖਿਆ ਦੀ ਧਰੋਹਰ ਵਜੋਂ ਜਾਣੇ ਜਾਂਦੇ ਇਤਿਹਾਸਕ ਖ਼ਾਲਸਾ ਕਾਲਜ (ਅੰਮ੍ਰਿਤਸਰ) ਵਿਚ ਅਧਿਆਪਕ (ਪ੍ਰੋਫ਼ੈਸਰ) ਸੀ। ਉਸ ਨੂੰ ਆਪਣੇ ਸਾਹਿਤਕ ਪਿਛੋਕੜ ਅਤੇ ਪੱਛਮੀ ਕਾਵਿ ਦੀ ਮੁਕੰਮਲ ਸੋਝੀ ਸੀ। ਇਸ ਕਰਕੇ ਉਹ ਕਵਿਤਾ ਨੂੰ ਪੱਕੇ ਪੈਰੀਂ ਹੱਥ ਪਾਉਂਦਾ ਹੈ। ਕਵੀ ਨੇ ਸਵਾਲੀਆ ਅੰਦਾਜ਼ ਤੋਂ ਆਰੰਭ ਹੋ ਕੇ ਸਿੱਖਾਂ ਦੇ ਇਤਿਹਾਸਕ ਚਰਿੱਤਰ ਨੂੰ ਪੇਸ਼ ਕੀਤਾ ਹੈ। ਇਸ ਵਿਚੋਂ ਸਿੱਖੀ ਦਾ ਕੁਰਬਾਨੀਆਂ ਭਰਪੂਰ ਇਤਿਹਾਸ ਝਲਕਦਾ ਹੈ। ਇਸ ਇਤਿਹਾਸ ਦਾ ਸਮਾਂ ਮਗਰਲਾ ਮੁਗ਼ਲ ਕਾਲ ਹੈ। ਇਹ ਹਕੂਮਤ ਦੇ ਜ਼ੁਲਮੀ ਜ਼ੋਰ ਦਾ ਸਮਾਂ ਹੈ। ਪਰ ਸਿੱਖੀ ਹਰ ਥਾਂ ਪਲਣ ਤੇ ਪਸਰਨ ਦੀ ਸਮਰੱਥਾ ਰੱਖਦੀ ਹੈ। ਇਹ 'ਆਰੇ ਦੇ ਦੰਦਿਆਂ'[2] ਉੱਤੇ ਵੀ ਮੁਸਕਰਾਉਂਦੀ ਹੈ। ਇਹ ਵੇਰਵਾ ਭਾਈ ਮਤੀ ਦਾਸ ਦੀ ਸ਼ਹੀਦੀ ਨੂੰ ਸਮਰਪਿਤ ਹੈ। ਇਹ 'ਰੰਬੀਆਂ ਦੀਆਂ ਧਾਰਾਂ'[3] ਨਾਲ ਖੋਪਰੀ ਲੁਹਾ ਲੈਣ ਦੇ ਸਮਰੱਥ ਵੀ ਹੈ। ਇਹ ਭਾਈ ਤਾਰੂ ਸਿੰਘ ਦੀ ਸ਼ਹੀਦੀ ਦੇ ਸੱਚ ਦਾ ਪ੍ਰਸੰਗ ਹੈ। 'ਖੈਦਿਆਂ ਦੱਰਿਆ'[4] ਵਿਚ ਵੀ ਦੇਸ਼ ਪਿਆਰ ਦੀ ਭਾਵਨਾ ਅਤੇ ਸਿਰੜ ਦਾ ਮਹਾਤਮ ਹੈ। ਸਿੱਖ ਜਰਨੈਲ ਸ੍ਰ. ਹਰੀ ਸਿੰਘ ਨਲੂਆ ਦੱਰਾ ਖੈਦੀਆਂ ਪਹਾੜੀਆਂ ਉੱਤੇ ਸਥਿਤ ਕਿਲ੍ਹੇ ਨੂੰ ਘੇਰ ਲੈਂਦਾ ਹੈ। ਪਰ ਕਿਲ੍ਹੇ ਦੇ ਰਾਹ ਦੀ ਕੋਈ ਖਬਰਸਾਰ ਨਹੀਂ ਸੀ। ਇਹ ਕਿਲ੍ਹਾ ਸਰਦਾਰ ਖਾਨ ਜਮਾਨ ਪਠਾਣ ਦਾ ਸੀ। ਇਕ ਬਜ਼ੁਰਗ ਆਪਣੇ ਪੁੱਤਰ ਦੀ ਕੁਰਬਾਨੀ ਤਾਂ ਦੇ ਦੇਂਦਾ ਹੈ, ਪਰ ਸਿੱਖ ਜਰਨੈਲ ਨੂੰ ਕਿਲ੍ਹੇ ਦਾ ਰਸਤਾ ਦੱਸਣ ਤੋਂ ਇਨਕਾਰ ਕਰ ਦੇਂਦਾ ਹੈ। ਇਹ ਦੂਸਰੀ (ਵਿਰੋਧੀ) ਧਿਰ ਦੀ ਆਪਣੇ ਦੇਸ਼ ਪਿਆਰ ਦੀ ਕੁਰਬਾਨੀ ਭਾਵਨਾ ਹੈ। ਕਈ ਸਾਵੇ-ਤੋਲ ਵਜੋਂ ਦ੍ਰਿਸ਼-ਚਿਤਰਣ ਪੇਸ਼ ਕਰਦਾ ਹੈ। ਅਜੇਹੀ ਸਥਿਤੀ ਵਿਚ ਵੀ ਸਰਦਾਰ ਨਲੂਆ ਅਜੇਹੇ ਖ਼ਤਰਨਾਕ ਇਲਾਕਿਆਂ ਵਿਚ ਸਿੱਖੀ ਦੀ ਜਿੱਤ ਦਾ ਪਰਚਮ ਲਹਿਰਾਉਂਦੇ ਹਨ। ਕਿਉਂਕਿ ਸਿੱਖ ਜਰਨੈਲਾਂ ਦੇ ਸਿਰੜ ਦਾ ਆਪਣਾ ਤੇਜ-ਤਪ ਹੈ। 'ਸਰਸਾ ਦੀਆਂ ਲਹਿਰਾਂ'[5] ਦਸਵੇਂ ਗੁਰੂ ਸਾਹਿਬ ਦੇ ਪਰਿਵਾਰ ਵਿਛੋੜੇ ਦੀਆਂ ਯਾਦਾਂ ਹਨ। ਅਜੇਹੀ ਔਖੀ ਸਥਿਤੀ ਵਿਚ ਵੀ 'ਸਤਲੁਜ ਦੇ ਕੰਢੇ'[6] ਸਾਹਿਤ ਤੇ ਬਾਣੀ ਰਚਣ ਦਾ ਸਾਹਿਤ ਆਧਾਰ ਬਣਦੇ ਹਨ। ਸ੍ਰ. ਭਗਤ ਸਿੰਘ ਵਰਗਿਆਂ ਦੀ ਸ਼ਹੀਦੀ ਵੀ ਸਤਲੁਜ ਦੇ ਕੰਢੇ ਨੂੰ ਯਾਦ ਕਰਾਉਂਦੀ ਹੈ। ਸਤਲੁਜ ਦਾ ਵਗਦਾ ਪਾਣੀ ਸਦਾ ਚੱਲਦੇ ਤੇ ਅੱਗੇ ਵੱਧਦੇ ਜੀਵਨ ਦਾ ਆਨੰਤ ਵਰਤਾਰਾ ਹੈ। 'ਲੱਖੀ ਦੇ ਜੰਗਲ'[7] ਫਿਰੋਜ਼ਪੁਰ ਤੋਂ ਬਠਿੰਡੇ ਦਰਮਿਆਨ ਦਾ ਮਾਲਵਾ ਖਿੱਤਾ ਹੈ। ਇਹ ਇਕ ਲੱਖ ਦਰੱਖ਼ਤਾਂ ਦਾ ਜੰਗਲ ਹੈ ਨਾਲ ਲੱਖਾਂ ਦਾ ਬੇਸ਼ਕੀਮਤੀ ਵਣ ਵੀ ਹੈ। ਇਹ ਜੰਗਾਂ-ਯੁੱਧਾਂ ਦੀ ਲੁਕਣਗਾਹ ਹੈ। ਨਾਲ ਇਹ ਕੁਝ ਕਰਨ ਦੀ ਪ੍ਰੇਰਣਾ ਦਾ ਕੁਦਰਤੀ ਜਲੌਅ ਵੀ ਹੈ। ਅੱਗੇ ਕਵਿਤਾ ਵਿਚ ਮਾਛੀਵਾੜੇ ਦੀਆਂ 'ਰੌੜਾਂ ਅਤੇ ਰਕੜਾਂ'[8] ਦਾ ਜ਼ਿਕਰ ਹੈ। ਇਹ ਗੁਰੂ ਸਾਹਿਬ ਲਈ ਯੁੱਧ ਖੇਤਰ ਵੀ ਹੈ ਤੇ ਰਚਨਾ-ਖੇਤਰ ਵੀ। ਕਿਤੇ ਤਲਵਾਰ ਦੀ ਚਮਕ ਦਾ ਪ੍ਰਸੰਗ ਹੈ ਤੇ ਕਿਤੇ ਕਲਮ ਦੀ ਤਾਕਤ ਦਾ। ਇੱਥੇ ਹੀ ਗੁਰੂ ਸਾਹਿਬ ਵੱਲੋਂ 'ਹਾਲ ਮੁਰੀਦਾ ਦਾ ਕਹਿਣਾ' ਵਰਗੀ ਕਲਾਸਿਕ ਰਚਨਾ ਰਚੀ ਜਾਂਦੀ ਹੈ। 'ਸਰਹੰਦ ਦੀਆਂ ਨੀਹਾਂ'[9] ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦਾ ਘਟਨਾ-ਸਥੱਲ ਹਨ। ਕਵੀ ਨੇ ਆਪਣੀ ਕਵਿਤਾ ਵਿਚ ਸਿੱਖੀ ਨੂੰ ਪੇਸ਼ ਆਏ ਔਝੜ ਤੇ ਔਕੜ ਰਾਹ ਤੋਂ ਜਾਣੂ ਕਰਵਾਇਆ ਹੈ। ਇਨ੍ਹਾਂ ਮੁਸ਼ਕਲਾਂ ਦੌਰਾਨ ਵੀ ਸਿੱਖੀ ਦੇ ਵਡੱਪਣ ਦਾ ਜਲੌਅ ਬਣਦਾ ਹੈ। ਇਹ ਹਰ ਵਿਰੋਧ ਤੇ ਤਸ਼ੱਦਦ ਵਿਚ ਵਿਕਾਸ ਤੇ ਵਿਗਾਸ ਕਰਦੀ ਹੈ। 'ਵਿਕਾਸ' ਆਮ ਕਰਕੇ ਬਾਹਰੀ ਜਾਂ ਗਿਣਨਾਤਮਕ ਰੂਪ ਦੀ ਪਰਤੌਂ ਹੁੰਦਾ ਹੈ। ਪਰ 'ਵਿਗਾਸ' ਅੰਦਰਲੇ ਆਤਮ ਬਲ ਤੇ ਮਾਨਵੀਂ ਮੁੱਲਾਂ ਦੇ ਨਿਖ਼ਾਰ ਦਾ ਸੰਕਲਪ ਹੈ। ਇਹ 'ਨਾਨਕ ਭਗਤਾ ਸਦਾ ਵਿਗਾਸੁ' ਦੇ ਸੁਨੇਹੇ ਵਾਂਗ ਹੈ। ਸਿੱਖੀ ਦਾ ਬੂਟਾ ਵਿਰੋਧੀਆਂ ਵੱਲੋਂ ਛਾਂਗੇ ਜਾਣ ਨਾਲ ਹੋਰ ਪਲਰਦਾ

ਅਤੇ ਪਸਰਦਾ ਹੈ। 'ਸਰਹੰਦ ਦੀਆਂ ਨੀਹਾਂ' ਜ਼ੁਲਮੀਂ ਰਾਜ ਦਾ ਪ੍ਰਗਟਾਅ ਵੀ ਹਨ ਤੇ ਫਿਰ ਰਾਜ ਦੇ ਢਹਿ-ਢੇਰੀ ਹੋ ਜਾਣ ਦਾ ਸਬੱਬ ਵੀ। ਸਿੱਖਾਂ ਦੇ ਜਾਂਬਾਜ਼ ਜਰਨੈਲਾਂ ਨੇ ਹਕੂਮਤ ਦੇ ਜ਼ੁਲਮੀ ਖਰਾਸ ਪੁੱਟ ਸੁੱਟੇ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਕਵੀ ਨੇ ਆਰੰਭਲੇ ਪੈਰ੍ਹੇ ਵਿਚ ਸਿੱਖ ਇਤਿਹਾਸ ਦੀਆਂ ਸ਼ਹੀਦੀਆਂ ਦੀ ਇਤਿਹਾਸਕ ਇਬਾਦਤ ਪੇਸ਼ ਕੀਤੀ ਹੈ। ਸਿੱਖੀ ਦੀ ਬੂਟੇ ਜਾਂ ਰੁੱਖ ਦੇ ਬਿੰਬ ਨਾਲ ਤੁਲਨਾ ਆਪਣੇ-ਆਪ ਵਿਚ ਹੀ ਇਕ ਮਹੱਤਵਪੂਰਨ ਕਾਵਿਕ ਤੇ ਮਾਨਵੀਂ ਸੰਕਲਪ ਹੈ। ਦਰੱਖ਼ਤ ਛਾਂ ਵੀ ਦੇਂਦਾ ਹੈ ਤੇ ਫਲ ਵੀ। ਇਹ ਵਾਤਾਵਰਣ ਵਿਚ ਠੰਡਕ ਵੀ ਪੈਦਾ ਕਰਦਾ ਹੈ। ਦਰੱਖ਼ਤ ਸਾਡਾ ਪ੍ਰਾਣਧਾਰੀ ਆਧਾਰ ਵੀ ਹਨ ਤੇ ਜੀਆ-ਦਾਨ ਵੀ। ਇਹ ਆਪ ਬਲ ਕੇ ਹੋਰਨਾਂ ਦਾ ਚੁੱਲ੍ਹਾ ਬਾਲਦੇ ਹਨ। ਇਸ ਬਿੰਬ ਵਿਚ ਬਹੁਤ ਵੱਡੀ ਸਿਰਜਣਾ ਸ਼ਕਤੀ ਹੈ। ਕਵੀ ਨੇ ਕਵਿਤਾ ਦੇ ਪਹਿਲੇ ਪੈਰ੍ਹੇ ਵਿਚ ਜ਼ੁਲਮ ਸਹਿ ਜਾਣ ਦੀ ਸਮਰੱਥਾ ਤੇ ਸੰਜਮ ਨੂੰ ਪ੍ਰਗਟਾਇਆ ਹੈ। ਕੁਰਬਾਨੀ ਭਰਪੂਰ ਸਹਿਣਸ਼ੀਲਤਾ ਦੇ ਤੱਥ ਤੇ ਸੱਚ ਪੇਸ਼ ਕੀਤੇ ਹਨ। ਮੋਹਨ ਸਿੰਘ ਦੇ ਲੇਖਣੀ ਸਮੇਂ ਧਾਰਮਿਕ ਸੰਕੀਰਣਤਾ ਪਿੱਛੇ ਪੈ ਰਹੀ ਸੀ। ਸਰਬ-ਸਾਂਝੀ ਪੰਜਾਬੀਅਤ ਦਾ ਜਜ਼ਬਾ ਅੱਗੇ ਵੱਧ ਰਿਹਾ ਸੀ। ਮੋਹਨ ਸਿੰਘ (ਜਨਮ 1905) ਨੇ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਤੋਂ ਲਿਖਣਾ ਆਰੰਭ ਕੀਤਾ ਸੀ। ਇਸ ਸਮੇਂ ਅਸੀਂ ਸੰਕ੍ਰਾਂਤੀ ਅਥਵਾ ਤਬਦੀਲੀ ਦੇ ਦੌਰ ਵਿਚੋਂ ਲੰਘ ਰਹੇ ਸੀ। ਮੱਧਕਾਲ ਬੀਤ ਚੁੱਕਾ ਸੀ। ਆਧੁਨਿਕ ਕਾਲ ਦੇ ਨਵੇਂ ਜਲਵੇ ਸਾਹਮਣੇ ਆ ਰਹੇ ਸਨ। ਮੱਧਕਾਲੀ ਸਰੋਕਾਰਾਂ ਦੇ ਨਾਲ-ਨਾਲ ਨਵੇਂ ਯੁੱਗ ਦੇ ਸਰੋਕਾਰ ਅੰਗੜਾਈ ਲੈ ਰਹੇ ਸਨ। ਅਜੇਹੇ ਸਮੇਂ ਮੋਹਨ ਸਿੰਘ ਮਾਨਵਤਾ ਤੇ ਇਨਸਾਫ਼ ਲਈ ਲੜਨ ਵਾਲੀ ਸਿੱਖ ਕੌਮ ਦੇ ਇਤਿਹਾਸ ਨੂੰ ਆਜ਼ਾਦੀ ਸੰਘਰਸ਼ ਦੇ ਠੁੰਮਣੇ ਵਜੋਂ ਵਰਤਦਾ ਹੈ। ਕਿਉਂਕਿ ਉਸ ਸਮੇਂ ਦੀ ਸਿੱਖ ਲੋਕਾਈ ਹੋਰਨਾਂ ਕੌਮਾਂ ਤੋਂ ਅੱਗੇ ਹੋ ਕੇ ਸੁਤੰਤਰਤਾ ਸੰਗਰਾਮ ਵਿਚ ਆਪਣਾ ਵੱਧ-ਚੜ੍ਹ ਕੇ ਯੋਗਦਾਨ ਪਾ ਰਹੀ ਸੀ। ਅਜੇਹੇ ਸਮੇਂ ਸਿੱਖੀ ਦੇ ਅਜੇਹੇ ਉਸਤਤੀ ਪ੍ਰਚਾਰ ਦਾ ਵੱਡਾ ਮਹੱਤਵ ਬਣਦਾ ਹੈ।

ਕਵਿਤਾ ਦਾ ਦੂਸਰਾ ਪੈਰ੍ਹਾ ਵੀ 'ਸਿੱਖੀ' ਦੇ ਬੂਟੇ ਸੰਬੰਧੀ ਹੈ। ਪਰ ਇਸ ਵਿਚ ਇਤਿਹਾਸ ਦੀ ਥਾਂ ਸਿੱਖ ਸਿੱਧਾਂਤ ਦਾ ਦਖ਼ਲ ਵਧੇਰੇ ਹੈ। ਸਿੱਖੀ ਪਰੰਪਰਾ ਦੇ ਲੋਹ-ਲੰਗਰ ਲੋੜਵੰਦਾਂ ਅਤੇ 'ਭੁੱਖਿਆਂ-ਤਿਹਾਇਆ'[10] ਲਈ ਹਨ। ਸਿੱਖੀ ਹਰੇਕ ਨੂੰ ਆਪਣੇ ਕਲਾਵੇ ਦੀ ਛਾਂ ਵਿਚ ਢਾਰਸ ਦੇਂਦੀ ਹੈ। ਇਹ ਸ਼ਰਨ ਆਇਆਂ ਲਈ ਓਟ-ਆਸਰਾ ਹੈ। ਰਬਾਬ ਦੀ ਸੁਰ ਨਾਲ ਉਪਜਿਆ ਸ਼ਬਦ-ਸੰਸਾਰ ਸਿੱਖੀ ਦੀ ਜਨਮ-ਭੂਮੀ ਹੈ। ਇਸ ਜਨਮ-ਭੂਮੀ ਦੇ ਰਖਿਅਕ ਪੈਂਤੜੇ ਵਜੋਂ ਤਲਵਾਰ ਕਰਮ-ਭੂਮੀ ਹੈ। ਦੋਨਾਂ ਵਿਚ ਪਹਿਲ ਅਤੇ ਦੂਜ ਦਾ ਨਿਖੇੜਾ ਹੈ। ਪਰ ਦੋਨੋਂ ਹੀ (ਸ਼ਾਸਤਰ ਤੇ ਸ਼ਸਤਰ) ਸਿੱਖੀ ਦਾ ਅਨਿੱਖੜ ਅੰਗ ਹਨ। ਕਵੀ ਅਨੁਸਾਰ ਸਿੱਖੀ 'ਅਹਿਮਦ ਸ਼ਾਹ ਅਬਦਾਲੀ'[11] ਦੇ ਲੋਟੂ ਹਮਲਿਆਂ ਰੂਪੀ ਝੱਖੜ ਵਿਰੁੱਧ ਡਟ ਖਲੋਂਦੀ ਹੈ। ਇਹ 'ਨਾਦਰ ਸ਼ਾਹ'[12] ਵਰਗੇ ਧਾੜਵੀ ਦੀ ਹਮਲਾਵਰ ਨੀਤੀ ਨੂੰ ਠੱਲ ਪਾਉਂਦੀ ਹੈ। ਇਸ ਵਿਚ ਸਹਿਣ ਅਤੇ ਠੱਲ ਪਾਉਣ ਦੇ ਦੋਨੋਂ ਪਹਿਲੂ ਸੁਭਾਇਮਾਨ ਹਨ। ਸਿੱਖੀ ਔਰਤ ਦਾ ਰੱਖਿਅਕ ਮੋਰਚਾ ਹੈ। ਔਰਤ ਮਾਸੂਮ ਲੋਕਾਈ ਦਾ ਚਿੰਨ੍ਹ ਹੈ। ਇਸ ਦੀ ਤਸ਼ਬੀਹ ਕਵੀ ਨੇ 'ਮਾਸੂਮ ਗੁਟਾਰਾਂ', ਬੋਦੋਸ਼ੀਆਂ ਚਿੜੀਆਂ' 'ਘੁੱਗੀਆਂ' ਤੇ 'ਕੂੰਜਾਂ'[13] ਨਾਲ ਕੀਤੀ ਹੈ। ਇਤਿਹਾਸ ਗਵਾਹ ਹੈ ਕਿ ਸਿੱਖ ਔਰਤਾਂ ਤੋਂ ਮੁਗਲ ਹਕੂਮਤ ਨੇ 'ਸਵਾ-ਸਵਾ ਮਣ' ਦੇ ਪੀਹਣ ਪਿਸਾਏ ਸਨ। ਔਰਤਾਂ ਨੇ ਬੱਚਿਆਂ ਦੇ ਟੋਟੇ ਝੋਲੀਆਂ ਵਿਚ ਵੀ ਪਵਾਏ ਸਨ। ਇਨ੍ਹਾਂ ਦੇ ਬਾਲਾਂ ਦੇ ਸਿਰ ਨੇਜਿਆ ਉੱਤੇ ਟੰਗੇ ਗਏ ਸਨ। ਸਿੱਖੀ ਅਜੇਹੀ ਜ਼ੁਲਮੀ ਸਥਿਤੀ ਦੇ ਰੂਬਰੂ ਰਹੀ ਹੈ। ਨਾਲ ਹੀ ਆਪਣੇ ਬਚਾਅ ਦਾ ਸੰਘਰਸ਼ੀ ਜਾਂ ਜੰਗਜੂ ਰੂਪ ਵੀ ਹੈ। ਇਸ ਦੇ ਸਿਦਕ ਤੇ ਸਿਰੜ ਦੀ ਆਪਣੀ ਮਾਨਸਿਕ ਮੋਰਚਾਬੰਦੀ ਹੈ। ਇਹ ਮਜ਼ਲੂਮਾਂ ਲਈ ਆਹਲਣਾ ਜਾਂ ਰੈਣ-ਬਸੇਰਾ ਵੀ ਹੈ ਅਤੇ ਪਹਿਰੇਦਾਰੀ ਦਾ ਰੂਪ ਵੀ। ਸਿੱਖੀ ਨੂੰ ਆਪਣਾ ਸਿਰ ਤਲਵਾਰ, ਆਰਿਆਂ ਤੇ ਰੰਬੀਆਂ ਦੀ ਭੇਂਟ ਕਰਨਾ ਵੀ ਆਉਂਦਾ ਹੈ। ਨਾਲ ਸਿੱਖੀ ਨੂੰ ਜ਼ੁਲਮ ਤੇ ਅਨਿਆਂ ਦੇ ਜ਼ੋਰ-ਜ਼ਬਰ ਨੂੰ ਆਪਣੀ ਭਗਾਉਤੀ (ਤਲਵਾਰ) ਨਾਲ ਠੱਲਣਾ ਵੀ ਆਉਂਦਾ ਹੈ। ਸਿੱਖਾਂ ਨੂੰ ਤਲਵਾਰ ਸਹਿਣੀ ਵੀ ਆਉਂਦੀ ਹੈ ਤੇ ਵਾਹੁਣੀ ਵੀ। ਮੁਸਲਮਾਨ ਸਲਤਨਤ ਪਹਿਲਾਂ ਕਦੀ ਕਿਸੇ ਤੋਂ ਹਾਰੀ ਨਹੀਂ ਸੀ। ਪਰ ਇਹ ਸਿੱਖਾਂ ਨਾਲ ਲੜਣ ਤੋਂ ਬਾਅਦ ਫਿਰ ਕਦੀ ਜਿੱਤੀ ਨਹੀਂ ਸੀ। ਸਿੱਖੀ ਦੀ ਤਲਵਾਰ ਨਾਲ ਮੁਗਲਾਂ ਦੀ ਜ਼ੁਲਮੀ ਹਕੂਮਤ ਦਾ ਮੂੰਹ-ਮੱਥਾ ਲਹੂ-ਲੁਹਾਣ ਹੋ ਗਿਆ ਸੀ। ਇਸ ਦੇ ਸਿੱਟੇ ਵਜੋਂ ਸਤ-ਸੌ ਸਾਲ ਤੋਂ ਸਥਾਪਿਤ ਮੁਗ਼ਲ ਸਲਤਨਤ ਰੇਤ ਦੇ ਕਿਣਕਿਆਂ ਵਾਂਗ ਖਿੰਡ-ਪੁੰਢ

ਗਈ ਸੀ। ਕਵਿਤਾ ਦੇ ਪਹਿਲੇ ਪੈਰ੍ਹੇ ਵਿਚ ਸਿੱਖੀ ਦੀ ਕੁਰਬਾਨੀ ਤੇ ਸਿਦਕ-ਦਿਲੀ ਉੱਤੇ ਬੱਲ ਹੈ। ਦੂਸਰੇ ਪੈਰ੍ਹੇ ਵਿਚ ਸਿੱਖੀ-ਸਿਧਾਂਤ ਦੇ ਨਾਲ-ਨਾਲ ਸਿੱਖੀ ਦੇ ਜੰਗਜੂ ਰੂਪ ਦਾ ਆਤਮ-ਬਲ ਵੀ ਹੈ। ਗੁਰੂ ਨਾਨਕ ਦੇ ਸਮੇਂ ਦੀ ਸ਼ਬਦ ਨੂੰ ਸੁਰ ਵਿਚ ਕਰਨ ਵਾਲੀ ਰਬਾਬ ਹਾਲਾਤ ਦੀ ਲੋੜ ਮੁਤਾਬਕ ਤਲਵਾਰ ਬਣ ਗਈ ਸੀ। ਸਿੱਖੀ ਵਿੱਚ ਬਹੁਪੱਖੀ ਪ੍ਰਤਿਭਾ ਦਾ ਜਲੌਅ ਹੈ। ਅਜੇਹੀ ਪ੍ਰਤਿਭਾ ਹੀ ਅੱਗੇ ਸਿੱਖ ਰਾਜ ਦੇ ਰੂਪ ਵਿਚ ਪ੍ਰਭੁਸਤਾ ਬਣਦੀ ਹੈ। ਇਸ ਤਰ੍ਹਾਂ ਨਾਲ ਕਵੀ ਦਾ ਕਾਵਿਕ ਖ਼ਿਆਲ ਅੱਗੇ ਬਿਰਤਾਂਤ ਦਾ ਰੂਪ ਲੈਂਦਾ ਹੈ। ਕਵਿਤਾ ਵਿਚ ਬਿਰਤਾਂਤ ਪਾਸਾ ਹੀ ਨਹੀਂ, ਪੂਰਾ ਆਸਣ ਬਦਲਦਾ ਹੈ। ਇਸ ਕਵਿਤਾ ਵਿਚ ਗਤੀ ਹੀ ਨਹੀਂ, ਪ੍ਰਗਤੀ ਵੀ ਹੈ। ਇਹ ਕਵਿਤਾ ਨਿਰੰਤਰ ਗਤੀਸ਼ੀਲਤਾ ਵਿਚ ਹੈ। ਕਵਿਤਾ ਵਿਚ ਕਿਤੇ ਵੀ ਠਹਿਰਾ ਜਾਂ ਖੜੋਤ ਨਹੀਂ ਹੈ। ਇਸ ਵਿਚ ਦ੍ਰਿਸ਼ ਤਬਦੀਲੀ ਦੀ ਤੋਰ ਹੈ। ਇਹ ਸਿੱਖੀ ਦੀ ਬਹੁਪੱਖੀ ਸਾਹਿਤਕ ਤਸਵੀਰਕਸ਼ੀ ਹੈ। ਕਵੀ ਸਿੱਖੀ ਦੇ ਸਮੁੱਚ ਦੀਆਂ ਕੰਨੀਆਂ ਫੜ੍ਹਨ ਤੇ ਪੇਸ਼ ਕਰਨ ਦੇ ਯਤਨ ਵਿਚ ਹੈ। ਕਵੀ ਨੂੰ ਸਿੱਖ ਪਰੰਪਰਾਵਾਂ ਨਾਲ ਮੋਹ ਹੈ। ਸਿੱਖੀ ਨੇ ਮਾਨਵ ਜਾਤੀ ਦੀ ਸਮਾਨਤਾ ਤੇ ਇਨਸਾਫ਼ ਲਈ ਡੰਕਾ ਖੜਕਾਇਆ ਸੀ। ਇਸ ਡੰਕੇ ਵਿਚ ਉੱਚੇ-ਸੁੱਚੇ ਸ਼ਬਦ ਸੰਸਾਰ ਦੀ ਆਭਾ ਦੇ ਨਾਲ-ਨਾਲ ਤਿਆਗ ਤੇ ਕੁਰਬਾਨੀ ਦੇ ਵਿਭਿੰਨ ਰੂਪ ਕ੍ਰਿਆਸ਼ੀਲ ਰਹੇ ਸਨ। ਇਸ ਕਵਿਤਾ ਵਿਚ ਮੋਹਨ ਸਿੰਘ ਸਿੱਖੀ ਦਾ ਉਪਾਸ਼ਕ ਵੀ ਹੈ ਤੇ ਪੇਸ਼ਕਾਰ ਵੀ। ਮੋਹਨ ਸਿੰਘ ਸੁਪਨਿਆਂ ਦੇ ਦੌਰ (ਯੁੱਗ) ਵਿਚੋਂ ਲੰਘ ਰਿਹਾ ਸੀ। ਇਕ ਪਾਸੇ ਦੇਸ਼ ਦੀ ਆਜ਼ਾਦੀ ਦੇ ਸੁਪਨੇ ਸਨ। ਦੂਜੇ ਪਾਸੇ ਸਮਾਜਵਾਦ ਪ੍ਰਤੀ ਖਿੱਚ ਪੈਦਾ ਹੋ ਰਹੀ ਸੀ। ਇਸਤਰੀ ਆਜ਼ਾਦੀ ਜਾਂ ਸਮਾਨਤਾ ਦਾ ਵਿਚਾਰ ਪ੍ਰਗਤੀਵਾਦੀ ਲਹਿਰ ਨੇ ਅਪਨਾ ਲਿਆ ਸੀ। ਇਨ੍ਹਾਂ ਸੁਪਨਿਆਂ ਦੀ ਪੂਰਤੀ ਸੰਬੰਧੀ ਉਤਸ਼ਾਹ ਤੇ ਉਮਾਂਹ ਰੂਪੀ ਸੰਘਰਸ਼ ਚੱਲ ਰਹੇ ਸਨ। ਉਂਜ਼ ਇਹ ਸੰਘਰਸ਼ ਇਕ-ਦੂਜੇ ਤੋਂ ਪਾਟਵੇਂ ਵੀ ਸਨ। ਇੰਨ੍ਹਾਂ ਸੁਪਨਿਆਂ ਦੇ ਸੰਘਰਸ਼ਮਈ ਦੌਰ ਦੀ ਆਭਾ ਤੋਂ ਸਾਹਿਤਕਾਰ ਪੂਰੀ ਤਰ੍ਹਾਂ ਪ੍ਰੇਰਿਤ ਸਨ। ਇਸ ਕਰਕੇ ਮੋਹਨ ਸਿੰਘ ਸਿੱਖ ਇਤਿਹਾਸ ਦੇ ਸੰਘਰਸ਼ੀਲ ਅਤੇ ਜੁਝਾਰੂ ਦੌਰ ਨੂੰ ਆਪਣੀ ਕਵਿਤਾ ਦਾ ਆਧਾਰ ਬਣਾਉਂਦਾ ਹੈ। ਅਜੇਹੀ ਪੇਸ਼ਕਾਰੀ ਨਾਲ ਉਹ ਆਪਣੇ ਸਮੇਂ ਦੇ ਵਿਚਾਰਾਂ ਤੇ ਸੰਘਰਸ਼ਾਂ ਨਾਲ ਵੀ ਲੁਕਵੀਂ ਸੁਰ ਮਿਲਾਉਂਦਾ ਹੈ। ਅਕਸਰ ਹੀ ਵਿਚਾਰ ਕਿਸੇ ਵੱਡੀ ਵਿਚਾਰਧਾਰਾ ਨਾਲ ਜੁੜੇ ਹੁੰਦੇ ਹਨ। ਪਰ ਖ਼ਿਆਲ ਬਹੁਤੀ ਵਾਰ ਕਿਸੇ ਅਨੁਭਵ, ਕਲਪਨਾ ਤੇ ਸੰਕਲਪ ਦਾ ਸਾਹਿਤਕ ਪ੍ਰਗਟਾਅ ਹੁੰਦੇ ਹਨ। ਸਾਹਿਤ ਦੀ ਸਾਹਿਤਕੀ ਲਈ ਵਿਚਾਰਾਂ ਜਾਂ ਵਿਚਾਰਧਾਰਾ ਨਾਲੋਂ ਕਾਲਪਨਿਕ ਉਡਾਰੀਆਂ ਵਧੇਰੇ ਕਾਰਗਰ ਤੇ ਸਾਜ਼ਗਰ ਰਹਿੰਦੀਆਂ ਹਨ। ਮੋਹਨ ਸਿੰਘ ਦੀ ਕਵਿਤਾ ਵਿਚ ਵੱਡੇ ਸੁਪਨੇ ਤੇ ਵਿਚਾਰ ਪਿਛੋਕੜ ਵਿਚ ਹਨ। 'ਸਿੱਖੀ' ਕਵਿਤਾ ਵਿਚ ਅਗਰਭੂਮੀ ਉੱਤੇ ਜਜ਼ਬੇ ਭਰਪੂਰ ਖ਼ਿਆਲਾਂ ਦੇ ਬੱਦਲ ਛਾਏ ਹੋਏ ਹਨ।

ਕਵਿਤਾ ਦਾ ਤੀਸਰਾ ਪੈਰ੍ਹਾਂ ਸਿੱਖੀ ਦੀ ਸਾਦਗੀ ਤੋਂ ਆਰੰਭ ਹੁੰਦਾ ਹੈ। ਨਾਲ ਹੀ ਇਥੇ ਕਵਿਤਾ ਮੱਧਕਾਲ ਤੋਂ ਆਧੁਨਿਕ ਕਾਲ ਵੱਲ ਕਰਵਟ ਲੈਂਦੀ ਹੈ। ਇਸ ਵਿਚ ਅੰਗਰੇਜ਼ੀ ਰਾਜ ਦੀਆਂ 'ਜੇਲ੍ਹਾਂ ਦੀਆਂ ਕੋਠੜੀਆਂ'[14] ਦਾ ਪਿਛੋਕੜ ਵੀ ਨਜ਼ਰ ਆਉਂਦਾ ਹੈ। ਗ਼ਦਰ ਲਹਿਰ ਤੇ ਬੱਬਰ ਅਕਾਲੀ ਲਹਿਰ ਦੇ ਸੂਰਬੀਰਾਂ ਦੀ ਸੂਰਬੀਰਤਾ ਦਾ ਜਲੌਅ ਵੀ ਪਛਾਣਿਆ ਜਾ ਸਕਦਾ ਹੈ। ਕਵਿਤਾ ਹਮੇਸ਼ਾਂ ਬੁਝਾਰਤ ਵਿਚ ਬੱਝੀ ਹੁੰਦੀ ਹੈ। ਇਸ ਦੇ ਅਰਥਾਂ ਦਾ ਜੋਤਿਸ਼ ਵੀ ਮਾਰਨਾ ਪੈਂਦਾ ਹੈ। ਇਕ ਪਾਸੇ ਰਾਜ ਦੀਆਂ ਹੱਥਕੜੀਆਂ ਤੇ 'ਫਾਂਸੀ ਰੱਸੇ'[15] ਹਨ। ਦੂਜੇ ਪਾਸੇ ਜਾਗੀਰਾਂ ਤੇ ਸਰਦਾਰੀਆਂ ਦੇ ਲਾਲਚ ਹਨ। ਇਹ ਹਕੂਮਤਾਂ ਦੇ ਦੋਨੋਂ ਸੰਦ ਹਨ। ਇਕ ਸੰਦ/ਸਾਧਨ ਡਰਾਉਣ ਦਾ ਹੈ ਤੇ ਦੂਜਾ ਭਰਮਾਉਣ ਜਾਂ ਲਲਚਾਉਣ ਦਾ। ਸਿੱਖੀ ਨੂੰ ਨਾ ਸਖ਼ਤੀ ਪੋਂਹਦੀ ਹੈ। ਨਾ ਹੀ ਲਾਲਚ ਦੇ 'ਚਕਮੇ' ਤੇ 'ਤਮਗੇ' ਖਿੱਚ ਪਾਉਂਦੇ ਹਨ। ਸਿੱਖੀ ਨੂੰ ਕਿਵੇਂ ਵੀ ਤੰਗਦਿਲ ਹੋਣਾ ਮਨਜ਼ੂਰ ਨਹੀਂ ਹੈ। ਇਹ ਜਾਤਾਂ ਤੇ ਧਰਮਾਂ ਦੀਆਂ ਤ੍ਰੇੜਾਂ ਤੇ ਗੁੱਟ-ਬੰਦੀਆਂ ਤੋਂ ਉੱਪਰ ਹੈ। ਇਸ ਦਾ ਪਾਕਿ-ਪਵਿੱਤਰ ਆਨੰਤ ਪ੍ਰਵਾਹ ਹੈ। ਇਸ ਨੂੰ ਦੁਨਿਆਵੀਂ ਰੰਗ-ਰਲੀਆਂ ਜਾਂ ਐਸ਼-ਪ੍ਰਸਤੀ ਪ੍ਰਵਾਨ ਨਹੀਂ ਹੈ। ਕਵੀ ਅਨੁਸਾਰ ਸਭ ਲੋਭ-ਲਾਲਚ ਤੇ ਲੁਭਾਊਪਨ ਸਿੱਖੀ ਦੇ 'ਗੋਡਿਓਂ' ਤੇ 'ਗਿੱਟਿਓਂ'[16] ਥੱਲੇ ਹਨ। ਕਿਸੇ ਨੂੰ ਗੋਡੇ ਹੇਠ ਰੱਖਣਾ ਬਾਹਰਲੀ ਤਕੜਾਈ ਦਾ ਪ੍ਰਤੀਕ ਹੈ। ਕੋਈ ਚੀਜ਼ ਗਿੱਟਿਓਂ ਥੱਲੇ ਹੀ ਰਹਿ ਜਾਣੀ ਆਪਣੀ ਅੰਦਰੂਨੀ ਤੇ ਬਾਹਰੀ ਸ਼ੁੱਧਤਾ ਦਾ ਪ੍ਰਗਟਾਅ ਹੈ। ਸਿੱਖੀ ਨੂੰ ਕਿਸੇ ਦੁਨਿਆਵੀਂ ਲੋਭਾਂ ਦੀ ਖਿੱਚ ਨਹੀਂ ਹੈ। ਦੁਨੀਆਵੀਂ ਪਦਵੀਆਂ ਤੇ ਤਮਗੇ ਸਿੱਖੀ ਦੇ ਗੋਡੇ ਹੇਠ ਵੀ ਹਨ ਤੇ ਪੈਰਾਂ ਥੱਲੇ ਵੀ। ਇਹ ਆਪਣੇ ਗੌਰਵ ਦੀ ਖ਼ੁਦਮੁਖ਼ਤਿਆਰੀ ਦਾ ਉੱਚਾ ਪਰਚਮ ਹੈ। ਸਿੱਖੀ ਦਾ ਸਿਰ ਹਰ ਥਾਂ ਉੱਚਾ ਹੈ। ਇਸ ਦੇ ਸਿਰ ਨੂੰ ਹਰ ਥਾਂ

ਉੱਚਤਾ ਤੇ ਸੁੱਚਤਾ ਦੀਆਂ ਬਰਕਤਾਂ ਹਾਸਿਲ ਹਨ। ਸਿੱਖੀ ਦਾ ਦਿਲ ਸਮੁੱਚੀ ਮਾਨਵਤਾ ਦੀ ਕਲਿਆਣਕਾਰੀ ਲਈ ਧੜਕਦਾ ਹੈ। ਇਸ ਵਿਚ 'ਸਭਿ ਸਾਂਝੀਵਾਲ ਸਦਾਇਨ' ਹਨ। ਸਿੱਖੀ ਦੇ ਆਦਿ ਬਾਬੇ (ਗੁਰੂ ਨਾਨਕ) ਨੇ ਜਿੱਥੇ ਵੀ ਪੈਰ ਧਰਿਆ ਹੈ, ਉਹ ਸਥਾਨ ਪੂਜਾ ਆਸਣ ਹੋ ਗਿਆ ਹੈ। ਸਿੱਖੀ ਖੁੱਲ੍ਹੀਆਂ ਵਿਚਾਰਧਾਰਾਵਾਂ/ਸੋਚਾਂ ਦਾ ਮਰਕਜ਼ ਹੈ। ਸਿੱਖੀ ਵਿਵਾਦ ਨਹੀਂ, ਸੰਵਾਦ ਦਾ ਰਾਹ ਹੈ। ਸਿੱਖੀ ਦੀ 'ਫਿਜ਼ਾ' (ਆਲੇ-ਦੁਆਲੇ) ਵਿਚ ਹੀ ਪਵਿੱਤਰਤਾ ਹੈ। ਇਸ ਲਈ ਨਾ ਹਿੰਦੂ ਉੱਚਾ ਹੈ, ਨਾ ਮੁਸਲਮਾਨ। ਸਿੱਖੀ ਦੀ ਉੱਚਤਾ ਦਾ ਪੈਮਾਨਾ ਕਰਮਾਂ (ਕਾਰਜਾਂ) ਵਿਚ ਹੈ। ਸ਼ੁਭ ਅਮਲ ਵਿਚ ਹੈ। ਸ਼ੁਭ ਅਮਲ ਬਿਨਾਂ ਕੋਈ ਵੀ ਜ਼ਾਤ-ਧਰਮ ਉੱਚਾ ਨਹੀਂ ਹੈ। ਇਸ ਲਈ ਕੋਈ ਵੈਰੀ ਜਾਂ 'ਗੈਰ' ਨਹੀਂ ਹੈ। ਸਿੱਖੀ ਕਿਸੇ ਜਾਤ ਜਾਂ ਧਰਮ ਦੀ ਲਕੀਰ ਨੂੰ ਕੱਟਦੀ ਨਹੀਂ ਹੈ। ਇਹ ਆਪਣੇ ਮਾਨਵੀਂ ਪਰਿਪੇਖ ਅਨੁਸਾਰ ਬਿਨਾਂ ਕਿਸੇ ਉੱਤੇ ਦੋਸ਼ ਲਾਏ ਆਪਣੇ ਵਿਹਾਰ ਤੇ ਚਰਿੱਤਰ ਦਾ ਵੱਡਾ ਗਾਡੀ-ਰਾਹ ਹੈ। ਇਸ ਲਈ ਪਾਤਸ਼ਾਹੀ (ਬਾਦਸ਼ਾਹੀ) ਕਿਸੇ ਸੇਵਕ ਦੀ ਸੇਵਕੀ ਹੈ। ਇਹ ਕਵਿਤਾ ਲਿਖੇ ਜਾਣ ਤੱਕ ਅਕਾਲੀ ਪਾਰਟੀ (1920) ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ (1925) ਦੀ ਸਥਾਪਨਾ ਹੋ ਚੁੱਕੀ ਸੀ। ਇਹ ਸੰਸਥਾਵਾਂ ਆਪਣੇ ਆਦਰਸ਼ਕ ਵਿਹਾਰ ਤਹਿਤ ਅੰਗਰੇਜ਼ੀ ਹਕੂਮਤ ਨਾਲ ਟੱਕਰ ਲੈ ਰਹੀਆਂ ਸਨ। ਕਵੀ ਵੀ ਅਜੇਹੀ ਪਹੁੰਚ ਦਾ ਸਮਰਥਕ ਹੈ। ਕਵੀ ਲਈ 'ਸਿੱਖੀ' ਸਮੂਹਭਾਵੀ ਸਿੱਖ ਕਿਰਦਾਰ ਦਾ ਠੋਸ ਤੇ ਅੰਤਰੀਵੀ ਰੂਪ ਹੈ। ਇਹ ਕਿਸੇ ਇਕ ਸੰਗਠਨ ਜਾਂ ਵਿੰਗ ਤੋਂ ਸੰਬੋਧਿਤ ਨਹੀਂ ਹੈ। ਕਵੀ ਅਨੁਸਾਰ 'ਪੈਰ ਇਸ ਦੇ ਧਰਤੀ'[17] ਉੱਤੇ ਟਿਕੇ ਰਹਿੰਦੇ ਹਨ। ਸਿੱਖੀ ਦੀ ਤੋਰ ਹਰ ਲੋਭੀ, ਲੱਗ-ਲਬੇਜ਼ ਤੋਂ ਅਟੰਕ ਹੈ। ਸਿੱਖੀ ਖ਼ਾਲਸ ਖ਼ੁਦਾ ਦਾ ਰੂਪ ਹੈ। ਇਸ ਲਈ ਕੋਈ ਵੈਰੀ ਜਾਂ ਬੇਗਾਨਾ ਨਹੀਂ ਹੈ। ਅਜੇਹੀ ਸਮਝ ਤੇ ਗਿਆਨ ਦੀ ਚੁੱਭੀ ਸਿੱਖੀ ਵਿਚ ਵੇਈਂ ਪ੍ਰਵੇਸ਼ ਤੋਂ ਬਾਅਦ ਉਪਜਦੀ ਹੈ। ਗੁਰੂ ਸਾਹਿਬ ਆਪਣੇ ਗਿਆਨ ਦੇ ਸਫ਼ਰ ਦੀ ਸਦਾ ਨਿਰੰਤਰਤਾ ਵਿਚ ਹਨ। ਇਹ ਨਿਰੰਤਰਤਾ ਉਮਰ ਦੀ ਵੀ ਹੈ। ਇਸ ਸਫ਼ਰ ਵਿਚ ਆਤਮਿਕ ਉਚਾਈਆਂ ਦੀ ਸੋਝੀ ਵੀ ਹੈ। ਸਿੱਖੀ ਦੇ ਪੈਰ ਆਪਣੇ ਮਾਨਵਤਾ ਭਰਪੂਰ ਵਿਸ਼ਵਾਸ ਅਤੇ ਫ਼ਲਸਫ਼ੇ ਕਾਰਣ ਧਰਤੀ ਉੱਤੇ ਜੰਮਦੇ ਅਤੇ ਅੱਗੇ ਫੈਲਦੇ ਹਨ। ਅਜੇਹੇ ਬੁਨਿਆਦੀ ਤੇ ਆਦਿ-ਗੁਣ ਸਿੱਖੀ ਦਾ ਰਾਹ ਰੁਸ਼ਨਾਉਂਦੇ ਹਨ।

ਇਹ ਕਵਿਤਾ ਹਰ ਪੈਰ੍ਹੇ ਰਾਹੀਂ ਅੱਗੇ ਤੁਰਦੀ ਹੋਈ ਆਪੋ ਵਿਚ ਜੁੜਦੀ ਵੀ ਹੈ। ਹਰ ਪੈਰ੍ਹੇ ਵਿਚ ਖ਼ਿਆਲ ਬਦਲਦਾ ਹੈ। ਹਰ ਪੈਰ੍ਹੇ ਦੇ ਵਾਕ ਕਿਸੇ ਖਿਆਲ ਦੀ ਪੁਸ਼ਟੀ ਵੀ ਹਨ ਤੇ ਉਸ ਦਾ ਵਿਸਥਾਰ ਵੀ। ਕਾਵਿ ਵਿਚ ਜੁੜੇ ਸ਼ਬਦਾਂ ਦੀ ਫੱਬਤ ਤੇ ਲੋਅ ਵਾਕਾਂ ਸਾਮਾਨ ਹੈ। ਇਕ-ਇਕ ਸ਼ਬਦ ਇਤਿਹਾਸ ਦਾ ਤੱਥ ਤੇ ਸੱਚ ਵੀ ਹੈ ਤੇ ਇਤਿਹਾਸ ਦੀ ਗਵਾਹੀ ਵੀ। ਕਵਿਤਾ ਦੇ ਆਖ਼ਰੀ ਪੈਰ੍ਹੇ ਵਿਚ ਅਣਹੋਣੀ ਨੂੰ ਹੋਣੀ ਵਜੋਂ ਪ੍ਰਵਾਨ ਕਰ ਲੈਣ ਦਾ ਖ਼ਿਆਲ ਹੈ। ਕੀ ਹੋਇਆ 'ਜੇ ਸਿੱਖੀ ਵਿਚ ਦੋਫ਼ਾੜ' ਆ ਗਈ ਹੈ। ਇਥੇ ਸਿੱਖੀ ਦੇ ਬੂਟੇ ਦੀਆਂ 'ਲਗਰਾਂ ਤੇ ਸਾਖ਼ਾਂ'[18] ਦੇ ਪਾਟ ਜਾਣ ਦਾ ਜ਼ਿਕਰ ਹੈ। ਇਸ ਜ਼ਿਕਰ ਵਿਚ ਫ਼ਿਕਰ ਵੀ ਹੈ। ਕਵੀ ਨੂੰ ਸਿੱਖੀ ਵਿਚ ਤ੍ਰੇੜਾਂ ਰੂਪੀ ਡੇਰਾਬੰਦੀ ਨਜ਼ਰ ਆਉਂਦੀ ਹੈ। ਕੋਈ ਸ਼ਾਖਾ ਪੂਰਬ ਵੱਲ ਜਾਂਦੀ ਦੱਸੀ ਗਈ ਹੈ ਤੇ ਕੋਈ ਪੱਛਮ ਵੱਲ। ਇਸ ਨੂੰ ਕਵੀ 'ਪਿੰਡੀ' ਤੋਂ 'ਭੈਣੀ'[19] ਦੇ ਸਥਾਨ ਰਾਹੀਂ ਪ੍ਰਗਟਾਉਂਦਾ ਹੈ। ਪੱਛਮ ਵਿਚ 'ਪਿੰਡੀ' (ਰਾਵਲਪਿੰਡੀ) ਹੈ। ਇਹ ਦੇਸ਼-ਵੰਡ ਨਾਲ ਵੰਡੇ ਗਏ ਪੰਜਾਬ ਅਤੇ ਗੁਰਧਾਮਾਂ ਦੀ ਸੂਚਨਾਂ ਵੀ ਹੋ ਸਕਦੀ ਹੈ। ਪਰ ਇਹ ਕਾਵਿ-ਸੰਗ੍ਰਹਿ ਦੇਸ਼-ਵੰਡ ਤੋਂ ਦਹਾਕਾ ਪਹਿਲਾਂ ਛੱਪ ਚੁੱਕਾ ਸੀ। ਇਸ ਕਰਕੇ ਇਹ ਇਲਾਕਾਈ ਵੰਡ ਨਾਲੋਂ ਸਿੱਖੀ ਅੰਦਰ ਪੈਦਾ ਹੋ ਰਹੀ ਨਵੀਂ ਵੰਡ ਤੇ ਵੰਨਗੀ ਦੀ ਹੀ ਤਰਜ਼ਮਾਨੀ ਹੈ। ਸਾਡੇ ਪੂਰਬੀ ਪੰਜਾਬ ਵਿਚ ਭੈਣੀ ਹੈ। 'ਪਿੰਡੀ' ਬਾਬੇ ਦਿਆਲ ਦੇ ਨਿਰੰਕਾਰੀ ਦਰਬਾਰ ਦਾ ਸਥਾਪਨਾ ਸਥਾਨ ਹੈ। ਇਥੋਂ 'ਨਿਰੰਕਾਰੀ ਸੰਪ੍ਰਦਾਇ' ਦਾ ਮੁੱਢ ਬੱਝਦਾ ਹੈ। ਇਸ ਦਾ ਸਿੱਖੀ ਦੀ ਮੁੱਖ ਧਾਰਾ ਨਾਲ ਵਿਵਾਦ ਉਪਜਦਾ ਹੈ। ਭਾਈ ਰਾਮ ਸਿੰਘ ਦੀ ਨਾਮਧਾਰੀ ਲਹਿਰ ਦਾ ਆਰੰਭ 'ਭੈਣੀ' ਤੋਂ ਹੁੰਦਾ ਹੈ। ਇਸ ਦਾ ਆਪਣਾ ਰੰਗ ਜਾਂ ਭੇਸ ਹੈ। ਇਸ ਤਰ੍ਹਾਂ ਕਵੀ ਆਪਣੇ ਸਮੇਂ ਵਿਚ ਪੈਦਾ ਹੋ ਰਹੇ ਦੇਹਧਾਰੀ ਗੁਰੂਡਮ ਤੇ ਡੇਰਾਵਾਦ ਤੋਂ ਚਿੰਤਤ ਵਿਖਾਈ ਦੇਂਦਾ ਹੈ। ਕਵੀ ਨੂੰ ਸਿੱਖੀ ਵਿਚੋਂ ਉੱਠ ਰਹੀਆਂ ਨਵੀਆਂ ਸੰਪਰਦਾਵਾਂ ਦੀ ਫ਼ਿਕਰਮੰਦੀ ਹੈ। ਇਹ ਸੰਪਰਦਾਵਾਂ ਅੱਜ ਕਿਵੇਂ ਤੇ ਕਿੰਨੀ ਗਿਣਤੀ ਵਿਚ ਵੱਧ ਗਈਆਂ ਹਨ, ਇਹ ਸਾਡੇ ਸਭ ਲਈ ਚਿੰਤਨ-ਮੰਥਨ ਦਾ ਵਿਸ਼ਾ ਹੈ। ਅਜੇਹੇ ਰੁਝਾਨ ਨੂੰ ਕਵੀ ਪੌਣੀ ਸਦੀ ਪਹਿਲਾਂ ਹੀ ਪਛਾਣਦਾ ਨਜ਼ਰ ਆਉਂਦਾ ਹੈ। ਅੱਜ ਦੇ ਕਵੀ ਲਈ ਤਾਂ ਅਜੇਹੀਆਂ ਬੇਸ਼ੁਮਾਰ ਵੰਡਾਂ ਤੇ ਵੰਨਗੀਆਂ ਨੂੰ ਗਿਣ ਸਕਣਾ ਹੀ ਮੁਸ਼ਕਲ ਹੈ। ਹੁਣ

ਅਜੇਹੀਆਂ ਕਈ ਪਿੰਡੀਆਂ ਤੇ ਭੈਣੀਆਂ ਸਥਾਪਿਤ ਹੋ ਚੁੱਕੀਆਂ ਹਨ। ਇੰਨ੍ਹਾਂ ਦੇ ਆਪੋ-ਆਪਣੇ ਵੱਖਰੇ ਰਾਹ ਤੇ ਬਿਖੇੜੇ ਹਨ। ਪੰਜਾਬ ਦੀ ਮਿੱਟੀ ਬਹੁਤ ਜ਼ਰਖੇਜ਼ ਹੈ। ਇਸ ਨੂੰ ਜੇ ਵਾਹਿਆ-ਸੰਵਾਰਿਆ ਨਾ ਜਾਵੇ ਤਾਂ ਇਸ ਵਿਚ ਕਈ ਤਰ੍ਹਾਂ ਦਾ ਵਾਧੂ ਘਾਹ-ਬੂਟ ਉੱਗ ਪੈਂਦਾ ਹੈ। ਇਸ ਮਿੱਟੀ ਮੁਤਾਬਕ ਹੀ ਸਾਡੀ ਮਾਨਸਿਕਤਾ ਹੈ। ਜੇ ਪੰਜਾਬੀ ਮਨੋਸਥਿਤੀ ਨੂੰ ਠੀਕ ਦਿਸ਼ਾ ਵੱਲ ਨਾ ਤੋਰਿਆ ਜਾਵੇ ਤਾਂ ਇਹ ਹੋਰ ਕਈ ਔਝੜ ਰਾਹਾਂ ਵੱਲ ਮੁੜ ਜਾਂਦੀ ਹੈ। ਸਿੱਖੀ ਵਿਚ ਅਜੇਹੇ ਡੇਰਿਆਂ ਦੇ ਸੰਗਠਨਾਂ ਦਾ ਖਲਾਰਾ ਹੁਣ ਅਨੰਤ ਤੇ ਬੇਅੰਤ ਹੈ। ਇਨ੍ਹਾਂ ਦੀ ਹੋਂਦ ਦਾ ਆਪਣਾ ਸਮਾਜਕ ਤੇ ਰਾਜਸੀ ਰਸੂਖ ਹੈ। ਇਹ ਸਿੱਖੀ ਦੇ ਧੁਰ ਮੂਲ ਦੇ ਰੱਖਿਅਕ ਤੇ ਪ੍ਰਚਾਰਕ ਨਹੀਂ ਹਨ। ਇਨ੍ਹਾਂ ਦਾ ਸਿੱਖੀ ਪ੍ਰਤੀ ਰੋਲ ਤ੍ਰਿਛਾ ਵੀ ਹੈ ਤੇ ਕਿਸੇ ਹੱਦ ਤੱਕ ਹਮਲਾਵਰ ਵੀ। ਇਹ ਸਿੱਖੀ ਦੀ ਸਮੁੱਚ ਨੂੰ ਸੰਬੋਧਨ ਨਹੀਂ ਹਨ। ਇਸ ਨਾਲ ਸਿੱਖੀ ਦੀ ਲੋਅ ਤੇ ਕੌਮ ਪਾਟਦੀ ਹੈ। ਇਹ ਆਪਣੀ ਸੌਖ ਤੇ ਸੁਵਿਧਾ ਮੁਤਾਬਕ ਕਿਸੇ ਇਕ ਪੱਖ/ਤੱਤ/ਅੰਸ਼ ਤੱਕ ਸੀਮਿਤ ਹਨ। ਇਸ ਕਰਕੇ ਇਹ ਮਸਲਾ ਸਾਡੀ ਸਿੱਖੀ ਦੀ ਸਾਂਭ-ਸੰਭਾਲ ਦੇ ਪ੍ਰਚਾਰ ਤੇ ਪਾਸਾਰ ਦੇ ਵੱਡੇ ਪ੍ਰਬੰਧਕਾਂ ਨਾਲ ਸੰਬੰਧਿਤ ਹਨ। ਉਨ੍ਹਾਂ ਨੂੰ ਅਜੇਹੇ ਪਾਸੇ ਜ਼ਰੂਰ ਸਿਰਜੋੜ ਕੇ ਗੌਰ ਕਰਨਾ ਬਣਦਾ ਹੈ। ਮੋਹਨ ਸਿੰਘ ਨੂੰ ਆਪਣੇ ਸਮੇਂ ਅਜੇਹਾ ਵਾਪਰ ਜਾਣ ਦੇ ਨੁਕਸਾਨ ਦੀ ਗਹਿਰੀ ਚਿੰਤਾ ਹੈ। ਪਰ ਫਿਰ ਵੀ ਕਵੀ ਮੁਤਾਬਕ ਇਹ ਉਸ ਸਮੇਂ ਦੀ ਛੋਟੀ ਤੇ ਸਹਿਣਯੋਗ ਸਥਿਤੀ ਸੀ। ਇਸ ਦੇ ਬਾਵਜੂਦ ਸਾਡੇ ਵਿਚ ਗੁਜ਼ਾਰੇ ਜੋਗੀ 'ਸਾਂਝ' ਕਾਇਮ ਸੀ। ਅੱਜ ਵਰਗੀ ਆਪਾ-ਧਾਪੀ ਤੇ ਫੁੱਟ ਬਿਲਕੁਲ ਨਹੀਂ ਸੀ। ਕਵੀ ਆਪਣੇ 'ਇਕੋ ਮੁੱਢ' ਤੇ 'ਸਾਂਝੇ ਖ਼ੂਨ'[20] ਕਾਰਨ ਕਿਸੇ ਹੱਦ ਤੱਕ ਸੰਤੁਸ਼ਟ ਤਾਂ ਹੈ। ਪਰ ਇਸ ਸੰਤੁਸ਼ਟੀ ਵਿਚ ਝੋਰੇ ਦੀ ਚਿੰਤਾ ਵੀ ਹੈ। ਪਰ ਹੋ ਗਏ ਜਾਂ ਵਾਪਰ ਗਏ ਦੀ ਹੋਣੀ ਨੂੰ ਮੰਨਣਾ ਤਾਂ ਪੈਣਾ ਹੈ। ਇਹ ਸਥਿਤੀ ਦਾ ਸੱਚ ਹੈ। ਵਖਰੇਵੇਂ ਦੀ ਮਜ਼ਬੂਰੀ ਹੈ। ਨਾਲ ਇਕੋ ਮੁੱਢ ਦੀ ਮਜ਼ਬੂਤੀ ਵੀ ਹੈ। ਪਰ ਇਹ ਹੋਣੀ ਅਜੋਕੇ ਸਮਿਆਂ ਵਿਚ ਅਣਹੋਣੀ ਦਾ ਰੂਪ ਹੋ ਗਈ ਹੈ। ਸਾਹਿਤ ਆਪਣੇ ਸਮੇਂ ਦਾ ਬਿੰਬ ਹੀ ਨਹੀਂ, ਪ੍ਰਤੀਕਰਮ ਵੀ ਹੁੰਦਾ ਹੈ। ਇਸ ਵਿਚ 'ਸਿੱਖੀ' ਪ੍ਰਤੀ ਚਿੰਤਾ ਦੀ ਰਮਜ਼ ਰਮੀ ਹੋਈ ਹੈ। ਸਾਹਿਤ ਸ਼ਬਦਾਂ ਦਾ ਸਿੱਧਾ ਜਾਂ ਸਤੱਹੀ ਨਹੀਂ, ਰਹੱਸ ਰੂਪੀ ਬਹੁ-ਅਰਥੀ ਪ੍ਰਗਟਾਅ ਹੁੰਦਾ ਹੈ। ਇਸੇ ਵਿਚ ਹੀ ਸਾਹਿਤ ਦੀ ਸਾਹਿਤਕਤਾ ਤੇ ਵੱਡੀ ਉਮਰ ਬਣਦੀ ਹੈ।

ਮੋਹਨ ਸਿੰਘ ਦੀ ਇਹ ਖਿਆਲਾਤੀ ਕਵਿਤਾ ਪੌੜੀ-ਦਰ-ਪੌੜੀ ਅੱਗੇ ਵੱਧਦੀ ਹੈ। ਇਹ ਇਕ ਗਤੀਸ਼ੀਲ ਬਿਰਤਾਂਤ ਦਾ ਰੂਪ ਹੈ। ਇਸ ਦੇ ਹਰ ਪੈਰ੍ਹੇ ਦਾ ਆਪਣਾ ਨਵਾਂ ਵਿਚਾਰਾਤਮਕ ਮੁਹਾਂਦਰਾ ਹੈ। ਇਸ ਵਿਚ ਇਤਿਹਾਸ ਦੀ ਤੋਰ ਵੀ ਹੈ ਅਤੇ ਆਪਣੇ ਸਮੇਂ ਦੀ ਤਸਵੀਰਕਸ਼ੀ ਵੀ। ਸਿੱਖੀ ਇਤਿਹਾਸ ਨੂੰ ਕੁਰਬਾਨੀ ਦੀ ਪਾਹ ਹੈ। ਕਵਿਤਾ ਵਿਚ ਕੁਰਬਾਨੀ ਤੇ ਤਿਆਗ ਦੀ ਉਸਤਿਤ ਹੈ। ਇਹ ਪ੍ਰਸ਼ੰਸਕ ਜਜ਼ਬਾ ਹੈ। ਪਰ ਇਹ ਵਲਵਲਾ ਬੁੱਧ-ਵਿਵੇਕ ਨਾਲ ਭਰਪੂਰ ਹੈ। ਹਰ ਕਵੀ ਲਈ ਵਲਵਲੇ/ਜਜ਼ਬੇ ਦੇ ਨਾਲ-ਨਾਲ ਚਿੰਤਨ ਵਾਲੇ ਮੱਥੇ ਦਾ ਹੋਣਾ ਜ਼ਰੂਰੀ ਹੈ। ਮੋਹਨ ਸਿੰਘ ਇਸ ਕਵਿਤਾ ਦੇ ਚਾਰ ਪੈਰ੍ਹਿਆਂ ਰਾਹੀਂ ਪਾਠਕ ਮਨਾਂ ਦੇ ਮੱਥੇ ਵਿਚ 'ਚੌ-ਮੁਖੀਆ ਦੀਵਾ' ਬਾਲਦਾ ਹੈ। ਇਸ ਵਿਚ ਅਖ਼ੀਰ ਕਵੀ ਆਪਣੇ ਵਰਤਮਾਨ ਦੀ ਪੁਣ-ਛਾਣ ਵੀ ਕਰਦਾ ਹੈ। ਇਹ ਆਪਣੇ ਸਮੇਂ ਦੀ ਸਥਿਤੀ ਦਾ ਚਿੰਤਨ ਤੇ ਮੰਥਨ ਹੈ। ਇਸ ਵਿਚ ਸਾਵਧਾਨ ਹੋਣ ਦੀ ਕਨਸੋਅ ਬਾਰੀਕ ਤਾਂ ਹੈ ਪਰ ਇਸ ਦਾ ਵਜ਼ਨ ਪ੍ਰਭਾਵਸ਼ਾਲੀ ਹੈ। ਕਿਉਂਕਿ ਹੁਣ ਅਸੀਂ ਅਜੇਹੀ ਚਿੰਤਾ ਦੇ ਵੱਡੇ ਸੰਕਟ ਵਿਚੋਂ ਲੰਘ ਰਹੇ ਹਾਂ। ਇਸ ਕਰਕੇ ਮੋਹਨ ਸਿੰਘ ਦੀ ਫ਼ਿਕਰਮੰਦੀ ਦਾ ਮਹੱਤਵ ਵੱਧ ਜਾਂਦਾ ਹੈ। ਇਹ ਕਵਿਤਾ ਸਿੱਖ ਇਤਿਹਾਸ ਦਾ ਦਸਤਾਵੇਜ਼ ਵੀ ਹੈ ਅਤੇ ਵਰਤਮਾਨ ਸਮੇਂ ਦੀ ਦਾਸਤਾਨ ਵੀ।

## ਹਵਾਲੇ ਤੇ ਟਿੱਪਣੀਆਂ

1. 'ਸਿੱਖੀ', **ਸਾਵੇ ਪੱਤਰ**, ਪ੍ਰੋ. ਮੋਹਨ ਸਿੰਘ, ਨਿਊ ਬੁੱਕ ਕੰਪਨੀ, ਜਲੰਧਰ, 1991 (ਕਵਿਤਾ ਦੇ ਸਾਰੇ ਹਵਾਲੇ ਇਸ ਕਾਵਿ-ਪੁਸਤਕ ਵਿਚੋਂ ਦਿੱਤੇ ਗਏ ਹਨ।) ਪੰਨਾ 46
2. **ਉਹੀ**, ਪੰਨਾ 46
3. **ਉਹੀ**, ਪੰਨਾ 46
4. **ਉਹੀ**, ਪੰਨਾ 46
5. **ਉਹੀ**, ਪੰਨਾ 46

6. **ਉਹੀ**, ਪੰਨਾ 46
7. **ਉਹੀ**, ਪੰਨਾ 46
8. **ਉਹੀ**, ਪੰਨਾ 46
9. **ਉਹੀ**, ਪੰਨਾ 46
10. **ਉਹੀ**, ਪੰਨਾ 46
11. **ਉਹੀ**, ਪੰਨਾ 46
12. **ਉਹੀ**, ਪੰਨਾ 46
13. **ਉਹੀ**, ਪੰਨਾ 47
14. **ਉਹੀ**, ਪੰਨਾ 47
15. **ਉਹੀ**, ਪੰਨਾ 47
16. **ਉਹੀ**, ਪੰਨਾ 47
17. **ਉਹੀ**, ਪੰਨਾ 47
18. **ਉਹੀ**, ਪੰਨਾ 48
19. **ਉਹੀ**, ਪੰਨਾ 48
20. **ਉਹੀ**, ਪੰਨਾ 48

# ਗੁਰੂ ਨਾਨਕ ਦਾ ਨਾਟ ਚਿਤਰਣ: ਸਮਾਜਿਕ ਪ੍ਰਾਸੰਗਿਕਤਾ

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* (ਗੁਰੂ ਨਾਨਕ ਦੇਵ ਜੀ)

ਨਾਟਕ ਦਾ ਇਤਿਹਾਸ, ਮਿਥਿਹਾਸ ਅਤੇ ਲੋਕ ਕਥਾਵਾਂ ਨਾਲ ਗੂੜ੍ਹਾ ਸੰਬੰਧ ਰਿਹਾ ਹੈ। ਪੰਜਾਬੀ ਨਾਟਕ ਦਾ ਆਰੰਭ ਸਮਾਜਿਕ ਚੇਤਨਾ ਦੇ ਅੰਤਰਗਤ ਹੁੰਦਾ ਹੈ ਪਰੰਤੂ ਪਹਿਲੇ ਪੜਾਅ ਵਿਚ ਹੀ ਲਿਖੀ ਕਿਰਪਾ ਸਾਗਰ ਕ੍ਰਿਤ **'ਮਹਾਰਾਜਾ ਰਣਜੀਤ ਸਿੰਘ'** (1923) ਅਤੇ ਹਰਨਾਮ ਸਿੰਘ ਕ੍ਰਿਤ **'ਚਾਰ ਸਾਹਿਬਜ਼ਾਦੇ'** (1936) ਨਾਲ ਇਹ ਆਪਣੀ ਇਤਿਹਾਸਕ ਅਤੇ ਧਾਰਮਿਕ ਚੇਤਨਾ ਨਾਲ ਵੀ ਜੁੜ ਜਾਂਦਾ ਹੈ। "ਸਿੱਖ ਮਰਿਯਾਦਾ ਅਨੁਸਾਰ ਕੋਈ ਵਿਅਕਤੀ ਮੰਚ 'ਤੇ ਗੁਰੂ ਸਾਹਿਬ ਦੀ ਭੂਮਿਕਾ ਨਹੀਂ ਨਿਭਾ ਸਕਦਾ। ਇਸ ਕਰਕੇ ਗੁਰੂ ਸਾਹਿਬ ਨੂੰ ਮੰਚੀ ਨਾਟਕ ਵਿਚ ਨਹੀਂ ਲਿਆਇਆ ਜਾ ਸਕਦਾ।"[1] ਨਾਟਕ ਚਾਰ ਸਾਹਿਬਜ਼ਾਦੇ ਦੇ ਪਹਿਲੇ ਅੰਕ ਵਿਚ ਗੁਰੂ ਅਮਰਦਾਸ ਅਤੇ ਬੀਬੀ ਭਾਨੀ ਨਾਲ ਸੰਬੰਧਿਤ ਗੁਰਗੱਦੀ ਘਰ ਵਿਖੇ ਰੱਖਣ ਦੀ ਘਟਨਾ, ਦੂਜੇ ਅੰਕ ਵਿਚ ਚਾਰਾਂ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਅਤੇ ਤੀਜੇ ਅੰਕ ਵਿਚ ਗੁਰੂ ਗੋਬਿੰਦ ਸਿੰਘ ਦੇ ਉੱਚ ਦਾ ਪੀਰ ਬਣਨ ਆਦਿ ਘਟਨਾਵਾਂ ਦਾ ਚਿਤਰਣ ਕੀਤਾ ਗਿਆ ਹੈ। ਇਸ ਨਾਟਕ ਦੇ ਮੰਚਣ ਦੀ ਮਨਾਹੀ ਕੀਤੀ ਗਈ ਹੈ। ਨਾਟਕਕਾਰ ਲਿਖਦਾ ਹੈ, "...ਮੈਂ ਨਹੀਂ ਚਾਹੁੰਦਾ ਇਸ ਨਜ਼ਾਰੇ ਨੂੰ ਡਰਾਮੇ ਦੀ ਸ਼ਕਲ ਵਿਚ ਸਟੇਜ 'ਤੇ ਕਰਕੇ ਦਿਖਾਇਆ ਜਾਵੇ। ਕੋਈ ਥੀਏਟਰੀਕਲ ਕੰਪਨੀ ਜਾਂ ਕਲੱਬ ਇਸ ਨਜ਼ਾਰੇ ਨੂੰ ਡਰਾਮੇ ਦੀ ਸ਼ਕਲ ਦੇ ਕੇ ਸਟੇਜ 'ਤੇ ਐਕਟ ਕਰਨ ਦੀ ਕੋਸ਼ਿਸ਼ ਨਾ ਕਰੇ।"[2] ਨਾਟਕ ਵਿਚ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਅਗਰਭੂਮੀ ਪਾਤਰਾਂ ਦੇ ਰੂਪ ਵਿਚ ਯੋਜਨਾ ਕੀਤੀ ਗਈ ਹੈ। ਸ਼ਾਇਦ ਇਸੇ ਕਾਰਨ ਨਾਟਕਕਾਰ ਦੁਆਰਾ ਇਸ ਨਾਟਕ ਦੇ ਮੰਚਣ ਦੀ ਮਨਾਹੀ ਕੀਤੀ ਗਈ ਹੈ। ਇਸ ਤੋਂ ਬਾਅਦ ਹਰਚਰਨ ਸਿੰਘ ਦੁਆਰਾ **ਪੁੰਨਿਆ ਦਾ ਚੰਨ** ਅਤੇ ਸ. ਸ. ਅਮੋਲ ਦੁਆਰਾ **ਪਤਿਤ ਪਾਵਨ** ਦੋ ਨਾਟਕ ਲਿਖੇ ਗਏ ਹਨ। ਇਨ੍ਹਾਂ ਨਾਟਕਾਂ ਵਿਚ ਪੂਰਵ ਨਾਨਕ ਸਮਾਜਿਕ-ਰਾਜਨੀਤਿਕ ਵਿਵਸਥਾ ਦੀ ਭਿਆਨਕਤਾ ਦੇ ਚਿਤਰਣ ਰਾਹੀਂ ਕਿਸੇ ਕਾਮਲ ਪੁਰਖ ਦੇ ਜਨਮ ਨੂੰ ਸਮੇਂ ਦੀ ਲੋੜ ਦੱਸਦੇ ਹੋਏ ਅੰਤ ਵਿਚ ਗੁਰੂ ਨਾਨਕ ਦੇ ਆਗਮਨ ਦਾ ਸੰਕੇਤ ਦਿੱਤਾ ਗਿਆ ਹੈ। ਇਹ ਦੋਵੇਂ ਨਾਟਕ ਇਸ ਕਰਕੇ ਮੰਚਿਤ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਸਿੱਖ ਗੁਰੂ ਅਗਰਭੂਮੀ ਪਾਤਰ ਰੂਪ ਵਿਚ ਨਹੀਂ ਹਨ। ਗੁਰੂ ਗੋਬਿੰਦ ਸਿੰਘ ਦੀ ਤੀਜੀ ਜਨਮ ਸ਼ਤਾਬਦੀ (1966) ਦੇ ਅਵਸਰ ਉਤੇ ਡਾ. ਗੁਰਦਿਆਲ ਸਿੰਘ ਫੁੱਲ ਨੇ ਧਾਰਮਿਕ ਪਾਬੰਦੀ ਦੀ ਇਸ ਚੁਨੌਤੀ ਨੂੰ ਕਬੂਲਦੇ ਹੋਏ ਅਗਰਭੂਮੀ ਨਾਇਕ ਰਹਿਤ ਪਹਿਲਾ ਨਾਟਕ **ਸਭੁ ਕਿਛੁ ਹੋਤ ਉਪਾਇ** (1967)




ਡਾ. ਜਸਪਾਲ ਕੌਰ ਦਿਉਲ
ਐਸੋਸੀਏਟ ਪ੍ਰੋਫ਼ੈਸਰ
ਥੀਏਟਰ ਅਤੇ
ਟੈਲੀਵਿਜ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ
jkdeolpup@
gmail.com
ਮੋ. : 9815984550,

ਲਿਖਿਆ। ਡਾ. ਫੁੱਲ ਨੇ ਨਾਟਕ ਦਾ ਸਿਰਲੇਖ ਚੇਤੰਨ ਤੌਰ 'ਤੇ ਗੁਰੂ ਤੇਗ ਬਹਾਦੁਰ ਦੀ ਬਾਣੀ ਵਿਚੋਂ ਲਿਆ ਹੈ। ਇਹ ਸ਼ਬਦ ਇਸ ਵਿਚਾਰ ਨੂੰ ਦ੍ਰਿੜਾਉਂਦਾ ਹੈ ਕਿ ਹਿੰਮਤੀ ਮਨੁੱਖ ਸਭ ਕੁਝ ਕਰ ਸਕਦਾ ਹੈ। ਨਾਟਕ ਵਿਚ ਇਕ ਤੰਬੂ ਵਿਚ ਰੋਸ਼ਨੀ ਰਾਹੀਂ ਗੁਰੂ ਦੀ ਮੰਚ ਉਤੇ ਯੋਜਨਾ ਕੀਤੀ ਜਾਂਦੀ ਹੈ। "ਅਕਾਲੀ ਇਸ ਨਾਟਕ ਨੂੰ ਖੇਡਣ ਨਹੀਂ ਸਨ ਦਿੰਦੇ, ਲੇਖਕ ਨੇ ਲਿਖਕੇ ਦਿੱਤਾ ਕਿ ਕਿਰਪਾਨਾਂ ਲੈ ਕੇ ਬੈਠ ਜਾਓ ਜੇ ਕੋਈ ਮਨਮਤੀ ਹੋਵੇ ਜਾਂ ਗੁਰਮਰਯਾਦਾ ਦੇ ਉਲਟ ਗੱਲ ਹੋਵੇ ਤਾਂ ਬੇਸ਼ਕ ਉਸ ਨੂੰ ਕਤਲ ਕਰ ਦਿੱਤਾ ਜਾਵੇ। ਉਹ ਪਹਿਲੇ ਮੰਚਣ 'ਤੇ ਪੰਡਾਲ ਦੀ ਪਹਿਲੀ ਕਤਾਰ ਵਿਚ ਤਲਵਾਰਾਂ ਲੈ ਕੇ ਬੈਠ ਗਏ ਤੇ ਸਾਰਾ ਨਾਟਕ ਵੇਖਿਆ ਤੇ ਅੰਤ ਵਿਚ ਕਿਹਾ ਜੋ ਸਿੱਖ ਪ੍ਰਚਾਰਕ ਤਿੰਨ ਸੌ ਸਾਲ ਵਿਚ ਨਾ ਕਰ ਸਕੇ ਇਸ ਨਾਟਕ ਨੇ ਪੌਣੇ ਦੋ ਘੰਟੇ ਵਿਚ ਕਰ ਦਿੱਤਾ ਇਹ ਮੰਚ 'ਤੇ ਬਹੁਤ ਸਫਲ ਹੋਇਆ। ਇਹ ਦੋ ਸੌ ਤੋਂ ਵੱਧ ਵਾਰ ਪੰਜਾਬ ਤੇ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਖੇਡਿਆ ਗਿਆ।"[3] ਇਹ ਹਵਾਲਾ ਇਸ ਗੱਲ ਦਾ ਪ੍ਰਮਾਣ ਹੈ ਕਿ ਸਾਹਸੀ ਅਤੇ ਚੇਤਨ ਲੋਕ ਹੀ ਆਪਣੇ ਵਿਰਸੇ ਨੂੰ ਅਗਾਂਹ ਲਿਜਾ ਸਕਦੇ ਹਨ। ਕਾਇਰ ਅਤੇ ਅਗਿਆਨੀ ਲੋਕ ਉਸ ਉਤੇ ਕੇਵਲ ਕਬਜ਼ਾ ਕਰ ਸਕਦੇ ਹਨ। ਡਾ. ਸੁਰਜੀਤ ਸਿੰਘ ਸੇਠੀ, ਫੁੱਲ ਦੇ ਇਸ ਯੋਗਦਾਨ ਬਾਰੇ ਲਿਖਦਾ ਹੈ, "ਧਾਰਮਿਕ ਨਾਟਕ ਲਿਖਣ ਦੀ ਜਾਚ ਵੀ ਪੰਜਾਬੀ ਨਾਟਕਕਾਰਾਂ ਨੂੰ ਫੁੱਲ ਸਾਹਿਬ ਨੇ ਦੱਸੀ ਹੈ। ਹੈਮਲਟ ਤੋਂ ਬਿਨਾ ਹੈਮਲਟ 'ਤੇ ਨਾਟਕ ਲਿਖਣਾ ਸ਼ਾਇਦ ਸ਼ੈਕਸਪੀਅਰ ਨੂੰ ਵੀ ਨਹੀਂ ਸੀ ਆਉਂਦਾ। ਡਾਕਟਰ ਫੁੱਲ ਦਾ ਨਾਟਕ ਗੁਰੂ ਨਾਨਕ ਬਾਰੇ ਸਭ ਕੁਝ ਦੱਸ ਦਿੰਦਾ ਹੈ ਤੇ ਉਹ ਸਟੇਜ 'ਤੇ ਵੀ ਨਹੀਂ ਆਉਂਦੇ।"[4] ਇਸ ਨਾਟ ਸ਼ਿਲਪ ਦਾ ਅਨੁਸਰਨ ਕਰਦਿਆਂ ਕਈ ਨਾਟਕਕਾਰਾਂ ਨੇ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਦਰਸ਼ਨ ਉਤੇ ਨਾਟਕ ਲਿਖੇ ਹਨ। ਇਹ ਨਾਟਕ ਮੰਚਿਤ ਵੀ ਹੋਏ ਹਨ। ਇਨ੍ਹਾਂ ਨਾਟਕਾਂ ਨੇ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਵਿਕਾਸ ਅਤੇ ਅਵਾਮ ਨੂੰ ਇਸ ਕਲਾ ਨਾਲ ਜੋੜਨ ਵਿਚ ਇਤਿਹਾਸਕ ਭੂਮਿਕਾ ਨਿਭਾਈ ਹੈ। ਹਥਲੇ ਅਧਿਐਨ ਵਿਚ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਦੋ ਨਾਟਕ **ਜਿਨ ਸਚੁ ਪਲੈ ਹੋਇ** ਕ੍ਰਿਤ ਗੁਰਦਿਆਲ ਸਿੰਘ ਫੁੱਲ ਅਤੇ **ਮਿਟੀ ਧੁੰਧੁ ਜਗਿ ਚਾਨਣੁ ਹੋਆ** ਕ੍ਰਿਤ ਹਰਚਰਨ ਸਿੰਘ ਸ਼ਾਮਿਲ ਹਨ। ਇਹ ਨਾਟਕ ਕ੍ਰਮਵਾਰ ਗੁਰਸ਼ਰਨ ਸਿੰਘ[5] ਅਤੇ ਹਰਪਾਲ ਟਿਵਾਣਾ[6] ਦੇ ਨਿਰਦੇਸ਼ਨ ਹੇਠ ਪੇਸ਼ ਹੋਏ ਹਨ। ਇਨ੍ਹਾਂ ਵਿਚੋਂ ਨਾਟਕ **ਜਿਨ ਸਚੁ ਪਲੈ ਹੋਇ** ਤੇਈ ਸੌ ਵਾਰੀ[7] ਪੇਸ਼ ਹੋ ਚੁੱਕਾ ਹੈ।

ਨਾਟਕ **ਜਿਨ ਸਚੁ ਪਲੈ ਹੋਇ** ਵਿਚ ਗੁਰੂ ਨਾਨਕ ਦੇ ਕਰਤਾਰਪੁਰ ਨਿਵਾਸ ਦੇ ਸਮੇਂ (ਜੂਨ, 1529-ਅਪ੍ਰੈਲ, 1530) ਨੂੰ ਕਾਲਪਨਿਕ ਕਥਾਨਕ ਰਾਹੀਂ ਪੇਸ਼ ਕੀਤਾ ਗਿਆ ਹੈ। ਯਥਾਰਥਵਾਦੀ ਸ਼ੈਲੀ ਵਿਚ ਲਿਖੇ ਇਸ ਨਾਟਕ ਨੂੰ ਤਿੰਨ ਅੰਕਾਂ ਦੇ ਅੰਤਰਗਤ ਪੰਜ ਝਾਕੀਆਂ ਵਿਚ ਵੰਡਿਆ ਗਿਆ ਹੈ। ਸਮੇਂ, ਸਥਾਨ ਅਤੇ ਕਾਰਜ ਦੀ ਅਨੇਕਤਾ ਹੈ। ਨਾਟਕ ਵਿਚ ਧੰਨ ਦੇਈ, ਭਗਵਾਨ, ਹਰੋ ਅਤੇ ਅਮਰ ਚਾਰ ਮੁੱਖ ਪਾਤਰਾਂ ਦੇ ਮੁੱਖ ਕਥਾਨਕ ਦੇ ਨਾਲ ਨਿਮਨ ਵਰਗ ਦੀ ਦਸ਼ਾ ਪੇਸ਼ ਕਰਨ ਹਿਤ ਲਿਖਿਆ ਰੂਪ ਬਸੰਤ ਦਾ ਉਪ-ਕਥਾਨਕ ਵੀ ਸਮਿਲਿਤ ਹੈ। ਗੁਰੂ ਨਾਨਕ ਪ੍ਰਿਸ਼ਟਭੂਮੀ ਪਾਤਰ ਹੈ। ਅਗਰਭੂਮੀ ਪਾਤਰਾਂ ਵਿਚ ਚਰਪਟ, ਪੀਪਾ, ਗੋਰਖ ਤਿੰਨ ਇਤਿਹਾਸਕ ਪਾਤਰਾਂ ਦੇ ਨਾਲ ਧੰਨ ਦੇਈ, ਭਗਵਾਨ, ਹਰੀਆ, ਹਰੋ, ਅਮਰ, ਅਲਾਉਦੀਨ, ਪੰਡਿਤ, ਪੁਜਾਰੀ, ਕਾਜ਼ੀ, ਰੂਪ, ਬਸੰਤ ਅਤੇ ਮੁਕਦਮ ਆਦਿ ਕਾਲਪਨਿਕ ਪਾਤਰ ਹਨ।

ਨਾਟਕ ਦੇ ਆਰੰਭ ਵਿਚ ਮੰਚ ਉੱਤੇ ਹਨੇਰੇ ਵਿਚ ਇਕ ਜੋਤ ਉਭਰਦੀ ਹੈ। ਕੁਝ ਪ੍ਰਤੀਕਾਤਮਿਕ ਧਾਰਮਿਕ ਪਾਤਰ ਜੋਤ ਨੂੰ ਫੂਕ, ਗ੍ਰੰਥ, ਚਿੱਪੀ ਅਤੇ ਤਲਵਾਰ ਨਾਲ ਬੁਝਾਉਣ ਦੀ ਬਹੁਤ ਕੋਸ਼ਿਸ਼ ਕਰਦੇ ਹਨ ਪਰੰਤੂ ਜੋਤ ਨਹੀਂ ਬੁਝਦੀ। ਇਹ ਪਾਤਰ ਜਦੋਂ ਜ਼ੋਰ ਲਾ ਕੇ ਹੰਭ ਜਾਂਦੇ ਹਨ ਉਦੋਂ ਜੋਤ ਵਿਚੋਂ **ਆਦਿ ਸਚੁ ਜੁਗਾਦਿ ਸਚੁ** ਮੂਲ ਮੰਤਰ ਦੀ ਆਵਾਜ਼ ਆਉਂਦੀ ਹੈ। ਇਸ ਤਰ੍ਹਾਂ ਇੱਥੇ ਗੁਰੂ ਨਾਨਕ ਨੂੰ ਰੌਸ਼ਨੀ, ਆਵਾਜ਼ ਅਤੇ ਮੂਕ ਅਭਿਨੈ ਰਾਹੀਂ ਪ੍ਰਤੀਕਾਤਮਿਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।

ਪਹਿਲੇ ਅੰਕ ਦੀ ਪਹਿਲੀ ਝਾਕੀ ਵਿਚ ਸਾਹੋਵਾਲ ਪਿੰਡ ਵਿਚ ਸੂਰਜ ਗ੍ਰਹਿਣ ਤੋਂ ਡਰਦੇ ਲੋਕ ਸਵੇਰੇ-ਸਵੇਰੇ ਪੁੰਨ ਦਾਨ ਕਰ ਰਹੇ ਹਨ। ਹਰੀਆ ਨਾਂ ਦਾ ਇਕ ਕਮਲਾ ਧੰਨ ਦੇਈ ਨਾਲ ਸੂਰਜ ਗ੍ਰਹਿਣ ਬਾਰੇ ਗੱਲ ਕਰਦਿਆਂ ਰਾਹੂ ਕੇਤੂ ਦੀ ਕਥਾ ਰਾਹੀਂ ਹਿੰਦੂ ਦੇਵਤਿਆਂ ਅਤੇ ਸ਼ਾਸਨ ਦੀਆਂ ਜ਼ਿਆਦਤੀਆਂ ਨਸ਼ਰ ਕਰਦਾ ਹੈ। ਹਰੀਏ ਦੇ ਸੰਵਾਦਾਂ ਤੋਂ ਸਾਹਮਣੇ ਆਉਂਦਾ ਹੈ ਕਿ ਬਾਬਰ ਦੇ ਹਮਲੇ

ਵਿਚ ਉਸਦੇ ਪਰਿਵਾਰ ਉੱਤੇ ਹੋਏ ਜਬਰ ਕਾਰਨ ਉਹ ਪਾਗਲ ਹੋਇਆ ਹੈ। ਹਰੀਆ ਨੀਮ ਪਾਗਲਾਂ ਵਾਲੀ ਹਾਲਤ ਵਿਚ ਪਿੰਡ ਵਿਚ ਘੁੰਮਦਾ ਰਹਿੰਦਾ ਹੈ। ਉਹ ਪਾਤਰਾਂ ਅਤੇ ਘਟਨਾਵਾਂ ਉਤੇ ਵਿਅੰਗ ਕਰਕੇ ਧਰਮ, ਸੱਤਾ, ਸਮਾਜ ਅਤੇ ਸ਼ਾਸਨ ਦੇ ਹਰ ਦੰਭ ਨੂੰ ਨੰਗਾ ਕਰਦਾ ਹੈ। ਇਸੇ ਦੌਰਾਨ ਖੱਤਰੀਆਂ ਦੇ ਮੁੰਡੇ ਅਮਰ ਜੋ ਆਪਣੀ ਮਾਂ ਹਰੋ ਦੇ ਕਰਮ ਕਾਂਡੀ ਵਿਵਹਾਰ ਤੋਂ ਪਰੇਸ਼ਾਨ ਹੋ ਕੇ ਘਰ ਛੱਡ ਗਿਆ ਸੀ, ਦੀ ਆਵਾਜ਼ ਵਿਚ ਪ੍ਰਿਸ਼ਟਭੂਮੀ ਤੋਂ ਸ਼ਬਦ *ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ* ਸੁਣਾਈ ਦਿੰਦਾ ਹੈ। ਅਮਰ ਧੰਨ ਦੇਈ ਦੇ ਘਰ ਆ ਕੇ ਦੱਸਦਾ ਹੈ ਕਿ ਉਹ ਕਰਤਾਰਪੁਰ ਤੋਂ ਆਇਆ ਹੈ ਜਿਥੇ ਨਾਨਕ ਨਾਂ ਦਾ ਇਕ ਸੰਤ ਲੋਕਾਈ ਨੂੰ ਬ੍ਰਹਮ ਗਿਆਨ ਨਾਲ ਨਿਹਾਲ ਕਰ ਰਿਹਾ ਹੈ। ਉਹ ਦੱਸਦਾ ਹੈ ਕਿ ਇਹ ਸੰਤ ਖੱਤਰੀਆਂ ਦੀ ਬੇਦੀ ਕੁਲ 'ਚੋਂ ਹੈ ਪਰੰਤੂ ਜਨੇਊ ਨਹੀਂ ਪਾਉਂਦਾ। ਉਹ ਔਰਤ ਅਤੇ ਨੀਵੀਂ ਜਾਤੀ ਦੇ ਲੋਕਾਂ ਨੂੰ ਸਤਿਕਾਰਤ ਮਨੁੱਖਾਂ ਦੇ ਰੂਪ ਵਿਚ ਦੇਖਦਾ ਹੈ। ਅਮਰ ਨਾਨਕ ਬਾਣੀ ਦੇ ਸ਼ਬਦਾਂ *ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ, ਸਭ ਮਹਿ ਜੋਤਿ ਜੋਤਿ ਹੈ ਸੋਇ* ਅਤੇ *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ* ਰਾਹੀਂ ਗੁਰੂ ਨਾਨਕ ਦੇ ਚਰਿੱਤਰ ਨੂੰ ਪੇਸ਼ ਕਰਦਾ ਹੈ। ਧੰਨ ਦੇਈ ਇਹ ਸਭ ਸੁਣ ਕੇ ਹੈਰਾਨ ਹੁੰਦੀ ਹੈ। ਅਮਰ ਕਹਿੰਦਾ ਹੈ ਕਿ ਉਹ ਆਪਣੇ ਨਾਨਕਿਆਂ ਦੇ ਝੰਡੂ ਜੁਲਾਹੇ ਅਤੇ ਦੌਲਤੀ ਮੋਚੀ ਦੇ ਮੁੰਡਿਆਂ ਰੂਪ ਬਸੰਤ ਨੂੰ ਕਰਤਾਰਪੁਰ ਲਿਜਾਣ ਵਾਸਤੇ ਆਇਆ ਹੈ। ਅਮਰ ਅਤੇ ਧੰਨ ਦੇਈ ਦੇ ਸੰਵਾਦ ਤੋਂ ਪਤਾ ਲਗਦਾ ਹੈ ਕਿ ਦੌਲਤੀ ਮੋਚੀ ਬਾਬਰ ਦੇ ਹਮਲੇ ਵਿਚ ਮਾਰਿਆ ਗਿਆ ਸੀ ਤੇ ਝੰਡੂ ਜੁਲਾਹੇ ਨੂੰ ਉਸਦੀ ਧੀ ਸੰਤੋ ਨੂੰ ਚੁਕਣ ਆਏ ਬਦਮਾਸ਼ਾਂ ਨੇ ਮਾਰ ਦਿੱਤਾ ਸੀ। ਝੰਡੂ ਦੀ ਪਤਨੀ ਗ਼ਮ ਵਿਚ ਮਰ ਗਈ ਸੀ। ਇਸ ਤਰ੍ਹਾਂ ਇਹ ਦੋਵੇਂ ਬੱਚੇ ਯਤੀਮ ਹੋ ਗਏ ਸਨ। ਉਸੇ ਵੇਲੇ ਹਰੋ ਆਉਂਦੀ ਹੈ। ਉਹ ਅਮਰ ਨੂੰ ਦੇਖ ਕੇ ਉਸਨੂੰ ਪੱਟਣ ਦਾ ਦੋਸ਼ ਧੰਨ ਦੇਈ ਸਿਰ ਮੜਦੀ ਹੋਈ ਉਸ ਨਾਲ ਲੜਦੀ ਹੈ। ਅਮਰ ਹਰੋ ਨੂੰ ਸਪਸ਼ਟ ਕਹਿੰਦਾ ਹੈ ਕਿ ਉਸਨੇ ਉਸਦੇ ਕਰਮ ਕਾਂਡਾਂ ਤੋਂ ਤੰਗ ਆ ਕੇ ਘਰ ਛੱਡਿਆ ਸੀ। ਇਸ ਤਰ੍ਹਾਂ ਗੁਰੂ ਨਾਨਕ ਨੂੰ ਮਿਲਣ ਤੋਂ ਬਾਅਦ ਅਮਰ ਦੀ ਸੋਚ ਵਿਚ ਪਰਿਵਰਤਨ ਆ ਚੁੱਕਾ ਹੈ। ਅਮਰ ਅਤੇ ਹਰੋ ਦੇ ਜਾਣ ਤੋਂ ਬਾਅਦ ਧੰਨ ਦੇਈ ਦਾ ਘਰਵਾਲਾ ਭਗਵਾਨ ਆਉਂਦਾ ਹੈ। ਉਹ ਵੀ ਉਸਨੂੰ ਨਾਨਕ ਦਾ ਮੱਕੇ ਵਾਲਾ ਬਿਰਤਾਂਤ ਸੁਣਾਉਂਦਾ ਹੈ। ਇਸ ਦੌਰਾਨ ਅਮਰ ਨੂੰ ਲੱਭਦਾ ਹੋਇਆ ਚੌਕੀਦਾਰ ਆਉਂਦਾ ਹੈ। ਉਹ ਦੱਸਦਾ ਹੈ ਕਿ ਅਮਰ ਨੂੰ ਨੰਬਰਦਾਰ ਨੇ ਬੁਲਾਇਆ ਹੈ ਕਿਉਂਕਿ ਉਹ ਨਹੀਂ ਚਾਹੁੰਦਾ ਕਿ ਪਿੰਡ ਵਿਚ ਕੋਈ ਕਰਤਾਰਪੁਰੀਏ ਸੰਤ ਦਾ ਪ੍ਰਚਾਰ ਕਰੇ। ਉਧਰ ਪਿੰਡ ਦੇ ਮੰਦਰ ਵਿਚ ਰੂਪ ਬਸੰਤ ਮੱਥਾ ਟੇਕਣ ਆਉਂਦੇ ਹਨ। ਉਸੇ ਵੇਲੇ ਇਕ ਸਿਪਾਹੀ ਆ ਕੇ ਧੱਕੇ ਨਾਲ ਪੁਜਾਰੀ ਤੋਂ ਹਾਰ ਲੈ ਕੇ ਮੱਥਾ ਟੇਕਦਾ ਹੈ। ਰੂਪ ਬਸੰਤ ਮੱਥਾ ਟੇਕਣ ਲਈ ਪੁਜਾਰੀ ਦੀਆਂ ਮਿੰਨਤਾਂ ਕਰਦੇ ਹਨ ਪਰ ਨੀਵੀਂ ਜਾਤੀ ਦੇ ਹੋਣ ਕਾਰਨ ਪੁਜਾਰੀ ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੰਦਾ। ਉਹ ਪੁਜਾਰੀ ਨਾਲ ਬਹਿਸ ਕਰਦੇ ਹਨ।

> ਰੂਪ : ਅਸੀਂ ਦੂਰੋਂ ਹੀ ਮੱਥਾ ਟੇਕ ਲੈਂਦੇ ਹਾਂ, ਲਾਗੇ ਨਹੀਂ ਜਾਂਦੇ। ਹੋਰ ਕੀ ਕਹਿੰਦੇ ਹੋ?
>
> ਪੁਜਾਰੀ : ਤੁਸੀਂ ਦੂਰੋਂ ਵੀ ਮੱਥਾ ਨਹੀਂ ਟੇਕ ਸਕਦੇ, ਸੁਣਿਆਂ। ਹਰ ਚੀਜ਼ ਸਾਰਿਆਂ ਲਈ ਨਹੀਂ ਹੁੰਦੀ।
>
> ਬਸੰਤ : ਪਰ ਮੰਦਰ ਤਾਂ ਸਾਰਿਆਂ ਲਈ ਹੋਣੇ ਚਾਹੀਦੇ ਨੇ, ਧਰਤੀ ਵਾਂਗ।[8]

"...ਸ਼੍ਰੀ ਕ੍ਰਿਸ਼ਨ ਜੀ ਨੇ ਸ੍ਰੀਮਦ ਭਗਵਤ ਗੀਤਾ ਵਿਚ ਕਰਮਯੋਗੀ ਦੇ ਆਦਰਸ਼ ਨੂੰ ਸੰਨਿਆਸ ਤੋਂ ਬਿਹਤਰ ਕਹਿ ਕੇ ਉਪਦੇਸ਼ ਦਿੱਤਾ ਸੀ, ਪਰ ਆਮ ਲੋਕ ਇਸ ਤੋਂ ਵਿਰਵੇ ਰਹਿ ਗਏ ਸਨ। ਹਿੰਦੂਆਂ ਵਿਚ ਸਰਬ ਉੱਤਮ ਵਿਚਾਰ ਧਰਮ ਅਤੇ ਆਤਮਿਕ ਉੱਨਤੀ ਦੇ ਲੁਕਾ ਕੇ ਰੱਖੇ ਜਾਂਦੇ ਸਨ। ਇਹ ਆਖ ਕੇ ਕਿ ਅਧਿਕਾਰੀ ਬਿਨਾਂ ਇਹ ਭੇਦ ਨਹੀਂ ਦੱਸੇ ਜਾ ਸਕਦੇ। ਆਮ ਹਿੰਦੂ ਜਨਤਾ ਵਹਿਮਾਂ, ਭਰਮਾਂ, ਰੀਤਾਂ, ਰਸਮਾਂ ਦੇ ਕਰਮ ਕਾਂਡ ਅਤੇ ਅਣਗਿਣਤ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਧੂਪ ਦੀਪ ਨਯੀਵੇਦ ਆਦਿਕ ਨਾਲ ਪੂਜਾ ਕਰਨਾ ਹੀ ਕਾਫੀ ਸਮਝਦੀ ਸੀ।"[9] "ਮਨੂਸਮ੍ਰਿਤੀ ਅਨੁਸਾਰ ਵੇਦ ਪੜ੍ਹਨ ਅਤੇ ਪੜ੍ਹਾਉਣ, ਯੱਗ ਕਰਨ ਅਤੇ ਕਰਾਉਣ, ਦਾਨ ਦੇਣ ਅਤੇ ਲੈਣ ਦਾ ਅਧਿਕਾਰ ਬ੍ਰਾਹਮਣ ਨੂੰ ਪ੍ਰਾਪਤ ਹੈ। ਵੇਦ ਪੜ੍ਹਨ, ਯੱਗ ਕਰਨ ਅਤੇ ਦਾਨ ਦੇਣ ਦਾ ਅਧਿਕਾਰ ਕਸ਼ੱਤਰੀ ਅਤੇ ਵੈਸ਼ ਨੂੰ

ਪ੍ਰਾਪਤ ਹੈ। ਸ਼ੂਦਰ ਦਾ ਇਕ ਹੀ ਕਰਮ ਪਹਿਲੇ ਤਿੰਨ ਵਰਨਾਂ ਦੀ ਨਿਸ਼ਕਪਟ ਸੇਵਾ ਕਰਨਾ ਦੱਸਿਆ ਗਿਆ ਹੈ।"[10] ਇਸ ਤਰ੍ਹਾਂ ਇਹ ਬੱਚੇ ਪੁਜਾਰੀ ਅਨੁਸਾਰ ਮੰਦਰ ਵਿਚ ਮੱਥਾ ਟੇਕਣ ਦੇ ਅਧਿਕਾਰੀ ਨਹੀਂ ਹਨ। ਰੂਪ ਬਸੰਤ ਅੰਤ ਬੇਵਸ ਹੋ ਕੇ ਚਲੇ ਜਾਂਦੇ ਹਨ। ਅਮਰ ਰੂਪ ਬਸੰਤ ਨੂੰ ਲੱਭਦਾ ਹੋਇਆ ਮੰਦਰ ਵੱਲ ਆਉਂਦਾ ਹੈ। ਨੀਵੀਂ ਜਾਤੀ ਲਈ ਸਨੇਹ ਦੇਖ ਕੇ ਪੁਜਾਰੀ ਅਮਰ ਨੂੰ ਤਾੜਦਾ ਹੈ। ਅਮਰ ਉਸਨੂੰ ਕਹਿੰਦਾ ਹੈ ਕਿ ਗੁਰੂ ਨਾਨਕ ਅਨੁਸਾਰ ਉਹ ਮੇਰੇ ਭਰਾ ਹਨ। ਪੁਜਾਰੀ ਇਹ ਸੁਣ ਕੇ ਕ੍ਰੋਧਿਤ ਹੋ ਜਾਂਦਾ ਹੈ। ਅਮਰ *ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ* ਸ਼ਬਦ ਉਚਾਰਦਾ ਹੋਇਆ ਪ੍ਰਸਥਾਨ ਕਰਦਾ ਹੈ। ਇਸ ਤਰ੍ਹਾਂ ਸਮੁੱਚਾ ਘਟਨਾਕ੍ਰਮ ਸਮਕਾਲੀਨ ਸਮਾਜ ਵਿਚ ਵਿਆਪਤ ਜਬਰ, ਜਹਾਲਤ, ਅੰਧਕਾਰ, ਅਨਿਆਂ, ਡਰ, ਕਾਇਰਤਾ ਅਤੇ ਵਿਤਕਰੇ ਨੂੰ ਰੂਪਮਾਨ ਕਰਦਾ ਹੈ।

ਦੂਜੀ ਝਾਕੀ ਵਿਚ ਰੂਪ ਬਸੰਤ ਪਿੰਡ ਦੇ ਖੂਹ 'ਤੇ ਖੜੇ ਹਰੋ ਕੋਲੋਂ ਪੀਣ ਲਈ ਪਾਣੀ ਮੰਗ ਰਹੇ ਹਨ। ਨੀਵੀਂ ਜਾਤੀ ਦੇ ਹੋਣ ਕਾਰਨ ਹਰੋ ਉਨ੍ਹਾਂ ਨੂੰ ਪਾਣੀ ਦੇਣ ਤੋਂ ਨਾਂਹ ਕਰ ਦਿੰਦੀ ਹੈ। ਅਚਨਚੇਤ ਰੂਪ ਉਸਦੇ ਘੜੇ ਨਾਲ ਛੋਹ ਜਾਂਦਾ ਹੈ। ਘੜਾ ਭਿੱਟੇ ਜਾਣ ਕਾਰਨ ਉਹ ਉਸ ਤੋਂ ਪੈਸੇ ਮੰਗਦੀ ਹੈ। ਪੈਸੇ ਨਾ ਦੇਣ 'ਤੇ ਉਹ ਰੂਪ ਦੇ ਸਿਰ ਤੋਂ ਪੱਗ ਲਾਹ ਲੈਂਦੀ ਹੈ। ਬੱਚੇ ਜਾਤੀਗਤ ਭੇਦ ਭਾਵ ਬਾਰੇ ਉਸ ਨਾਲ ਬਹਿਸ ਕਰਦੇ ਹਨ। ਇਸ ਸਮੇਂ "ਹਿੰਦੂ ਨਾ ਕੇਵਲ ਚਹੁੰ ਵਰਨਾਂ ਵਿਚ ਵੰਡੇ ਹੋਏ ਸਨ ਸਗੋਂ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਆਪੋ ਵਿਚ ਵੀ ਕਈ ਜ਼ਾਤਾਂ ਵਿਚ ਤਕਸੀਮ ਸਨ। ਇਕੋ ਵਰਣ ਦੀਆਂ ਜ਼ਾਤਾਂ ਵਿਚ ਵੀ ਉਚੀਆਂ-ਨੀਵੀਆਂ ਜ਼ਾਤਾਂ ਦਾ ਵਿਚਾਰ ਪਸਰ ਗਿਆ ਸੀ। ਇਨ੍ਹਾਂ ਚਹੁੰ ਵਰਨਾਂ ਤੋਂ ਵੱਖਰਾ ਇਕ ਤਬਕਾ ਚੰਡਾਲਾਂ ਦਾ ਸੀ ਜਿਨ੍ਹਾਂ ਨਾਲ ਛੋਹਣਾ ਵੀ ਅਪਵਿੱਤਰ ਕਰ ਦਿੰਦਾ ਸੀ।"[11] ਉਸੇ ਵੇਲੇ ਇਕ ਸਿਪਾਹੀ ਆ ਕੇ ਧੱਕੇ ਨਾਲ ਹਰੋ ਤੋਂ ਪਾਣੀ ਪੀਂਦਾ ਹੈ, ਉਸਦਾ ਘੜਾ ਤੋੜਦਾ ਹੈ ਤੇ ਉਸਦੀ ਬੇਪੱਤੀ ਵੀ ਕਰਦਾ ਹੈ। ਹਰੋ ਚੁਪ ਚਾਪ ਇਸ ਧੱਕੇ ਅਤੇ ਬੇਪੱਤੀ ਨੂੰ ਸਹਿ ਜਾਂਦੀ ਹੈ। ਇਸੇ ਦੌਰਾਨ ਖੂਹ ਉਤੇ ਕਾਜ਼ੀ ਆਉਂਦਾ ਹੈ। ਉਹ ਰੂਪ ਬਸੰਤ ਨੂੰ ਪਾਣੀ ਲੈਣ ਵਾਸਤੇ ਧਰਮ ਪਰਿਵਰਤਨ ਲਈ ਕਹਿੰਦਾ ਹੈ। "ਮੁਸਲਮਾਨਾਂ ਵਿਚ ਇਕ ਰੱਬ ਦੇ ਸਭ ਦੇ ਪਿਤਾ ਹੋਣ ਅਤੇ ਸਾਰੇ ਆਪੋ ਵਿਚ ਭਾਈ ਭਾਈ ਹੋਣ ਦਾ ਅਸੂਲ ਪ੍ਰਚਾਰਿਆ ਗਿਆ ਸੀ, ਪਰੰਤੂ ਅਮਲੀ ਤੌਰ 'ਤੇ ਭਰਾ ਹੋਣ ਦੀ ਪਦਵੀ ਉਸੇ ਨੂੰ ਮਿਲਦੀ ਸੀ, ਜੋ ਮੁਸਲਮਾਨ ਬਣ ਜਾਏ। ਇਸ ਲਈ ਹਿੰਦੂ ਜਾਤੀਆਂ, ਜਿਨ੍ਹਾਂ ਨੂੰ ਨੀਵਾਂ ਮੰਨਿਆ ਜਾਂਦਾ ਸੀ ਉਨ੍ਹਾਂ ਮੁਸਲਮਾਨ ਭਾਈਚਾਰੇ ਵਿਚ ਬਰਾਬਰੀ ਦੀ ਪਦਵੀ ਪ੍ਰਾਪਤ ਕਰਨ ਦੇ ਖਿਆਲ ਨਾਲ ਇਸਲਾਮ ਕਬੂਲ ਕਰ ਲਿਆ ਦੋਹਾਂ ਸਮਾਜਾਂ ਵਿਚ ਕਾਫੀ ਖਿਚੋਤਾਣ ਹੋਣ ਕਰਕੇ ਬੜੀ ਵਿੱਥ ਸੀ।"[12] ਰੂਪ ਬਸੰਤ ਧਰਮ ਪਰਿਵਰਤਨ ਲਈ ਕਾਜ਼ੀ ਨੂੰ ਨਾਂਹ ਕਰ ਦਿੰਦੇ ਹਨ। ਉਧਰ ਗੁਰੂ ਨਾਨਕ ਦੇ ਨੀਵੀਂ ਜਾਤੀ ਦੇ ਲੋਕਾਂ ਅਤੇ ਮੁਸਲਮਾਨਾਂ ਨਾਲ ਵਧ ਰਹੇ ਮੇਲ ਮਿਲਾਪ ਕਾਰਨ ਪੰਡਿਤ ਅਤੇ ਪੁਜਾਰੀ ਪਰੇਸ਼ਾਨ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਅੱਗੇ ਕਾਜ਼ੀ ਮਿਲਦਾ ਹੈ ਜੋ ਦੱਸਦਾ ਹੈ ਕਿ ਸਰਕਾਰ ਨਾਨਕ ਦੇ ਖ਼ਿਲਾਫ਼ ਕਾਰਵਾਈ ਕਰਨਾ ਚਾਹੁੰਦੀ ਹੈ। ਤਰਕੀਬ ਇਹ ਬਣਦੀ ਹੈ ਕਿ ਨਾਨਕ ਦੇ ਕਿਸੇ ਨਵੇਂ ਚੇਲੇ ਨੂੰ ਫੜਿਆ ਜਾਵੇ ਤੇ ਫਿਰ ਉਸਦੇ ਜ਼ਰੀਏ ਨਾਨਕ ਨੂੰ ਸਬਕ ਸਿਖਾਇਆ ਜਾਵੇ। ਇਸੇ ਸਮੇਂ ਅਲਾਉਦੀਨ ਨਾਂ ਦਾ ਇਕ ਮੁਸਲਮਾਨ ਜੋ ਕਾਜ਼ੀ ਦੇ ਕਹਿਣ 'ਤੇ ਕਰਤਾਰਪੁਰੋਂ ਪੜਤਾਲ ਕਰਕੇ ਆਇਆ ਹੈ, ਉਨ੍ਹਾਂ ਨੂੰ ਮਿਲਦਾ ਹੈ। ਕਾਜ਼ੀ ਦੁਆਰਾ ਕਰਤਾਰਪੁਰ ਬਾਰੇ ਪੁੱਛਣ 'ਤੇ ਉਹ ਦੱਸਦਾ ਹੈ:

> ਅਲਾਉਦੀਨ : ਉਥੇ ਤਾਂ ਹਿੰਦੂ-ਮੁਸਲਮਾਨ, ਚੂਹੜੇ-ਚੁਮਾਰ, ਭਾਵ ਹਰ ਜ਼ਾਤ ਦੇ ਲੋਕ ਇਕੱਠੇ ਘਿਉ ਖਿਚੜੀ ਵਾਂਗ ਰਹਿੰਦੇ ਨੇ। ਰਲ ਕੇ ਕੰਮ ਕਰਦੇ ਨੇ। ਸਵੇਰੇ ਸ਼ਾਮ ਪੀਰ ਨਾਨਕ ਨਾਲ ਰਲ ਕੇ ਇਬਾਦਤ ਵਿਚ ਸ਼ਾਮਲ ਹੁੰਦੇ ਨੇ।
>
> ਕਾਜ਼ੀ : ਮੈਂ ਨਹੀਂ ਮੰਨਦਾ। ਭਾਂਤ ਭਾਂਤ ਦੀ ਲਕੜੀ ਕਿਵੇਂ ਮਿਲ ਕੇ ਰਹਿ ਸਕਦੀ ਏ? ਵੱਖ ਵੱਖ ਮਜ਼ਬ ਵਾਲੇ ਕਿਵੇਂ ਇਕੱਠੇ ਰਹਿ ਸਕਦੇ ਨੇ? ਇਕੱਠੇ ਕੰਮ ਕਰ ਸਕਦੇ ਨੇ? ਇਕੱਠੇ ਖਾ ਸਕਦੇ ਨੇ?
>
> ਅਲਾਉਦੀਨ : ਜੀ ਉਥੇ ਤਾਂ ਕਹਿੰਦੇ ਨੇ ਕਾਜ਼ੀ ਸਾਹਿਬ। ਬੜੀ ਨਫੀਸ ਥਾਂ ਏ। ਉਹ ਆਪ ਬੜੇ ਕਰਾਮਾਤੀ ਫਕੀਰ ਸਾਈਂ ਨੇ।
>
> ਕਾਜ਼ੀ : ਅਲਾਉਦੀਨ ਤੂੰ ਪੜਤਾਲ ਕਰਨ ਗਿਆ ਸੀ। ਤੂੰ ਵੀ ਉਸ

ਕਾਫਰ ਦੇ ਝਾਂਸੇ ਵਿਚ ਫਸ ਗਿਐਂ।
ਅਲਾਉਦੀਨ : ਝਾਂਸੇ ਵਿਚ ਨਹੀਂ ਜੀ, ਮੈਂ ਸੱਚੀਂ ਕਰਤਾਰਪੁਰ ਦੀ ਜ਼ਿੰਦਗੀ 'ਤੇ ਆਸ਼ਕ ਹੋ ਗਿਆ ਹਾਂ। ਉਥੇ ਆਰਾਮ ਏ। ਦਿਲ ਦਾ ਸਕੂੰ ਏ, ਰਾਹਤ ਏ।
ਕਾਜ਼ੀ : ਅਲਾਉਦੀਨ! ਤੂੰ ਆਪਣੇ ਪਾਕ ਦੀਨ ਦੀ ਤੌਹੀਨ ਕਰ ਰਿਹਾ ਏਂ। ਪਤੈ ਇਸ ਦੀ ਕੀ ਸਜ਼ਾ ਏ।
ਅਲਾਉਦੀਨ : ਮੈਂ ਕੋਈ ਤੌਹੀਨ ਨਹੀਂ ਕਰ ਰਿਹਾ। ਉਸ ਨੂੰ ਹਿੰਦੂ, ਮੋਮਣ ਦੋਵੇਂ ਬੜੇ ਪਿਆਰੇ ਨੇ। ਮੈਂ ਆਪਣਾ ਦੀਨ ਨਹੀਂ ਤਿਆਗ ਰਿਹਾ, ਸਗੋਂ ਦੀਨ ਦੇ ਰਾਖੇ ਕੋਲ ਜਾਣਾ ਚਾਹੁੰਦਾ ਹਾਂ।[13]

ਅਲਾਉਦੀਨ ਦੇ ਵਿਚਾਰ ਸੁਣ ਕੇ ਕਾਜ਼ੀ ਕ੍ਰੋਧਿਤ ਹੋ ਜਾਂਦਾ ਹੈ ਤੇ ਉਸਨੂੰ ਕੁੱਤਿਆਂ ਅਗੇ ਪੁਆਉਣ ਦੀ ਧਮਕੀ ਦਿੰਦਾ ਹੈ। ਅਲਾਉਦੀਨ ਇਹ ਕਹਿ ਕੇ ਕਿ ਪੁਆ ਦਿਉ ਚਲਾ ਜਾਂਦਾ ਹੈ। ਪ੍ਰਿਸ਼ਟਭੂਮੀ ਤੋਂ ਅਲਾਉਦੀਨ ਦੀ ਆਵਾਜ਼ ਵਿਚ ਨਾਨਕ ਬਾਣੀ ਦਾ ਸ਼ਬਦ *ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ* ਉਭਰਦਾ ਹੈ। ਗੁਰੂ ਨਾਨਕ ਨੂੰ ਮਿਲਣ ਉਪਰੰਤ ਅਲਾਉਦੀਨ ਦੀ ਸੋਚ ਵਿਚ ਪਰਿਵਰਤਨ ਆ ਚੁੱਕਾ ਹੈ। ਕਾਜ਼ੀ ਉਸ ਬਾਰੇ ਕਰੜੀ ਕਾਰਵਾਈ ਕਰਨ ਲਈ ਪ੍ਰਸਥਾਨ ਕਰਦਾ ਹੈ। ਪੰਡਿਤ ਅਤੇ ਪੁਜਾਰੀ ਵੀ ਨਾਨਕ ਬਾਰੇ ਕੋਈ ਠੋਸ ਕਾਰਵਾਈ ਕਰਨ ਦੀ ਗੱਲ ਕਰਦੇ ਹਨ। ਸਥਿਤੀ ਇਹ ਨਸ਼ਰ ਕਰਦੀ ਹੈ ਕਿ ਕਿਸ ਤਰ੍ਹਾਂ ਹਰ ਯੁੱਗ ਵਿਚ ਅਖੌਤੀ ਧਾਰਮਿਕ ਸ਼ਕਤੀਆਂ ਅਤੇ ਸੱਤਾਧਾਰੀ ਲੋਕ ਆਪਣੇ ਸਾਰੇ ਮਤਭੇਦ ਭੁਲਾ ਸੱਚੇ ਮਨੁੱਖ ਦੇ ਖ਼ਿਲਾਫ਼ ਇਕੱਠੇ ਹੋ ਜਾਂਦੇ ਹਨ ਤੇ ਨਵੇਂ ਵਿਚਾਰਾਂ ਨੂੰ ਫੈਲਣ ਤੋਂ ਰੋਕਣ ਲਈ ਆਪਣੀ ਪੂਰੀ ਵਾਹ ਲਾ ਦਿੰਦੇ ਹਨ। ਇਥੇ ਸਿਪਾਹੀ ਦੇ ਪ੍ਰਸੰਗ ਰਾਹੀਂ ਜਿਥੇ ਸੱਤਾ ਦੇ ਧਰਮ ਅਤੇ ਲੋਕਾਈ ਉਤੇ ਦਾਬੇ ਨੂੰ ਦਿਖਾਇਆ ਗਿਆ ਹੈ ਉਥੇ ਪੁਜਾਰੀ ਅਤੇ ਹਰੋ ਦੇ ਪਾਤਰਾਂ ਰਾਹੀਂ ਸਵਰਨ ਜਾਤੀਆਂ ਦੇ ਦੋਗਲੇ ਚਰਿੱਤਰ ਅਤੇ ਕਾਇਰਤਾ ਨੂੰ ਵੀ ਪੇਸ਼ ਕੀਤਾ ਗਿਆ ਹੈ।

ਦੂਜੇ ਅੰਕ ਦੀ ਪਹਿਲੀ ਝਾਕੀ ਵਿਚ ਧੰਨ ਦੇਈ ਤੇ ਭਗਵਾਨ ਪਰੇਸ਼ਾਨ ਦਿਖਾਈ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਿੰਡ ਦੇ ਇਕ ਸਾਂਈ ਦੇ ਕਤਲ ਵਿਚ ਝੂਠੀ ਗਵਾਹੀ ਦੇਣ ਲਈ ਧਮਕਾਇਆ ਜਾ ਰਿਹਾ ਹੈ। ਦੋਵੇਂ ਸੋਚਦੇ ਹਨ ਕਿ ਕਿਸੇ ਤਰ੍ਹਾਂ ਇਸ ਕੂੜ ਦੇ ਮਾਹੌਲ ਤੋਂ ਬਚਿਆ ਜਾਵੇ ਪਰੰਤੂ ਉਨ੍ਹਾਂ ਨੂੰ ਕੋਈ ਦਰਦੀ ਨਜ਼ਰ ਨਹੀਂ ਆਉਂਦਾ। ਉਨ੍ਹਾਂ ਨੇ ਸੁਣਿਆ ਹੈ ਕਿ ਕੂੜ ਪ੍ਰਧਾਨ ਸਮੇਂ ਵਿਚ ਕਿਸੇ ਮਹਾਂਪੁਰਖ ਦਾ ਜਨਮ ਜ਼ਰੂਰ ਹੁੰਦਾ ਹੈ। ਚੌਕੀਦਾਰ ਭਗਵਾਨ ਨੂੰ ਅਮਰ ਬਾਰੇ ਪੁੱਛ ਗਿੱਛ ਕਰਨ ਲਈ ਬੁਲਾਉਣ ਆਇਆ ਘਰੋਂ ਧੱਕੇ ਨਾਲ ਕੋਤਵਾਲ ਦੇ ਆਦਮੀ ਲਈ ਦੁੱਧ ਦਾ ਕਾੜਨਾ ਚੁੱਕ ਕੇ ਲੈ ਜਾਂਦਾ ਹੈ। ਭਗਵਾਨ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਕਾਇਰ ਹਨ ਇਸੇ ਲਈ ਜਰਵਾਣੇ ਉਨ੍ਹਾਂ ਨਾਲ ਧੱਕਾ ਕਰ ਰਹੇ ਹਨ। ਧੰਨ ਦੇਈ ਘਰ ਅੱਗੇ ਕੀਤੇ ਟੂਣੇ ਦੇ ਉਪਾਅ ਲਈ ਕਿਸੇ ਔਲੀਏ ਦੀ ਤਲਾਸ਼ ਵਿਚ ਨਿਕਲਦੀ ਹੈ। ਉਧਰ ਹਰੋ ਵੀ ਅਮਰ ਨੂੰ ਵਸ ਵਿਚ ਕਰਨ ਲਈ ਗੌਂਸ[14] ਕੋਲ ਉਪਾਅ ਕਰਾਉਣ ਲਈ ਜਾਂਦੀ ਹੈ। "ਗੁਰੂ ਨਾਨਕ ਦੇ ਆਗਮਨ ਸਮੇਂ ਬੁੱਧ ਧਰਮ ਇਥੇ ਲਗਭਗ ਖਤਮ ਹੀ ਹੋ ਚੁਕਿਆ ਸੀ। ਬ੍ਰਾਹਮਣਵਾਦ ਪ੍ਰਧਾਨ ਸੀ। ਜੈਨੀ ਸਨ ਥੋੜ੍ਹੇ ਥੋੜ੍ਹੇ ਕਿਸੇ ਕਿਸੇ ਸ਼ਹਿਰ ਵਿਚ, ਪਰ ਉਹ ਹਿੰਦੂ ਭਾਈਚਾਰੇ ਦਾ ਇਕ ਭਾਗ ਬਣ ਗਏ ਸਨ। ਦੋ ਹੀ ਧਰਮ ਬਹੁ ਗਿਣਤੀ ਵਿਚ ਸਨ, ਹਿੰਦੂ ਅਤੇ ਮੁਸਲਮਾਨ। ਪਰੰਤੂ ਗੋਰਖ ਪੰਥੀ ਕੰਨ ਪਾਟੇ ਜੋਗੀਆਂ ਦਾ ਆਮ ਜਨਤਾ, ਹਿੰਦੂ ਅਤੇ ਮੁਸਲਮਾਨ ਦੋਹਾਂ 'ਤੇ ਕਾਫੀ ਪ੍ਰਭਾਵ ਸੀ। ਲੋਕਾਂ ਦਾ ਖਿਆਲ ਸੀ ਕਿ ਉਨ੍ਹਾਂ ਪਾਸ ਸਿੱਧੀਆਂ ਅਰਥਾਤ ਕਰਾਮਾਤੀ ਸ਼ਕਤੀਆਂ ਹਨ। ਜੋਗੀ ਜੰਤਰਾਂ, ਮੰਤਰਾਂ ਅਤੇ ਤੰਤਰਾਂ ਦੀ ਵਰਤੋਂ ਰਾਹੀਂ ਵੀ ਜਨਤਾ ਵਿਚ ਉੱਘੇ ਸਨ। ਜੋਗੀਆਂ ਦੇ ਵਰ ਤੋਂ ਬਰਕਤਾਂ ਹਾਸਲ ਕਰਨ ਦੇ ਲਾਲਚ ਨਾਲ ਜਾਂ ਸਰਾਪ ਦੇ ਡਰ ਤੋਂ ਲੋਕ ਉਨ੍ਹਾਂ ਦੀ ਸੇਵਾ ਕਰਦੇ ਅਤੇ ਕੋਈ ਕੋਈ ਗੁਰੂ ਵੀ ਧਾਰ ਲੈਂਦੇ ਸਨ। ਮੁਸਲਮਾਨ ਅਤੇ ਹਿੰਦੂ ਦੋਹਾਂ ਧਰਮਾਂ ਦੇ ਲੋਕ ਇਸ ਪੰਥ ਵਿਚ ਕਬੂਲ ਕਰ ਲਏ ਜਾਂਦੇ ਸਨ।"[15] ਸਮਕਾਲੀਨ ਸਮਾਜ ਦੀ ਇਸ ਸਥਿਤੀ ਦੇ ਚਿਤਰਣ ਲਈ ਇਥੇ ਪ੍ਰਿਸ਼ਟਭੂਮੀ ਆਵਾਜ਼ਾਂ ਰਾਹੀਂ ਪਾਖੰਡੀ ਸਾਧੂਆਂ ਦੀ ਲੜਾਈ ਦਿਖਾਈ ਗਈ ਹੈ। ਉਹ ਚੇਲਿਆਂ, ਰੋਗੀਆਂ ਅਤੇ ਥਾਂ ਪਿੱਛੇ ਆਪਸ ਵਿਚ ਲੜ ਰਹੇ ਹਨ। ਲੜਾਈ ਤੋਂ ਬਾਅਦ ਇਕ ਗੌਂਸ ਆਉਂਦਾ ਹੈ ਜਿਸ ਦੇ ਸਵਾਗਤ ਤੋਂ ਪਤਾ ਲਗਦਾ ਹੈ ਕਿ ਉਹ ਬੜਾ ਘੁਮੰਡੀ ਹੈ। ਹਰੋ ਉਸਨੂੰ ਸੋਨੇ ਦਾ

ਤਵੀਤ ਭੇਂਟ ਕਰਦੀ ਹੈ। ਉਹ ਉਸਨੂੰ ਰਾਖ਼, ਸੰਧੂਰ ਆਦਿ ਚੀਜ਼ਾਂ ਟੂਣਾ ਕਰਨ ਲਈ ਤੇ ਇਕ ਤਵੀਤ ਕੱਚੀ ਲੱਸੀ ਵਿਚ ਘੋਲ ਕੇ ਪੀਣ ਲਈ ਦਿੰਦਾ ਹੈ। ਹਰੋ ਤੋਂ ਬਾਅਦ ਉਸੇ ਗੌਂਸ ਕੋਲ ਰੂਪ ਬਸੰਤ ਆਪਣੀ ਕਿਸਮਤ ਬਾਰੇ ਪੁੱਛਣ ਆਉਂਦੇ ਹਨ ਤੇ ਉਸਨੂੰ ਇਕ-ਇਕ ਦਮੜੀ ਭੇਂਟ ਕਰਦੇ ਹਨ। ਗਰੀਬ ਬੱਚਿਆਂ ਨੂੰ ਲਾਲਚੀ ਗੌਂਸ ਕੋਈ ਰਾਹ ਨਹੀਂ ਦਿੰਦਾ ਤੇ ਉਨ੍ਹਾਂ ਨੂੰ ਟਾਲਣ ਲਈ ਦੂਜੇ ਦਿਨ ਸੱਤਾਂ ਖੂਹਾਂ ਦਾ ਪਾਣੀ ਲੈ ਕੇ ਆਉਣ ਲਈ ਕਹਿੰਦਾ ਹੈ। ਉਸੇ ਵੇਲੇ ਅਮਰ ਆ ਕੇ ਬੱਚਿਆਂ ਨੂੰ ਗੁੰਮਰਾਹ ਕਰਨ ਲਈ ਗੌਂਸ ਨੂੰ ਲਾਹਣਤਾਂ ਪਾਉਂਦਾ ਹੈ। ਉਹ ਰੂਪ ਬਸੰਤ ਨੂੰ ਕਰਤਾਰਪੁਰ ਲਿਜਾਣ ਲਈ ਨਾਲ ਲੈ ਜਾਂਦਾ ਹੈ। ਗੌਂਸ ਉਥੋਂ ਨਾਲ ਲਗਦੇ ਮੇਲੇ ਲਈ ਪ੍ਰਸਥਾਨ ਕਰਦਾ ਹੈ। ਧੰਨ ਦੇਈ ਉਥੇ ਪਹੁੰਚਦੀ ਹੈ ਤੇ ਗੌਂਸ ਦੇ ਨਾ ਮਿਲਣ ’ਤੇ ਪਰੇਸ਼ਾਨੀ ਵਿਚ ਘਰ ਪਰਤਦੀ ਹੈ। ਘਰ ਅੱਗੇ ਹਰੋ ਦੁਆਰਾ ਕੀਤੇ ਟੂਣੇ ਨੂੰ ਦੇਖ ਕੇ ਦੁਖੀ ਹੁੰਦੀ ਹੈ। ਸਾਰੀ ਝਾਕੀ ਵਿਚ ਪ੍ਰਿਸ਼ਟਭੂਮੀ ਆਵਾਜ਼ਾਂ ਰਾਹੀਂ ਕਰਮ ਕਾਂਡ ਦੇ ਵਾਤਾਵਰਣ ਨੂੰ ਸਿਰਜਿਆ ਜਾਂਦਾ ਹੈ। ਇਸ ਸੰਬੰਧੀ ਇਕ ਨਮੂਨਾ ਦੇਖਿਆ ਜਾ ਸਕਦਾ ਹੈ:

> ਆਵਾਜ਼ : ਤੂੰ ਮੂਰਤੀ ਪੂਜਾ ਨਹੀਂ ਕਰਦਾ, ਘੋਰ ਨਰਕ ਵਿਚ ਸੜੇਂਗਾ। ਤੂੰ ਸਰਾਧ ਨਹੀਂ ਕਰਾਉਂਦਾ ਪਿਤਰ ਆ ਕੇ ਤੈਨੂੰ ਘੇਰ ਲੈਣਗੇ। ਤੂੰ ਵਰਤ ਨਹੀਂ ਰਖਦਾ ਜਮਾਂ ਦੇ ਵਸ ਪਵੇਂਗਾ।
>
> ਹੋਰ : (ਖਰ੍ਹਵੀ ਆਵਾਜ਼) ਮੂਰਤੀ ਪੂਜਾ ਮਨ੍ਹਾ ਹੈ, ਜਿਹੜਾ ਕਰੇਗਾ ਸਜ਼ਾ ਦਾ ਹੱਕਦਾਰ ਹੋਵੇਗਾ।
>
> ਭਗਵਾਨ : ਇਹ ਆਵਾਜ਼ਾਂ ਖਾ ਲੈਣਗੀਆਂ ਸਾਨੂੰ।
>
> ਧੰਨ ਦੇਈ : ਇਹੋ ਅੰਨ੍ਹੇਰਾ ਸਿਰਜੀ ਜਾ ਰਹੀਆਂ ਨੇ। ਸਾਡਾ ਰੂਪ ਖਾਈ ਜਾ ਰਹੀਆਂ ਨੇ, ਸਾਡਾ ਨੂਰ ਝੁਲਸੀ ਜਾ ਰਹੀਆਂ ਨੇ।[16]

ਭਗਵਾਨ ਉਸਨੂੰ ਇਸ ਸਭ ਬਾਰੇ ਸੋਚਣ ਤੋਂ ਰੋਕਦਾ ਹੈ ਤੇ ਆਪਣੇ ਅਚਲ ਵਟਾਲੇ ਦੇ ਮੇਲੇ ਜਾਣ ਬਾਰੇ ਦੱਸਦਾ ਹੈ। ਦੋਵੇਂ ਮੇਲੇ ਜਾਣ ਲਈ ਤਿਆਰ ਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਉੱਥੇ ਕਰਤਾਰਪੁਰੀਏ ਸੰਤ ਗੁਰੂ ਨਾਨਕ ਵੀ ਆ ਰਹੇ ਹਨ। ਇਸ ਤਰ੍ਹਾਂ ਇਹ ਝਾਕੀ ਵੀ ਸਮਕਾਲੀਨ ਸਮਾਜਿਕ ਰਾਜਨੀਤਿਕ ਵਿਵਸਥਾ ਵਿਚ ਵਿਆਪਤ ਜਬਰ ਅਤੇ ਧਾਰਮਿਕ ਲੁੱਟ ਨੂੰ ਪੂਰਨ ਰੂਪ ਵਿਚ ਪੇਸ਼ ਕਰਦੀ ਹੈ।

ਦੂਜੀ ਝਾਕੀ ਵਿਚ ਚਰਪਟ, ਪੀਪਾ ਅਤੇ ਗੋਰਖ ਗੁਰੂ ਨਾਨਕ ਨਾਲ ਟੱਕਰ ਲੈਣ ਲਈ ਮੇਲੇ ਤੋਂ ਥੋੜੀ ਦੂਰ ਡੇਰਾ ਲਾਈ ਬੈਠੇ ਹਨ। ਉਹ ਆਪਣੀਆਂ ਕਰਾਮਾਤੀ ਸ਼ਕਤੀਆਂ ਨਾਲ ਨਾਨਕ ਨੂੰ ਜਨਤਾ ਦੇ ਸਾਹਮਣੇ ਠਿੱਠ ਕਰਕੇ ਆਪਣੀ ਤਾਕਤ ਦਿਖਾਉਣਾ ਚਾਹੁੰਦੇ ਹਨ। ਪ੍ਰਿਸ਼ਟਭੂਮੀ ਵਿਚੋਂ ਨਾਨਕ ਦਾ ਜਥਾ ਲੰਘਦਾ ਹੈ। ਜੋਗੀਆਂ ਦੇ ਕੁਝ ਚੇਲੇ ਵੀ ਗੁਰੂ ਨਾਨਕ ਦੀ ਸ਼ਰਨ ਵਿਚ ਜਾ ਰਹੇ ਹਨ। ਪ੍ਰਿਸ਼ਟਭੂਮੀ ਤੋਂ ਗੁਰੂ ਨਾਨਕ ਦਾ ਇਹ ਸ਼ਬਦ *ਜੋਗ ਨ ਪਾਇਆ ਜੁਗਤਿ ਗਵਾਈ ਕਿਤੁ ਕਾਰਣਿ ਸਿਰਿ ਛਾਈ ਪਾਈ, ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ* ਸੁਣਾਈ ਦਿੰਦਾ ਹੈ। ਅਮਰ ਇੱਥੇ ਜੋਗੀਆਂ ਨਾਲ ਸੰਵਾਦ ਰਚਾਉਂਦਾ ਹੈ। ਜੋਗੀ ਨਾਨਕ ਨੂੰ ਕੁਰਾਹੀਆ ਕਹਿੰਦੇ ਹਨ ਤੇ ਅਮਰ ਉਨ੍ਹਾਂ ਨੂੰ ਜੀਵਨ ਤੋਂ ਭਗੌੜੇ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਅਮਰ ਕਹਿੰਦਾ ਹੈ ਜਿਵੇਂ ਸੂਰਜ ਤੇ ਚੰਦਰਮਾ ਆਪਣੀ ਰੌਸ਼ਨੀ ਨਾਲ ਹਨੇਰੇ ਨੂੰ ਦੂਰ ਕਰਕੇ ਕਾਇਨਾਤ ਨੂੰ ਰੁਸ਼ਨਾਉਂਦੇ ਹਨ ਉਸੇ ਤਰ੍ਹਾਂ ਸੱਚਾ ਸੰਤ ਲੋਕਾਂ ਦੀ ਆਤਮਾ ਨੂੰ ਰੁਸ਼ਨਾਉਂਦਾ ਹੈ। ਅਮਰ ਉਨ੍ਹਾਂ ਨੂੰ ਦੱਸਦਾ ਹੈ ਕਿ ਤਿਆਗ ਤੇ ਤਪੱਸਿਆ ਨਾਲ ਉਨ੍ਹਾਂ ਨੇ ਸਰੀਰ ਸਾਧਿਆ ਹੈ ਮਨ ਨਹੀਂ, ਇਸੇ ਕਰਕੇ ਉਹ ਈਰਖਾ, ਕ੍ਰੋਧ ਅਤੇ ਸਾੜੇ ਨਾਲ ਗ੍ਰਸਤ ਹਨ। ਉਹ ਉਨ੍ਹਾਂ ਨੂੰ ਨਾਨਕ ਬਾਣੀ ਦਾ ਸ਼ਬਦ *ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ* ਸੁਣਾ ਕੇ ਸੱਚੇ ਜੋਗੀ ਦੀ ਜੀਵਨ ਸ਼ੈਲੀ ਬਾਰੇ ਦੱਸਦਾ ਹੈ। ਜੋਗੀ ਹੋਰ ਖਿਝ ਜਾਂਦੇ ਹਨ। ਪ੍ਰਿਸ਼ਟਭੂਮੀ ਬਾਣੀ ਗਾਇਨ ਅਤੇ ਆਵਾਜ਼ਾਂ ਰਾਹੀਂ ਗੁਰੂ ਨਾਨਕ ਨੂੰ ਪੇਸ਼ ਕੀਤਾ ਜਾਂਦਾ ਹੈ।

> ਆਵਾਜ਼ : ਨਾਨਕ ਨਿਰੰਕਾਰੀ ਆ ਰਹੇ ਨੇ। ਨਿਰਾ ਨੂਰ ਏ। ਦਰਸ਼ਨ ਕਰਕੇ ਭੁਖ ਲਹਿੰਦੀ ਏ। ਲੋਕਾਂ ਨੂੰ ਗਾਉਣਾ ਭੁਲ ਗਿਐ ਲੋਕਾਂ ਨੂੰ ਨਚਣਾ ਭੁਲ ਗਿਐ ਹਟੀਆਂ ਵਾਲਿਆਂ ਨੂੰ ਤੋਲਣਾ ਭੁਲ ਗਿਐ।
>
> ਪੀਪਾ : (ਮੂੰਹ ਬਣਾ ਕੇ) ਹਟੀਆਂ ਵਾਲਿਆਂ ਨੂੰ ਤੋਲਣਾ ਭੁਲ

ਗਿਐ ਤੋਲੀ ਜਾਉ ਕੁਫਰ ਦੁਨੀਆਂਦਾਰੋ ਕੌਣ ਪੁੱਛਣ ਵਾਲਾ ਤੁਹਾਨੂੰ ਕਲਜੁਗੀ ਜੀਵੋ।
ਆਵਾਜ਼ : ਇਉਂ ਜਾਪਦੈ ਜਿਵੇਂ ਨੂਰ ਹੀ ਨੂਰ ਫੈਲਦਾ ਜਾ ਰਿਹਾ ਹੈ ਅਦਭੁੱਤ ਨੂਰ
ਪੀਪਾ : ਐਤਕੀਂ ਬੜੇ ਚੇਲੇ ਲੈ ਕੇ ਆਇਆ ਜਾਪਦੈ। ਸਭ ਉਸ ਦੀ ਬਾਣੀ ਗਾਈ ਜਾਂਦੇ ਨੇ।[17]

ਜੋਗੀਆਂ ਕੋਲੋਂ ਲੰਘਦਾ ਅਲਾਉਦੀਨ ਉਨ੍ਹਾਂ ਨੂੰ ਗੁਰੂ ਨਾਨਕ ਨੂੰ ਮਿਲਣ ਲਈ ਕਹਿੰਦਾ ਹੈ। ਉਹ ਉਸਨੂੰ ਕੁਰਾਹੀਆ ਕਹਿੰਦੇ ਹਨ। ਅਲਾਉਦੀਨ ਕਹਿੰਦਾ ਹੈ ਕਿ *ਮਨਿ ਜੀਤੈ ਜਗੁ ਜੀਤੁ* ਕਹਿਣ ਵਾਲਾ ਕੁਰਾਹੀਆ ਕਿਵੇਂ ਹੋ ਸਕਦਾ ਹੈ। ਇਹ ਸੁਣ ਕੇ ਦੋਹਾਂ ਧਿਰਾਂ ਵਿਚ ਤਨਾਵ ਵਧਦਾ ਹੈ। ਪ੍ਰਿਸ਼ਟਭੂਮੀ ਆਵਾਜ਼ਾਂ ਤੋਂ ਪਤਾ ਚਲਦਾ ਹੈ ਕਿ ਲੋਕ ਗੁਰੂ ਨਾਨਕ ਦੇ ਦਰਸ਼ਨ ਕਰਨ ਜਾ ਰਹੇ ਹਨ। ਲੋਕਾਂ ਦੇ ਇਕੱਠ ਨੂੰ ਦੇਖ ਕੇ ਚਰਪਟ ਤੇ ਪੀਪਾ ਨਾਨਕ ਦੇ ਬਰਾਬਰ ਆਸਣ ਲਾਉਣ ਲਈ ਜਾਂਦੇ ਹਨ ਤੇ ਗੋਰਖ ਪਿੱਛੇ ਬੈਠਾ ਰਹਿੰਦਾ ਹੈ। ਇਕੱਲੇ ਬੈਠੇ ਗੋਰਖ ਦਾ ਆਪਾ ਉਸ ਨਾਲ ਸੰਵਾਦ ਰਚਾਉਂਦਾ ਹੈ:

ਗੋਰਖ ਦਾ ਆਪਾ: ਮੈਂ ਕੌਣ ਹਾਂ? ਮੈਂ ਗੋਰਖ ਤੇਰੇ ਜੋਗ ਦਾ ਭੇਤੀ। ਤੇਰਾ ਆਪਾ, ਤੇਰੇ ਅੰਦਰਲਾ ਸੱਚ। (ਉੱਚੀ) ਵੱਡੀ ਕਰਾਮਾਤ ਮਨ ਨੂੰ ਮਾਰਨਾ ਏ। ਕਮਲਿਆ ਵਿਖਾ ਜੇ ਵਿਖਾ ਸਕਦਾ ਏਂ ਕਰਾਮਾਤ।

ਜੋਗ ਸਾਧਣ ਏ, ਮੰਜ਼ਲ ਨਹੀਂ ਗੋਰਖ।
ਜੋ ਦੁਆਲੇ ਮਹਿਕ ਨਾ ਖਿਲਾਰੇ ਉਹ ਜੋਗ ਕਾਹਦਾ?
ਜੋ ਅਨ੍ਹੇਰਾ ਨਾ ਖਾ ਸਕੇ ਉਹ ਜੋਗ ਕਾਹਦਾ?
ਜੋ ਠੰਢ ਨਾ ਵਰਤਾ ਸਕੇ ਉਹ ਜੋਗ ਕਾਹਦਾ?[18]

ਗੋਰਖ ਅੰਦਰ ਘੋਲ ਛਿੜ ਜਾਂਦਾ ਹੈ। ਉਧਰ ਚਰਪਟ ਤੇ ਪੀਪਾ ਉਸਨੂੰ ਨਾਨਕ ਨਾਲ ਟੱਕਰ ਲੈਣ ਲਈ ਆਵਾਜ਼ਾਂ ਮਾਰ ਰਹੇ ਹਨ। ਗੋਰਖ ਇਹ ਕਹਿੰਦਾ ਹੋਇਆ ਉੱਠਦਾ ਹੈ: "ਪਰ ਕੀ ਟੱਕਰ ਲੈ ਸਕਾਂਗੇ।"[19] ਇਸ ਤਰ੍ਹਾਂ ਗੁਰੂ ਨਾਨਕ ਦੀ ਜੀਵਨ ਜਾਚ ਅਤੇ ਬਾਣੀ ਸਿੱਧ ਜੋਗੀਆਂ ਨੂੰ ਅੰਤਰ-ਝਾਤ ਲਈ ਪ੍ਰੇਰਿਤ ਕਰਦੀ ਹੈ। ਪ੍ਰਿਸ਼ਟਭੂਮੀ ਤੋਂ ਕੀਰਤਨ ਦੀਆਂ ਆਵਾਜ਼ਾਂ ਆਉਂਦੀਆਂ ਹਨ, ਲੋਕ ਕੀਰਤਨ ਵਾਲੇ ਪਾਸੇ ਜਾ ਰਹੇ ਹਨ। ਇਥੇ ਝਾਕੀ ਦਾ ਅੰਤ ਹੋ ਜਾਂਦਾ ਹੈ। ਇਸ ਤਰ੍ਹਾਂ ਇੱਥੇ ਗੁਰੂ ਨਾਨਕ ਅਤੇ ਸਿੱਧਾਂ ਦੀ ਗੋਸ਼ਟਿ ਦਾ ਕਾਰਜ ਅਮਰ, ਅਲਾਉਦੀਨ, ਗੋਰਖ ਦੇ ਆਪੇ ਅਤੇ ਪ੍ਰਿਸ਼ਟਭੂਮੀ ਆਵਾਜ਼ਾਂ ਰਾਹੀਂ ਸੰਪਨ ਕੀਤਾ ਜਾਂਦਾ ਹੈ।

ਤੀਜੇ ਅੰਕ ਵਿਚ ਧੰਨ ਦੇਈ ਦੁੱਧ ਰਿੜਕ ਰਹੀ ਹੈ। ਭਗਵਾਨ ਪਾਠ ਕਰ ਰਿਹਾ ਹੈ।

*ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥*
*ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾ ਖਾਈ ॥*

...

*ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥*
*ਕਹੁ ਨਾਨਕ ਸਚੁ ਧਿਆਈਏ ॥ ਸੁਚਿ ਹੋਵੈ ਤਾਂ ਸਚੁ ਪਾਈਐ ॥* [20]

ਸਾਹਮਣੇ ਮੰਦਰ ਦਾ ਪੁਜਾਰੀ ਪਾਠ ਸੁਣ ਕੇ ਭਗਵਾਨ ਨਾਲ ਲੜਨਾ ਸ਼ੁਰੂ ਕਰ ਦਿੰਦਾ ਹੈ। ਉਸਨੂੰ ਲਗਦਾ ਹੈ ਕਿ ਉਹ ਉਸਨੂੰ ਗਾਲਾਂ ਕੱਢ ਰਿਹਾ ਹੈ। ਉਹ ਉਸਨੂੰ ਸ਼ਿਕਾਇਤ ਦਾ ਡਰਾਵਾ ਦੇ ਕੇ ਪਾਠ ਬੰਦ ਕਰਨ ਲਈ ਕਹਿੰਦਾ ਹੈ ਪਰੰਤੂ ਭਗਵਾਨ ਪਾਠ ਬੰਦ ਕਰਨ ਤੋਂ ਨਾਂਹ ਕਰ ਦਿੰਦਾ ਹੈ। ਪੁਜਾਰੀ ਖਿਝ ਕੇ ਸਰਕਾਰੀ ਆਦਮੀ ਨੂੰ ਬੁਲਾਉਣ ਚਲਾ ਜਾਂਦਾ ਹੈ। ਭਗਵਾਨ ਪਾਠ ਜਾਰੀ ਰੱਖਦਾ ਹੋਇਆ *ਰਾਜੇ ਸੀਹ ਮੁਕਦਮ ਕੁਤੇ ਜਾਇ ਜਗਾਇਨ ਬੈਠੇ ਸੁਤੇ* ਸ਼ਬਦ ਉਚਾਰਨਾ ਸ਼ੁਰੂ ਕਰਦਾ ਹੈ। ਸਰਕਾਰੀ ਆਦਮੀ ਆ ਕੇ ਉਸਨੂੰ ਪੁੱਛਦਾ ਹੈ ਕਿ ਉਹ ਰਾਜੇ ਨੂੰ ਗਾਲਾਂ ਕਿਉਂ ਕੱਢ ਰਿਹਾ ਹੈ। ਭਗਵਾਨ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਆਦਮੀ ਉਸਨੂੰ ਸਬਕ ਸਿਖਾਉਣ ਵਾਸਤੇ ਕਾਜ਼ੀ ਨੂੰ ਲੈਣ ਚਲਾ ਜਾਂਦਾ ਹੈ। ਉਸੇ ਵੇਲੇ ਇਕ ਸਾਧੂ ਰੋਟੀ ਮੰਗਣ ਆਉਂਦਾ ਹੈ। ਪਾਠ ਦਾ ਸ਼ਬਦ *ਰੋਟੀਆ ਕਾਰਣਿ ਪੂਰਹਿ ਤਾਲ* ਸੁਣ ਕੇ ਬਹਿਸ ਕਰਨ ਲੱਗ ਪੈਂਦਾ ਹੈ। ਉਹ ਗੁਰੂ ਨਾਨਕ ਨੂੰ ਕੁਰਾਹੀਆ

ਕਹਿੰਦਾ ਹੈ ਕਿਉਂਕਿ ਉਸ ਅਨੁਸਾਰ ਸੰਨਿਆਸ ਤੋਂ ਬਿਨਾ ਜੋਗ ਸੰਭਵ ਨਹੀਂ ਹੈ। ਭਗਵਾਨ ਕਹਿੰਦਾ ਹੈ ਕਿ ਜੇਕਰ ਉਸਨੂੰ ਕੋਈ ਸ਼ੰਕਾ ਹੈ ਤਾਂ ਗੁਰੂ ਨਾਨਕ ਨੂੰ ਮਿਲ ਕੇ ਦੂਰ ਕਰ ਲੈਣੀ ਚਾਹੀਦੀ ਹੈ। ਸਾਧੂ ਗੁੱਸੇ ਵਿਚ ਪ੍ਰਸਥਾਨ ਕਰਦਾ ਹੈ। ਇਸ ਤੋਂ ਬਾਅਦ ਸਿਪਾਹੀ, ਕਾਜ਼ੀ ਅਤੇ ਮੁਕਦਮ ਭਗਵਾਨ ਨੂੰ ਫੜ ਕੇ ਲੈ ਜਾਂਦੇ ਹਨ। ਭਗਵਾਨ ਉਨ੍ਹਾਂ ਨਾਲ ਬੇਖ਼ੌਫ਼ ਹੋ ਕੇ ਸੰਵਾਦ ਰਚਾਉਂਦਾ ਹੈ। ਉਹ ਭਗਵਾਨ ਨੂੰ ਕੈਦ ਕਰ ਲੈਂਦੇ ਹਨ। ਇਸ ਤਰ੍ਹਾਂ ਗੁਰੂ ਨਾਨਕ ਭੈ-ਗ੍ਰਸਤ ਮਨੁੱਖ ਦੀ ਆਤਮਾ ਦਾ ਸੱਚ ਨਾਲ ਮੇਲ ਕਰਵਾ ਕੇ ਉਸਨੂੰ ਸਵੈ, ਸਮਾਜ ਅਤੇ ਬ੍ਰਹਮ ਨਾਲ ਜੋੜਦੇ ਹਨ।

ਇਸੇ ਦੌਰਾਨ ਰੂਪ ਬਸੰਤ ਆ ਕੇ ਮੁਕਦਮ ਤੋਂ ਉਨ੍ਹਾਂ ਨਾਲ ਹੋ ਰਹੇ ਜਾਤੀਗਤ ਭੇਦ ਭਾਵ ਬਾਰੇ ਪੁੱਛਦੇ ਹਨ ਤੇ ਉਸ ਸੰਬੰਧੀ ਕਾਰਵਾਈ ਕਰਨ ਲਈ ਆਖਦੇ ਹਨ।

> ਬਸੰਤ : ਹੁਣ ਤੁਸੀਂ ਸਾਨੂੰ ਲਤਾੜ ਨਹੀਂ ਸਕਦੇ। ਅਸੀਂ ਸੱਚ ਕਹਿਣਾ ਸਿਖ ਕੇ ਆਏ ਹਾਂ। ਆਦਮੀ ਵਾਂਗ ਜੀਉਣਾ ਸਿਖ ਕੇ ਆਏ ਹਾਂ।
> ਰੂਪ : ਮੁਕਦਮ ਸਾਹਿਬ! ਅਸੀਂ ਪੁੱਛਣਾ ਚਾਹੰਦੇ ਹਾਂ ਸਾਨੂੰ ਮੰਦਰ ਵਿਚ ਮੱਥਾ ਕਿਉਂ ਨਹੀਂ ਟੇਕਣ ਦਿੱਤਾ ਗਿਆ?
> ਬਸੰਤ : ਸਾਨੂੰ ਖੂਹ 'ਚੋਂ ਪਾਣੀ ਕਿਉਂ ਨਹੀਂ ਪੀਣ ਦਿੱਤਾ ਗਿਆ?
> ਰੂਪ : ਆਦਮੀ ਨੂੰ ਆਦਮੀ ਨਾ ਸਮਝਣਾ ਕੀ ਇਨਸਾਫ਼ ਏ?
> ਬਸੰਤ : ਪਾਣੀ ਵੰਡਣੇ ਕੀ ਇਨਸਾਨੀਅਤ ਏ?
> ਰੂਪ : ਸਾਨੂੰ ਕਾਫਰ ਕਹਿਣਾ ਕੀ ਕਾਦਰ ਦੀ ਤੌਹੀਨ ਨਹੀਂ? ਮੁਕਦਮ ਸਾਹਿਬ ਤੁਹਾਨੂੰ ਅੱਜ ਇਨਸਾਫ਼ ਕਰਨਾ ਪਏਗਾ।
> ਮੁਕਦਮ : (ਧੱਕਾ ਦਿੰਦਾ ਹੋਇਆ) ਟਲਦੇ ਨਹੀਂ ਹਰਾਮਜ਼ਾਦੇ।
> ਧੰਨ ਦੇਈ : ਖਬਰਦਾਰ ਮੁਕਦਮ ਸਾਹਿਬ ਜੇ ਬੱਚਿਆਂ ਉੱਤੇ ਹੱਥ ਚੁੱਕਿਆ ਮੈਂ ਸੀਰਮੇ ਪੀ ਲਵਾਂਗੀ ਮੁਕਦਮ ਸਾਹਿਬ, ਜਿਹੜੀ ਸਰਕਾਰ ਬੱਚਿਆਂ ਦੀ ਮਾਂ ਨਹੀਂ ਬਣ ਸਕਦੀ ਉਸ ਨੂੰ ਫੂਕਣੇ, ਜਿਹੜਾ ਧਰਮ ਬੱਚਿਆਂ ਦੀ ਰਾਖੀ ਨਹੀਂ ਕਰ ਸਕਦਾ ਉਹ ਧਰਮ ਨਹੀਂ ਪਖੰਡ ਏ ਵੇਖੋ ਮਾਰ ਕੇ ਹੁਣ। ਇਹ ਨਾਨਕ ਨਿਰੰਕਾਰੀ ਦੇ ਨੂਰ ਦੇ ਚੰਗਿਆੜੇ ਨੇ। ਹੁਣ ਇਹ ਬੁਝਾਏ ਨਹੀਂ ਜਾ ਸਕਦੇ।[21]

ਇਸ ਦੌਰਾਨ ਅਲਾਉਦੀਨ ਵੀ ਆ ਜਾਂਦਾ ਹੈ। ਅਲਾਉਦੀਨ ਮੁਕਦਮ ਨੂੰ *ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ*, *ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ* ਸ਼ਬਦ ਸੁਣਾ ਕੇ ਨਾਨਕ ਬਾਣੀ ਵਿਚਲੇ ਸੱਚ ਨੂੰ ਸਮਝਣ ਅਤੇ ਕਾਜ਼ੀ ਵਰਗੇ ਝੂਠੇ ਲੋਕਾਂ ਦੀਆਂ ਗੱਲਾਂ ਉਤੇ ਵਿਸ਼ਵਾਸ ਕਰਨ ਤੋਂ ਰੋਕਦਾ ਹੈ। ਪ੍ਰਿਸ਼ਟਭੂਮੀ ਬਾਣੀ ਗਾਇਨ ਰਾਹੀਂ ਗੁਰੂ ਨਾਨਕ ਨੂੰ ਪੇਸ਼ ਕੀਤਾ ਜਾਂਦਾ ਹੈ। ਅੰਤ ਵਿਚ ਨਾਨਕ ਬਾਣੀ ਦੇ ਸ਼ਬਦ *ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ* ਸੁਣ ਕੇ ਮੁਕਦਮ ਪ੍ਰਭਾਵਿਤ ਹੁੰਦਾ ਹੈ। ਉਹ ਨਾਨਕ ਬਾਣੀ ਵਿਚ ਅੱਲਾ ਤਾਲਾ ਦੀ ਆਵਾਜ਼ ਮਹਿਸੂਸ ਕਰਦਾ ਹੈ। ਏਨੇ ਵਿਚ ਅਮਰ ਆ ਕੇ ਦੱਸਦਾ ਹੈ ਕਿ ਗੁਰੂ ਨਾਨਕ ਆਪਣੇ ਪਿਆਰੇ ਦਾ ਛੁਟਕਾਰਾ ਕਰਾਉਣ ਲਈ ਆਪ ਆ ਰਹੇ ਹਨ। ਹਰੀਆ ਵਿਅੰਗ ਨਾਲ ਕਹਿੰਦਾ ਹੈ ਕਿ ਮੁਕਦਮ ਸਾਹਿਬ ਹੁਣ ਕੀ ਕਰੋਗੇ, ਉਸ ਤੋਂ ਤਾਂ ਬਾਬਰ ਕੰਬ ਉਠਿਆ ਸੀ। ਮੁਕਦਮ ਗੁਰੂ ਨਾਨਕ ਦੇ ਸਾਹਸ ਅਤੇ ਬ੍ਰਹਮ ਗਿਆਨ ਨੂੰ ਮਹਿਸੂਸ ਕਰਦਿਆਂ ਪਸ਼ਚਾਤਾਪ ਕਰਦਾ ਹੈ ਤੇ ਕਾਜ਼ੀ ਨੂੰ ਉਸ ਤੋਂ ਅਨਿਆਂ ਕਰਵਾਉਣ ਲਈ ਤਾੜਦਾ ਹੈ। ਅੰਤ ਵਿਚ ਸਾਰੇ ਪਾਤਰ ਇਕੱਠੇ ਹੋ ਜਾਂਦੇ ਹਨ ਤੇ ਨਾਟਕ *ਆਦਿ ਸਚੁ ਜੁਗਾਦਿ ਸਚੁ* ਮੂਲ ਮੰਤਰ ਨਾਲ ਸਮਾਪਤ ਹੁੰਦਾ ਹੈ। ਗੁਰੂ ਨਾਨਕ ਦੇ ਪਾਤਰ ਅਤੇ ਕਾਰਜ ਨੂੰ ਅਗਰਭੂਮੀ ਪਾਤਰਾਂ, ਪ੍ਰਿਸ਼ਟਭੂਮੀ ਪਾਤਰਾਂ, ਬਾਣੀ ਗਾਇਨ ਅਤੇ ਆਵਾਜ਼ਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ।

ਨਾਟਕ ਵਿਚ ਕੂੜ ਅਤੇ ਸੱਚ ਦੀ ਟੱਕਰ ਹੈ। ਨਾਟਕ ਨਾਨਕ ਦੇ ਨਾਟ ਚਿਤਰਣ ਰਾਹੀਂ ਇਹ ਵਿਚਾਰ ਪੇਸ਼ ਕਰਦਾ ਹੈ ਕਿ ਕੂੜ ਤੋਂ ਸੱਚ ਨਾਲ ਹੀ ਛੁਟਕਾਰਾ ਪਾਇਆ ਜਾ ਸਕਦਾ ਹੈ। ਸੱਚ ਨੂੰ ਜੀਵਨ ਵਿਚ ਸੱਚੇ ਗਿਆਨ ਤੋਂ ਬਾਅਦ ਹੀ ਧਾਰਿਆ ਜਾ ਸਕਦਾ ਹੈ। ਨਾਟਕ ਵਿਚ ਗੁਰੂ ਨਾਨਕ ਤੋਂ ਮਿਲੇ ਸੱਚੇ ਗਿਆਨ ਤੋਂ ਬਾਅਦ ਹੀ ਅਮਰ, ਅਲਾਉਦੀਨ, ਮੁਕਦਮ, ਰੂਪ, ਬਸੰਤ, ਧੰਨ ਦੇਈ ਅਤੇ ਹਰੋ

ਆਦਿ ਪਾਤਰਾਂ ਦੀ ਸੋਚ ਵਿਚ ਪਰਿਵਰਤਨ ਆਉਂਦਾ ਹੈ। ਇਸ ਉਪਰੰਤ ਇਹ ਪਾਤਰ ਸਮਾਜ ਵਿਚ ਪਸਰੇ ਅੰਧਕਾਰ ਅਤੇ ਜਬਰ ਦੇ ਖ਼ਿਲਾਫ਼ ਸੰਘਰਸ਼ ਕਰਦੇ ਹਨ। ਆਤਮਜੀਤ ਸਿੰਘ ਲਿਖਦਾ ਹੈ, "ਸ਼ਤਾਬਦੀ ਕਾਲ ਦੇ ਸ਼ਤਾਬਦੀ/ਇਤਿਹਾਸਕ ਨਾਟਕ ਅਪਕੇਂਦਰੀ (centrifugal) ਰੁਚੀ ਦਰਸਾਉਂਦੇ ਹਨ। ਵਿਸ਼ੇਸ਼ ਕਰਕੇ ਗੁਰਦਿਆਲ ਸਿੰਘ ਸਿੰਘ ਫੁੱਲ ਦੇ ਨਾਟਕ **ਸਭ ਕਿਛੁ ਹੋਤ ਉਪਾਇ** ਅਤੇ **ਜਿਨ ਸਚੁ ਪਲੈ ਹੋਇ**। ਇਹ ਦੋਵੇਂ ਰਚਨਾਵਾਂ ਇਤਿਹਾਸਕ ਵਾਤਾਵਰਨ ਦੀ ਸਿਰਜਨਾ ਕਰਦੇ ਹੋਏ ਵੀ ਸਮਾਜੀ ਅਰਥਾਂ ਨਾਲ ਓਤਪੋਤ ਹਨ। ਦੋਵੇਂ ਰਚਨਾਵਾਂ ਗੁਰੂ-ਨਾਇਕ ਦੇ ਹਵਾਲੇ ਨਾਲ ਸ਼ਾਸਕ ਅਤੇ ਸ਼ੋਸ਼ਿਤ ਜਨ-ਸਾਧਾਰਨ ਵਿਚਕਾਰ ਇਕ ਸਨਮੁਖਤਾ (confrontation) ਦੀ ਸਿਰਜਨਾ ਕਰਦੀਆਂ ਹਨ ਜੋ ਕਿ ਵਰਤਮਾਨ ਵਾਸਤੇ ਇਕ ਮੈਟਾਫਾਰਿਕ ਅਰਥ ਪ੍ਰਾਪਤ ਕਰ ਲੈਂਦਾ ਹੈ। ਫੁੱਲ ਦੇ ਇਤਿਹਾਸਕ ਨਾਟਕਾਂ ਵਿਚ ਪਿੱਠਭੂਮੀ ਵਿਚ ਵਰਤ ਰਹੇ ਗੁਰੂ ਦੀ ਛੁਹ ਨਾਲ ਪਾਤਰ-ਪਰਿਵਰਤਨ ਹੁੰਦਾ ਹੈ ਅਤੇ ਪਰਿਵਰਤਿਤ ਪਾਤਰਾਂ ਦੀ ਸੰਘਰਸ਼ਮਈ ਸੁਰ ਇਨ੍ਹਾਂ ਰਚਨਾਵਾਂ ਨੂੰ ਵਧੇਰੇ ਸਾਰਥਿਕਤਾ ਦੇ ਦੇਂਦੀ ਹੈ।"[22] ਇਸ ਨਾਟਕ ਬਾਰੇ ਗੁਰਸ਼ਰਨ ਸਿੰਘ ਲਿਖਦਾ ਹੈ, "**ਜਿਨ ਸਚੁ ਪਲੈ ਹੋਇ** ਦੀ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਥਾਂ ਸਭ ਤੋਂ ਵੱਧ ਖੇਡੇ ਜਾਣ ਵਾਲੇ ਨਾਟਕ ਦੇ ਰੂਪ ਵਿਚ ਤਾਂ ਕਾਇਮ ਰਹੇਗੀ ਹੀ, ਪਰ ਮੇਰੇ ਨਾਟਕ ਸਫ਼ਰ ਵਿਚ ਇਸ ਨਾਟਕ ਦੀ ਥਾਂ ਇਸ ਕਰਕੇ ਨਿਸ਼ਚਿਤ ਹੈ ਕਿ ਇਹ ਨਾਟਕ ਮੈਨੂੰ ਸ਼ਹਿਰਾਂ ਵਿਚੋਂ ਕੱਢ ਕੇ ਪਿੰਡਾਂ ਵੱਲ ਲੈ ਕੇ ਗਿਆ ਮੈਂ ਆਪਣੀਆਂ ਪੇਸ਼ਕਾਰੀਆਂ ਵਿਚ ਲਿਖੇ ਗਏ ਨਾਟਕ ਵਿਚਲੇ ਰਾਜਸੀ ਅਤੇ ਸਮਾਜਿਕ ਪੱਖ 'ਤੇ ਬਹੁਤਾ ਜ਼ੋਰ ਦਿੱਤਾ ਤੇ ਇਹੀ ਸ਼ਾਇਦ ਇਸ ਨਾਟਕ ਦੀ ਸਫਲਤਾ ਦਾ ਵੱਡਾ ਕਾਰਨ ਹੋ ਨਿਬੜਿਆ। 1964-1971 ਅੰਮ੍ਰਿਤਸਰ ਨਾਟਕ ਕਲਾ, ਕੇਂਦਰ ਦੀਆਂ ਸਰਗਰਮੀਆਂ ਵਿਚ ਜਿਹੜਾ 3700/-ਦਾ ਕਰਜ਼ਾ ਸਾਡੇ ਉਤੇ ਸੀ, ਇਹ ਅਸੀਂ ਨਾਟਕ ਦੀ ਬੱਚਤ ਵਿਚੋਂ ਹੀ ਲਾਹਿਆ ਮੈਂ ਇਹ ਵੀ ਕਹਿੰਦਾ ਹਾਂ ਕਿ ਇਸ ਨਾਟਕ ਤੋਂ ਬਾਅਦ ਫੇਰ ਮੈਨੂੰ ਕਦੀ ਵੀ ਆਪਣੀਆਂ ਨਾਟਕ ਸਰਗਰਮੀਆਂ ਵਿਚ ਪੈਸੇ ਦੀ ਤੰਗੀ ਨਹੀਂ ਸਹਿਣੀ ਪਈ। ਥੀਏਟਰ ਨੇ ਮੈਨੂੰ ਭਾਰਤ ਵਿਚ ਵੀ ਅਤੇ ਭਾਰਤ ਦੇ ਬਾਹਰ ਵੀ ਬੜੀ ਇੱਜ਼ਤ ਤੇ ਮਾਣ ਦਿਵਾਇਆ ਹੈ। ਇਸ ਮਾਣ ਤੇ ਇੱਜ਼ਤ ਵਿਚ ਨਾਟਕ **ਜਿਨ ਸਚੁ ਪਲੈ ਹੋਇ** ਦਾ ਸਭ ਤੋਂ ਵੱਡਾ ਹਿੱਸਾ ਹੈ।"[23] ਇਹ ਨਾਟਕ ਸੱਚ ਦੀ ਮਹੱਤਤਾ ਅਤੇ ਸ਼ਕਤੀ ਨੂੰ ਉਜਾਗਰ ਕਰਦਾ ਹੋਇਆ ਉਸਦੀ ਸਮਾਜਿਕ ਭੂਮਿਕਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

ਨਾਟਕ **ਮਿਟੀ ਧੁੰਧੁ ਜਗਿ ਚਾਨਣੁ ਹੋਆ** ਦਾ ਸਿਰਲੇਖ ਭਾਈ ਗੁਰਦਾਸ ਦੀ ਗੁਰੂ ਨਾਨਕ ਬਾਰੇ ਲਿਖੀ ਵਾਰ ਵਿਚੋਂ ਲਿਆ ਗਿਆ ਹੈ। ਇਸ ਤੁਕ ਵਿਚ 'ਧੁੰਧੁ' ਅੰਧਕਾਰ ਅਤੇ 'ਚਾਨਣ' ਗਿਆਨ ਦਾ ਪ੍ਰਤੀਕ ਹੈ। ਇਹ ਤੁਕ ਗੁਰੂ ਨਾਨਕ ਦੇ ਕਾਵਿ ਬਿੰਬ ਰਾਹੀਂ ਸਮਕਾਲੀਨ ਸਮਾਜਿਕ ਸਥਿਤੀ ਨੂੰ ਪੇਸ਼ ਕਰਦੀ ਹੈ। ਯਥਾਰਥਵਾਦੀ ਸ਼ੈਲੀ ਵਿਚ ਲਿਖੇ ਇਸ ਨਾਟਕ ਵਿਚ ਚਾਰ ਝਾਕੀਆਂ ਹਨ। ਸਮੇਂ ਅਤੇ ਸਥਾਨ ਦੀ ਅਨੇਕਤਾ ਅਤੇ ਕਾਰਜ ਦੀ ਏਕਤਾ ਹੈ। ਨਾਟਕੀ ਕਥਾਨਕ ਨੂਰਸ਼ਾਹ, ਭਾਈ ਭੂਮੀਆ ਅਤੇ ਢਾਕੇ ਦੇ ਰਾਜੇ ਦੇ ਬਿਰਤਾਂਤ ਉਤੇ ਆਧਾਰਿਤ ਹੈ। ਨਾਟਕੀ ਘਟਨਾਕ੍ਰਮ ਕਾਲਪਨਿਕ ਹੈ। ਨਾਟ ਘਟਨਾਵਾਂ ਦਾ ਸਮਾਂ 1566 ਬਿਕ੍ਰਮੀ ਹੈ। ਗੁਰੂ ਨਾਨਕ ਇਥੇ ਵੀ ਪ੍ਰਿਸ਼ਟਭੂਮੀ ਪਾਤਰ ਹੈ। ਨੂਰਸ਼ਾਹ, ਭਾਈ ਭੂਮੀਆ, ਰਾਜਾ (ਸੁਧਰ ਸੈਨ) ਅਤੇ ਰਾਣੀ (ਪਦਮਾਵਤ) ਆਦਿ ਇਤਿਹਾਸਕ ਪਾਤਰਾਂ ਦੇ ਨਾਲ ਬਾਕੀ ਸਾਰੇ ਪਾਤਰ ਕਾਲਪਨਿਕ ਹਨ। ਪਹਿਲੀ ਝਾਕੀ ਵਿਚ ਰਾਜੇ ਸੁਧਰ ਸੈਨ ਦੇ ਮਹੱਲ ਵਿਚ ਹੋਈ ਚੋਰੀ ਬਾਰੇ ਮੁਨਾਦੀ ਕੀਤੀ ਜਾ ਰਹੀ ਹੈ:

> ਢੰਡੋਰਚੀ : (ਪੀਪਾ ਖੜਕਾ ਕੇ) ਸੁਣੋ ਮਾਈ ਬਾਪ, ਆਮ ਤੇ ਖ਼ਾਸ, ਚੋਰ ਨੇ ਸੰਨ੍ਹ ਲਾਈ, ਖ਼ੂਬ ਮਾਲ 'ਕੱਠਾ ਕੀਤਾ, ਪਰ ਸਭ ਕੁਝ ਛਡ-ਛਡਾ ਕੇ ਚਲਾ ਗਿਆ।
>
> ਜੁਲਾਹਾ : ਹੈਂ! ਇਹ ਕਿੱਦਾਂ ਹੋ ਸਕਦਾ?
>
> ਢੰਡੋਰਚੀ : ਸਾਡੇ ਪਰਤਾਪੀ ਰਾਜੇ ਦਾ ਫ਼ਰਮਾਨ ਹੈ ਜੇ ਉਹ ਦਿਲਾਵਰ ਚੋਰ ਆਪਣੇ ਆਪ ਪੇਸ਼ ਹੋ ਜਾਵੇ ਤਾਂ ਮਾਫ਼ ਕੀਤਾ ਜਾਵੇਗਾ। ਜੇ ਫੜਿਆ ਗਿਆ ਤਾਂ ਫਾਂਟੇ ਖਾਵੇਗਾ। ਸੂਹ ਦੇਣ ਵਾਲੇ ਨੂੰ ਭਾਰੀ ਇਨਾਮ ਦਿੱਤਾ ਜਾਵੇਗਾ।[24]

ਕਥਾਨਕ ਉਪਰੋਕਤ ਸੰਵਾਦ ਦੇ ਇਰਦ ਗਿਰਦ ਬੁਣਿਆ ਗਿਆ ਹੈ। ਝਾਕੀ ਦੇ ਅੰਤ ਵਿਚ ਜਮੂਰੇ ਅਤੇ ਮਦਾਰੀ ਦੇ ਪਾਤਰ ਰਾਹੀਂ ਗੁਰੂ ਨਾਨਕ ਦੀ ਜਾਣ ਪਛਾਣ ਕਰਾਈ ਜਾਂਦੀ ਹੈ। ਨਾਟਕ ਅਨੁਸਾਰ ਇਹ ਦੋਵੇਂ ਪਾਤਰ ਸੁਲਤਾਨਪੁਰ ਲੋਧੀ ਤੋਂ ਗੁਰੂ ਨਾਨਕ ਦੇ ਪਿੱਛੇ ਪਿੱਛੇ ਆ ਰਹੇ ਹਨ। ਉਹ ਗੁਰੂ ਨਾਨਕ ਦੀ ਹਰਦੁਆਰ, ਅਯੁੱਧਿਆ, ਬਨਾਰਸ, ਪ੍ਰਯਾਗ ਅਤੇ ਗਯਾ ਨਗਰੀ ਫੇਰੀ ਬਾਰੇ ਸੂਚਿਤ ਕਰਦੇ ਹਨ। ਹੁਣ ਉਹ ਢਾਕੇ ਵਿਚ ਹਨ ਜਿਥੇ ਉਨ੍ਹਾਂ ਨੂੰ ਨੂਰਸ਼ਾਹ ਮਿਲ ਜਾਂਦੀ ਹੈ। ਨੂਰਸ਼ਾਹ ਇਹ ਪਤਾ ਲੱਗਣ ’ਤੇ ਕਿ ਉਹ ਪੰਜਾਬ ਤੋਂ ਆਏ ਹਨ ਉਨ੍ਹਾਂ ਨੂੰ ਗੁਰੂ ਨਾਨਕ ਦੇ ਜਨਮ ਸਥਾਨ ਬਾਰੇ ਪੁੱਛਦੀ ਹੈ। ਇਸ ਤਰ੍ਹਾਂ ਇਥੇ ਜਮੂਰੇ, ਮਦਾਰੀ ਅਤੇ ਨੂਰਸ਼ਾਹ ਰਾਹੀਂ ਗੁਰੂ ਨਾਨਕ ਦੀ ਜਾਣ ਪਛਾਣ ਕਰਵਾਈ ਜਾਂਦੀ ਹੈ।

ਦੂਜੀ ਝਾਕੀ ਵਿਚ ਰਾਜਾ ਅਤੇ ਉਸਦਾ ਮੰਤਰੀ ਚੋਰੀ ਦੀ ਛਾਣਬੀਣ ਕਰ ਰਹੇ ਹਨ। ਰਾਜੇ ਨੂੰ ਸ਼ੱਕ ਹੋ ਗਿਆ ਹੈ ਕਿ ਚੋਰ ਰਾਣੀ ਪਦਮਾਵਤ ਦਾ ਪ੍ਰੇਮੀ ਹੈ। ਮੰਤਰੀ ਨੂੰ ਰਾਣੀ ਨਿਰਦੋਸ਼ ਲਗਦੀ ਹੈ। ਰਾਜਾ ਦਵਾਰਪਾਲ ਨੂੰ ਦੇਵੀ ਨੂਰਸ਼ਾਹ ਨੂੰ ਬੁਲਾਉਣ ਲਈ ਭੇਜਦਾ ਹੈ। ਰਾਣੀ ਰਾਜੇ ਨੂੰ ਆਪਣੇ ਨਿਰਦੋਸ਼ ਹੋਣ ਬਾਰੇ ਦੱਸਣ ਆਉਂਦੀ ਹੈ ਪਰੰਤੂ ਉਸਨੂੰ ਨਾ ਮੰਨਦਾ ਦੇਖ ਵਾਪਸ ਮਹੱਲ ਵਿਚ ਚਲੀ ਜਾਂਦੀ ਹੈ। ਨੂਰਸ਼ਾਹ ਰਾਜੇ ਨੂੰ ਮਿਲਣ ਆਉਂਦੀ ਹੈ। ਉਹ ਰਾਜੇ ਨੂੰ ਦੁਖੀ ਦੇਖ ਕੇ ਨਾਨਕ ਬਾਣੀ ਦਾ ਸ਼ਬਦ ਨਾਨਕ ਦੁਖੀਆ ਸਭੁ ਸੰਸਾਰੁ  ਸੁਣਾਉਂਦਿਆਂ ਧੀਰਜ ਧਰਨ ਲਈ ਕਹਿੰਦੀ ਹੈ। ਰਾਜਾ ਉਸਦੇ ਬਦਲੇ ਵਿਵਹਾਰ ਅਤੇ ਰੂਪ ਨੂੰ ਦੇਖ ਕੇ ਹੈਰਾਨ ਹੁੰਦਾ ਹੈ। ਰਾਜਾ ਉਸਨੂੰ ਰਾਣੀ ਬਾਰੇ ਆਪਣੀ ਸ਼ੰਕਾ ਦੱਸਦਾ ਹੈ। ਨੂਰਸ਼ਾਹ ਉਸਨੂੰ *ਸੋ ਕਿਉ ਮੰਦਾ ਆਖੀਐ, ਜਿਤੁ ਜੰਮੇ ਰਾਜਾਨ* ਸ਼ਬਦ ਸੁਣਾਉਂਦਿਆਂ ਰਾਣੀ ਬਾਰੇ ਸ਼ੰਕਾ ਦੂਰ ਕਰਨ ਲਈ ਆਖਦੀ ਹੈ। ਰਾਣੀ ਪਦਮਾਵਤ ਦੀ ਆਤਮਹੱਤਿਆ ਦੀ ਸੂਚਨਾ ਨਾਲ ਇਹ ਝਾਕੀ ਖਤਮ ਹੁੰਦੀ ਹੈ। ਤੀਜੀ ਝਾਕੀ ਵਿਚ ਇਕ ਪਹਾੜੀ ਉਤੇ ਜੋਗੀਆਂ ਦੇ ਸੰਵਾਦ ਰਾਹੀਂ ਸਮਕਾਲੀਨ ਧਾਰਮਿਕ ਅਡੰਬਰ ਨੂੰ ਪੇਸ਼ ਕੀਤਾ ਗਿਆ ਹੈ। ਇਕ ਚੇਲਾ ਆ ਕੇ ਜੋਗੀਆਂ ਨੂੰ ਗੁਰੂ ਨਾਨਕ ਦੀ ਢਾਕੇ ਵਿਖੇ ਆਮਦ ਅਤੇ ਸਥਾਨਕ ਲੋਕਾਂ ਦੀ ਉਸ ਲਈ ਉਮੜੀ ਸ਼ਰਧਾ ਬਾਰੇ ਦੱਸਦਾ ਹੈ। ਚੇਲਾ ਉਨ੍ਹਾਂ ਨੂੰ ਰਾਜੇ ਦੇ ਸਨਿਆਸ ਲੈਣ ਦੀ ਖਬਰ ਵੀ ਦਿੰਦਾ ਹੈ। ਇਹ ਸਭ ਸੁਣ ਕੇ ਜੋਗੀ ਪਰੇਸ਼ਾਨ ਹੋ ਉੱਠਦੇ ਹਨ ਤੇ ਸਾਰੇ ਇਕੱਠੇ ਹੋ ਮਹੱਲ ਦਾ ਰੁਖ ਕਰਦੇ ਹਨ। “ਹਿੰਦੂਆਂ ਵਿਚ ਆਮ ਖਿਆਲ ਇਹ ਪਸਰ ਗਿਆ ਸੀ ਕਿ ਜਿਸ ਨੇ ਆਤਮਕ ਉੱਨਤੀ ਕਰਨੀ ਹੈ, ਉਹ ਸੰਸਾਰਕ ਸੰਬੰਧੀਆਂ ਵਿਚ ਉਲਝਿਆ ਰਹਿ ਕੇ ਨਹੀਂ ਕਰ ਸਕਦਾ। ਇਹ ਖਿਆਲ ਸੰਭਵ ਹੈ, ਚਹੁੰਆਂ ਆਸ਼ਰਮਾਂ ਵਿਚ ਜੀਵਨ ਦੀ ਵੰਡ ਤੋਂ ਉਪਜਿਆ ਹੋਵੇ। ਬ੍ਰਹਮਚਾਰੀ ਰਹਿ ਕੇ 25 ਸਾਲ ਦੀ ਉਮਰ ਤੀਕ ਵਿਦਿਆ ਅਧਿਐਨ ਕਰਨਾ। ਫਿਰ ਗ੍ਰਹਿਸਤ ਆਸ਼ਰਮ ਵਿਚ 25 ਸਾਲ ਰਹਿ ਕੇ ਗ੍ਰਹਿਸਤ ਧਰਮ ਨੂੰ ਨਿਬਾਹੁਣਾ। 50 ਸਾਲ ਦੀ ਆਯੂ ਹੋਣ ਤੇ ਵਾਨਪ੍ਰਸਥ ਆਸ਼ਰਮ ਆਰੰਭ ਹੋ ਜਾਂਦਾ ਸੀ ਜਿਸ ਵਿਚ ਧਰਮ ਪੁਸਤਕਾਂ ਦੇ ਦੱਸੇ ਰਾਹਾਂ ’ਤੇ ਵਿਚਾਰ ਕਰਨਾ ਅਤੇ ਸਤ ਦੀ ਪ੍ਰਾਪਤੀ ਲਈ ਤੱਪ ਸਾਧਣਾ ਜ਼ਰੂਰੀ ਅੰਗ ਖਿਆਲ ਕੀਤੇ ਜਾਂਦੇ ਸਨ। ਸੰਨਿਆਸ, ਭਾਵ ਚੌਥੇ ਆਸ਼ਰਮ, ਵਿਚ ਜਾ ਕੇ ਫਿਰ ਇਕ ਭਾਂਤ ਦੀ ਖੁੱਲ੍ਹ ਮਿਲ ਜਾਂਦੀ ਸੀ। ਮੰਗ ਕੇ ਖਾ ਲੈਣਾ ਅਤੇ ਆਤਮਿਕ ਖਿਆਲਾਂ ਵਿਚ ਗੜੁੰਦ ਰਹਿਣਾ ਇਹੋ ਹੀ ਸੰਨਿਆਸੀ ਦਾ ਕਰਤਵ ਰਹਿ ਜਾਂਦਾ ਸੀ। ਦੂਜਿਆਂ ਨੂੰ ਧਰਮ ਉਪਦੇਸ਼ ਕਰਨਾ ਵੀ ਸੰਨਿਆਸੀ ਫ਼ਰਜ਼ ਸੀ। ਹੌਲੇ ਹੌਲੇ ਸੰਨਿਆਸੀ ਛੋਟੀ ਉਮਰ ਤੋਂ ਚੇਲੇ ਬਣਾਉਣ ਲੱਗ ਪਏ। ਬਿਨਾ ਘਾਲ ਕੀਤੇ ਭੇਖ ਦੀ ਰਾਹੀਂ ਜੀਵਨ ਦੀਆਂ ਪਦਾਰਥਕ ਲੋੜਾਂ ਦਾ ਮਿਲ ਜਾਣਾ ਉਨ੍ਹਾਂ ਨੂੰ ਚੰਗਾ ਭਾਸਣ ਲੱਗ ਪਿਆ ਅਤੇ ਉਹ ਸਮਾਜ ਉੱਤੇ ਇਕ ਆਰਥਕ ਬੋਝ ਬਣ ਗਏ। ਇਨ੍ਹਾਂ ਦੇ ਟੋਲੇ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਹਥਿਆਰਬੰਦ ਹੋ ਕੇ ਜਬਰ ਨਾਲ ਵੀ ਲੋਕਾਂ ਪਾਸੋਂ ਖਾਣ ਦੀਆਂ ਵਸਤਾਂ ਵਸੂਲ ਕਰਨ ਲੱਗ ਪਏ। ਇਸ ਸਾਰੀ ਸਥਿਤੀ ’ਤੇ ਵਿਚਾਰ ਕਰਕੇ ਗੁਰੂ ਜੀ ਨੇ ਤਿਆਗ ਦੇ ਵਿਰੁੱਧ ਪ੍ਰਚਾਰ ਕੀਤਾ। ਗ੍ਰਹਿਸਤ ਵਿਚ ਰਹਿ ਕੇ ਵੀ ਸੱਚਾ ਅਤੇ ਸੁੱਚਾ ਆਚਾਰ ਰੱਖ ਕੇ ਮਨੁੱਖ ਆਤਮਿਕ ਉੱਨਤੀ ਕਰ ਸਕਦਾ ਹੈ।”[25]

ਚੌਥੀ ਝਾਕੀ ਵਿਚ ਜੋਗੀ ਰਾਜੇ ਦੇ ਮਹੱਲ ਦੇ ਬਾਹਰਵਾਰ ਖੜੇ ਹਨ। ਮੰਤਰੀ ਨੂੰ ਰਾਜੇ ਨੂੰ ਬੁਲਾਉਣ ਲਈ ਆਖਦੇ ਹਨ ਤੇ ਆਪਣੀ ਕਰਾਮਾਤੀ ਸ਼ਕਤੀ ਨਾਲ ਉਸਦਾ ਦੁੱਖ ਹਰਣ ਬਾਰੇ ਆਖਦੇ ਹਨ। ਨੂਰਸ਼ਾਹ ਨਾਨਕ ਬਾਣੀ ਰਾਹੀਂ ਉਨ੍ਹਾਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਦੇ ਘੁਮੰਡ, ਪਾਖੰਡ ਅਤੇ ਵਲ ਫ਼ਰੇਬ ਦਾ ਪਰਦਾਫਾਸ਼ ਕਰਦੀ ਹੈ। ਜੋਗੀ ਰਾਜੇ ਨੂੰ ਰਾਜ ਭਾਗ ਤਿਆਗ ਹੱਠਯੋਗ ਧਾਰਨ ਲਈ

ਕਹਿੰਦੇ ਹੋਏ ਗੁਰੂ ਨਾਨਕ ਬਾਰੇ ਗੁੰਮਰਾਹ ਕਰਨ ਅਤੇ ਭੜਕਾਉਣ ਦੀ ਕੋਸ਼ਿਸ਼ ਕਰਦੇ ਹਨ। ਨੂਰਸ਼ਾਹ ਨਾਨਕ ਬਾਣੀ ਰਾਹੀਂ ਗੁਰੂ ਦੀ ਸਚਾਈ ਅਤੇ ਮਹਾਨਤਾ ਨੂੰ ਉਘਾੜਦੀ ਹੈ।

> ਪ੍ਰੋਹਤ : ਤੀਰਥ-ਯਾਤਰਾ, ਕਰਮ-ਧਰਮ ਬਿਅਰਥ ਦਸ ਰਿਹਾ। ਖੱਤਰੀ ਹੋ ਕੇ ਜਨੇਊ, ਗੰਗਾ, ਗਾਇਤਰੀ ਦੇ ਉਲਟ ਬੋਲ ਰਿਹਾ ਹੈ।
> ਨੂਰਸ਼ਾਹ : ਸੱਚ ਕਹਿ ਰਿਹਾ ਹੈ:
> *"ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆਂ*
> *ਨਾਮ ਬਿਨਾ ਸਭ ਕੂੜ ਗਾਲੀ ਹੋਛੀਆਂ ॥"*[26]

ਰਾਜਾ ਗੁਰੂ ਦੀ ਬਾਣੀ ਅਤੇ ਨਿਰਭੈ ਸਖ਼ਸ਼ੀਅਤ ਦਾ ਕਾਇਲ ਹੋ ਜਾਂਦਾ ਹੈ। ਜੋਗੀ ਰਾਜੇ ਨਾਲ ਗੁੱਸੇ ਹੋ ਕੇ ਚਲੇ ਜਾਂਦੇ ਹਨ। ਉਸੇ ਵਕਤ ਭੂਮੀਆ ਚੋਰ ਆ ਕੇ ਰਾਜੇ ਅੱਗੇ ਆਤਮ ਸਮਰਪਣ ਕਰਦਾ ਹੈ। ਰਾਜਾ ਉਸ ਤੋਂ ਪੁੱਛਦਾ ਹੈ ਕਿ ਕਿ ਜਦੋਂ ਉਹ ਚੋਰੀ ਕਰਨ ਆਇਆ ਸੀ ਉਸ ਸਮੇਂ ਰਾਣੀ ਕਿਥੇ ਸੀ। ਭੂਮੀਆ ਆਖਦਾ ਹੈ ਕਿ ਉਸਨੇ ਪੂਜਾ ਕਰਦੀ ਰਾਣੀ ਨੂੰ ਬੇਹੋਸ਼ ਕਰ ਦਿੱਤਾ ਸੀ। ਇਹ ਸੁਣ ਕੇ ਕਿ ਰਾਣੀ ਨਿਰਦੋਸ਼ ਸੀ ਰਾਜਾ ਹੋਰ ਪਰੇਸ਼ਾਨ ਹੋ ਜਾਂਦਾ ਹੈ। ਰਾਜਾ ਉਸਨੂੰ ਪੁੱਛਦਾ ਹੈ ਕਿ ਉਹ ਸਮਾਨ ਇਕੱਠਾ ਕਰਕੇ ਮਹੱਲ ਵਿਚ ਹੀ ਕਿਉਂ ਛੱਡ ਗਿਆ। ਭੂਮੀਆ ਉਸਨੂੰ ਗੁਰੂ ਨਾਨਕ ਦੇਵ ਬਾਰੇ ਦੱਸਦਿਆਂ ਆਪਣੇ ਕਾਇਆ ਕਲਪ ਬਾਰੇ ਦੱਸਦਾ ਹੈ। ਇਹ ਸੁਣ ਕੇ ਰਾਜਾ ਗੁਰੂ ਨਾਨਕ ਨੂੰ ਮਿਲਣ ਲਈ ਵਿਆਕੁਲ ਹੋ ਉਠਦਾ ਹੈ। ਭੂਮੀਆ ਦੱਸਦਾ ਹੈ ਕਿ ਉਹ ਏਥੇ ਨੇੜੇ ਹੀ ਹਨ। ਪ੍ਰਿਸ਼ਟਭੂਮੀ ਤੋਂ ਨਾਨਕ ਬਾਣੀ ਦੇ ਸ਼ਬਦ *ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ* ਏਹ ਗਾਉਣ ਦੀ ਆਵਾਜ਼ ਆਉਂਦੀ ਹੈ। ਰਾਜਾ ਨਾਨਕ ਬਾਣੀ ਸੁਣ ਕੇ ਆਖਦਾ ਹੈ ਕਿ ਉਸਦੀ ਜਾਦੂ-ਨਗਰੀ ਵਿਚੋਂ ਜਹਾਲਤ ਦੀ ਧੁੰਧ ਮਿਟਦੀ ਜਾ ਰਹੀ ਹੈ ਤੇ ਗਿਆਨ ਦਾ ਚਾਨਣ ਪਸਰ ਰਿਹਾ ਹੈ। ਇਸ ਤਰ੍ਹਾਂ ਗੁਰੂ ਨਾਨਕ ਨੂਰਸ਼ਾਹ, ਭੂਮੀਏ ਅਤੇ ਸੁਧਰ ਸੈਨ ਜਿਹੇ ਜੀਵਨ ਤੋਂ ਭਟਕੇ ਹੋਏ ਲੋਕਾਂ ਲਈ ਲਈ ਜੀਵਨ ਅਤੇ ਬ੍ਰਹਮ ਚੇਤਨਾ ਦੇ ਸੋਮੇ ਬਣਦੇ ਹਨ।

ਨਾਟਕਕਾਰ ਦੁਆਰਾ ਵਿਉਂਤਿਆ ਕਾਰਜ ਤਰਕਪੂਰਨ ਪ੍ਰਤੀਤ ਹੁੰਦਾ ਹੈ। ਨੂਰਸ਼ਾਹ ਅਤੇ ਭੂਮੀਏ ਦੁਆਰਾ ਜੋਗੀਆਂ ਅਤੇ ਰਾਜੇ ਨਾਲ ਵਿਉਂਤੇ ਸੰਵਾਦ ਰਾਹੀਂ ਨਾਟਕਕਾਰ ਬਿਨਾ ਕਿਸੇ ਉਚੇਚ ਦੇ ਗੁਰੂ ਨਾਨਕ ਦੇ ਚਰਿੱਤਰ ਨੂੰ ਪੇਸ਼ ਕਰਨ ਅਤੇ ਸਥਿਤੀ ਨੂੰ ਤਨਾਵਪੂਰਨ ਬਣਾਉਣ ਵਿਚ ਸਫਲ ਰਹਿੰਦਾ ਹੈ। ਪਹਿਲੀ ਝਾਕੀ ਵਿਚ ਸੰਪਾਦਨ ਦੀ ਬਹੁਤ ਲੋੜ ਹੈ। ਸਮਾਜਿਕ ਵਾਤਾਵਰਣ ਨੂੰ ਸਥਾਪਿਤ ਕਰਨ ਹਿਤ ਵਿਉਂਤੀ ਲੰਬੀ ਵਾਰਤਾਲਾਪ ਬੇਲੋੜੀ ਜਾਪਦੀ ਹੈ ਤੇ ਕਾਰਜ ਨੂੰ ਲਮਕਾਉਂਦੀ ਹੈ। ਇਸ ਨਾਟਕ ਵਿਚ ਵੀ ਗੁਰੂ ਨਾਨਕ ਦੀ ਬਾਣੀ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ। ਗੁਰੂ ਨਾਨਕ ਦਾ ਚਰਿੱਤਰ ਅਗਰਭੂਮੀ ਪਾਤਰਾਂ ਅਤੇ ਪ੍ਰਿਸ਼ਟਭੂਮੀ ਬਾਣੀ ਗਾਇਨ ਰਾਹੀਂ ਪੇਸ਼ ਕੀਤਾ ਜਾਂਦਾ ਹੈ।

ਪੰਜਾਬੀ ਨਾਟਕਕਾਰਾਂ ਨੇ ਅਗਰਭੂਮੀ ਨਾਇਕ ਰਹਿਤ ਨਾਟਕ ਅਤੇ ਪ੍ਰਿਸ਼ਟਭੂਮੀ ਨਾਇਕ ਦੀ ਸਿਰਜਣਾ ਰਾਹੀਂ ਨਾਟ ਸ਼ਿਲਪ ਦਾ ਨਵਾਂ ਮਾਡਲ ਪ੍ਰਸਤੁਤ ਕੀਤਾ ਹੈ। ਗੁਰਦਿਆਲ ਸਿੰਘ ਫੁੱਲ ਅਨੁਸਾਰ, "ਮੈਂ ਨਾਇਕ ਤੋਂ ਬਿਨਾ ਨਾਇਕ ਉਸਾਰਨ ਦੀ ਨਵੀਂ ਨਾਟਕੀ ਸ਼ਿਲਪ ਲੱਭੀ ਹੈ।"[27] ਨਾਟਕ ਵਿਚ ਜਿਸ-ਜਿਸ ਪਾਤਰ ਰਾਹੀਂ ਗੁਰੂ ਨਾਇਕ ਦੀ ਪਾਤਰ ਉਸਾਰੀ ਕੀਤੀ ਜਾਂਦੀ ਹੈ, ਉਸ ਨੂੰ ਚੇਤੰਨ ਤੌਰ 'ਤੇ ਵਿਉਂਤਿਆ ਜਾਂਦਾ ਹੈ। ਪਾਤਰ ਉਸਾਰੀ ਦੀ ਇਸ ਵਿਧੀ ਨੂੰ ਨਾਟਕ *ਜਿਨ ਸਚੁ ਪਲੈ ਹੋਇ* ਦੇ ਇਨ੍ਹਾਂ ਸੰਵਾਦਾਂ ਰਾਹੀਂ ਦੇਖਿਆ ਜਾ ਸਕਦਾ ਹੈ।

> ਭਗਵਾਨ : ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥ ਰੋਟੀਆ ਕਾਰਣਿ ਪੂਰਹਿ ਤਾਲ॥
> ਸਾਧੂ : ਇਹ ਕੀ ਗੱਲ? ਤੂੰ ਸਾਨੂੰ ਗਾਲ੍ਹਾਂ ਕਢ ਰਿਹੈਂ, ਸਾਡੇ ਪਹਿਰਾਵੇ ਦਾ ਨਿਰਾਦਰ ਕਰ ਰਿਹੈਂ ਤੇ ਰੋਟੀਆਂ ਕਾਰਨ ਵਿਖਾਵਾ ਕਹਿ ਰਿਹੈਂ?
> ਭਗਵਾਨ : ਸੰਤ ਜੀ ਮੈਂ ਤਾਂ ਕਿਸੇ ਨੂੰ ਕੁਝ ਨਹੀਂ ਕਹਿ ਰਿਹਾ। ਮੈਂ ਤਾਂ ਗੁਰੂ ਦੀ ਬਾਣੀ ਪੜ੍ਹ ਰਿਹਾਂ।
> ਸਾਧੂ : ਕਿਹੜਾ ਗੁਰੂ ਹੈ ਤੇਰਾ?
> ਭਗਵਾਨ : ਗੁਰੂ ਨਾਨਕ।

ਸਾਧੂ : ਕੁਰਾਹੀਆ! ਜਿਸ ਨੇ ਜੋਗ ਨੂੰ ਬਦਨਾਮ ਕੀਤਾ ਹੋਇਆ ਏ? ਜੋਗੀ ਬਣਿਆ ਫਿਰਦਾ ਏ ਤੇ ਨਾਲੇ ਕੁਟੰਬ ਵੀ ਪਾਲੀ ਫਿਰਦਾ ਏ?

ਭਗਵਾਨ : ਉਹ ਤਾਂ ਅਸਲੀ ਜੋਗੀ ਨੇ। ਸਹਿਜ ਜੋਗੀ ਨੇ। ਉਹ ਕਹਿੰਦੇ ਨੇ: ***ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥***[28]

ਉਪਰੋਕਤ ਸੰਵਾਦ ਵਿਚ ਨਾਟਕਾਕਾਰ ਨੇ ਭਗਵਾਨ ਰਾਹੀਂ ਗੁਰੂ ਨਾਨਕ ਦੀ ਪਾਤਰ ਉਸਾਰੀ ਕੀਤੀ ਹੈ। ਬਿਰਤਾਂਤਕ ਸ਼ੈਲੀ ਵਿਚ ਇਕ ਅਦਾਕਾਰ ਬਿਰਤਾਂਤਕਾਰੀ ਦੇ ਨਾਲ ਜਿਸ ਪਾਤਰ ਨੂੰ ਚਾਹੇ ਅਭਿਨੀਤ (Enact) ਕਰ ਸਕਦਾ ਹੈ ਪਰੰਤੂ ਇਥੇ ਅਦਾਕਾਰ ਭਗਵਾਨ ਨੂੰ ਅਭਿਨੀਤ (Enact) ਕਰੇਗਾ ਤੇ ਗੁਰੂ ਨਾਨਕ ਨੂੰ ਕੇਵਲ ਪੇਸ਼ (Present) ਕਰੇਗਾ ਕਿਉਂਕਿ ਉਸਨੂੰ ਗੁਰੂ ਨਾਇਕ ਦਾ ਭੇਖ ਧਾਰਨ ਦੀ ਇਜਾਜ਼ਤ ਨਹੀਂ ਹੈ। ਇਸ ਤਰ੍ਹਾਂ ਅਦਾਕਾਰ ਨੂੰ ਅਭਿਆਸ ਕਰਦੇ ਸਮੇਂ ਇਸ ਨਵੀਂ ਅਭਿਨੈ ਸ਼ੈਲੀ ਨੂੰ ਸਮਝਣਾ ਪੈਣਾ ਹੈ। ਬਰੈਖਤੀਅਨ ਅਭਿਨੈ ਸ਼ੈਲੀ ਵਿਚ ਅਭਿਆਸ ਸਮੇਂ ਅਦਾਕਾਰ ਉਸਦੇ ਪਾਤਰ ਨੂੰ ਅਨਯ ਪੁਰਖ ਵਿਚ ਪੜ੍ਹਦਾ ਹੈ ਤਾਂ ਜੋ ਉਹ ਇਹ ਸਮਝ ਸਕੇ ਕਿ ਉਹ ਪਾਤਰ ਨਹੀਂ ਹੈ। ਇਸ ਤਰ੍ਹਾਂ ਅਦਾਕਾਰ ਦੇ ਪਾਤਰ ਵਿਚ ਪੂਰਨ ਲਿਪਤੀਕਰਨ ਨੂੰ ਰੋਕਿਆ ਜਾਂਦਾ ਹੈ ਪਰੰਤੂ ਉਪਰੋਕਤ ਪਾਤਰ ਉਸਾਰੀ ਅਨੁਸਾਰ ਅਦਾਕਾਰ ਨੇ ਦੋ ਪਾਤਰਾਂ ਦਾ ਕਾਰਜ ਕਰਨਾ ਹੈ ਭਾਵ ਇਕ ਦਾ ਰੂਪ ਧਾਰਨਾ ਹੈ ਤੇ ਦੂਜੇ ਨੂੰ ਉਸ ਧਾਰੇ ਹੋਏ ਰੂਪ ਰਾਹੀਂ ਪੇਸ਼ ਕਰਨਾ ਹੈ। ਧਾਰਮਿਕ ਨਾਟਕ ਦੇ ਮੰਚਣ ਵਿਚ ਉਪਰੋਕਤ ਦੇ ਨਾਲ ਗੁਰੂ ਨਾਇਕ ਦੀ ਮੰਚ ਯੋਜਨਾ ਪ੍ਰਿਸ਼ਟਭੂਮੀ ਆਵਾਜ਼ਾਂ, ਰੋਸ਼ਨੀ, ਦ੍ਰਿਸ਼ਗਤ ਪ੍ਰਭਾਵ, ਸੰਗੀਤ, ਮੰਚ ਸੱਜਾ ਅਤੇ ਸਮੱਗਰੀ ਰਾਹੀਂ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਧਾਰਮਿਕ ਨਾਟਕ ਨੇ ਨਾਟ-ਮੰਚ ਸ਼ਿਲਪ ਦੀਆਂ ਨਵੀਆਂ ਵਿਧੀਆਂ ਸਿਰਜੀਆਂ ਹਨ। ਇਨ੍ਹਾਂ ਵਿਧੀਆਂ ਨੂੰ ਅੱਗੇ ਅਭਿਆਸ ਅਤੇ ਖੋਜ ਰਾਹੀਂ ਵਿਹਾਰਕ ਅਤੇ ਸਿਧਾਂਤਕ ਰੂਪ ਵਿਚ ਵਿਕਸਤ ਕੀਤਾ ਜਾ ਸਕਦਾ ਹੈ।

ਇਨ੍ਹਾਂ ਰਚਨਾਵਾਂ ਵਿਚ ਗੁਰੂ ਨਾਨਕ ਦਰਸ਼ਨ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ। ਦੋਵਾਂ ਨਾਟਕਾਂ ਵਿਚ ਨਾਨਕ ਦਰਸ਼ਨ ਨੂੰ ਸਮਝਣ ਤੋਂ ਬਾਅਦ ਪਾਤਰਾਂ ਦੀ ਸੋਚ ਅਤੇ ਜੀਵਨ ਸ਼ੈਲੀ ਬਦਲਦੀ ਹੈ। ਉਹ ਆਪਣੇ ਇਸ ਪਰਿਵਰਤਿਤ ਰੂਪ ਰਾਹੀਂ ਸਮਾਜਿਕ ਅਨਿਆਂ ਅਤੇ ਰਾਜਸੀ ਜਬਰ ਦੇ ਖ਼ਿਲਾਫ਼ ਸੰਘਰਸ਼ ਕਰਕੇ ਸਮਾਜ ਨੂੰ ਸੋਹਣਾ ਬਣਾਉਣ ਲਈ ਕਾਰਜਸ਼ੀਲ਼ ਹੁੰਦੇ ਹਨ। ਨਾਟਕ **ਜਿਨ ਸਚੁ ਪਲੈ ਹੋਇ** ਵਿਚ ਰੂਪ ਬਸੰਤ ਦਾ ਉਪ ਕਥਾਨਕ ਇਸ ਨਾਟਕ ਦੇ ਦੋਹਰੇ ਮਹੱਤਵ ਨੂੰ ਉਜਾਗਰ ਕਰਦਾ ਹੈ। ਇਸ ਰਾਹੀਂ ਡਾ. ਫੁੱਲ ਨੇ ਜਾਤੀਗਤ ਵਿਤਕਰੇ ਨੂੰ ਪੇਸ਼ ਕਰਨ ਦੇ ਨਾਲ ਇਸ ਲਈ ਜ਼ਿੰਮੇਵਾਰ ਧਿਰਾਂ ਭਾਵ ਸਵਰਨ ਜਾਤੀਆਂ ਨਾਲ ਸੰਵਾਦ ਰਚਾਇਆ ਹੈ। ਇਹ ਸੰਵਾਦ ਰਚਾਉਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਜਾਤ ਪ੍ਰਥਾ ਦੀ ਉਤਪਤੀ ਰਿਗਵੇਦ ਦੇ ਪੁਰਸ਼ ਸੂਕਤ ਦੇ ਇਸ ਮੰਤਰ (ਰਿਗਵੇਦ 10, 90, 12) ਵਿਚੋਂ ਹੋਈ ਹੈ।

*ਬ੍ਰਾਹਮਣੋਅਸ੍ਯ ਮੁਖਮਾਸੀਦ੍ ਬਾਹੂਰਾਜਨ੍ਯਃ ਕ੍ਰਿਤਃ ॥*
*ਉਰੂ ਤਦਸ੍ਯ ਯਦਵੈਸ਼੍ਯਃ ਪਦ੍ਭ੍ਯਾਂ ਸ਼ੂਦ੍ਰੋਂ ਅਜਾਯਤ ॥*

ਅਰਥਾਤ ਵਿਰਾਟ ਰੂਪ ਪਰਮਾਤਮਾ ਦੇ ਮੂੰਹ ਵਿਚੋਂ ਬ੍ਰਾਹਮਣ, ਬਾਹਾਂ ਵਿਚੋਂ ਕਸ਼ੱਤਰੀ (ਖੱਤਰੀ), ਜੰਘਾਂ (ਪੱਟਾਂ) ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਹੋਏ।[29] ਇਸ ਤਰ੍ਹਾਂ ਮਨੁੱਖੀ ਸਮਾਜ ਰਚਨਾ ਦੀ ਇਸ ਧਾਰਨਾ ਵਿਚ ਹੀ ਜਾਤ ਦੀਆਂ ਜੜ੍ਹਾਂ ਹਨ। ਰਿਗਵੇਦ ਵਿਚ ਦਿੱਤੀ ਮਨੁੱਖੀ ਸਮਾਜ ਰਚਨਾ ਦੀ ਇਹ ਧਾਰਨਾ ਮੂਲੋਂ ਤਰਕਹੀਣ ਹੈ। ਇਸਨੇ ਮਨੁੱਖੀ ਗੌਰਵ ਅਤੇ ਮਨੁੱਖਤਾ ਦੀ ਮਹਾਨਤਾ ਨੂੰ ਵੱਡੇ ਪੱਧਰ ਉਤੇ ਢਾਹ ਲਾਈ ਹੈ। ਮੱਧਕਾਲ ਵਿਚ ਜਦੋਂ ਵਰਣ ਵਿਵਸਥਾ ਨੇ ਜਾਤੀਗਤ ਵਿਤਕਰੇ ਅਤੇ ਛੂਤ ਛਾਤ ਦੇ ਰੂਪ ਵਿਚ ਵਿਕਰਾਲ ਰੂਪ ਧਾਰ ਲਿਆ ਸੀ ਤਾਂ ਭਗਤ ਕਬੀਰ, ਭਗਤ ਰਵਿਦਾਸ ਅਤੇ ਗੁਰੂ ਨਾਨਕ ਸਮੇਤ ਅਨੇਕਾਂ ਮਹਾਂਪੁਰਸ਼ਾਂ ਨੇ ਇਸਦਾ ਕਰੜੇ ਸ਼ਬਦਾਂ ਵਿਚ ਵਿਰੋਧ ਕੀਤਾ ਤੇ ਸਾਂਝੀ ਮਨੁੱਖਤਾ ਅਤੇ ਸਮਾਜਿਕ ਬਰਾਬਰੀ ਜਿਹੇ ਮਹਾਨ ਵਿਚਾਰਾਂ ਨਾਲ ਸਮਾਜ ਦਾ ਮਾਰਗ ਦਰਸ਼ਨ ਕੀਤਾ ਪਰੰਤੂ ਆਧੁਨਿਕ ਹਿੰਦੂ ਵਿਦਵਾਨ ਅਜੇ ਵੀ ਇਸਦੀ ਪੈਰਵੀ ਕਰਦੇ ਹਨ। ਡਾ. ਰਾਧਾ ਕ੍ਰਿਸ਼ਨਨ ਲਿਖਦਾ ਹੈ, "ਮਨੁੱਖ ਕੋਈ ਨਿਰਾਪੇਖ ਵਿਅਕਤੀ ਨਹੀਂ। ਭਾਈਚਾਰੇ ਵਿਚ ਆਪਣੇ ਗੁਣ, ਸੁਭਾਵ ਤੇ ਕਰਮ ਅਨੁਸਾਰ ਉਹ ਕਿਸੇ ਟੋਲੇ ਦਾ ਭਾਗ ਹੈ। ਜਦੋਂ ਭਾਈਚਾਰੇ ਦੀ ਚਹੁੰ ਭਾਗਾਂ ਵਿਚ ਵੰਡ ਈਸ਼ਵਰ ਕ੍ਰਿਤ

ਸਮਝੀ ਜਾਂਦੀ ਹੈ ਇਸ ਦਾ ਭਾਵ ਇਹ ਹੈ ਕਿ ਆਤਮਿਕ ਗਿਆਨ, ਪ੍ਰਬੰਧਕ ਸ਼ਕਤੀ, ਕਿੱਤਿਆਂ ਅਨੁਸਾਰ ਉਤਪਾਦਨ ਅਤੇ ਦਿਲੋਂ ਮਨੋਂ ਸੇਵਾ ਕਿਸੇ ਵੀ ਭਾਈਚਾਰਕ ਬਣਤਰ ਦੇ ਜ਼ਰੂਰੀ ਭਾਗ ਹਨ। ਸੂਝਵਾਨਾਂ ਦਾ ਕੰਮ ਭਾਈਚਾਰਕ ਬਣਤਰ ਦੀ ਵਿਉਂਤ ਬਣਾਉਣਾ ਹੈ। ਸ਼ਕਤੀਵਾਨਾਂ ਦਾ ਕੰਮ ਉਸ ਨੂੰ ਪ੍ਰਵਾਨ ਚੜ੍ਹਾਉਣਾ ਹੈ ਅਰਥਾਤ ਉਸ ਅਧਿਕਾਰ ਨਾਲ ਪੁਸ਼ਟੀ ਦੇਣਾ ਹੈ ਜਿਸ ਦੇ ਮਗਰ ਬਲ ਹੈ। ਅਤੇ ਜੋ ਕਿੱਤਿਆਂ ਦੇ ਜਾਣੂ ਕਾਰੀਗਰ ਹਨ ਉਨ੍ਹਾਂ ਦਾ ਕੰਮ ਦਿਲੋਂ ਮਨੋਂ ਮਿਹਨਤ ਕਰਦੇ ਕਾਮਿਆਂ ਦੀ ਰਾਹੀਂ ਉਸ 'ਤੇ ਅਮਲ ਕਰਨਾ ਅਰਥਾਤ ਸਿਰੇ ਚੜ੍ਹਾਉਣਾ ਹੈ।"[30] ਇਸ ਤਰ੍ਹਾਂ ਆਜ਼ਾਦ ਭਾਰਤ ਵਿਚ ਵੀ ਸਮਾਜ ਵਿਰੋਧੀ ਇਸ ਵਿਵਸਥਾ ਬਾਰੇ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਜਦਕਿ ਸੰਵਿਧਾਨ ਬਣਾਉਣ ਸਮੇਂ ਜਾਤ ਪ੍ਰਥਾ ਨੂੰ ਖਤਮ ਕਰਕੇ ਸਦੀਆਂ ਤੋਂ ਲਤਾੜੇ ਜਾ ਰਹੇ ਇਨ੍ਹਾਂ ਲੋਕਾਂ ਦਾ ਮਨੁੱਖੀ ਗੌਰਵ ਬਹਾਲ ਕਰਨਾ ਚਾਹੀਦਾ ਸੀ। ਅੱਜ ਜਦੋਂ ਜਾਤ ਨਾਲ ਰਾਜਨੀਤਿਕ ਅਤੇ ਆਰਥਿਕ ਲਾਭ ਜੁੜ ਗਏ ਹਨ ਇਹ ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ ਘਾਤਕ ਹੋ ਗਈ ਹੈ। ਜਾਤ ਜਿਥੇ ਸਮਾਜਿਕ ਵਿਕਾਸ ਵਿਚ ਇਕ ਵੱਡੀ ਰੁਕਾਵਟ ਹੈ ਉਥੇ ਆਧੁਨਿਕ ਭਾਰਤ ਦੇ ਮੱਥੇ 'ਤੇ ਲੱਗਿਆ ਇਕ ਕਲੰਕ ਵੀ ਹੈ। ਨਾਟਕ ਵਿਚ ਜਾਤੀਗਤ ਭੇਦ ਭਾਵ ਦੇ ਖ਼ਿਲਾਫ਼ ਸੰਘਰਸ਼ ਵਿਚ ਰੂਪ ਬਸੰਤ ਦੇ ਨਾਲ ਉਚ ਵਰਗ ਦੇ ਲੋਕ ਵੀ ਸ਼ਾਮਿਲ ਹਨ। ਸਪਸ਼ਟ ਹੈ ਕਿ ਮਨੁੱਖ, ਸਮਾਜ ਅਤੇ ਰਾਸ਼ਟਰ ਵਿਰੋਧੀ ਇਸ ਵਰਤਾਰੇ ਨੂੰ ਜੜ੍ਹੋਂ ਉਖਾੜਨ ਲਈ ਸਾਂਝੇ ਸੰਘਰਸ਼ ਦੀ ਲੋੜ ਹੈ। ਇਸ ਤਰ੍ਹਾਂ ਇਨ੍ਹਾਂ ਪਾਤਰਾਂ ਦਾ ਧਾਰਮਿਕ ਅਡੰਬਰ ਅਤੇ ਜਾਤੀਗਤ ਵਿਤਕਰੇ ਵਿਰੁੱਧ ਸੰਘਰਸ਼ ਇਸ ਰਚਨਾ ਨੂੰ ਵਰਤਮਾਨ ਦੇ ਸੰਦਰਭ ਵਿਚ ਵਧੇਰੇ ਪ੍ਰਾਸੰਗਿਕ ਬਣਾਉਂਦਾ ਹੈ। ਦੋਵੇਂ ਨਾਟਕ ਇਸ ਧਾਰਨਾ ਨੂੰ ਪ੍ਰਸਤੁਤ ਕਰਦੇ ਹਨ ਕਿ ਗੁਰੂ ਨਾਨਕ ਨੇ ਸੱਚ ਨੂੰ ਜੀਵਿਆ ਤੇ ਸੱਚ ਲਈ ਸੰਘਰਸ਼ ਕੀਤਾ, ਇਸੇ ਲਈ ਉਸਨੂੰ ਸੱਚਾ ਗਿਆਨ ਪ੍ਰਾਪਤ ਹੋਇਆ। ਗੁਰੂ ਨਾਨਕ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇਸ ਗਿਆਨ ਉਤੇ ਉਨ੍ਹਾਂ ਕਬਜ਼ਾ ਨਹੀਂ ਕੀਤਾ ਸਗੋਂ ਦੇਸ਼ ਵਿਦੇਸ਼ ਵਿਚ ਇਸਦੇ ਅਦਾਨ ਪ੍ਰਦਾਨ ਅਤੇ ਪ੍ਰਚਾਰ ਪ੍ਰਸਾਰ ਲਈ ਉਦਾਸੀਆਂ ਕੀਤੀਆਂ। ਧਾਰਮਿਕ ਅਡੰਬਰ ਅਤੇ ਅੰਧਕਾਰ ਦੇ ਚੱਕਰਵਿਊ ਵਿਚ ਘਿਰੇ ਸਮਾਜ ਨੂੰ ਪਰਮਾਤਮਾ ਦੇ ਅਕਾਲ, ਅਜੂਨੀ, ਨਿਰੰਕਾਰ ਅਤੇ ਸਰਬਵਿਆਪੀ ਰੂਪ ਬਾਰੇ ਜਾਗ੍ਰਿਤ ਕੀਤਾ। ਸੱਚੇ-ਸੁੱਚੇ ਆਚਾਰ ਤੇ ਸਹਿਜ ਜੀਵਨ ਨੂੰ ਬ੍ਰਹਮ ਗਿਆਨ ਦੀ ਪਹਿਲੀ ਪੌੜੀ ਦੱਸਿਆ। ਸੰਨਿਆਸ ਨਾਲੋਂ ਗ੍ਰਹਿਸਥ ਤੇ ਭੀਖ ਨਾਲੋਂ ਹੱਥੀਂ ਕਿਰਤ ਕਰਨ ਨੂੰ ਮਹਾਨ ਦੱਸਦਿਆਂ ਮਨੁੱਖ ਸਾਹਮਣੇ ਨਵੀਂ ਤੇ ਨਰੋਈ ਜੀਵਨ ਜਾਚ ਰੱਖੀ। ਇਸ ਜੀਵਨ ਜਾਚ ਰਾਹੀਂ ਮਨੁੱਖ ਨੂੰ ਜੀਵਨ ਅਤੇ ਸਮਾਜ ਨਾਲ ਜੋੜਿਆ। ਇਸ ਤਰ੍ਹਾਂ ਦੋਵੇਂ ਨਾਟਕ ਗੁਰੂ ਨਾਨਕ ਦੇਵ ਨੂੰ ਸਮਾਜਿਕ ਪਰਿਪੇਖ ਵਿਚ ਪੇਸ਼ ਕਰਦੇ ਹੋਏ ਉਨ੍ਹਾਂ ਦੇ ਜੀਵਨ ਅਤੇ ਦਰਸ਼ਨ ਦੇ ਸੰਦੀਵੀ ਮਹੱਤਵ ਅਤੇ ਪ੍ਰਾਸੰਗਿਕਤਾ ਨੂੰ ਉਜਾਗਰ ਕਰਦੇ ਹਨ।

### ਹਵਾਲੇ ਅਤੇ ਟਿੱਪਣੀਆਂ


1. ਡਾ. ਗੁਰਦਿਆਲ ਸਿੰਘ ਫੁੱਲ, **ਪੰਜਾਬੀ ਨਾਟਕ : ਸਰੂਪ, ਸਿਧਾਂਤ ਤੇ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 252
2. ਹਰਨਾਮ ਸਿੰਘ, **ਚਾਰ ਸਾਹਿਬਜ਼ਾਦੇ**, ਗੁਰੂ ਖਾਲਸਾ ਪ੍ਰੈਸ, ਅੰਮ੍ਰਿਤਸਰ, 1936, ਪੰਨਾ 3
3. ਡਾ. ਗੁਰਦਿਆਲ ਸਿੰਘ ਫੁੱਲ, **ਪੰਜਾਬੀ ਨਾਟਕ : ਸਰੂਪ, ਸਿਧਾਂਤ ਤੇ ਵਿਕਾਸ**, ਪੰਨਾ 252
4. ਡਾ. ਸੁਰਜੀਤ ਸਿੰਘ ਸੇਠੀ, 'ਉਸਤਾਦ ਨਾਟਕਕਾਰ ਡਾ.ਗੁਰਦਿਆਲ ਸਿੰਘ ਫੁੱਲ', **ਜਾਗ੍ਰਿਤੀ**, ਜੂਨ 1983, ਪੰਨਾ 13
5. ਗੁਰਦਿਆਲ ਸਿੰਘ ਫੁੱਲ, **ਜਿਨ ਸਚੁ ਪਲੈ ਹੋਇ**, ਹਜ਼ੂਰੀਆ ਐਂਡ ਸੰਨਜ਼, ਜਲੰਧਰ, 1969, ਪੰਨਾ 6
6. ਹਰਚਰਨ ਸਿੰਘ, **ਮਿਟੀ ਧੁੰਧੁ ਜਗਿ ਚਾਨਣੁ ਹੋਆ**, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1987, ਪੰਨਾ 10
7. ਡਾ. ਗੁਰਦਿਆਲ ਸਿੰਘ ਫੁੱਲ, **ਪੰਜਾਬੀ ਨਾਟਕ : ਸਰੂਪ, ਸਿਧਾਂਤ ਤੇ ਵਿਕਾਸ**, ਪੰਨਾ 252
8. ਗੁਰਦਿਆਲ ਸਿੰਘ ਫੁੱਲ, **ਜਿਨ ਸਚੁ ਪਲੈ ਹੋਇ**, ਪੰਨਾ 31
9. **ਗੁਰੂ ਨਾਨਕ ਬਾਣੀ**, ਭਾਈ ਜੋਧ ਸਿੰਘ (ਸੰਪਾ.), ਨੈਸ਼ਨਲ ਬੁਕ ਟਰੱਸਟ, ਇੰਡੀਆ, ਨਵੀਂ ਦਿੱਲੀ, 1996, ਪੰਨਾ 6
10. **ਮਨੂਸਮ੍ਰਿਤੀ** (ਪ੍ਰਥਮ ਭਾਗ), ਡਾ.ਪ੍ਰਵੀਣ ਪ੍ਰਲਯਕੰਰ (ਅਨੁ.ਅਤੇ ਵਿਆਖਿਆਕਾਰ), ਨਿਊ ਭਾਰਤੀਯ ਬੁਕ

ਕਾਰਪੋਰੇਸ਼ਨ, ਦਿੱਲੀ, 2004, ਪੰਨਾ 66-67

11. **ਗੁਰੂ ਨਾਨਕ ਬਾਣੀ**, ਭਾਈ ਜੋਧ ਸਿੰਘ (ਸੰਪਾ.), ਪੰਨਾ 1
12. **ਉਹੀ**, ਪੰਨਾ 4
13. ਗੁਰਦਿਆਲ ਸਿੰਘ ਫੁੱਲ, **ਜਿਨ ਸਚੁ ਪਲੈ ਹੋਇ**, ਪੰਨਾ 47-48
14. 'ਮੁਸਲਮਾਨ ਫ਼ਕੀਰਾਂ ਦਾ ਇੱਕ ਖਾਸ ਦਰਜਾ', **mahankosh.pdf**, ਪ. 1545
15. **ਗੁਰੂ ਨਾਨਕ ਬਾਣੀ**, ਭਾਈ ਜੋਧ ਸਿੰਘ (ਸੰਪਾ.), ਪੰਨਾ 1
16. ਗੁਰਦਿਆਲ ਸਿੰਘ ਫੁੱਲ, **ਜਿਨ ਸਚੁ ਪਲੈ ਹੋਇ**, ਪੰਨਾ 56
17. **ਉਹੀ**, ਪੰਨਾ 78
18. **ਉਹੀ**, ਪੰਨਾ 80
19. **ਉਹੀ**, ਪੰਨਾ 81
20. **ਉਹੀ**, ਪੰਨਾ 83
21. **ਉਹੀ**, ਪੰਨਾ 95-97
22. ਆਤਮਜੀਤ ਸਿੰਘ, 'ਸ਼ਤਾਬਦੀ ਕਾਲ ਦਾ ਪੰਜਾਬੀ ਨਾਟਕ-ਕੁਝ ਨਿਰਣੇ', **ਖੋਜ ਦਰਪਣ**, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1987, ਪੰਨਾ 27
23. ਗੁਰਸ਼ਰਨ ਸਿੰਘ, **ਜਿਨ ਸਚੁ ਪਲੈ ਹੋਇ**, ਮੇਰੀ ਨਾਟਕ ਡਾਇਰੀ, ਡਾ. ਜਸਪਾਲ ਕੌਰ ਦਿਉਲ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ 40-42
24. ਹਰਚਰਨ ਸਿੰਘ, **ਮਿਟੀ ਧੁੰਧੁ ਜਗਿ ਚਾਨਣੁ ਹੋਆ**, ਪੰਨਾ 21
25. **ਗੁਰੂ ਨਾਨਕ ਬਾਣੀ**, ਭਾਈ ਜੋਧ ਸਿੰਘ (ਸੰਪਾ.), ਪੰਨਾ 5-6
26. ਹਰਚਰਨ ਸਿੰਘ, **ਮਿਟੀ ਧੁੰਧੁ ਜਗਿ ਚਾਨਣੁ ਹੋਆ**, ਪੰਨਾ 66
27. ਡਾ. ਗੁਰਦਿਆਲ ਸਿੰਘ ਫੁੱਲ, **ਪੰਜਾਬੀ ਨਾਟਕ : ਸਰੂਪ, ਸਿਧਾਂਤ ਤੇ ਵਿਕਾਸ**, ਪੰਨਾ 253
28. ਗੁਰਦਿਆਲ ਸਿੰਘ ਫੁੱਲ, **ਜਿਨ ਸਚੁ ਪਲੈ ਹੋਇ**, ਪੰਨਾ 87
29. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, **ਗੁਰੂ ਰਵਿਦਾਸ** (ਪੰ.ਅਨੁ.ਰਵੀ ਕੁਮਾਰ ਅਨੂ), ਨੈਸ਼ਨਲ ਬੁਕ ਟਰੱਸਟ, ਇੰਡੀਆ, ਨਵੀਂ ਦਿੱਲੀ, 1993, ਪੰਨਾ 1
30. **ਗੁਰੂ ਨਾਨਕ ਬਾਣੀ**, ਭਾਈ ਜੋਧ ਸਿੰਘ (ਸੰਪਾ.), ਪੰਨਾ 2

◈

# ਅਸੀਂ ਨਾਨਕ ਦੇ ਕੀ ਲਗਦੇ ਹਾਂ : ਪੁਨਰ-ਚਿੰਤਨ

ਜਸਵੰਤ ਜ਼ਫ਼ਰ ਦੀ ਕਾਵਿ-ਪੁਸਤਕ **ਅਸੀਂ ਨਾਨਕ ਦੇ ਕੀ ਲਗਦੇ ਹਾਂ** ਸਾਡੇ ਵਰਤਮਾਨ ਕਾਰ-ਵਿਹਾਰਾਂ, ਜੀਵਨ-ਸ਼ੈਲੀ ਤੇ ਸਮੁੱਚੀ ਜੀਵਨ-ਜਾਚ 'ਤੇ ਪ੍ਰਸ਼ਨ-ਚਿੰਨ੍ਹ ਲਗਾਉਂਦੀ ਹੈ। ਇਸ ਕਵਿਤਾ ਵਿਚ ਪੰਜਾਬ ਦੇ ਕਿਰਤ ਆਧਾਰਿਤ ਸਰਬ ਸਾਂਝੇ ਤੇ ਖ਼ਰੇ ਵਿਹਾਰਕ ਮਾਡਲ ਦੇ ਗੁੰਮ ਦੇ ਜਾਣ ਦੀ ਫ਼ਿਕਰਮੰਦੀ ਹੈ। ਅਜੋਕੇ ਪੰਜਾਬੀ ਸਮਾਜ ਨੇ ਖ਼ਰੇ ਨੂੰ ਗੁਆ ਕੇ ਖੋਟੀ, ਦੰਭੀ ਤੇ ਪਖੰਡੀ ਜੀਵਨ-ਜਾਚ ਅਪਣਾਅ ਲਈ ਹੈ। ਆਪਣੇ ਜੀਵਨ 'ਚੋਂ ਖ਼ਰੇ ਦੀ ਗੁੰਮਸ਼ੁਦਗੀ ਅਤੇ ਖੋਟ ਜਾਂ ਪਖੰਡ ਦੀ ਸ਼ਮੂਲੀਅਤ ਕਰਨ ਵਿਚ ਅਸੀਂ ਸਭ ਭਾਈਵਾਲ ਹਾਂ, ਇਸ ਲਈ ਗੁਨਾਹਗਾਰ ਵੀ ਹਾਂ। ਇਹ ਸਾਰੀ ਕਵਿਤਾ ਇਸ ਦਾ ਹੀ ਇਕਬਾਲ (ਕਨਫ਼ੈਸ਼ਨ) ਹੈ। ਇਹੋ ਜਿਹਾ ਇਕਬਾਲ ਆਧੁਨਿਕ ਪੰਜਾਬੀ ਕਵਿਤਾ ਵਿਚ 1970ਵਿਆਂ ਵਿਚ ਡਾ. ਹਰਿਭਜਨ ਸਿੰਘ ਦੀ ਕਵਿਤਾ 'ਕੇਵਲ ਸ਼ਰਧਾਂਜਲੀ' ਨਾਲ ਹੀ ਪ੍ਰਵੇਸ਼ ਕਰਦਾ ਹੈ, ਭਾਵੇਂ ਕਿ ਗੁਰੂ ਨਾਨਕ ਨਾਲ ਸੰਬੰਧਿਤ ਕਵਿਤਾ ਚਾਰ ਸਦੀਆਂ ਤੋਂ ਲਿਖੀ ਜਾ ਰਹੀ ਹੈ। ਜ਼ਫ਼ਰ ਜਿਨ੍ਹਾਂ 'ਗੁਰਮੁਖ' ਸਿੰਘਾਂ ਨੂੰ ਇਥੇ ਮਿਲਾ ਰਿਹਾ ਹੈ ਉਹੋ ਜਿਹਾ ਸਿੰਘ 'ਕੇਵਲ ਸ਼ਰਧਾਂਜਲੀ' ਕਵਿਤਾ ਤੋਂ ਆਪਣੇ ਐਸੇ ਇਕਬਾਲ ਦਾ ਆਰੰਭ ਕਰਦਾ ਹੈ। ਉਹ ਅਜੋਕੇ ਵਿਸ਼ਵੀਕਰਨ ਦੇ ਬਾਜ਼ਾਰੂ ਤੇ ਖ਼ਪਤੀ ਦੌਰ ਵਿਚ ਦੁਨਿਆਵੀ ਲਾਲਸਾਵਾਂ ਵਿਚ ਫਾਥਾ ਪਿਆ ਹੈ। ਸੰਸਾਰਿਕ ਮਜ਼ਬੂਰੀਆਂ ਕਾਰਨ ਉਸ ਵਿਚ ਕੋਈ ਵੀ ਤਿਆਗ ਕਰਨ ਜਾਂ ਗੁਰੂ ਦੇ ਰਾਹ 'ਤੇ ਚੱਲ ਸਕਣ ਦਾ ਹੌਂਸਲਾ ਨਹੀਂ ਹੈ। ਇਸ ਕਵਿਤਾ ਦਾ ਪਾਤਰ ਜੱਗ ਦੇ ਦਿਖਾਵੇ ਲਈ 'ਕੇਵਲ ਸ਼ਰਧਾਂਜਲੀ' ਦੇਣ ਦੇ ਦੰਭ ਦਾ ਇਕਬਾਲ ਕਰਦਾ 'ਆਪਣੇ ਆਪ ਨੂੰ ਐਕਸਪੋਜ਼' ਕਰਦਾ ਹੈ। ਇਸੇ ਇਕਬਾਲੀਆ ਪਰਿਪੇਖ ਨੂੰ ਜਸਵੰਤ ਜ਼ਫ਼ਰ ਅੱਗੇ ਤੋਰਦਾ ਹੈ ਪਰ ਸੋਚ ਤੇ ਸਮੇਂ ਦੇ ਬਦਲਣ ਨਾਲ ਜ਼ਫ਼ਰ ਦੀ ਕਵਿਤਾ ਵਿਚ ਬਹੁਤ ਕੁਝ ਨਵਾਂ-ਨਿਵੇਕਲਾ ਹੈ। ਪ੍ਰਚਲਿਤ ਵਿਚਾਰਧਾਰਕ ਵਾਦਾਂ ਜਾਂ ਵਕਤੀ ਸਮਾਜਿਕ-ਸਿਆਸੀ ਲਹਿਰਾਂ ਦੇ ਸਮਾਂਨੰਤਰ ਉਹ ਆਪਣੀ ਪਹਿਲੀ ਕਵਿਤਾ 'ਯਾਤਰਾ' ਵਿਚ ਹੀ ਆਤਮ-ਚਿੰਤਨ ਦੇ ਸ਼ੁਰੂਆਤੀ ਰਾਹ ਦੀ ਦੱਸ ਪਾਉਂਦਾ ਹੈ :

ਉਹ ਦੀਵਾਰ 'ਤੇ ਲਿਖ ਗਏ
ਤੇ ਦੀਵਾਰ ਨੇ ਕਿਹਾ-
ਦਿੱਲੀ ਚਲੋ
ਉਹ ਇਸ਼ਤਿਹਾਰ ਚਿਪਕਾ ਗਏ
ਤੇ ਇਸ਼ਤਿਹਾਰ ਨੇ ਕਿਹਾ-
ਮਥੁਰਾ ਚਲੋ
ਕਵਿਤਾ ਸ਼ਾਇਰ ਕੋਲ ਆਈ
ਤੇ ਸ਼ਾਇਰ ਨੇ ਕਿਹਾ-
ਆਪਣੇ ਆਪ ਕੋਲ ਆਓ
ਆਪਣੇ ਆਪ ਨੂੰ ਮਿਲੋ[1]




ਡਾ. ਆਤਮ ਸਿੰਘ ਰੰਧਾਵਾ
ਐਸੋਸੀਏਟ ਪ੍ਰੋਫ਼ੈਸਰ,
ਪੋਸਟ ਗ੍ਰੈਜੂਏਟ ਪੰਜਾਬੀ
ਅਧਿਐਨ ਵਿਭਾਗ,
ਖ਼ਾਲਸਾ ਕਾਲਜ
ਅੰਮ੍ਰਿਤਸਰ।
atamrandhawa@
yahoo.com
ਮੋ. : 09872217273

ਉਹ ਕਵੀ ਹੋਣ ਦੇ ਨਾਤੇ ਪੂੰਜੀਵਾਦੀ, ਫ਼ਾਸ਼ੀਵਾਦੀ ਅਤੇ ਅਖੌਤੀ ਪ੍ਰਗਤੀਵਾਦੀ ਸਮਾਜਿਕ-ਸਿਆਸੀ ਅੰਦੋਲਨਾਂ (ਇਸ਼ਤਿਹਾਰਾਂ/ਭਾਸ਼ਣਾਂ) ਦੇ ਸਮਾਂਨੰਤਰ ਇਕ ਵੱਖਰੀ ਅੰਤਰ-ਸੰਵਾਦਮੁਖੀ 'ਯਾਤਰਾ' ਦਾ ਪ੍ਰਵਚਨ ਦਿੰਦਾ ਹੈ, ਜਿਸ ਵਿਚ ਆਤਮ-ਚਿੰਤਨ ਤੇ ਜਗਿਆਸਾ ਦਾ ਇਕ ਮੁੱਢਲਾ ਸਿਰਜਨਾਤਮਕ ਸੁਨੇਹਾ ਹੈ। ਇਸ ਸੁਨੇਹੇ ਵਿਚ ਇਸ ਕਵਿਤਾ ਦਾ ਬਾਹਰੀ ਸੰਸਥਾਗਤ ਵਿਰੋਧੀ, ਵਿਸਥਾਪਨੀ, ਇਕਬਾਲੀਆ ਤੇ ਸਵੈ ਕਟਾਖ਼ਸ਼ੀ ਸੁਭਾਅ ਲੁਕਿਆ ਹੈ। ਇਥੋਂ ਹੀ ਫਿਰ 'ਅਸੀਂ' ਦੇ ਇਕਬਾਲ ਅਤੇ 'ਆਪਣੇ ਆਪ ਵੱਲ' ਦੀ ਸਿਰਜਨਾਤਮਕ ਯਾਤਰਾ ਵਿਚ ਆਪਣੀ ਅਮੀਰ ਵਿਰਾਸਤ ਤੇ ਵਰਤਮਾਨ ਦਾ ਬਹੁ-ਦਿਸ਼ਾਵੀ ਸੰਵਾਦ ਅੱਗੇ ਚਲਦਾ ਹੈ। ਇਸ ਸੰਵਾਦ ਵਿਚ ਸਿੱਖ ਦਰਸ਼ਨ ਵੀ ਸ਼ਾਮਿਲ ਹੈ ਤੇ ਪੱਛਮੀ ਫ਼ਿਲਾਸਫੀ ਵੀ। ਇਸ ਵਿਚ ਕਵੀ ਬਹੁ-ਦਿਸ਼ਾਵੀ ਸਮਝ ਸਿਰਜਣ ਦੀ ਕਸ਼ਮਕਸ਼ ਵਿਚ ਹੈ। ਭਾਵੇਂ ਇਹ ਸਮਝ ਪੂਰਬੀ ਗਿਆਨਧਾਰਾ, ਪੱਛਮੀ ਦਰਸ਼ਨ ਸਿੱਧਾਂਤਾਂ ਅਤੇ ਪੱਛਮੀ ਕਾਵਿ ਦੀ ਇਕਬਾਲੀਆ ਪ੍ਰਵਿਰਤੀ ਦੇ ਅਸਰ-ਅੰਦਾਜ਼ ਵਿਚ ਉਦੈ ਹੁੰਦੀ ਹੋਵੇ ਫਿਰ ਵੀ ਇਹ ਪੰਜਾਬੀਅਤ ਦੇ ਅਸਲ ਵਿਵੇਕ (ਪੰਜਾਬ ਜੀਉਂਦਾ ਗੁਰਾਂ ਦੇ ਨਾਂ 'ਤੇ) ਨਾਲ ਗੁੱਝੀ ਹੋਈ ਹੈ। ਇਹ ਵਿਵੇਕੀ ਸਮਝ ਹੀ ਕਵੀ ਨੂੰ ਆਤਮ-ਚਿੰਤਨ ਅਤੇ ਮੁੜ ਗੁਰੂ ਨਾਨਕ ਦੇ ਸਿਧਾਂਤ ਤੇ ਵਿਹਾਰ ਵੱਲ ਮੋੜਦੀ ਹੈ। ਘਰ ਤੇ ਰਸਮੀ ਵਿਦਿਆ ਵਿਚ ਘਿਰੇ ਦੰਭੀ ਮਨੁੱਖ ਨੂੰ ਗੁਰੂ ਦੇ ਮੁਨਾਫ਼ੇ-ਰਹਿਤ, ਸੇਵਾ-ਭਾਵੀ, ਕਿਰਤ ਤੇ ਭਾਈਚਾਰਕ ਸਾਂਝ ਵਾਲੇ ਮਾਡਲ ਤੋਂ ਬਹੁਤ ਦੂਰ ਹੁੰਦੇ ਜਾਣ ਦਾ ਅਹਿਸਾਸ ਕਰਾਉਂਦੀ ਹੈ। ਇਸੇ ਲਈ ਜ਼ਫ਼ਰ ਦੀ ਅਗਲੀ ਦੂਜੀ ਕਵਿਤਾ ਹੀ ਆਪਣਾ ਬੁਨਿਆਦੀ ਪ੍ਰਸ਼ਨ ਖੜ੍ਹਾ ਕਰਦੀ ਹੈ ਕਿ 'ਅਸੀ ਨਾਨਕ ਦੇ ਕੀ ਲਗਦੇ ਹਾਂ' :

1. ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ

ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਾਕਾਰ ਨਹੀਂ ਸਕਦੇ
ਨਾਨਕ ਨਾਮ ਤੇ ਵਿਦਿਆਲੇ ਉਸਾਰ ਸਕਦੇ ਹਾਂ -
ਗੁਰੂ ਨਾਨਕ ਵਿਦਿਆਲਾ
ਗੁਰੂ ਨਾਨਕ ਮਹਾਂਵਿਦਿਆਲਾ
ਗੁਰੂ ਨਾਨਕ ਵਿਸ਼ਵਵਿਦਿਆਲਾ

ਵਿਦਿਆਲੇ ਦੇ ਸੋਧੇ ਪ੍ਰਬੋਧੇ ਅਸੀਂ
ਗਿਆਨੀ
ਵਿਦਿਆ ਦਾਨੀ
ਘਰਾਂ ਦੇ ਕੈਦੀ
ਪਤਵੰਤੇ ਸੱਜਣ
ਨਾਨਕ ਦੇ ਕੀ ਲਗਦੇ ਹਾਂ[2]

2. ਤੁਸੀਂ ਪੁੱਛ ਸਕਦੇ ਹੋ
ਕਿ ਨਾਨਕ ਦੇ ਨਾਮ 'ਤੇ ਖੁਲ੍ਹੇ
ਮੋਦੀਖਾਨਿਆਂ ਦੇ ਮਾਲਕ
ਭਲਾ ਨਾਨਕ ਦੇ ਕੀ ਲਗਦੇ ਨੇ[3]

ਅਸਲ ਵਿਚ ਇਹ ਪ੍ਰਸ਼ਨ ਨਹੀਂ ਪ੍ਰਸ਼ਨੋਤਰ ਹਨ, ਇਸ ਪ੍ਰਸ਼ਨ ਵਿਚ ਹੀ ਉੱਤਰ ਪਿਆ ਹੈ ਕਿ 'ਅਸੀਂ ਨਾਨਕ ਦੇ ਕੁਝ ਨਹੀਂ ਲਗਦੇ'। ਇਹ ਸਮੂਹਿਕ ਤੌਰ 'ਤੇ ਆਪਣੇ ਆਪ ਨੂੰ ਐਕਸਪੋਜ਼ ਕਰਨ ਦੀ ਜੁਗਤੀ ਹੈ। ਦਾਰਸ਼ਨਿਕ ਬਹਿਸਾਂ ਵਿਚ ਅਜਿਹੀਆਂ ਜੁਗਤੀਆਂ ਪ੍ਰਚਲਿਤ ਰਹੀਆਂ ਹਨ। ਪੰਜਾਬ ਦੀ ਧਰਤ ਕੋਲ ਅਭਿਆਸੀ ਤੇ ਵਿਹਾਰਕ ਗਿਆਨ ਦੀ ਅਮੀਰ ਵਿਰਾਸਤ ਰਹੀ ਹੈ। ਇਸਨੂੰ ਵਿਸਾਰ ਕੇ ਪੰਜਾਬੀ 'ਵਿਦਿਆਲਿਆਂ' ਦੇ ਕਿਤਾਬੀ ਗਿਆਨ ਦੀ ਹਉਂ ਵਿਚ ਤੇ ਘਰੇਲੂ ਲਾਲਸਾਵਾਂ ਦੀ ਵਲਗਣ ਵਿਚ ਜ਼ਿਆਦਾ ਘਿਰ ਗਏ ਹਨ। ਵੱਡਾ ਦਵੰਦ ਇਹ ਹੈ ਕਿ ਉਹ ਦਾਅਵੇ ਗੁਰੂ ਨਾਨਕ ਦੇ ਵਾਰਿਸ ਹੋਣ ਤੇ ਉਨ੍ਹਾਂ ਦੇ ਕਦਮਾਂ 'ਤੇ ਚਲਣ ਦੇ ਕਰਦੇ ਹਨ ਪਰ ਚਲਦੇ ਉਨ੍ਹਾਂ ਦੇ ਉਲਟ ਹਨ। ਇਸ ਦਵੈਤੀ ਵਿਹਾਰ ਨੂੰ ਇਹ ਕਵਿਤਾ ਪ੍ਰਸ਼ਨੋਤਰੀ, ਕਟਾਖਸ਼ੀ ਤੇ ਇਕਬਾਲੀਆ ਵਿਧੀਆਂ ਰਾਹੀਂ ਕਾਟੇ ਹੇਠ ਲੈ ਆਉਂਦੀ ਹੈ ਅਤੇ ਇਹ ਪਾਠਕ ਨੂੰ ਜ਼ਿਹਨੀ ਤੌਰ 'ਤੇ ਉਪਰੋਕਤ ਵਲਗਣਾਂ ਤੋਂ ਪਾਰ ਲਿਜਾਣ ਲਈ ਕਿਰਿਆਸ਼ੀਲ ਕਰਦੀ ਹੈ। ਜਦੋਂ ਕਿਸੇ ਧਾਰਮਿਕ ਤੇ ਸਮਾਜਿਕ ਸਥਿਤੀ ਵਿਚ ਵੱਡੇ ਪੱਧਰ 'ਤੇ ਵਿਗਾੜ ਆ ਜਾਵੇ ਜਾਂ ਲੋਕ ਆਪਣੇ ਵਿਰਾਸਤੀ ਗੌਰਵਸ਼ੀਲ ਖ਼ਰੇ ਵਿਹਾਰਕ ਅਸੂਲਾਂ ਨੂੰ ਤਿਆਗ ਕੇ ਦੰਭ ਦੀ ਜੀਵਨ-ਜਾਚ ਅਪਨਾਉਣ ਲੱਗ ਜਾਣ ਤਾਂ ਉਸ ਸਮੇਂ ਦੀ ਸ਼ਾਇਰੀ ਵਿਚ ਪ੍ਰਸ਼ਨੋਤਰੀ, ਕਟਾਖਸ਼ੀ ਤੇ ਇਕਬਾਲੀਆ ਵਿਧੀਆਂ ਦੀ ਆਮਦ ਸੁਭਾਵਿਕ ਹੈ ਜੋ ਕਾਵਿ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਪ੍ਰਸੰਗਿਕ ਬਣਾਉਂਦੀਆਂ ਹਨ। ਇਸ ਪੁਸਤਕ ਦੀ ਕਵਿਤਾ ਦੇ ਪ੍ਰਸੰਗ ਵਿਚ ਇਥੇ ਇਨ੍ਹਾਂ ਵਿਧੀਆਂ ਤੇ ਵਿਚਾਰਾਂ ਦਾ ਐਸਾ ਸਮਨਵੈ ਪੇਸ਼ ਹੋਇਆ ਹੈ ਜਿਸ ਵਿਚ ਵਿਸ਼ੇ/ਵਿਚਾਰ ਤੇ ਰੂਪ/ਵਿਧੀ ਦੀ ਦਵੈਤ ਹੀ ਮੁੱਕ ਗਈ ਪ੍ਰਤੀਤ ਹੁੰਦੀ ਹੈ। ਇਸ ਤੋਂ ਇਲਾਵਾ ਇਸ ਕਵਿਤਾ ਦਾ ਪ੍ਰਭਾਵ ਤੇ ਖ਼ੂਬਸੂਰਤੀ ਇਸ ਵਿਚਲੇ ਵਿਰੋਧਾਭਾਸੀ ਤੇ ਅੰਤਰ-ਵਿਰੋਧੀ ਚਿਹਨਾਂ ਜਾਂ ਬਿੰਬਾਂ ਦੀ ਸਿਰਜਣਾ ਵਿਚ ਵੀ ਹੈ ਅਤੇ ਇਸ ਵਿਚ ਇਸ਼ਤਿਹਾਰਬਾਜ਼ੀ ਦੀ ਭਾਸ਼ਾ ਜਾਂ ਵਿਸ਼ੇਸ਼ ਚਿਹਨਕ ਕਟਾਖ਼ਸ਼ ਨੂੰ ਹੋਰ ਪ੍ਰਬਲ ਬਣਾ ਦਿੰਦੇ ਹਨ। ਅਜਿਹੀ ਸਿਰਜਨਾਤਮਿਕਤਾ ਬੜੇ ਗੰਭੀਰ ਵਿਚਾਰ ਨੂੰ ਪਾਠਕ ਤਕ ਸਹਿਜ ਨਾਲ ਸੰਚਾਰਿਤ ਕਰਦੀ, ਉਸਨੂੰ ਝੰਜੋੜ ਜਾਂਦੀ ਹੈ। ਸੋ ਇਹ ਸਮੁੱਚੀ ਕਵਿਤਾ ਅਜਿਹੀਆਂ ਵਿਧੀਆਂ ਰਾਹੀਂ ਹੀ ਸੰਚਾਰਿਤ ਹੁੰਦੀ ਹੈ ਅਤੇ ਵਰਤਮਾਨ ਸਥਿਤੀ ਵਿਚ ਗੁਰੂ ਨਾਨਕ ਦੇ ਪੈਰੋਕਾਰ ਜਾਂ ਵਾਰਿਸ ਅਖਵਾਉਣ ਵਾਲੇ ਸਿੱਖ ਸਮਾਜ ਅਤੇ ਗੁਰੂ ਦੇ ਅਮਲਾਂ ਆਧਾਰਿਤ ਸਮਾਜਿਕ ਮਾਡਲ ਵਿਚ ਪੈ ਗਈ ਵੱਡੀ ਵਿੱਥ ਨੂੰ ਸਾਹਮਣੇ ਲਿਆਉਂਦੀ ਹੈ। ਇਸੇ ਪ੍ਰਸੰਗ ਵਿਚ ਜ਼ਫ਼ਰ ਗੁਰੂ ਨਾਨਕ ਦੇ ਬਿੰਬ ਨੂੰ ਸੰਚਾਰਿਤ ਕਰਨ ਵਾਲੀਆਂ ਪ੍ਰਚਲਿਤ ਮੂਰਤਾਂ ਦੇ ਸੰਦੇਸ਼ ਅਤੇ ਗੁਰੂ ਨਾਨਕ ਦਾ ਅਸਲ ਨਾਇਕਤਵ ਵਿਚਲੇ ਪਾੜੇ ਨੂੰ 'ਨਾਨਕ' ਕਵਿਤਾ ਰਾਹੀਂ ਸਾਡੇ ਰੂਬਰੂ ਕਰਦਾ ਹੈ :

1. ਮਾਫ਼ ਕਰਨਾ
ਸਾਡੇ ਲਈ ਬਹੁਤ ਮੁਸ਼ਕਿਲ ਹੈ
ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ
ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖੁਸ਼ਕ ਦਾਹੜੀ
ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ
ਅੱਖਾਂ ਜੋ -
ਪਰਿਵਾਰ ਨੂੰ
ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ
ਟਿੱਚ ਜਾਣਦੀਆਂ
ਬਹੁਤ ਖਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ
ਅਜਿਹੇ ਨਾਨਕ ਦਾ ਅਸੀਂ

ਧਿਆਨ ਨਹੀਂ ਧਰ ਸਕਦੇ
ਜੋ ਘਰਾਂ ਨੂੰ ਉਜਾੜ ਸਕਦਾ
ਨਿਆਣੇ ਵਿਗਾੜ ਸਕਦਾ
ਕਿਸੇ ਕਾਅਬੇ ਵੱਲ ਪੈਰ ਕਰਕੇ
ਪ੍ਰਕਰਮਾ ਵਿਚ ਲੇਟਣ ਲਈ ਉਕਸਾ ਸਕਦਾ
... ... ...
ਅਜਿਹੇ ਖ਼ਤਰਨਾਕ ਨਾਨਕ ਤੋਂ ਬਹੁਤ ਚਾਲੂ ਹਾਂ ਅਸੀਂ
ਸਾਨੂੰ ਤਾਂ ਚਾਹੀਦੀ ਏ
ਖ਼ੈਰ/ ਸੁੱਖ/ ਸ਼ਾਂਤੀ
ਸਾਨੂੰ ਤਾਂ ਚਾਹੀਦੀਆਂ ਨੇ ਮਿੱਠੀਆਂ ਦਾਤਾਂ
ਵਧਦੀਆਂ ਵੇਲਾਂ
ਤੇ ਵੇਲਾਂ ਨੂੰ ਲਗਦੇ ਰੁਪੱਈਏ
ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ
ਨਾਨਕ ਹੀ ਸੂਟ ਕਰਦਾ ਹੈ
ਸ਼ਾਂਤ/ ਲੀਨ
ਲਕਸ਼ਮੀ ਦੇਵੀ ਵਾਂਗ ਉਠਾਇਆ ਹੱਥ
ਹੱਥ 'ਚੋਂ ਫੁਟਦੀ ਮਿਹਰ
ਤੇ ਅੱਖਾਂ 'ਚੋਂ ਡੁੱਲ ਡੁੱਲ ਪੈਂਦੀ ਕੋਮਲਤਾ
ਸਨ ਸਿਲ੍ਕੀ ਸ਼ਫਾਫ ਦਾਹੜ੍ਹੀ
ਗੋਲ ਮਟੋਲ ਗੋਰੀਆਂ ਗੁਲਾਬੀ ਗੱਲ੍ਹਾਂ
ਫੇਅਰ ਐਂਡ ਲਵਲੀ
ਸੁਰਖ ਟਿਪਸੀ ਹੋਂਠ
ਮੁਲਾਇਮ ਜੈਮਿਨੀ ਪੈਰ
ਕੂਲ਼ੇ ਬਾਰਬੀ ਹੱਥ
ਪੈਗੰਬਰੀ ਵਸਤਰਾਂ ਦਾ ਏਰੀਅਲੀ ਨਿਖਾਰ

ਸਾਡੇ ਇਨ੍ਹਾਂ ਘਰਾਂ ਦੀਆਂ ਕੰਧਾਂ ਤੇ
ਨਾਨਕ ਦੇ ਸੋਭਾ ਸਿੰਘੀ ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੱਦ ਕੇ ਤੁਰਨ ਵਾਲੇ
ਖ਼ਤਰਨਾਕ ਨਾਨਕ ਦੀ ਤਸਵੀਰ ਦਾ ਭਾਰ
ਸਾਡੀ ਕੋਈ ਕੰਧ ਨਹੀਂ ਝੱਲ ਸਕਦੀ
ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਾਏ ਨਿਆਣੇ
ਹੱਥੋਂ ਨਹੀਂ ਗੁਆਉਣੇ
ਅਸੀਂ ਨਾਨਕ ਦੀ ਤਸਵੀਰ ਦਾ ਧਿਆਨ ਨਹੀਂ ਧਰ ਸਕਦੇ
ਮਾਫ਼ ਕਰਨਾ[4]

2. ਲੰਮੀਆਂ ਉਦਾਸੀਆਂ ਵਾਲੇ ਆਪਣੇ ਬਾਬੇ ਤੋਂ
ਉਦਾਸੀਆਂ ਦਾ ਵਰ ਨਹੀਂ ਮੰਗ ਸਕਦੇ
ਕਿਉਂਕਿ ਅਸੀਂ
ਜ਼ੀਰੋ ਵਰਗੀਆਂ ਗੋਲ ਪ੍ਰਕਰਮਾਂ ਤਾਂ ਕਰ ਸਕਦੇ ਹਾਂ
ਉਦਾਸੀਆਂ 'ਤੇ ਨਹੀਂ ਚੜ੍ਹ ਸਕਦੇ[5]

ਇਸੇ ਤਰ੍ਹਾਂ ਆਧੁਨਿਕਵਾਦੀ ਬਾਜ਼ਾਰੂ ਤੇ ਖ਼ਪਤੀ ਦੌਰ ਵਿਚ ਪੰਜਾਬੀ ਦੁਨਿਆਵੀ ਲਾਲਸਾਵਾਂ ਤੇ ਸਮਾਜਿਕ ਮਜ਼ਬੂਰੀਆਂ ਵਿਚ ਐਸੇ ਫਾਥੇ ਜਾਂਦੇ ਹਨ ਕਿ ਉਹ ਆਪਣੀ ਅਮੀਰ ਵਿਰਾਸਤ ਦੇ ਗੌਰਵਸ਼ੀਲ ਮਰਮਾਂ- ਤਿਆਗ, ਕੁਰਬਾਨੀ ਤੇ ਸੇਵਾ ਆਦਿ ਨੂੰ ਅਪਨਾਉਣ ਲਈ ਹਿੰਮਤ ਨਹੀਂ ਕਰ ਪਾਉਂਦੇ। ਉਹ ਆਪਣੇ ਮਹਾਂ ਨਾਇਕ ਗੁਰੂ ਨਾਨਕ ਦੀ 'ਅਸਲ ਤਸਵੀਰ' ਦੀਆਂ 'ਪਰਿਵਾਰ, ਸਰਕਾਰ ਤੇ ਹਰ ਸੰਸਕਾਰ ਨੂੰ ਟਿੱਚ' ਜਾਨਣ ਵਾਲੀਆਂ ਅੱਖਾਂ ਵਿਚ ਅੱਖਾਂ ਪਾ ਗੱਲ ਨਹੀਂ ਕਰ ਸਕਦੇ। ਉਨ੍ਹਾਂ ਦੇ ਬਿਨਾਂ ਅਰਥਾਂ ਤੋਂ ਸਿਰਫ ਥੋਥੇ ਚਿੰਨ੍ਹ ਪਾ ਸਕਦੇ ਹਨ। ਉਹ ਤਾਂ ਕਿਰਤ ਵਿਹੂਣਾ ਸੰਦੇਸ਼ ਦੇਣ ਵਾਲੀਆਂ 'ਸੋਭਾ ਸਿੰਘੀ ਮੂਰਤਾਂ' ਦੇ ਉਪਾਸ਼ਕ ਹੀ ਹੋ ਸਕਦੇ ਹਨ ਅਤੇ ਉਨ੍ਹਾਂ ਤੋਂ 'ਅਪਾਰ ਕ੍ਰਿਪਾ' ਦੇ ਲੋਭ ਦੇ ਆਸਵੰਦ ਹਨ। ਇਉਂ ਵਿਅੰਗਮਈ ਅੰਦਾਜ਼ ਵਿਚ ਇਹ ਕਵਿਤਾ ਸਾਡੇ ਪੰਜਾਬੀ ਸਮਾਜ (ਜਿਸ ਦੀ ਪ੍ਰਤੀਨਿੱਧਤਾ ਦਾ ਦਾਅਵਾ ਸਿੱਖ ਕੌਮ ਕਰਦੀ ਹੈ) ਅਤੇ ਇਸ ਵਿਵਸਥਾ ਦੀਆਂ ਮੌਜੂਦਾ ਸਥਿਤੀਆਂ ਦੀ ਜੁਝਾਰੂ ਕਿਸਮ ਦੀ ਗੰਭੀਰ ਤੇ ਤਿੱਖੀ ਆਲੋਚਨਾ ਹੈ। ਇਸ ਕਰਕੇ ਇਸ ਕਵਿਤਾ ਦੀਆਂ ਵਿਧੀਆਂ ਇਕਬਾਲੀਆ, ਕਟਾਖਸ਼ੀ, ਪ੍ਰਸ਼ਨੋਤਰੀ ਤੇ ਸੰਬੋਧਨੀ ਬਣਦੀਆਂ ਹਨ। ਇਕਬਾਲੀਆ ਕਟਾਖਸ਼ ਸੂਖ਼ਮਤਾ ਸਹਿਤ ਪਰ ਤੀਬਰਤਾ ਨਾਲ ਪਾਠਕ ਨੂੰ ਸਿੱਖ ਫ਼ਿਲਾਸਫ਼ੀ ਦੀਆਂ ਗੁੱਝੀਆਂ ਗੱਲਾਂ ਸਹਿਜ ਭਾਅ ਸਮਝਾ ਵੀ ਜਾਂਦਾ ਹੈ ਅਤੇ ਹਲੂਣ ਵੀ ਜਾਂਦਾ ਹੈ। ਪਾਠਕ ਦੀਆਂ ਨਜ਼ਰਾਂ ਸਾਹਮਣੇ ਸੋਭਾ ਸਿੰਘ ਦੇ ਨਾਨਕ ਜਾਂ ਪਰੰਪਰਕ ਰੂਪ ਵਿਚ ਜਨਮਸਾਖੀਆਂ ਵਾਲੇ ਦਇਆ ਰਾਮ ਅਬਰੋਲ ਤੇ ਆਲਮ ਚੰਦ ਰਾਜ ਦੇ ਨਾਨਕ ਅਤੇ ਭਾਈ ਗੁਰਦਾਸ ਦੇ ਦਿਗਵਿਜੇਈ ਨਾਨਕ-ਬਿੰਬ ਨਾਲੋਂ ਇਕ ਵੱਖਰਾ ਨਾਨਕ-ਬਿੰਬ ਆ ਜਾਂਦਾ ਹੈ ਜੋ ਗੁਰੂ ਨਾਨਕ ਦੀ ਬਾਣੀ ਤੇ ਕਾਰਜਾਂ ਦੇ ਨੇੜੇ ਹੈ। ਜ਼ਫ਼ਰ ਬਿਨਾਂ ਕੈਨਵਸ ਦੇ ਗੁਰੂ ਨਾਨਕ ਦੀ ਉਹ ਅਸਲੀ ਤਸਵੀਰ (ਮੁਸਾਫ਼ਿਰ, ਕਿਰਤੀ, ਫ਼ਕੀਰ ਕਿਸਾਨ ਆਦਿ ਆਦਿ) ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਤੋਂ ਅਸੀਂ ਭਟਕ ਕੇ ਉਲਟੇ ਰਾਹੇ ਪੈ ਗਏ ਹਾਂ।

ਇਉਂ ਇਹ ਕਵਿਤਾ ਪੰਜਾਬੀ ਸਿੱਖ ਸਭਿਆਚਾਰ ਵਿਚ ਆ ਗਏ ਪ੍ਰਮੁੱਖ ਅੰਤਰ-ਵਿਰੋਧ ਨੂੰ ਕਟਾਖਸ਼ੀ ਤਰੀਕੇ ਨਾਲ ਮੁਖ਼ਾਤਿਬ ਹੁੰਦੀ ਹੈ। ਇਹ ਅਜੋਕੇ ਪੰਜਾਬੀ ਸਮਾਜ-ਸਭਿਆਚਾਰ ਵਿਚ ਧਰਮ ਤੇ ਸ਼ਰਧਾ ਦੇ ਪਰਦੇ ਵਿਚ ਫੈਲਾਏ ਦੰਭ, ਢੌਂਗ, ਅਨੈਤਿਕ ਕਾਰ-ਵਿਹਾਰ, ਦੁਰ-ਆਚਾਰ ਅਤੇ ਭਰਮ ਤੇ ਭਰਿਸ਼ਟ ਤੰਤਰ ਨੂੰ ਨੰਗਿਆਂ ਕਰਦੀ ਹੈ। ਸਿੱਖ ਫ਼ਿਲਾਸਫ਼ੀ ਦੇ ਖ਼ਰੇ ਸਿੱਧਾਤਾਂ ਦੇ ਨਾਮ ਉਤੇ ਉਸਾਰੀਆਂ ਬਹੁਤ ਸਾਰੀਆਂ ਖੋਟੀਆਂ ਵਿਵਸਥਾਵਾਂ ਤੇ ਸੰਸਥਾਵਾਂ ਵਿਹਾਰਕ ਪੱਧਰ 'ਤੇ ਲੋਕਾਂ ਨੂੰ ਤਿਆਗ ਦੀ ਥਾਂ ਲੋਭੀ, ਕਿਰਤ ਦੀ ਥਾਂ ਠੱਗੀ-ਠੋਰੀ ਜਾਂ ਵਿਹਲੜਪੁਣਾ, ਬਰਾਬਰਤਾ ਦੀ ਥਾਂ ਊਚ-ਨੀਚ, ਵੰਡਣ/ਦਾਨ ਦੀ ਥਾਂ ਖੋਹੂ, ਜਮਾਂਖੋਰ ਜਾਂ ਮੁਨਾਫ਼ੇਖ਼ੋਰ, ਸਾਂਝੀਵਾਲਤਾ ਜਾਂ ਸਹਿਚਾਰ ਦੀ ਥਾਂ ਧੜ੍ਹੇਬੰਦੀਆਂ ਜਾਂ ਨਿੱਜੀ ਹਉਮੈਂ, ਵਿਵੇਕ ਦੀ ਥਾਂ ਅੰਧ-ਵਿਸ਼ਵਾਸ ਤੇ ਕਰਮ-ਕਾਂਡੀ, ਫ਼ਕੀਰੀ/ ਸਾਦਗੀ ਦੀ ਥਾਂ ਫੁਕਰਪੁਣਾ ਜਾਂ ਨਿਰਾ ਦਿਖਾਵਾ ਅਤੇ ਸੇਵਾ/ਮਾਨਵਤਾ ਦੀ ਥਾਂ ਬਰਬਰਤਾ/ਕਪਟ/ਹਿੰਸਾ ਦਾ ਨਿਰਮਾਣ ਤੇ ਪਾਸਾਰ ਕਰ ਰਹੀਆਂ ਹਨ।

ਅਜੋਕੇ ਸਮੇਂ ਵਿਚ ਇਸ ਸਾਰੇ ਕੁਝ ਦਾ ਹੋਰ ਵੀ ਪਾਸਾਰ ਸਾਹਮਣੇ ਆਉਂਦਾ ਹੈ ਜੋ ਬੜੀ ਤੇਜ਼ ਗਤੀ ਨਾਲ ਪੰਜਾਬੀਆਂ ਦੀ ਮਾਨਸਿਕਤਾ ਦਾ ਹਿੱਸਾ ਬਣਦਾ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਅਤਿ ਉਨਤ ਸੰਚਾਰ ਤਕਨਾਲੌਜੀ ਦੇ ਸਾਧਨਾਂ ਨਾਲ ਬਾਜ਼ਾਰ ਜਾਂ ਮੰਡੀ ਨੂੰ ਜਿਸ ਵਿਕਰਾਲ ਰੂਪ ਵਿਚ ਵਿਕਸਤ ਕੀਤਾ ਹੈ, ਉਸ ਨਾਲ ਬੰਦਿਆਂ ਵਿਚ ਪਦਾਰਥਾਂ ਦੀ ਦੌੜ ਲਗ ਗਈ ਹੈ। ਬੰਦੇ ਨੂੰ ਹੋਰ ਵੀ ਪਰਤੰਤਰੀ ਕਰ ਦਿੱਤਾ ਗਿਆ ਹੈ। ਸਮਾਜ ਕੰਜ਼ਿਊਮਰ ਕਲਚਰ ਵੱਲ ਧੱਕਿਆ ਗਿਆ ਹੈ। ਬੇਲੋੜੀਆਂ ਵਸਤਾਂ, ਜਾਇਦਾਦ ਜਾਂ ਬੇਪਨਾਹ ਪੈਸਾ ਇਕੱਠਾ ਦੀ ਲਾਲਸਾ ਨੇ ਮਨੁੱਖ ਨੂੰ ਖ਼ੁਦ 'ਵਸਤ' ਬਣਾ ਦਿੱਤਾ ਹੈ। ਬੰਦਾ ਬਾਜ਼ਾਰ ਦੁਆਰਾ ਪੈਦਾ ਕੀਤੀਆਂ ਦੁਨਿਆਵੀ ਲਾਲਸਾਵਾਂ ਦੀ ਪੂਰਤੀ ਹਿੱਤ ਹਫ਼ ਰਿਹਾ ਹੈ। ਇਹ ਹੁਣ ਬਾਜ਼ਾਰ/ਮੰਡੀ ਦੇ ਇਸ਼ਾਰਿਆਂ ਤੋਂ ਨਿਯੰਤ੍ਰਿਤ ਹੋ ਰਿਹਾ ਹੈ, ਜਿਸਨੂੰ ਅੱਗੇ ਕਾਰਪੋਰੇਟਸ ਜਾਂ ਸਿਆਸੀ ਧਿਰਾਂ ਕੰਟਰੋਲ ਕਰ ਰਹੀਆਂ ਹਨ। ਇਕ ਤਰ੍ਹਾਂ ਨਾਲ ਅੱਜਕਲ ਤਾਂ ਬੰਦੇ/ ਸਮਾਜ ਦੀ ਪ੍ਰੋਗਰਾਮਿੰਗ ਹੋ ਰਹੀ ਹੈ। ਰਾਜਸੀ ਧਿਰਾਂ ਤੇ ਕਾਰਪੋਰੇਟਸ ਵੱਲੋਂ ਮੀਡੀਏ/ਸੋਸ਼ਲ ਮੀਡੀਏ ਅਤੇ ਲੁਭਾਵਣੀ ਇਸ਼ਤਿਹਾਰਬਾਜ਼ੀ ਰਾਹੀਂ ਬੰਦੇ ਨੂੰ ਕੰਟਰੋਲ ਕੀਤਾ ਜਾ ਰਿਹਾ। ਹਰੇਕ ਵਸਤ ਚਿਨ੍ਹਾਂ ਵਿਚ ਵਟਾਈ ਜਾ ਰਹੀ ਹੈ ਅਤੇ ਅਰਥ ਨਾਲੋਂ ਤੋੜੀ ਜਾ ਰਹੀ ਹੈ। ਅਰਥਾਂ ਰਹਿਤ ਚਿਹਨਕਾਂ ਦੇ ਮਹੱਤਵ ਨੂੰ ਉਭਾਰਿਆ ਜਾ ਰਿਹਾ ਹੈ। ਇਉਂ ਪੰਜਾਬੀ ਬੰਦੇ ਨੂੰ ਚਿਨ੍ਹਾਂ ਜਾਂ ਚਿਹਨਕਾਂ ਤੱਕ ਸੀਮਤ

ਕਰਕੇ ਗੁਰੂ ਦੇ ਵਿਹਾਰਕ, ਖ਼ਰੇ ਤੇ ਵਡੇਰੇ ਅਰਥਾਂ ਦੀ ਵਿਰਾਸਤ ਤੋਂ ਲਗਭਗ ਵਿਹੂਣਾ ਕਰ ਦਿੱਤਾ ਗਿਆ ਹੈ। ਉਸਦੀ ਹੋਂਦ ਇਕ ਖ਼ਪਤੀ, ਨਿੱਜਵਾਦੀ, ਮੁਨਾਫ਼ਾਖ਼ੋਰ, ਪਰਤੰਤਰੀ ਜਾਂ ਇਕ ਜਿਣਸ ਵਿਚ ਤਬਦੀਲ ਹੋ ਗਈ ਹੈ। ਬੌਂਦਰੀਲਾਰ ਦੀ ਸ਼ਬਦਾਵਲੀ ਵਿਚ ਕਹੀਏ ਤਾਂ ਪੰਜਾਬੀ ਬੰਦਾ (ਚਿਨ੍ਹਾਂ ਦੇ ਮਹੱਤਵੀ ਯੁੱਗ ਵਿਚ) 'ਵਸਤਾਂ ਦੇ ਚਿਹਨੀਕਰਨ ਦਾ ਹਿੱਸਾ' ਹੋ ਗਿਆ ਹੈ। ਉਸਦੀ ਸੰਯੋਜਿਤ ਜਾਂ ਸੰਗਠਿਤ ਰੁਚੀ ਲਗਭਗ ਖਤਮ ਹੋ ਗਈ ਹੈ। ਉਹ ਸਮੂਹਿਕਤਾ ਤੋਂ ਟੁੱਟ ਕੇ ਆਪਣੇ 'ਨਿੱਜ' ਵਿਚ ਸੁੰਘੜ ਰਿਹਾ ਹੈ। ਉਸਨੇ ਸਾਂਝੇ ਟੱਬਰਾਂ ਦੀ ਥਾਂ ਨਿਊਕਲੀਅਰ ਪਰਿਵਾਰਾਂ ਨੂੰ ਅਪਣਾਅ ਲਿਆ ਹੈ। ਉਹ ਸਰਬ-ਸਾਂਝੇ ਕਾਰਜਾਂ ਨੂੰ ਤਿਆਗ ਨਿੱਜ ਦੇ ਲਾਭ-ਹਾਣ, ਨਿੱਜੀ ਮੁਨਾਫ਼ੇ ਵਾਲਾ ਤੇ ਖ਼ਪਤੀ ਸਭਿਆਚਾਰ ਨਿਰਮਾਣ ਕਰ ਚੁੱਕਾ ਹੈ। ਇਸ ਸਭ ਕੁਝ ਪਿੱਛੇ ਸਿਆਸੀ ਤੇ ਕਾਰਪੋਰੇਟਸ ਦੀ ਉਪਰੋਕਤ ਵਰਣਿਤ ਮਸ਼ੀਨਰੀ/ਤੰਤਰ ਕਾਰਜਸ਼ੀਲ ਹੈ।

ਬੰਦੇ ਨੂੰ 'ਵਸਤ/ਉਤਪਾਦ' ਵਿਚ ਤਬਦੀਲ ਕਰ ਦੇਣਾ, ਉਪਭੋਗੀ ਸਭਿਆਚਾਰ ਪੈਦਾ ਕਰਨਾ, ਤਰ੍ਹਾਂ ਤਰ੍ਹਾਂ ਦੇ ਮੀਡੀਏ ਰਾਹੀਂ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਨਾਲ ਪ੍ਰੋਡਕਟਸ ਵੱਲ ਰੁਮਾਂਸ ਪੈਦਾ ਕਰਨਾ, ਕਿਰਤ ਨੂੰ ਸਿਰਫ਼ 'ਕਮਾਈ/ਮੁਨਾਫ਼ੇ' ਵਿਚ ਸਮਝਾਉਣਾ ਅਤੇ ਬੱਚਿਆਂ ਨੂੰ ਪੈਸੇ ਛਾਪਣ ਵਾਲੀਆਂ ਮਸ਼ੀਨਾਂ ਵਾਂਗ ਤਿਆਰ ਕਰਨ ਦੇ 'ਆਦਰਸ਼' ਦੇ ਕੇ ਪੰਜਾਬੀ ਬੰਦੇ ਦੀਆਂ ਪ੍ਰਾਥਮਿਕਤਾਵਾਂ (preferences) ਬਦਲ ਦਿੱਤੀਆਂ ਗਈਆਂ ਹਨ। ਇਸ ਲਈ ਉਨ੍ਹਾਂ ਦੀ ਕੰਜ਼ਿਊਮਰ ਤੇ ਵਿਉਪਾਰੀ ਮਾਨਸਿਕਤਾ ਵਿਚ 'ਬਾਬੇ ਨਾਨਕ ਦੇ ਵੀਹ ਤੋਂ ਜ਼ੀਰੋ ਜਾਂ ਤੇਰਾ ਤੇਰਾ' ਕਰ ਦੇਣ ਦੀ ਕਲਾ ਸਮਝ ਨਹੀਂ ਆਉਂਦੀ ਪਰ 'ਵੀਹ ਤੋਂ ਦੋ ਸੌ' ਕਰਨ ਅਤੇ 'ਕਮਾਈ ਵਿਚ ਵਾਧਾ' ਕਰਨ ਦੀ ਭਾਸ਼ਾ ਸਮਝ ਆਉਂਦੀ ਹੈ:

ਗੁਰਮੁਖ ਸਿੰਘ ਤਾਂ ਏਨਾ ਜਾਣਦੈ
ਕਿ ਇਹ ਦੇਣ ਲੈਣ ਦਾ ਸਿੱਧਾ ਰਿਸ਼ਤਾ ਹੈ
ਇਕ ਪਾਸੇ ਅਥਾਹ ਸ਼ਰਧਾ ਹੈ
ਦੂਜੇ ਪਾਸਿਓਂ ਅਪਾਰ ਕ੍ਰਿਪਾ ਹੈ[6]

ਇਹ 'ਗੁਰਮੁਖ ਸਿੰਘ' ਦੀਆਂ ਦੁਨਿਆਵੀ ਮਜਬੂਰੀਆਂ ਤੇ ਲਾਲਸਾ ਸਾਡੀ ਉਪਭੋਗੀ ਮਾਨਸਿਕਤਾ ਵਿਚ ਧੱਸ ਗਈ ਹੈ। ਹਰ ਕਾਰਜ ਨੂੰ 'ਲੈਣ-ਦੇਣ' ਦੇ ਰਿਸ਼ਤੇ ਵਿਚ ਸੋਚਿਆ ਜਾਂਦਾ ਹੈ। ਇਹ ਵਿਉਪਾਰੀ ਮਾਨਸਿਕਤਾ ਬਾਬੇ ਨਾਨਕ ਦੇ ਸੱਚੇ ਸੌਦੇ ਜਾਂ ਵਿਉਪਾਰ ਦੇ ਬਿਲਕੁਲ ਉਲਟ ਹੈ। ਕੁਲ ਮਿਲਾ ਕੇ ਆਧੁਨਿਕ ਪੰਜਾਬੀ ਬੰਦਾ ਬਾਬੇ ਨਾਨਕ ਦੇ ਨਾਮ 'ਤੇ ਦਿਖਾਵੇ ਤੇ ਦੰਭ ਦਾ ਜੀਵਨ ਜੀਅ ਰਿਹਾ ਹੈ ਅਤੇ ਇਸ ਨੇ ਇਕ ਭਰਮ ਦਾ ਯਥਾਰਥ (hyper reality) ਸਿਰਜ ਲਿਆ ਹੈ ਜਿਸ ਵਿਚ ਉਸਨੇ ਆਪਣੇ ਨਿੱਤ ਦੇ ਕਾਰਜ ਜਾਂ ਜੀਵਨ ਵਿਹਾਰ ਨੂੰ ਬਾਬੇ ਨਾਨਕ ਦੇ ਅਰਥਾਂ ਤੋਂ ਤੋੜ ਕੇ ਸਿਰਫ਼ ਚਿਹਨਾਂ-ਪ੍ਰਤੀਕਾਂ ਵਿਚ ਢਾਲ ਲਿਆ ਹੈ। ਸੋ ਇਸ ਤਰ੍ਹਾਂ ਉਸਨੇ ਭਰਮ-ਮੂਲਕ 'ਮਰਿਯਾਦਾ ਪੂਰਵਕ' ਸਿੱਖ ਸਭਿਆਚਾਰ ਦਾ ਨਿਰਮਾਣ ਕਰ ਲਿਆ ਹੈ ਅਤੇ ਇਸ ਵਿਚ ਉਨ੍ਹਾਂ ਕਰਮ-ਕਾਂਡਾਂ ਨੂੰ ਭਰ ਲਿਆ ਹੈ ਜਿਸਦਾ ਗੁਰੂ ਨਾਨਕ ਨੇ ਰੱਜ ਕੇ ਖੰਡਨ ਕੀਤਾ ਹੈ। ਸਿੱਖ ਫ਼ਿਲਾਸਫ਼ੀ ਦੇ ਖ਼ਾਲਸ ਤੇ ਵਿਸ਼ਵੀ ਵਿਹਾਰਕ ਮਾਡਲ ਨੂੰ ਉਲਟ ਦਿਸ਼ਾ ਦੇਣ ਦਾ ਅਜਿਹਾ ਇਹ ਕੰਮ ਸਿਰਫ਼ ਕਿਸੇ ਅਗਿਆਨਤਾ ਵੱਸ ਨਹੀਂ ਹੋਇਆ। ਇਸ ਪਿੱਛੇ ਉਪਰਲੇ ਤੰਤਰ ਤੋਂ ਇਲਾਵਾ ਇਸ ਵਿਹਾਰਕ ਮਾਡਲ ਦੀਆਂ ਕਈ ਦੋਖੀ ਕੇਂਦਰਵਾਦੀ ਸ਼ਕਤੀਆਂ, ਸਾਡੀਆਂ ਧਾਰਮਿਕ ਸੰਸਥਾਵਾਂ, ਮਿਥਿਹਾਸਮੁਖੀ ਪ੍ਰਚਾਰਕਾਂ, ਬ੍ਰਾਹਮਣਵਾਦੀ ਸ਼ਕਤੀਆਂ ਤੇ ਸਿੱਖ ਰਾਹਨੁਮਾਵਾਂ ਦੀ ਸਿਆਸਤ ਵੀ ਕਾਰਜਸ਼ੀਲ ਹੈ।

ਅੱਜਕਲ੍ਹ ਪੰਜਾਬੀ ਜਾਂ ਭਾਰਤੀ ਬੰਦੇ ਨੂੰ ਕਾਬੂ ਕਰਨ ਜਾਂ ਸਿਧਾਉਣ ਲਈ ਬਹੁ-ਪੱਧਰੀ ਤੰਤਰ ਕਾਰਜਸ਼ੀਲ ਹੈ। ਇਹ ਲਗਾਤਾਰ ਆਪਣੀ ਚੌਧਰ ਵੀ ਰੱਖ ਰਿਹਾ ਅਤੇ ਬੇਇੰਤਹਾ ਪੂੰਜੀ ਵੀ ਇਕੱਠੀ ਕਰ ਰਿਹਾ ਹੈ। ਰਾਜਸੀ ਨੇਤਾਵਾਂ, ਪੂੰਜੀਪਤੀਆਂ, ਬਾਜ਼ਾਰਵਾਦੀਆਂ ਤੇ ਅਪਰਾਧ-ਜਗਤ ਦੇ ਨਾਪਾਕ ਗੱਠਜੋੜ ਨੇ ਧਾਰਮਿਕ ਤੇ ਵਿਰਾਸਤੀ ਸੰਸਥਾਵਾਂ ਨੂੰ ਵੀ ਆਪਣੇ ਨਾਲ ਜੋੜ ਲਿਆ ਹੈ। ਇਨ੍ਹਾਂ ਨੇ ਇਕ ਪਾਸੇ ਇਨ੍ਹਾਂ 'ਚ ਕੱਟੜਵਾਦੀ ਰਵੱਈਆ ਭਰ ਦਿੱਤਾ ਹੈ ਅਤੇ ਦੂਜੇ ਪਾਸੇ ਇਨ੍ਹਾਂ ਨੂੰ ਆਪਣੇ ਮੂਲ ਨਾਲੋਂ ਤੋੜ ਕੇ ਅਰਥ ਵਿਹੂਣੇ ਚਿਹਨਾਂ ਤਕ ਸੀਮਤ ਕਰ ਦਿੱਤਾ ਹੈ। ਇਥੇ ਸ਼ਰਧਾ ਦੀ ਸਿਆਸਤ ਹੈ। ਬਾਬੇ ਨਾਨਕ ਦੇ ਨਾਮ ਨੂੰ ਧੰਦਾ ਬਣਾ ਲਿਆ ਹੈ ਤੇ ਹਕੀਕਤ ਵਿਚ ਉਨ੍ਹਾਂ ਨਾਲ ਮੁਨਾਫ਼ੇ ਜਾਂ ਲੈਣ-ਦੇਣ ਰਿਸ਼ਤਾ ਰਹਿ ਗਿਆ ਹੈ। ਸਮੁੱਚੇ ਧਰਮਾਂ ਵਿਚ ਸ਼ਰਧਾ ਦੇ ਪ੍ਰਵਚਨ ਹੇਠ ਕਿੰਤੂ ਪਰੰਤੂ ਦੀ

ਗੁੰਜਾਇਸ਼ ਨਹੀਂ। ਇਸ ਤਰ੍ਹਾਂ ਧਾਰਮਿਕ ਤੇ ਸਮਾਜਿਕ ਖੇਤਰ ਵਿਚ ਵੱਡੇ ਪੱਧਰ 'ਤੇ ਦੰਭ ਤੇ ਢੌਂਗ ਦੀ ਸਿਆਸਤ ਚਲ ਪਈ ਹੈ। ਧਾਰਮਿਕ ਤੇ ਰਾਜਨੀਤਕ ਤੌਰ 'ਤੇ ਅਗਵਾਈ ਕਰਨ ਵਾਲੀਆਂ ਸੱਤਾਵਾਨ ਧਿਰਾਂ ਲੋਕਮੁਖੀ ਨੀਤੀਆਂ ਦੀ ਥਾਂ ਆਪਣੇ-ਆਪ ਦੇ ਫ਼ਾਇਦੇ ਵਿਚ ਭੁਗਤਣ ਵਾਲੀਆਂ ਨੀਤੀਆਂ ਬਣਾਉਂਦੀਆਂ ਹਨ। ਇਹ ਨੀਤੀਆਂ ਉਪਰੋਂ ਲੋਕ ਹਿੱਤਾਂ ਵਿਚ ਬਣੀਆਂ ਹੋਣ ਦਾ ਝਾਉਲਾ ਪਾਉਂਦੀਆਂ ਹਨ ਪਰ ਅਸਲੀਅਤ ਵਿਚ ਲੋਕਾਂ ਦੇ ਵਿਰੋਧ ਵਿਚ ਭੁਗਤੀਆਂ ਹਨ। ਇਨ੍ਹਾਂ ਅਸਪੱਸ਼ਟ ਤੇ ਦੋਸ਼ਪੂਰਨ ਪਾਲਿਸੀਆਂ ਕਾਰਨ ਇਨ੍ਹਾਂ ਦੇਸ਼ਾਂ ਦੇ ਲੋਕ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭਰਿਸ਼ਟਾਚਾਰ, ਨਸ਼ਾਖ਼ੋਰੀ, ਲੁੱਟ-ਖਸੁੱਟ, ਹਿੰਸਾ, ਖ਼ੌਫ਼, ਅਨਿਆਂ, ਅੰਧ-ਵਿਸ਼ਵਾਸ, ਕਰਮ-ਕਾਂਡ, ਅਨੈਤਿਕ ਕਾਰ ਵਿਹਾਰ, ਦੰਭ ਤੇ ਪਾਖੰਡ ਦੀ ਜੀਵਨ-ਜਾਚ ਦੇ ਭਾਗੀ ਬਣਦੇ ਹਨ। ਸੋ ਸੱਤਾਵਾਨ ਪੂੰਜੀਪਤੀ ਜਾਂ ਕਾਰਪੋਰੇਟਸ ਘਰਾਣੇ ਜੋ ਨੀਤੀ-ਘਾੜ੍ਹੇ ਹੁੰਦੇ ਹਨ, ਇਕ ਮਾਇਆਵਈ ਵਿਵਸਥਾ ਦਾ ਨਿਰਮਾਣ ਕਰਦੇ ਹਨ। ਇਹ ਮਾਇਆਵਈ ਵਿਵਸਥਾ ਆਪਣੇ ਅਧੀਨ ਜਨਤਾ ਨੂੰ ਸਿੱਖਿਆ/ ਗਿਆਨ, ਅਨੁਸ਼ਾਸਨ ਤੇ ਸਜ਼ਾ ਦੇ ਅਧਿਕਾਰਾਂ ਦੇ ਉਪਯੋਗ ਜਾਂ ਦੁਰ-ਉਪਯੋਗ ਰਾਹੀਂ ਸਿੱਧਾ ਤੇ ਅਸਿੱਧਾ ਕੰਟਰੋਲ ਕਰਦੀ ਹੈ। ਇਹ ਆਪਣੇ ਮੁਤਾਬਕ ਜਨਤਾ ਦੇ ਰਾਹ-ਰਸਤਿਆਂ ਦੇ ਅੱਗੇ ਅੱਗੇ ਪੈੜ੍ਹਾਂ ਪਾਉਂਦੀ ਜਾਂਦੀ ਹੈ ਜਿਨ੍ਹਾਂ 'ਤੇ ਜਨਤਾ ਤੁਰੀ ਜਾਂਦੀ ਹੈ। ਬਚਪਨ ਤੋਂ ਲੈ ਕੇ ਬੁਢੇਪੇ ਤਕ ਅਤੇ ਹੇਠਲੇ ਤੋਂ ਲੈ ਕੇ ਉਪਰਲੇ ਤਕ ਜਨਤਾ ਇਸ ਮਾਇਆਵਈ ਵਿਵਸਥਾ ਦਾ ਹਿੱਸਾ ਬਣਦੀ ਜਾਂਦੀ ਹੈ ਅਤੇ ਇਹ ਅੱਗੇ ਇਕ ਬਾਜ਼ਾਰੀ, ਖ਼ਪਤੀ ਤੇ ਮੁਨਾਫ਼ੇ ਦੇ ਐਸੇ ਸਭਿਆਚਾਰ ਦਾ ਨਿਰਮਾਣ ਕਰਦੀ ਹੈ ਜਿਸ ਵਿਚ ਲਾਲਸਾ, ਖ਼ਪਤ, ਖ਼ੁਦਗਰਜ਼ੀ, ਲੁੱਟ, ਕਬਜ਼ਾ, ਅਨਿਆਂ, ਹਿੰਸਾ ਤੇ ਦੁਰਾਚਾਰ ਵੱਡੇ ਪੱਧਰ 'ਤੇ ਆ ਸ਼ਾਮਿਲ ਹੁੰਦਾ ਹੈ। ਇਸ ਤੋਂ ਇਲਾਵਾ ਕੇਂਦਰਵਾਦੀ ਸ਼ਕਤੀਆਂ ਤੇ ਹੋਰ ਫਿਰਕੂ ਸੰਸਥਾਵਾਂ ਬ੍ਰਾਹਮਣਵਾਦ ਦੀ ਜ਼ਿਹਨੀ ਗੁਲਾਮੀ ਨੂੰ ਬਰਕਰਾਰ ਰੱਖਣ ਵਿਚ ਨਿਰੰਤਰ ਕਾਰਜਸ਼ੀਲ ਹਨ। ਕੁਲ ਮਿਲਾ ਕੇ ਇਹ ਸਮੁੱਚਾ ਤੰਤਰ ਲੋਕਾਂ ਦੇ ਸ਼ੋਸ਼ਣ ਨੂੰ ਪਰਪੱਕ ਕਰਦਾ ਹੈ ਅਤੇ ਉਨ੍ਹਾਂ ਨੂੰ ਖੇਤਰਿਤ/ਸ਼ਾਸਿਤ ਕਰਦਾ ਹੈ। ਡਾ. ਗੁਰਭਗਤ ਸਿੰਘ ਨੇ ਪੱਛਮੀ ਚਿੰਤਕਾਂ ਦੇਲਿਊਜ਼, ਗਾੱਟਰੀ ਅਤੇ ਫੂਕੋ ਦੇ ਹਵਾਲੇ ਨਾਲ ਇਸ ਵਰਤਾਰੇ ਨੂੰ ਮਨੁੱਖੀ ਇਤਿਹਾਸ ਦੀ ਵੱਡੀ ਤੇ ਖ਼ਤਰਨਾਕ ਘਟਨਾ ਮੰਨਿਆਂ। ਉਨ੍ਹਾਂ ਅਨੁਸਾਰ, 'ਸਦੀਆਂ ਤੋਂ ਸ਼ਾਸਕ ਪ੍ਰਬੰਧ ਅਤੇ ਇਸ ਦੇ ਸਰਦਾਰ, ਆਤਮ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਸਤੇ ਤਿਆਰ ਕਰਦੇ ਆਏ ਹਨ। ਉਨ੍ਹਾਂ ਨੇ ਵਿਚਾਰਧਾਰਾ, ਪ੍ਰਬੰਧ ਅਤੇ ਇਸ ਦੇ ਬਰੀਕ, ਸੂਖ਼ਮ ਸੰਚਾਲਨ ਰਾਹੀਂ ਦੇਹ ਨੂੰ ਵੀ ਪੂਰੀ ਤਰ੍ਹਾਂ ਕਾਬੂ ਕਰਨ ਦਾ ਯਤਨ ਕੀਤਾ ਹੈ। ਪੱਛਮ ਦੇ ਤਿੰਨ ਚਿੰਤਕ ਫੂਕੋ, ਦੇਲਿਊਜ਼ ਅਤੇ ਗਾੱਟਰੀ ਸਾਨੂੰ ਆਪਣੀਆਂ ਲਿਖਤਾਂ ਰਾਹੀਂ ਇਹ ਦੱਸ ਚੁੱਕੇ ਹਨ ਕਿ ਕਿਵੇਂ ਆਤਮ ਦੀ ਦੇਹ ਨੂੰ ਖੇਤਰਿਤ ਜਾਂ ਟੈਰੀਟੋਰੀਅਲਾਈਜ਼ ਕਰ ਲਿਆ ਗਿਆ ਹੈ। ਅਜਿਹੀਆਂ ਸੰਸਥਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਨਾਲ ਕੇਵਲ ਸਾਡੇ ਵਿਚਾਰ ਹੀ ਨਹੀਂ, ਸਗੋਂ ਅੰਦਰਲੇ ਵਹਿਣ ਅਤੇ ਰਸਾਇਣ ਵੀ ਪਰਤੰਤਰ ਕਰ ਲਏ ਗਏ ਹਨ। ਉਹ ਨਿਸਚਿਤ ਹੁਕਮ ਮੰਨਦੇ ਹਨ। ਮਨੁੱਖੀ ਇਤਿਹਾਸ ਵਿੱਚ ਦੇਹ ਨਾਲ ਵਾਪਰੀ ਇਹ ਇੱਕ ਅਤਿਅੰਤ ਖ਼ਤਰਨਾਕ ਘਟਨਾ ਹੈ। ਫੂਕੋ ਨੇ ਆਪਣੀਆਂ ਪੁਸਤਕਾਂ ਵਿੱਚ, ਵਿਸ਼ੇਸ਼ ਕਰਕੇ **ਅਨੁਸ਼ਾਸਨ ਅਤੇ ਸਜ਼ਾ** ਵਿੱਚ ਇਸ ਪ੍ਰਭੁਤੱਵੀ ਵਿਨਾਸ਼ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਹਸਪਤਾਲ, ਮਨੋ-ਚਕਿੱਤਸ਼ਾਲਾਵਾਂ, ਵਿੱਦਿਅਕ ਸੰਸਥਾਵਾਂ ਸਭ ਅਨੁਸ਼ਾਸਿਤ-ਦੇਹ ਤਿਆਰ ਕਰਨ ਵਿੱਚ ਸਹਾਇਕ ਹੋਏ ਹਨ। ਸੰਚਾਰ ਸਾਧਨਾਂ ਨੇ ਜੋ ਮੁਹਾਵਰਾ, ਚਿੰਨ੍ਹ-ਵਿਧਾਨ ਉਸਾਰੇ ਹਨ, ਉਹ ਵੀ ਸ਼ਾਸਕ ਵਰਗਾਂ ਅਤੇ ਉਨ੍ਹਾਂ ਦੇ ਪ੍ਰਬੰਧਾਂ ਦਾ ਸੰਚਾਲਨ ਕਰਨ ਲਈ ਹੀ ਓਜ਼ਾਰ ਬਣ ਗਏ ਹਨ।'[7] ਇਉਂ ਉਹ ਅੱਜ ਦਾ ਵੱਡਾ ਸੁਆਲ ਵੀ ਇਸੇ ਨੂੰ ਮੰਨਦੇ ਹਨ ਕਿ ਇਸ ਖੇਤਰਿਤ ਹੋਏ ਬੰਦੇ ਨੂੰ ਡੀ-ਟੈਰੀਟੋਰੀਅਲਾਈਜ਼ ਕਿਵੇਂ ਕਰਨਾ ਹੈ? ਡੀ-ਟੈਰੀਟੋਰੀਅਲਾਈਜ਼ੇਸ਼ਨ ਲਈ ਜਾਂ ਤਬਦੀਲੀ ਲਿਆਉਣ ਲਈ ਖੇਤਰਿਤ ਹੋਏ ਦੇਹਗਤ ਆਤਮ ਦੀ ਨਵ-ਉਸਾਰੀ ਜ਼ਰੂਰੀ ਹੈ ਅਤੇ ਇਸ ਤਬਦੀਲੀ ਤੇ ਨਵ-ਉਸਾਰੀ ਲਈ ਡਾ. ਗੁਰਭਗਤ ਸਿੰਘ ਦੀ ਟੇਕ ਵੀ ਗੁਰੂ ਨਾਨਕ ਚਿੰਤਨ ਤੇ ਉਨ੍ਹਾਂ ਦੇ ਵਿਹਾਰਕ ਮਾਡਲ ਉੱਤੇ ਹੀ ਹੈ।

ਇਸੇ ਤਰ੍ਹਾਂ ਜਸਵੰਤ ਜ਼ਫ਼ਰ ਵੀ ਇਥੇ ਅਜਿਹਾ ਹੀ ਮਨੁੱਖੀ ਮਨ ਦੀ ਡੀ-ਟੈਰੀਟੋਰੀਅਲਾਈਜ਼ੇਸ਼ਨ ਕਰਨ ਵਾਲਾ ਕਾਵਿ-ਪ੍ਰਵਚਨ ਸਿਰਜ ਰਿਹਾ ਜੋ ਸਾਨੂੰ ਅਤੇ ਸਾਡੇ ਵਿਚਾਰ, ਅੰਦਰਲੇ ਵਹਿਣ ਤੇ ਰਸਾਇਣ ਕਾਬੂ ਕਰਨ ਵਾਲੀਆਂ ਸੰਸਥਾਵਾਂ ਨੂੰ ਮੁਖ਼ਾਤਿਬ ਹੁੰਦਾ ਹੈ। ਉਹ ਵੀ ਸੰਸਥਗਤ ਹੋ ਚੁੱਕੇ ਸਿੱਖ

ਸਭਿਆਚਾਰਕ ਪ੍ਰਬੰਧ ਦੇ ਖੰਡਨ ਲਈ ਬਾਬੇ ਨਾਨਕ ਦੇ ਸਭ ਵਲਗਣਾਂ ਤੋੜਨ ਵਾਲੇ ਵਿਵੇਕੀ, ਸਹਿਜ, ਕੁਦਰਤੀ, ਕਿਰਤੀ, ਸੇਵਾ-ਭਾਵੀ, ਬੇਤਹਾਸ਼ੇ ਮੁਨਾਫ਼ੇ ਰਹਿਤ ਅਤੇ ਸਰਬ-ਸਾਂਝੇ ਵਿਚਾਰਧਾਰਕ ਤੇ ਵਿਹਾਰਕੀ ਮਾਡਲ ਨੂੰ ਸਿਮਰਦਾ ਹੈ। ਇਸੇ ਪ੍ਰਸੰਗ ਵਿਚ ਅਮਰਜੀਤ ਗਰੇਵਾਲ ਨੇ ਇਸ ਕਵਿਤਾ ਵਿਚਲੇ ਨਾਨਕ ਨੂੰ 'ਅਨਿਸ਼ਚਿਤ ਪਰਵਾਜ਼', 'ਉਦਾਸੀ' ਤੇ ਇਕ 'ਸਿਰਜਣਾਤਮਕ ਕਾਮਨਾ' ਵਜੋਂ ਪਛਾਣਿਆਂ ਹੈ ਜੋ 'ਮਨੁੱਖ ਜਾਤੀ ਨੂੰ ਅੱਗੇ ਲਿਜਾਣ ਲਈ ਹਰ ਕਿਸਮ ਦੀ ਟੈਰੀਟੋਰੀਅਲਾਈਜ਼ੇਸ਼ਨ ਨੂੰ ਤੋੜਦੀ ਹੈ।'[8] ਸੋ ਇਹ ਕਵਿਤਾ ਅਜੋਕੇ ਸਮੇਂ ਪੈਦਾ ਹੋਏ ਵੱਡੇ ਸੁਆਲ ਨੂੰ ਸੰਬੋਧਿਤ ਹੈ ਅਤੇ ਸਾਡੇ ਸਮਾਜ ਵਿਚ ਉਭਰੇ ਤੇ ਫੈਲੇ ਸੰਸਥਾਗਤ ਧਾਰਮਿਕ ਕਰਮ-ਕਾਂਡੀ ਪ੍ਰਬੰਧਾਂ ਵਿਰੁੱਧ ਪ੍ਰਤਿਰੋਧ ਸਿਰਜਦੀ ਹੈ। ਸਤਹੀ ਨਜ਼ਰੇ ਇਹ ਕਵਿਤਾ 'ਆਪਣਾ ਮੂਲੁ' ਪਛਾਨਣ ਜਾਂ 'ਆਪਣੇ ਆਪ' ਕੋਲ ਆਉਣ ਦਾ ਰਾਹ ਸੁਝਾਉਂਦੀ ਹੈ। ਇਸ ਕਰਕੇ ਇਹ ਕਵਿਤਾ ਰੈਡੀਕਲ ਪ੍ਰਗਤੀਵਾਦੀਆਂ ਦੀ ਤਿੱਖੀ ਆਲੋਚਨਾ (ਅੰਤਰਮੁਖੀ ਤੇ ਪਿਛਾਂਹ-ਖਿੱਚੂ) ਦਾ ਨਿਸ਼ਾਨਾ ਵੀ ਬਣਦੀ ਹੈ ਪਰ ਉਦਾਰ ਮਾਰਕਸਵਾਦੀ ਵਿਦਵਾਨਾਂ ਨੇ ਇਸ ਕਵਿਤਾ ਦੀਆ ਅੰਤਰੀਵ ਪਰਤਾਂ ਨੂੰ ਖੋਲ੍ਹਦਿਆਂ ਇਸ ਕਵਿਤਾ ਨੂੰ 'ਨਵੀਂ ਪੰਜਾਬੀ ਕਵਿਤਾ ਵਿਚ ਦ੍ਰਿਸ਼ਟੀਗਤ, ਥੀਮਕ ਅਤੇ ਵਿਚਾਰਧਾਰਕ ਵਿਕਾਸ ਦਾ ਪ੍ਰਤੀਕ' ਕਿਹਾ ਹੈ। ਇਸ ਦ੍ਰਿਸ਼ਟੀ ਤੋਂ ਡਾ. ਸਰਬਜੀਤ ਸਿੰਘ ਨੇ ਇਸ ਕਵਿਤਾ ਵਿਚ ਪੇਸ਼ 'ਸਥਾਪਤੀ ਦੇ ਹਰ ਰੂਪ, ਸੁਭਾਅ ਤੇ ਵਿਧੀਆਂ ਦੀ ਵਿਸਥਾਪਨਾ', 'ਅਮਲ-ਮੁਖਤਾ ਤੇ ਜ਼ੋਰ', 'ਧਰਮਤੰਤਰੀ ਅਤੇ ਮੂਲਵਾਦੀ ਤਾਕਤਾਂ ਨਾਲ ਸੰਵਾਦ', 'ਆਪਣੀਆਂ ਗੌਰਵ ਭਰਪੂਰ ਦਾਰਸ਼ਨਿਕ ਰੀਤੀਆਂ ਪ੍ਰਤੀ ਚੇਤੰਨਤਾ' ਅਤੇ 'ਨਵ-ਦ੍ਰਿਸ਼ਟੀ ਦੇ ਨਿਰਮਾਣ'[9] ਆਦਿ ਨੂੰ ਅਹਿਮ ਮੰਨਿਆਂ ਹੈ ਜਿਨ੍ਹਾਂ ਰਾਹੀਂ ਭਵਿੱਖ ਵਿਚ ਸਮਾਜ ਨੇ ਅਗਾਂਹ-ਵਧੂ ਵਿਕਾਸ ਕਰਨਾ ਹੈ।

ਦਰਅਸਲ ਇਹ ਕਵਿਤਾ ਸਾਨੂੰ ਆਪਣੇ ਗੌਰਵਸ਼ੀਲ ਵਿਰਸੇ ਦੀ ਸ਼ਨਾਖ਼ਤ ਕਰਨ ਅਤੇ ਆਤਮ-ਚਿੰਤਨ ਵੱਲ ਮੋੜਦੀ ਹੈ। ਇਹ 'ਆਪਣੜੇ ਗਿਰੀਵਾਨ ਮਹਿ ਸਿਰੁ ਨੀਵਾ ਕਰ ਵੇਖੁ' ਵਾਲੀ ਸਵੈ-ਸੰਵਾਦੀ ਦ੍ਰਿਸ਼ਟੀ ਵੀ ਹੈ ਅਤੇ ਸਮਾਜ ਨੂੰ ਮੁੜ ਸਿੱਖੀ/ਗੁਰੂ ਨਾਨਕ ਦੇ ਵਿਵੇਕ ਨਾਲ ਜੋੜ ਕੇ ਥੋਥੀਆਂ ਧਾਰਮਿਕ ਰਸਮਾਂ-ਰੀਤਾਂ, ਕਰਮ-ਕਾਂਡਾਂ ਜਾਂ ਅਜੋਕੀ ਮੰਡੀ ਤੇ ਕਾਰਪੋਰੇਟਸ ਦੁਆਰਾ ਨਿਰਮਤ ਜ਼ਿਹਨੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਦੀ ਅੰਤਰ-ਦ੍ਰਿਸ਼ਟੀ ਵੀ ਹੈ। ਇਹ ਜ਼ਫ਼ਰ ਦੀ ਅਗਲੀ ਕਾਵਿ-ਪੁਸਤਕ **ਇਹ ਬੰਦਾ ਕੀ ਹੁੰਦਾ** ਵਿਚ ਵੀ ਪ੍ਰਵਾਹਿਤ ਹੁੰਦੀ ਹੈ। ਜ਼ਫ਼ਰ ਦੀ ਇਸ ਕਵਿਤਾ ਪਿੱਛੇ ਗੁਰੂ ਨਾਨਕ ਦਾ ਉਦਾਸੀਆਂ ਅਤੇ ਕਰਤਾਰਪੁਰ ਵਾਲਾ ਮਾਡਲ ਕਾਰਜ਼ਸ਼ੀਲ ਹੈ। ਇਸਦੇ ਨਾਲ ਹੀ ਉਹ ਪੂਰਬੀ ਤੇ ਪੱਛਮੀ ਦਰਸ਼ਨ ਦੀ ਲੰਬੀ ਡਿਬੇਟ (ਕਵਿਤਾ 'ਪਿਰਾਮਿਡ') ਤੋਂ ਬਾਅਦ ਕੁਦਰਤ ਤੇ ਵਿਰਾਸਤ ਦੀ ਭਾਗੀਦਾਰੀ 'ਚੋਂ ਇਕ ਸੰਤੁਲਿਤ ਮਾਡਲ ਨਿਰਮਾਣ ਕਰਨ ਵੱਲ ਰੁਚਿਤ ਹੈ। ਅਮਲ ਆਧਾਰਿਤ ਅਜਿਹਾ ਮਾਡਲ ਜਿਸ ਵਿਚ ਕਿਰਤ, ਸੇਵਾ, ਸਰਬ ਸਾਂਝੀਵਾਲਤਾ, ਭਰਾਤਰੀ-ਭਾਵ, ਬਰਾਬਰਤਾ, ਵੰਡ-ਛਕਣ, ਕੁਦਰਤ ਦੀ ਸ਼ਮੂਲੀਅਤ ਵਰਗੀਆਂ ਅੰਤਰ-ਦ੍ਰਿਸ਼ਟੀਆਂ ਸ਼ਾਮਿਲ ਹਨ। ਇਸੇ ਕਰਕੇ ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਇਨ੍ਹਾਂ ਦ੍ਰਿਸ਼ਟੀਆਂ ਦੇ ਨੇੜੇ ਤੇੜੇ ਹਨ। ਇਉਂ ਉਹ ਅਚੇਤ ਤੇ ਸੁਚੇਤ ਰੂਪ ਵਿਚ ਅਜੋਕੇ ਸਮਾਜ ਲਈ ਇਸ ਮਾਡਲ ਦੀਆਂ ਵਿਹਾਰਕ ਸੰਭਾਵਨਾਵਾਂ ਤਲਾਸ਼ਦਾ ਨਜ਼ਰ ਆਉਂਦਾ ਹੈ। ਪਿਛਲੇ ਸਮੇਂ ਤੋਂ ਡਾ. ਗੁਰਭਗਤ ਸਿੰਘ ਸਕੂਲ ਦੇ ਬਹੁਤ ਸਾਰੇ ਵਿਦਵਾਨ ਅਜਿਹੇ ਮਾਡਲ ਨੂੰ ਪੂਰੇ ਵਿਸ਼ਵ ਵਿਚ ਸਮਾਜਵਾਦੀ ਅਤੇ ਵਿਕਸਤ ਪੂੰਜੀਵਾਦੀ ਮਾਡਲਾਂ ਦੀ ਥਾਂ ਵਧੇਰੇ ਪ੍ਰਸੰਗਿਕ ਮੰਨਦੇ ਆ ਰਹੇ ਹਨ ਪਰ ਪੰਜਾਬੀ ਸਮਾਜ ਵਿਚ ਨਵੇਂ ਮੁਹਾਵਰੇ ਤੇ ਕਾਵਿ-ਭਾਸ਼ਾ ਨਾਲ ਇਸਦੀਆਂ ਸੰਭਾਵਨਾਵਾਂ ਅਤੇ ਪ੍ਰਸੰਗਿਕਤਾ ਦੀ ਸਿਰਜਨਾਤਮਕ ਪਹਿਲ ਜਸਵੰਤ ਜ਼ਫ਼ਰ ਨੇ ਕੀਤੀ ਹੈ।

## ਹਵਾਲੇ ਅਤੇ ਟਿੱਪਣੀਆਂ:

1. ਜਸਵੰਤ ਜ਼ਫ਼ਰ, **ਅਸੀਂ ਨਾਨਕ ਦੇ ਕੀ ਲਗਦੇ ਹਾਂ**, ਚੇਤਨਾ ਪ੍ਰਕਾਸ਼ਨ, ਲੁਧਿਆਣਾ (ਛੇਵਾਂ ਅਡੀਸ਼ਨ-2016), ਪੰਨਾ 23
2. **ਉਹੀ**, ਪੰਨਾ 24
3. **ਉਹੀ**, ਪੰਨਾ 29

4. **ਉਹੀ**, ਪੰਨਾ 27
5. **ਉਹੀ**, ਪੰਨਾ 33
6. **ਉਹੀ**, ਪੰਨਾ 29
7. ਗੁਰਭਗਤ ਸਿੰਘ, **ਵਿਸਮਾਦੀ ਪੂੰਜੀ** : ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ (2010), ਪੰਨਾ 60
8. ਅਮਰਜੀਤ ਸਿੰਘ ਗਰੇਵਾਲ, 'ਖੁੱਲ੍ਹੇ ਅਸਮਾਨਾਂ ਵੱਲ' (ਭੂਮਿਕਾ), **ਅਸੀਂ ਨਾਨਕ ਦੇ ਕੀ ਲਗਦੇ ਹਾਂ**, ਪੰਨਾ 11
9. ਸਰਬਜੀਤ ਸਿੰਘ, **ਪਰੰਪਰਾ ਤੇ ਪ੍ਰਵਾਹ**, ਚੇਤਨਾ ਪ੍ਰਕਾਸ਼ਨ, ਲੁਧਿਆਣਾ (2002), ਪੰਨੇ 146-48

◈

# ਗੁਰੂ ਨਾਨਕ : ਜਨਮਸਾਖੀ ਬਿੰਬ

ਪੰਜਾਬੀ ਵਾਰਤਕ ਦਾ ਜਨਮ ਗੁਰੂ ਨਾਨਕ ਦੇਵ ਜੀ ਦੇ ਜੀਵਨ ਪ੍ਰਸੰਗਾਂ ਦੇ ਪ੍ਰਗਟਾਵੇ ਨਾਲ ਹੁੰਦਾ ਹੈ।[1] ਸਾਖੀ, ਜਨਮਸਾਖੀ ਅਤੇ ਪਰਚੀ ਸਾਹਿਤ ਜਿੱਥੇ ਸਿੱਧੇ ਤੌਰ 'ਤੇ ਗੁਰੂ ਦੀ ਦਿੱਬਤਾ ਅਤੇ ਜੀਵਨ ਮਹਿਮਾਂ ਨੂੰ ਉਸਾਰਦਾ ਹੈ, ਉਥੇ ਟੀਕੇ, ਵਚਨ ਅਤੇ ਗੋਸ਼ਟਾਂ ਗੁਰੂ ਦੀ ਬਾਣੀ ਦਾ ਵਿਸਥਾਰ ਹਨ। ਪਾਰਲੌਕਿਕਤਾ ਨਾਲ ਸਬੰਧਤ ਹੋਣ ਕਰਕੇ ਇਸ ਵਾਰਤਕ ਵਿਚ ਮਿਥ, ਪੌਰਾਣ ਤੱਤ, ਕਰਾਮਾਤ ਅਤੇ ਕਲਪਨਾ ਨੂੰ ਜੁਗਤ ਵਜੋਂ ਵਰਤਿਆ ਗਿਆ ਹੈ। ਮੂਲ ਪ੍ਰੇਰਨਾ ਸ਼ਰਧਾ ਹੋਣ ਕਰਕੇ ਇਹ ਵਾਰਤਕ ਦੇਸ਼ ਕਾਲ ਅਤੇ ਇਤਿਹਾਸ ਦੇ ਬੰਧਨ ਤੋਂ ਮੁਕਤ ਹੈ। ਧਰਮ, ਦਰਸ਼ਨ, ਅਧਿਆਤਮ ਅਤੇ ਨੈਤਿਕ ਮੁੱਲ ਇਸ ਕਾਲ ਦੀ ਵਾਰਤਕ ਦੇ ਰਚਨਾਤਮਕ ਆਧਾਰ ਬਣਦੇ ਹਨ।

ਜਨਮਸਾਖੀ ਮਧਕਾਲੀਨ ਪੰਜਾਬੀ ਵਾਰਤਕ ਦਾ ਇਕ ਮਹੱਤਵਪੂਰਨ ਅਤੇ ਪ੍ਰਮੁੱਖ ਅੰਗ ਹੈ। ਇਸ ਸਾਹਿਤ ਰੂਪ ਦਾ ਨਾਮਕਰਨ, ਆਰੰਭ ਅਤੇ ਵਿਕਾਸ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬਿਰਤਾਂਤ ਨਾਲ ਹੋਇਆ ਹੈ। ਇਸ ਲਈ ਆਮ ਕਰਕੇ 'ਜਨਮਸਾਖੀ' ਸ਼ਬਦ ਤੋਂ ਭਾਵ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਜੀਵਨ-ਬਿਰਤਾਂਤ ਲਿਆ ਜਾਂਦਾ ਹੈ, ਜਿਸ ਵਿਚ ਅਨੇਕ ਸਾਖੀਆਂ, ਗੋਸ਼ਟਾਂ ਜੀਵਨ ਦੇ ਵਿਕਾਸ ਕ੍ਰਮ ਵਿਚ ਸੰਕਲਿਤ ਹੋਣ। ਗੁਰੂ ਨਾਨਕ ਦੀ ਦਿੱਬਤਾ ਜਨਮਸਾਖੀਆਂ ਦਾ ਮੂਲ ਰਚਨਾਤਮਕ ਸੂਤਰ ਬਣਦੀ ਹੈ। ਲੋਕਧਾਰਾਈ ਪਰਿਪੇਖ ਵਿਚ 'ਸਾਖੀ' ਕਿਸੇ ਸਾਧ ਸੰਤ, ਗੁਰ-ਵਿਅਕਤੀ ਆਦਿ ਦੇ ਜੀਵਨ ਦੇ ਕਿਸੇ 'ਲੋਕ-ਸੱਚ' ਦਾ ਬਿਰਤਾਂਤ ਹੈ, ਜੋ ਪਰੰਪਰਾ ਦੀ ਧਾਰਾ ਵਿਚ ਵਹਿੰਦਾ ਪੀੜ੍ਹੀਉ-ਪੀੜ੍ਹੀ ਅੱਗੇ ਤੁਰਦਾ ਜਾਂਦਾ ਹੈ। ਸਾਖੀ ਤੱਥ, ਮਨੌਤ ਤੇ ਵਿਸ਼ਵਾਸਾਂ ਦੀ ਮਿਥ ਤੋਂ ਉਪਜੀ ਹੋਣ ਕਰਕੇ ਲੋਕ-ਸੱਚ ਤਾਂ ਹੁੰਦੀ ਹੈ, ਪਰ ਜ਼ਰੂਰੀ ਨਹੀਂ ਕਿ ਵਾਸਤਵਿਕ ਇਤਿਹਾਸਕ ਸੱਚ ਵੀ ਹੋਵੇ। ਹਰ ਸਾਖੀ ਪਹਿਲਾਂ ਲੋਕ-ਮਨ ਵਿਚ ਗਰਭ ਭੋਗਦੀ ਹੋਈ ਇਕ ਰੂਪ ਤੇ ਮੁਹਾਂਦਰਾ ਲੈ ਕੇ ਸਾਕਾਰ ਹੁੰਦੀ ਹੈ। ਸਾਖੀਕਾਰ ਸਾਖੀਆਂ ਨੂੰ ਲੋਕ-ਮੂੰਹਾਂ ਤੋਂ ਚੁਗ ਕੇ, ਆਪਣੀ ਸ਼ੈਲੀ ਵਿਚ ਉਨ੍ਹਾਂ ਦੀ ਪੁਨਰ-ਸਿਰਜਨਾ ਕਰਦਾ ਹੈ। ਲੋਕ-ਮਨ ਵਿਚੋਂ ਗੁਜ਼ਰੀ ਸਾਮਗਰੀ ਵਿਚ ਸਤਿ ਤੇ ਅਸਤਿ ਦਾ ਸਹਿਜ ਕਲਾਤਮਕ ਸੁਮੇਲ ਹੋ ਜਾਂਦਾ ਹੈ'।[2] ਸਾਖੀਆਂ ਦਾ ਨਿਰਮਾਣ ਪਰੰਪਰਾਗਤ ਕਥਾਨਕ ਰੂੜ੍ਹੀਆਂ, ਸੰਪ੍ਰਦਾਇਕ ਸੰਕਲਪਾਂ ਤੇ ਮਨੌਤਾਂ ਦੀ ਸੰਜੋਗੀ ਪ੍ਰਕ੍ਰਿਆ ਦੁਆਰਾ ਹੁੰਦਾ ਹੈ। ਦੇਵ-ਚਰਿਤ੍ਰ ਨਾਲ ਜੁੜੀ ਅਲੌਕਿਕਤਾ, ਅਦਭੁਤਤਾ ਤੇ ਵਚਿਤ੍ਰਤਾ ਸਾਖੀ-ਪੁਰਸ਼-ਚਰਿਤ੍ਰ ਵਿਚ ਸੁਰਜੀਤ ਰਖੀ ਗਈ ਅਤੇ ਪੁਰਾਣ ਵਿਅਕਤੀ ਵਾਂਗ ਸਾਖੀ ਪੁਰਸ਼ ਨੂੰ ਵੀ ਕਾਲ, ਸਥਾਨ, ਪ੍ਰਕ੍ਰਿਤਕ ਬੰਧਨ, ਦਿਸਦੇ ਅਣਦਿਸਦੇ ਦੇ ਯਥਾਰਥ ਤੋਂ ਮੁਕਤ ਮੰਨ ਲਿਆ ਗਿਆ। ਗੁਰੂ ਦੀ ਸਹਿਜ ਸ਼ਕਤੀ ਸਾਖੀ ਵਿਚ ਚਮਤਕਾਰ ਤੇ ਕਰਾਮਾਤ ਬਣ ਜਾਂਦੀ ਹੈ। ਸਾਖੀਆਂ ਦੀ ਸਿਰਜਨ-ਸਾਮਗਰੀ ਲੋਕ-ਤੱਤ ਤੇ ਕਥਾਨਕ ਰੂੜ੍ਹੀਆਂ ਹਨ,




ਡਾ. ਪਰਮਿੰਦਰ ਸਿੰਘ
ਅਸਿਸਟੈਂਟ ਪ੍ਰੋਫ਼ੈਸਰ,
ਪੋਸਟ ਗ੍ਰੈਜੂਏਟ ਪੰਜਾਬੀ
ਅਧਿਐਨ ਵਿਭਾਗ,
ਖ਼ਾਲਸਾ ਕਾਲਜ
ਅੰਮ੍ਰਿਤਸਰ।
parminderuppal10@
gmail.com
ਮੋ. : 9915022091

ਜਿਨ੍ਹਾਂ ਦਾ ਉਦਾਤੀਕਰਣ, ਇਤਿਹਾਸੀਕਰਣ ਜਾਂ ਸਾਧਾਰਨੀਕਰਣ ਹੀ ਕਹਾਣੀ ਨੂੰ ਕਦੇ ਪੁਰਾਣ ਕਥਾ, ਕਦੇ ਦੰਦ-ਕਥਾ, ਕਦੇ ਲੋਕ-ਕਹਾਣੀ ਅਤੇ ਕਦੇ ਸਾਖੀ ਬਣਾ ਦੇਂਦਾ ਹੈ। 'ਜੇ ਸੱਪ ਕਿਸੇ ਦੇਵਤੇ ਉਤੇ ਛਾਂ ਕਰਦਾ ਹੈ, ਤਾਂ ਉਹ ਪੁਰਾਣ ਕਥਾ ਹੈ, ਜੇ ਕਿਸੇ ਇਤਿਹਾਸਕ ਰਾਜੇ ਉਤੇ ਕਰਦਾ ਹੈ, ਤਾਂ ਦੰਦ ਕਥਾ, ਜੇ ਸਾਧਾਰਨ ਪੁਰਸ਼ ਉਤੇ ਛਾਂ ਕਰਦਾ ਹੈ, ਤਾਂ ਲੋਕ-ਕਹਾਣੀ, ਪਰ ਜੇ ਕਿਸੇ ਸੰਤ, ਮਹਾਤਮਾ, ਗੁਰੂ ਵਿਅਕਤੀ ਉਤੇ ਛਾਂ ਕਰਦਾ ਹੈ, ਤਾਂ ਸਾਖੀ। ਸੱਪ ਦਾ ਸੁੱਤੇ ਪਏ ਪੁਰਸ਼ ਨੂੰ ਛਾਂ ਕਰਨਾ ਇਕ ਲੋਕ ਤੱਤ ਹੈ, ਜਿਸ ਦੀ ਕਥਾਨਕ ਰੂੜ੍ਹੀ ਪੌਰਾਣਿਕ ਹੈ, ਇਹ ਰੂੜ੍ਹੀ ਵਾਸਤਵਿਕ ਨਹੀਂ, ਪਰ ਇਹ ਲੋਕ-ਸੱਚ ਹੈ। ਲੋਕ-ਤੱਤ ਸੁਚੇਤ ਤੇ ਅਚੇਤ ਦੋਹਾਂ ਰੂਪਾਂ ਵਿਚ ਸਾਖੀ ਸਾਹਿਤ ਵਿਚ ਰਲਦੇ ਰਹੇ ਤੇ ਧਰਮ-ਤੱਤਾਂ ਨਾਲ ਜੁੜ ਕੇ ਨਵੀਂ ਜ਼ਿੰਦਗੀ ਹੰਢਾਣ ਲੱਗੇ'।[3]

ਮਧਕਾਲ ਦੀ ਸਮੁੱਚੀ ਸਿਰਜਣ-ਪ੍ਰਕ੍ਰਿਆ ਸੰਜੋਗੀ ਸੁਭਾਅ ਵਾਲੀ ਹੈ, ਜਿਸ ਕਰਕੇ ਇਸ ਵਿਚ ਲੋਕ-ਤੱਤਾਂ ਦਾ ਸੁਮੇਲ ਇਕ ਸੁਭਾਵਿਕ ਕਰਮ ਹੈ। ਸਾਖੀਆਂ ਦੀ ਬੁਨਿਆਦੀ ਪ੍ਰਵਿਰਤੀ ਸਾਧਾਰਨ ਨੂੰ ਅਦਭੁਤ, ਲੌਕਿਕ ਨੂੰ ਅਲੌਕਿਕ ਤੇ ਮਨੁੱਖ ਨੂੰ ਦੈਵੀ ਬਣਾਉਣ ਦੀ ਹੈ। ਇਸੇ ਕਰਕੇ ਸਾਖੀ ਕਿਸੇ ਇਤਿਹਾਸਕ ਤੱਥ ਤੇ ਵੀ ਅਧਾਰਿਤ ਹੋਣ ਦੇ ਬਾਵਜੂਦ ਮਿਥਕ ਤੱਤਾਂ ਤੇ ਲੋਕਧਾਰਾਈ ਅੰਸ਼ਾਂ ਤੋਂ ਮੁਕਤ ਨਹੀਂ ਹੋ ਸਕਦੀ। ਇਸੇ ਲਈ ਸਾਖੀਆਂ ਵਿਚੋਂ ਕਿਸੇ ਮਹਾਂਪੁਰਸ਼ ਦਾ ਇਤਿਹਾਸਕ ਨਹੀਂ ਸਗੋਂ ਪੌਰਾਣਿਕ ਮੁਹਾਂਦਰਾ ਅਤੇ ਚਰਿਤਰ ਉਘੜਦਾ ਹੈ। ਸਾਖੀ ਦਾ ਇਕ ਆਪਣਾ ਸੱਚ ਹੈ, ਜੋ ਇਸ ਨੂੰ ਰਹੱਸਮਈ ਬਣਾਉਂਦਾ ਹੈ। ਸਾਖੀ ਦੀ ਮੂਲ ਆਤਮਾ ਤੇ ਸ਼ਕਤੀ ਵਿਸ਼ਵਾਸ ਹੈ, ਜੋ ਬੀਜ ਰੂਪ ਵਿਚ ਸਮਾਈ ਹੋਈ ਹੈ। ਅਦਭੁਤ ਤੇ ਅਲੌਕਿਕ ਅੰਸ਼ ਉਸ ਦੀ ਉਪਰਲੀ ਝਿੱਲੀ ਵਾਂਗ ਹਨ। ਸਾਖੀ ਦੀ ਆਸਥਾ ਇਕ ਵਰਗ ਵਿਸ਼ੇਸ਼ ਤਕ ਸੀਮਤ ਹੁੰਦੀ ਹੈ, ਬਾਕੀ ਸਮੂਹ ਉਸ ਨੂੰ ਲੋਕ-ਕਹਾਣੀ ਜਾਂ ਮਿੱਥ ਤੋਂ ਵਧ ਮਾਨਤਾ ਨਹੀਂ ਦਿੰਦਾ।

ਮਿੱਥ ਵਿਚ ਜੀਊਣਾ ਅਤੇ ਮਿੱਥ ਨੂੰ ਸਮਝਣਾ ਦੋ ਵੱਖਰੀਆਂ ਪ੍ਰਵਿਰਤੀਆਂ ਹਨ। ਵਿਗਿਆਨਕ ਤਰਕ ਨਾਲ ਮੇਲ ਨ ਖਾਣ ਕਰਕੇ, ਵਿਗਿਆਨ ਦੇ ਵਿਰੋਧ ਵਿਚ ਰੱਖ ਕੇ ਅਧਿਐਨ ਦੀ ਬਿਰਤੀ ਮਿੱਥ ਨੂੰ ਭਰਮਯੁਕਤ, ਅਤਾਰਕਿਕ ਅਨੁਕਰਣ ਕਹਿ ਕੇ ਗਿਆਨ-ਖੇਤਰ ਨਾਲੋਂ ਅਲੱਗ ਕਰ ਦਿੰਦੀ ਹੈ ਪਰ 20ਵੀਂ ਸਦੀ ਵਿਚ ਮਿੱਥ ਦੀ ਗਿਆਨਮੂਲਕ ਸਾਰਥਿਕਤਾ ਦਾ ਮਹੱਤਵ ਨਿਸ਼ਚਿਤ ਕੀਤਾ ਗਿਆ, ਜਿਸ ਦੇ ਫਲਸਰੂਪ ਮਿੱਥ ਪਰੰਪਰਿਕ ਅਰਥਾਂ ਨਾਲੋਂ ਟੁੱਟ ਕੇ ਨਵੇਂ ਅਰਥ ਪਾਸਾਰ ਗ੍ਰਹਿਣ ਕਰ ਲੈਂਦੀ ਹੈ। ਇਤਾਲਵੀ ਚਿੰਤਕ ਵੀਕੋ[4] ਨੇ ਆਪਣੀ ਪੁਸਤਕ 'ਦਿ ਨਿਊ ਸਾਇੰਸ' ਵਿਚ ਪਹਿਲੀ ਵਾਰ ਮਿਥ ਨੂੰ ਇਤਿਹਾਸਕ ਵਿਕਾਸ ਦੇ ਪਰਿਪੇਖ ਵਿਚ ਰੱਖ ਕੇ ਉਸ ਦੀ ਵਿਗਿਆਨਿਕ ਸਾਰਥਿਕਤਾ ਨਿਸ਼ਚਿਤ ਕੀਤੀ। ਵੀਕੋ ਤੋਂ ਪਹਿਲਾਂ ਮਿੱਥ ਦੀ ਨਾ ਤਾਂ ਇਤਿਹਾਸਕ ਅਤੇ ਨਾ ਹੀ ਕੋਈ ਵਿਗਿਆਨਕ ਸਾਰਥਿਕਤਾ ਮੰਨੀ ਜਾਂਦੀ ਸੀ। ਮਿੱਥ ਮਨੁੱਖ ਦੀ ਅਜਿਹੀ ਸੰਸਕ੍ਰਿਤਿਕ ਪ੍ਰਾਪਤੀ ਹੈ, ਜੋ ਆਪਣੀ ਪ੍ਰਕਿਰਤੀ ਵਿਚ ਜਟਿਲ, ਬਹੁ-ਪਾਸਾਰੀ ਤੇ ਬਹੁ-ਪ੍ਰਕਾਰਜੀ ਚਰਿੱਤਰ ਦੀ ਧਾਰਨੀ ਹੈ। ਜਾਣੇ-ਪਛਾਣੇ ਤੱਤਾਂ ਦੀ ਭਾਲ ਨੂੰ ਪ੍ਰਮੁਖਤਾ ਦੇਣ ਕਰਕੇ ਮਿੱਥ ਦਾ ਸਮੁੱਚਾ ਕਿਰਦਾਰ ਵਿਦਵਾਨਾਂ ਦੀ ਪਕੜ ਤੋਂ ਪਰੇ ਰਿਹਾ। ਮਿੱਥ ਬ੍ਰਹਿਮੰਡ, ਪ੍ਰਕਿਰਤੀ ਅਤੇ ਪ੍ਰਾਣੀ ਜਗਤ ਦੇ ਰਹੱਸਾਂ ਨੂੰ ਦਾਰਸ਼ਨਿਕ ਪੱਧਰ 'ਤੇ ਸਮਝਣ ਸਮਝਾਉਣ ਦੀ ਚੇਸ਼ਟਾ ਕਰਦੀ ਹੈ। ਮਿੱਥਾਂ ਕਿਸੇ ਵਿਸ਼ੇਸ਼ ਇਤਿਹਾਸਕ ਕਾਲ ਦੀ ਸਮੂਹਿਕ ਮਾਨਸਿਕਤਾ ਨੂੰ ਅਭਿਵਿਅਕਤੀ ਦੇ ਰਹੀਆਂ ਹੁੰਦੀਆਂ ਹਨ।

ਗੁਰੂ ਨਾਨਕ ਦਾ ਜਨਮ ਇਤਿਹਾਸਕ ਤੱਥ ਹੈ। ਹਿੰਦੂ ਮਿਥਿਹਾਸ ਅਨੁਸਾਰ ਮਨੁੱਖ ਤੇ ਦੇਵਤੇ ਵਿਚ ਜਨਮ ਤੇ ਅਵਤਾਰ ਦਾ ਫਰਕ ਹੈ। ਜਨਮਸਾਖੀਆਂ ਦਾ ਨਾਇਕ 'ਬਾਬਾ ਨਾਨਕ' ਹੈ। ਬਾਬਾ ਨਾਨਕ ਅਵਤਾਰ ਧਾਰਦਾ ਹੈ। ਅਵਤਾਰ ਧਾਰਣ ਵਾਲਾ ਸਮੁੱਚੀ ਮਨੁੱਖਤਾ ਨਾਲ ਸਬੰਧਤ ਹੁੰਦਾ ਹੈ। ਬਾਬਾ ਨਾਨਕ ਵੀ ਸਮੂਹਕ ਪੱਧਰ ਤੇ ਵਿਚਰਦਾ ਹੈ। ਉਸਦੇ ਕਾਰਜਾਂ ਦੀ ਵਡਿਆਈ ਅਤੇ ਉਸਦੀ ਹਸਤੀ ਦੀ ਹਿੰਦੂ ਸਿੱਖਾਂ ਦੁਆਰਾ ਮਾਨਤਾ ਅਚੇਤ ਹੀ ਬਾਬੇ ਨਾਨਕ ਨੂੰ ਅਵਤਾਰ ਬਣਾ ਦਿੰਦੀ ਹੈ। ਸਾਖੀਕਾਰ ਕੋਲ ਅਵਤਾਰ ਧਾਰਣ ਦੀ ਪਰੰਪਰਾ ਹਿੰਦੂ ਮਿਥਿਹਾਸ ਵਿਚੋਂ ਆਉਂਦੀ ਹੈ। ਜਨਮ ਤਰੀਕਾਂ, ਸਮਾਂ, ਸਥਾਨ ਦੇ ਸਾਧਾਰਣ ਵੇਰਵੇ ਬਾਬੇ ਨਾਨਕ ਦੀ ਹੋਂਦ ਦੇ ਹਾਣ ਦੇ ਨਾ ਹੋਣ ਕਰਕੇ ਪ੍ਰਭਾਵਹੀਣ ਹੋ ਜਾਂਦੇ ਹਨ ਪਰ ਮਿਥ ਰਾਹੀਂ ਪੇਸ਼ ਕੀਤੇ ਵੇਰਵੇ ਬਾਬੇ ਨਾਨਕ ਦੇ ਜੀਵਨ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਤ ਕਰਦੇ ਹਨ। ਬਾਬਾ ਨਾਨਕ ਆਪਣੇ ਕਾਰਜਾਂ ਕਰਕੇ ਸਮੂਹ ਨਾਲ ਇੰਨਾ ਇਕਮਿਕ ਹੈ

ਕਿ ਇਤਿਹਾਸਕ ਗੁਰੂ ਨਾਨਕ ਮਿੱਥ ਰਾਹੀਂ ਹੀ ਬਾਬਾ ਨਾਨਕ ਦੇ ਰੂਪ ਵਿਚ ਚਿਤਰਿਆ ਜਾ ਸਕਦਾ ਸੀ। ਸਾਧਾਰਣ ਬਿਰਤਾਂਤ ਰਾਹੀਂ ਇਤਿਹਾਸਕ ਨਾਨਕ ਦਾ ਜ਼ਿਕਰ ਤਾਂ ਹੋ ਸਕਦਾ ਹੈ ਪਰ ਬਾਬਾ ਨਾਨਕ ਦੀ ਹਸਤੀ ਦਾ ਅਹਿਸਾਸ ਮਿਥਕ ਰੂਪ ਵਿਚ ਹੀ ਕਰਵਾਇਆ ਜਾ ਸਕਦਾ ਹੈ। ਗੁਰੂ ਨਾਨਕ ਦਾ ਦੈਵੀ ਰੂਪ 500 ਸਾਲਾਂ ਬਾਅਦ, ਆਧੁਨਿਕ ਯੁੱਗ ਵਿਚ ਵੀ ਕਾਇਮ ਹੈ। ਵਿਅਕਤੀ ਜਿਨ੍ਹਾਂ ਮਹਾਨ ਜਾਂ ਲੋਕਮਨ ਵਿਚ ਵੱਸਿਆ ਹੁੰਦਾ ਹੈ ਉਨੀ ਵੱਡੀ ਮਿਥ ਉਸ ਬਾਰੇ ਸਿਰਜੀ ਜਾਂਦੀ ਹੈ। ਲੋਕ ਮਨ ਵਿਚ ਇਸਦੀਆਂ ਜੜ੍ਹਾਂ ਜਿੰਨੀਆਂ ਡੂੰਘੀਆਂ ਹੁੰਦੀਆਂ ਹਨ, ਮਿਥ ਉਨੀ ਹੀ ਚਿਰਜੀਵੀ ਹੁੰਦੀ ਹੈ।

ਬਾਬਾ ਨਾਨਕ ਦਾ ਅਵਤਾਰ ਮਿਥ ਦਾ ਤੱਥ ਹੈ। 'ਇਤਿਹਾਸਕ ਤੱਥ ਮਿਥ ਰਾਹੀਂ ਸੰਚਾਰਿਤ ਹੋਣ ਮਗਰੋਂ ਮਿਥ ਦਾ ਤੱਥ ਬਣ ਜਾਂਦਾ ਹੈ। ਫਿਰ ਮਿਥ ਦਾ ਤੱਥ ਇਤਿਹਾਸਕ ਤੱਥ ਨਾਲੋਂ ਵਧੇਰੇ ਪ੍ਰਮਾਣਿਕ ਮਹਿਸੂਸ ਹੁੰਦਾ ਹੈ। ਆਪਣੇ ਸੁਭਾਅ ਕਰਕੇ ਮਿੱਥ ਮਨੁੱਖੀ ਮਨ ਨੂੰ ਵਧੇਰੇ ਪ੍ਰਭਾਵਸ਼ੀਲ ਤਰੀਕੇ ਨਾਲ ਪ੍ਰਭਾਵਿਤ ਕਰਦੀ ਹੈ। ਮਿਥਿਹਾਸਕ ਸੰਕਲਪਾਂ ਅਤੇ ਮਨੁੱਖੀ ਗ੍ਰਹਿਣ ਸ਼ਕਤੀ ਦਾ ਸਿੱਧਾ ਸਬੰਧ ਹੁੰਦਾ ਹੈ।[5] ਜਨਮਸਾਖੀਆਂ ਵਿਚ ਇਤਿਹਾਸਕ ਤੱਥ ਮਿਥਿਹਾਸਕ ਸੱਚ ਰਾਹੀਂ ਉਜਾਗਰ ਹੁੰਦਾ ਹੈ।

ਵੇਦ ਹਿੰਦੂ ਸੋਚ ਦੀ ਦਾਰਸ਼ਨਿਕ ਪ੍ਰਤੀਨਿਧਤਾ ਕਰਦੇ ਹਨ ਅਤੇ ਪੌਰਾਣਿਕ ਸਾਹਿਤ ਹਿੰਦੂ ਮਿਥਿਹਾਸ ਦੀ। ਇਸ ਮਿਥਿਹਾਸ ਦਾ ਕੰਮ ਵੈਦਿਕ ਫਲਸਫੇ ਨੂੰ ਜਨ ਸਾਧਾਰਣ ਤੱਕ ਪਹੁੰਚਾਉਣਾ ਸੀ। ਮੰਤਰਾਂ ਦੀ ਵਿਆਖਿਆ ਲਈ ਅਜਿਹੇ ਪਾਤਰ ਸਿਰਜੇ ਗਏ ਜਿਨ੍ਹਾਂ ਦੀਆਂ ਸਮੱਸਿਆਵਾਂ ਸਾਧਾਰਣ ਮਨੁੱਖਾਂ ਵਰਗੀਆਂ ਸਨ ਪਰ ਸਮਾਧਾਨ ਦੇ ਢੰਗ ਗੈਰ ਕੁਦਰਤੀ ਸਨ। ਵੇਦਾਂ ਅਤੇ ਪੌਰਾਣਾਂ ਦੇ ਮੁਕਾਬਲੇ ਗੁਰਬਾਣੀ ਸਿੱਖ ਫਲਸਫੇ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇਸਦੀ ਪੌਰਾਣਿਕ ਪ੍ਰਕਿਰਤੀ ਵਾਲੀ ਪਹਿਲੀ ਪਰੰਪਰਾਵਾਦੀ ਵਿਆਖਿਆ ਜਨਮਸਾਖੀ ਰਾਹੀਂ ਹੁੰਦੀ ਹੈ।[6] ਜਨਮਸਾਖੀਆਂ ਤੱਕ ਸਿਰਜਣ-ਵਿਧੀ ਵਿਚ ਬਹੁਤ ਸਾਰੀਆਂ ਤਬਦੀਲੀਆਂ ਆ ਗਈਆਂ ਸਨ ਪਰ ਸਿਰਜਣ ਵਸਤੂ ਵਿਚ ਕੋਈ ਬੁਨਿਆਦੀ ਪਰਿਵਰਤਨ ਦ੍ਰਿਸਟੀਗੋਚਰ ਨਹੀਂ ਹੁੰਦਾ। ਇਹ ਸਿਰਜਣ ਵਸਤੂ ਹੈ-ਦੈਵੀ ਹੋਂਦ। ਬੇਸ਼ੱਕ ਇਸ ਵਿਚ ਬਹੁਤ ਕੁਝ ਨਵਾਂ ਸ਼ਾਮਲ ਹੁੰਦਾ ਰਿਹਾ ਅਤੇ ਕਈ ਕੁਝ ਅਲੋਪ ਹੁੰਦਾ ਗਿਆ ਪਰ ਬੁਨਿਆਦੀ ਵਸਤੂ ਅਡੋਲ ਰਹੀ। ਇਕ ਵਾਰ ਸਿਰਜਿਆ ਫਿਰ ਰੱਦ ਨਾ ਹੋ ਸਕਿਆ। ਜਨਮਸਾਖੀਆਂ ਵਿਚ ਨਾਇਕ ਬਾਰੇ ਜੋ ਫੈਸਲਾ ਹੋ ਗਿਆ, ਉਸਨੂੰ ਆਧੁਨਿਕ ਯੁੱਗ ਵਿਚ ਬਦਲਣਾ ਲਗਭਗ ਅਸੰਭਵ ਹੈ। ਜੋ ਇਕ ਵਾਰ ਸਿਰਜਿਆ ਗਿਆ ਉਸਨੂੰ ਰੱਦ ਨਹੀਂ ਕੀਤਾ ਜਾ ਸਕਿਆ। ਇਸੇ ਕਰਕੇ ਵਿਗਿਆਨ ਦੇ ਯੁੱਗ ਵਿਚ ਵੀ ਦੈਵੀ ਸਿਰਜਣਾ ਦਾ ਕਾਰਜ ਚਲਦਾਰਹਿੰਦਾ ਹੈ।[7] ਰਿਗਵੇਦ ਤੋਂ ਜਨਮਸਾਖੀ ਤੱਕ ਦੈਵੀ ਹੋਂਦ ਦੇ ਅਨੇਕ ਰੂਪ-ਇੰਦਰ, ਵਰੁਣ, ਪੂਸ਼ਨ, ਵਾਯੂ, ਮਰੁਤ, ਸੋਮ, ਸਵਿਤਾ ਆਦਿ ਭੁਲ ਭੁਲਾ ਚੁੱਕੇ ਸਨ ਪਰ ਕਾਲ ਪ੍ਰਵਾਹ ਵਿਚ ਬਹੁਤ ਕੁਝ ਨਵਾਂ ਪ੍ਰਗਟ ਹੋ ਗਿਆ। ਜਨਮਸਾਖੀ ਇਸ ਸਿਰਜਣ-ਪ੍ਰਵਾਹ ਵਿਚ ਬਹੁਤ ਪਿਛੋਂ ਦੀ ਰਚਨਾ ਹੈ ਪਰ ਇਸਦਾ ਸੁਭਾਅ ਪੁਰਾਤਨ ਹੈ।[8]

ਗੁਰੂ ਨਾਨਕ ਦੇ ਜਨਮ/ਅਵਤਾਰ ਧਾਰਨ ਨਾਲ ਪਰਮੇਸਰ ਦੇ ਦਰਬਾਰੇ ਅਨਹਦ ਸ਼ਬਦ ਦਾ ਵੱਜਣਾ ਗੁਰੂ ਨਾਨਕ ਦਾ ਪਰਮਾਤਮਾ ਨਾਲ ਸਬੰਧ ਜੋੜਦਾ ਹੈ। ਜਨਮ ਸਮੇਂ ਤੇਤੀਸ ਕਰੋੜੀ ਦੇਵਤਿਆਂ ਚਉਸਠਿ ਜੋਗਣੀਆਂ, ਬਵੰਜਹ ਬੀਰਾ, ਛਿਆ ਜਤੀਆਂ, ਚਓਰਾਸੀਆਂ ਸਿਧਾ, ਨਵਾ ਨਾਥਾ ਦਾ ਨਮਸਕਾਰ ਕਰਨਾ ਗੁਰੂ ਨਾਨਕ ਨੂੰ ਹਿੰਦੂ ਮਿਥਿਹਾਸ ਅਤੇ ਧਰਮ ਪਰੰਪਰਾਵਾਂ ਦੀਆਂ ਸਾਰੀਆਂ ਸ਼ਕਤੀਆਂ ਨਾਲ ਜੋੜ ਦਿੰਦਾ ਹੈ। ਉਸ ਦੇ ਜਨਮ ਨਾਲ ਸਾਰਾ ਬ੍ਰਹਿਮੰਡ ਪ੍ਰਭਾਵਿਤ ਹੁੰਦਾ ਹੈ। ਦੇਵਤੇ ਅਤੇ ਵੱਖ-ਵੱਖ ਸੰਪਰਦਾਵਾਂ ਦੇ ਆਦਰਸ਼ ਪੁਰਖ ਜਦੋਂ ਬਾਬਾ ਨਾਨਕ ਦੇ ਜਨਮ ਸਮੇਂ ਖੁਸ਼ੀਆਂ ਮਨਾਉਂਦੇ ਅਤੇ ਨਮਸਕਾਰ ਕਰਦੇ ਹਨ ਤਾਂ ਇਸ ਨਾਲ ਗੁਰੂ ਜੀ ਦੀ ਸਰਵਸ੍ਰੇਸ਼ਟਤਾ ਸਿਧ ਹੁੰਦੀ ਹੈ। ਸਾਖੀਕਾਰ ਗੁਰੂ ਸਾਹਿਬ ਦੀ ਵਿਲੱਖਣਤਾ ਨੂੰ ਉਭਾਰਦਾ ਹੋਇਆ ਸਮੁੱਚੀ ਭਾਰਤੀ ਮਿਥਿਹਾਸਕ ਅਤੇ ਅਧਿਆਤਮਕ ਪਰੰਪਰਾ ਦੇ ਪ੍ਰਸੰਗ ਵਿਚ ਉਹਨਾਂ ਦੇ ਅਵਤਾਰ ਧਾਰਨ ਦੇ ਦ੍ਰਿਸ਼ ਨੂੰ ਪੇਸ਼ ਕਰਦਾ ਹੈ। ਅਵਤਾਰ ਧਾਰਣ ਦਾ ਮਕਸਦ ਜਗਤ ਨਿਸਤਾਰਣ ਹੈ- 'ਸ੍ਰੀ ਸਤਿਗੁਰ ਜਗਤ ਨਿਸਤਾਰਣ ਕਉ ਆਇਆ। ਕਲਿਜੁਗ ਵਿਚਿ ਬਾਬਾ ਨਾਨਕ ਹੋਇ ਜਨਮਿਆ। ਪਾਰਬ੍ਰਹਮ ਕਾ ਨਿੱਜ ਭਗਤ।' ਜਨਮਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ਸਮਾਂ, ਪ੍ਰਕ੍ਰਿਤਕ ਸਥਿਤੀ, ਚੰਨ ਦੀ ਸਥਿਤੀ, ਅੰਮ੍ਰਿਤ ਵੇਲਾ ਆਦਿ ਪਰੰਪਰਾਗਤ ਦ੍ਰਿਸ਼ਟੀ ਅਨੁਸਾਰ ਹੀ ਪੇਸ਼ ਹੋਏ ਹਨ। ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ **ਕੱਤਕ ਕਿ ਵਿਸਾਖ** ਅਤੇ ਗਿਆਨੀ ਈਸ਼ਰ ਸਿੰਘ ਨਾਰਾ ਦੀ ਪੁਸਤਕ

**ਵਿਸਾਖ ਨਹੀਂ ਕੱਤਕ** ਲੋਕ ਵਿਸ਼ਵਾਸਾਂ ਵਿਚੋਂ ਉਪਜੀ ਇਸ ਸੋਚ ਦਾ ਸਿੱਟਾ ਹਨ ਕਿ ਮਹਾਂਪੁਰਸ਼ ਸਦਾ ਪੂਰਨਮਾਸ਼ੀ ਨੂੰ ਹੀ ਜਨਮਦੇ ਹਨ। ਜੇਕਰ ਅਵਤਾਰ ਧਾਰਣ ਦੀ ਮਿਥ ਬਾਬੇ ਨਾਨਕ ਦੇ ਜਨਮ ਨੂੰ ਪੇਸ਼ ਕਰਦੀ ਤਾਂ ਉਸਦੇ ਅੰਤ ਨੂੰ ਵੀ ਜੋਤੀ ਜੋਤ ਸਮਾਉਣ ਦੀ ਮਿੱਥ ਹੀ ਪ੍ਰਸਤੁਤ ਕਰ ਸਕਦੀ ਹੈ।

ਜਨਮਸਾਖੀਆਂ ਤੱਕ ਵੈਦਿਕ ਪਰੰਪਰਾ ਤੋਂ ਵੱਖਰੀਆਂ ਦਿਬ ਪਰੰਪਰਾਵਾਂ ਜਨਮ ਲੈ ਚੁਕੀਆਂ ਸਨ। ਤੇਤੀਸ ਕਰੋੜੀ ਦੇਵਤਿਆਂ ਤੋਂ ਇਲਾਵਾ ਦਿਬਸ਼ਕਤੀਆਂ ਦੇ ਧਾਰਣੀ ਬੀਰ, ਜਤੀ, ਸਿਧ, ਨਾਥ ਵੀ ਸੁਤੰਤਰ ਪਰੰਪਰਾ ਦਾ ਰੂਪ ਧਾਰ ਚੁਕੇ ਸਨ। ਦਿੱਬਤਾ ਸਭ ਸੰਪਰਦਾਵਾਂ ਦਾ ਸਾਂਝਾ ਵਿਰਸਾ ਹੈ ਪਰ ਸੰਪਰਦਾਇਕਤਾ ਉਹਨਾਂ ਸਭ ਦੀ ਆਪੋ ਆਪਣੀ ਵਿਲੱਖਣਤਾ। ਦੈਵੀ ਸਾਂਝ ਅਤੇ ਸੰਪਰਦਾਇਕ ਵਿਲੱਖਣਤਾ ਦਾ ਤਨਾਉ ਜਨਮਸਾਖੀ ਦਾ ਸੰਰਚਨਾਤਮਕ ਸਿਧਾਂਤ ਹੈ।[9] ਬਾਬਾ ਨਾਨਕ ਇਕੋ ਸਮੇਂ ਦੈਵੀ ਅਤੇ ਸੰਪਰਦਾਇਕ ਸੰਦਰਭ ਵਿਚ ਪ੍ਰਵੇਸ਼ ਕਰਦਾ ਹੈ। ਦੇਵਤੇ, ਬੀਰ, ਜਤੀ, ਸਿਧ, ਨਾਥ ਰੱਦ ਨਹੀਂ ਕੀਤੇ ਜਾ ਸਕਦੇ ਕਿਉਂਕਿ ਉਹਨਾਂ ਦੀ ਹੋਂਦ ਜਿਸ ਦਿਬ ਸਿਧਾਂਤ ਉਪਰ ਆਧਾਰਤ ਹੈ ਉਸੇ ਉਪਰ 'ਪਾਰ ਬ੍ਰਹਮ ਕੇ ਨਿੱਜ ਭਗਤੁ ਬਾਬਾ ਨਾਨਕ' ਦਾ ਨਾਇਕਤਵ ਉਸਰਿਆ ਹੈ। ਸਾਖੀਕਾਰ ਪੂਰਵ ਸਿਰਜਤ ਦਿਬ ਸੰਪਰਦਾਇਕ ਸੰਸਾਰ ਨੂੰ ਨਾ ਤਿਆਗਦਾ ਹੈ, ਨਾ ਉਸ ਵਿਚ ਪ੍ਰਵੇਸ਼ ਕਰਦਾ ਹੈ, ਉਹਨਾਂ ਪਾਸੋਂ ਆਪਣੇ ਨਾਇਕ ਦੀ ਸਿਰਮੌਰਤਾ ਸਵੀਕਾਰ ਕਰਵਾਉਂਦਾ ਹੈ। ਸਾਖੀਕਾਰ ਆਪਣੇ ਨਾਇਕ ਨੂੰ ਦਿਬ ਸਿਰਜਣ ਪਰੰਪਰਾ ਵਿਚ ਸਰਵਪ੍ਰਵਾਨਿਤ ਅਤੇ ਸਰਵਸ਼੍ਰੇਸ਼ਟ ਰੂਪ ਵਿਚ ਪੇਸ਼ ਕਰਦਾ ਹੈ। ਬਾਬੇ ਨਾਨਕ ਦੇ ਚਰਿੱਤਰ ਦਾ ਪ੍ਰਮੁੱਖ ਲੱਛਣ ਦਿਗਵਿਜੈਈ ਹੋਣਾ ਹੈ। 'ਜਨਮਸਾਖੀ ਦਾ ਨਾਇਕ ਭਾਰਤੀ ਦਿਬ ਸਿਰਜਣਾ ਪਰੰਪਰਾ ਨੂੰ ਵਿਸਤਾਰਦਾ ਵੀ ਹੈ ਅਤੇ ਛੁਟਿਆਉਂਦਾ ਵੀ ਹੈ। ਉਹ ਇਸ ਪਰੰਪਰਾ ਵਿਚ ਨਵੀਨਤਮ ਪਰ ਸਰਬੋਤਮ ਹੈ।[10]

ਸਾਖੀਕਾਰ ਆਪਣੇ ਨਾਇਕ ਦਾ ਚਰਿੱਤਰ 'ਮੇਰਾ ਨਾਉ ਪਾਰਬ੍ਰਹਮ ਪਰਮੇਸਰੁ, ਅਰ ਤੇਰਾ ਨਾਉਂ ਗੁਰੂ ਪਰਮੇਸਰੁ' ਰਾਹੀਂ ਸਪਸ਼ਟ ਕਰ ਦਿੰਦਾ ਹੈ। ਆਪਣੇ ਨਾਇਕ ਨੂੰ 'ਗੁਰੂਪਰਮੇਸਰੁ' ਰੂਪ ਵਿਚ ਅਪਣਾ ਕੇ ਸਾਖੀਕਾਰ ਉਸ ਨੂੰ ਸਮਾਜਿਕਤਾ ਤੋਂ ਵਖਰਿਆ ਲੈਂਦਾ ਹੈ ਜਿਵੇਂ ਉਪਨਿਸ਼ਦ ਬ੍ਰਹਮ ਨੂੰ ਜੀਵ ਅਤੇ ਜਗਤ ਤੋਂ ਵੱਖਰਿਆਉਂਦਾ ਹੈ।[11] ਜਨਮਸਾਖੀ ਦੇ ਨਾਇਕ ਦਾ ਸੁਭਾਅ ਵੀ ਅਦਵੈਤਵਾਦੀ ਬ੍ਰਹਮ ਵਾਂਗ, ਵਿਜੋਗ ਮੁੱਖ ਹੈ। ਉਹ ਮਾਨਵੀ ਗੁਣਾਂ ਤੋਂ ਵਖਰਿਆਇਆ ਗਿਆ ਹੈ ਅਤੇ ਦੈਵੀ ਗੁਣਾਂ ਨਾਲ ਅਭੇਦ ਕਰ ਦਿੱਤਾ ਗਿਆ ਹੈ। ਜਨਮਸਾਖੀ ਵਿਚ ਮਰਦਾਨਾ, ਸੈਦੋ, ਸੀਹੋ ਜੱਟ, ਹੱਸੂ ਅਤੇ ਸੀਹਾ ਲੁਹਾਰ ਕੁਝ ਸਾਥੀ ਨਾਇਕ ਦੇ ਨਾਲ ਉਦਾਸੀਆਂ ਉਪਰ ਤੁਰਦੇ ਹਨ ਪਰ ਚਾਰ ਕਦਮ ਚੱਲ ਕੇ ਕਿਧਰੇ ਵਿਲੀਨ ਹੋ ਜਾਂਦੇ ਹਨ। ਜਨਮਸਾਖੀਆਂ ਦੇ ਸਾਰੇ ਪਾਤਰਾਂ ਦਾ ਨਾਇਕ ਤੋਂ ਇਲਾਵਾ ਇਕ ਦੂਸਰੇ ਨਾਲ ਕੋਈ ਸਬੰਧ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਸਾਖੀ ਨਾਇਕ ਉਦਾਸੀਆਂ ਤੋਂ ਪਹਿਲੇ ਹੀ 'ਗੁਰੂ ਪਰਮੇਸਰੁ' ਦੀ ਉਪਾਧੀ ਧਾਰਣ ਕਰਕੇ ਸਥਿਰ ਚਰਿੱਤਰ ਧਾਰਣ ਕਰ ਲੈਂਦਾ ਹੈ। ਦੂਜੇ ਪਾਤਰ ਗੁਰੂ ਦੇ ਸਿੱਖ ਜਾਂ ਸ਼ਰਧਾਲੂ ਬਣ ਕੇ ਨਵਾਂ ਚਰਿੱਤਰ ਧਾਰਣ ਕਰਦੇ ਹਨ। ਜਨਮ ਸਾਖੀਕਾਰ ਪਾਰਬ੍ਰਹਮ ਪਰਮੇਸਰੁ ਦੇ ਮੂੰਹੋਂ ਅਖਵਾਉਂਦਾ ਹੈ: 'ਤੂ ਜਾਇ ਕਰਿ ਮੇਰਾ ਨਾਮ ਜਪੁ ਅਰੁ ਲੋਕਾਂ ਥੀ ਵੀ ਜਪਾਇ। ਅਰੁ ਸੰਸਾਰ ਥੀ ਬੀ ਨਿਰਲੇਪ ਰਹਿ।' ਜਨਮਸਾਖੀਆਂ ਵਿਚ ਕੇਵਲ ਗੁਰੂ ਨਾਨਕ ਹੀ ਨਿਰਲਿਪਤ ਨਹੀਂ ਸਗੋਂ ਗੁਰੂ ਨਾਨਕ ਦੇ ਜੀਵਨ ਵਿਚ ਆਉਣ ਵਾਲੇ ਦੂਸਰੇ ਪਾਤਰ ਵੀ ਲਗਭਗ ਨਿਰਲੇਪ ਹਨ। ਉਹ ਗੁਰੂ ਨਾਨਕ ਪ੍ਰਤੀ ਨਾ ਅਕਰਸ਼ਿਤ ਹੁੰਦੇ ਹਨ ਨਾ ਵਿਕਰਸ਼ਿਤ। ਜਨਮਸਾਖੀਆਂ ਵਿਚ ਬਾਬਾ ਨਾਨਕ ਸਰਬਸ਼ਕਤੀਮਾਨ ਹੈ, ਜਿਸਨੂੰ ਵਧਾਇਆ ਘਟਾਇਆ ਨਹੀਂ ਜਾ ਸਕਦਾ। ਨਿਰਲਿਪਤੀ ਕਰਕੇ ਉਹ ਅਨੰਤ ਹੈ, ਜਿਸਨੂੰ ਹੋਰ ਵਿਸਥਾਰ ਨਹੀਂ ਦਿੱਤਾ ਜਾ ਸਕਦਾ। ਉਹ ਪੂਰਣ ਹੈ, ਇਸ ਲਈ ਉਸ ਵਿਚ ਵਿਕਾਸ ਦੀ ਕੋਈ ਗੁੰਜਾਇਸ਼ ਨਹੀਂ। ਉਹ ਇਕਰਸ, ਇਕਤਾਨ, ਇਕਾਗਰ ਹੈ। ਉਸ ਨਾਲ ਮਨੁੱਖ ਦਾ ਸਬੰਧ ਇਕਾਗਰ ਸ਼ਰਧਾ ਵਾਲਾ ਹੈ। ਦਿਗਵਿਜੇਈ ਬਾਬਾ ਨਾਨਕ ਸਾਹਿਤ ਦੀ ਸੀਮਾ ਤੋਂ ਪਾਰ ਹੈ।[12] ਬਿਖਮ ਤੋਂ ਬਿਖਮ ਸਥਿਤੀ ਵਿਚ ਉਹ ਡਰਦਾ ਨਹੀਂ, ਲੜਦਾ ਵੀ ਨਹੀਂ। ਜਨਮਸਾਖੀਆਂ ਵਿਚ ਦਿੱਬ ਨਾਇਕ ਅਤੇ ਬਾਕੀ ਦੇ ਅਦਿੱਭ ਪਾਤਰ ਏਨੇ ਅਸਮਾਨ ਅਤੇ ਭਿੰਨ ਪ੍ਰਕਿਰਤੀ ਵਾਲੇ ਹਨ ਕਿ ਕਾਰਜ ਦਾ ਅੰਤਿਮ ਸਿੱਟਾ ਸਹਿਜੇ ਹੀ ਨਿਕਲ ਆਉਂਦਾ ਹੈ। ਜਨਮਸਾਖੀਆਂ ਵਿਚ ਮਹਿਤਾ ਕਾਲੂ ਦਾ ਦੁਨੀਆਂਦਾਰ ਹੋਣਾ, ਔਲਾਦ ਪ੍ਰਤੀ ਫਿਕਰਮੰਦ ਹੋਣਾ, ਪੈਸਾ ਜੋੜਨਾ ਅਤੇ ਘਰੇਲੂ ਜ਼ਿੰਮੇਵਾਰੀਆਂ ਨਿਭਾਉਣਾ ਉਸਦੀ ਸਾਧਾਰਣਤਾ ਨੂੰ ਦਰਸਾਉਣ ਵਾਲੇ ਵੇਰਵੇ ਹਨ। ਬੀਬੀ ਨਾਨਕੀ ਦਾ ਆਪਣੇ ਵੀਰ ਲਈ

ਅਥਾਹ ਪਿਆਰ, ਉਸਨੂੰ ਪਿਤਾ ਦੇ ਗੁੱਸੇ ਤੋਂ ਬਚਾਉਣਾ, ਗੁਰੂ ਨਾਨਕ ਦੀ ਦਿਬਤਾ ਨੂੰ ਸਮਝਣਾ ਆਦਿ ਵੇਰਵੇ ਬੀਬੀ ਨਾਨਕੀ ਨੂੰ ਸਾਧਾਰਨ ਇਸਤਰੀ ਤੋਂ ਵਿਸ਼ੇਸ ਬਣਾਉਂਦੇ ਹਨ। ਵੇਈ ਤੇ ਇਸ਼ਨਾਨ ਕਰਨ ਗਏ ਜਦੋਂ ਗੁਰੂ ਜੀ ਗੁੰਮ ਹੋ ਜਾਂਦੇ ਹਨ ਅਤੇ ਦੋ ਤਿੰਨ ਦਿਨ ਵਾਪਸ ਨਹੀਂ ਆਉਂਦੇ- ਸਭ ਸਮਝਦੇ ਹਨ ਕਿ ਗੁਰੂ ਜੀ ਡੁੱਬ ਗਏ ਪਰ ਬੀਬੀ ਨਾਨਕੀ ਹੀ ਸੀ ਜੋ ਕਹਿੰਦੀ ਹੈ ਕਿ 'ਜਗ ਨੂੰ ਤਾਰਨ ਹਾਰ ਕਿਵੇਂ ਡੁੱਬ ਸਕਦਾ ਹੈ'। ਇਸ ਤਰ੍ਹਾਂ ਸਾਖੀਆਂ ਵਿੱਚ ਪਾਂਧੇ, ਮੁੱਲਾਂ ਤੇ ਪੰਡਤ ਆਦਿ ਪਾਤਰ ਸਿਰਜੇ ਗਏ ਹਨ। ਭਾਵੇਂ ਇਹ ਸਾਰੇ ਵਿਅਕਤੀ ਆਪਣੇ ਕਸਬ ਦੇ ਮਾਹਰ ਹਨ ਪਰ ਗੁਰੂ ਜੀ ਦੀ ਵਿਸ਼ੇਸ ਸ਼ਖਸੀ ਆਭਾ ਤੋਂ ਅਚੰਭਿਤ ਹੋ ਜਾਂਦੇ ਹਨ- ਜਿਸ ਨਾਲ ਗੁਰੂ ਜੀ ਦਾ ਦੈਵੀ ਰੂਪ ਹੋਰ ਨਿਖਰਦਾ ਹੈ।

ਜਨਮਸਾਖੀਆਂ ਵਿਚ ਗੁਰੂ ਨਾਨਕ ਸਰਵ ਵਿਜੈਈ ਅਤੇ ਸਰਵ ਪ੍ਰਵਾਨ ਦਿੱਬ ਸ਼ਕਤੀ ਵਜੋਂ ਉਘੜਦੇ ਹਨ। ਉਹਨਾਂ ਨੂੰ ਤੇਤੀਸ ਕਰੋੜੀ ਦੇਵਤਿਆਂ, ਬੀਰ, ਜਤੀ, ਸਿਧ, ਨਾਥਾਂ ਤੋਂ ਸ਼੍ਰੇਸ਼ਠ ਮੰਨਿਆ ਗਿਆ ਹੈ। ਉਹ ਜਗਤ ਨਿਸਤਾਰਣ ਲਈ ਅਵਤਾਰ ਧਾਰਦੇ ਹਨ ਅਤੇ ਕਰਾਮਾਤ ਕਰਦੇ ਹਨ। ਗੁਰੂ ਜੀ ਬੋਹੜ ਥੱਲੇ ਬੈਠਦੇ ਹਨ ਤਾਂ ਉਹ ਹਰਾ ਹੋ ਜਾਂਦਾ ਹੈ, ਹੀਰੇ ਮੋਤੀ ਠੀਕਰੀਆਂ ਵਿਚ ਬਦਲ ਜਾਂਦੇ ਹਨ, ਉਹ ਸਮੁੰਦਰ ਉਪਰ ਤੁਰਦੇ ਹਨ, ਖੇਤ ਹਰਾ ਭਰਾ ਹੋ ਜਾਂਦਾ ਹੈ, ਬ੍ਰਿਸ਼ ਦੀ ਛਾਂ ਸਥਿਰ ਹੋ ਜਾਂਦੀ ਹੈ, ਹਾਥੀ ਮੁੜ ਜਿੰਦਾ ਹੋ ਜਾਂਦਾ ਹੈ, ਮੋਹਰਾਂ ਦੇ ਕੋਲੇ ਬਣ ਜਾਂਦੇ ਹਨ ਤੇ ਸੂਲੀ ਸੂਲ ਵਿਚ ਬਦਲ ਜਾਂਦੀ ਹੈ, ਪੈਰ ਘੁਮਾਉਣ ਨਾਲ ਮੱਕਾ ਘੁੰਮ ਜਾਂਦਾ ਹੈ, ਦੇਹ ਫੁੱਲਾਂ ਵਿਚ ਬਦਲ ਜਾਂਦੀ ਹੈ। ਗੁਰੂ ਨਾਨਕ ਨਾਂ ਤਾ ਨਾਮਣਾ ਖੱਟਣ ਲਈ ਕਰਾਮਾਤ ਕਰਦੇ ਹਨ, ਨਾ ਦੂਜੇ ਸੰਪਰਦਾਇ ਪ੍ਰਤੀਨਿਧ ਦਾ ਨੁਕਸਾਨ ਕਰਨ ਲਈ ਸਗੋਂ ਉਹਨਾਂ ਦਾ ਕਰਾਮਾਤੀ ਕਾਰਜ ਗਹਿਰ ਗੰਭੀਰ ਅਤੇ ਪ੍ਰਭਾਵਸ਼ਾਲੀ ਹੈ। ਗੁਰੂ ਨਾਨਕ ਆਪ ਕਰਾਮਾਤ ਨਹੀਂ ਕਰਦੇ ਸਗੋਂ ਕਰਾਮਾਤ ਵਾਪਰਦੀ ਹੈ, ਪਰਮਾਤਮਾ ਦੀ ਮਰਜ਼ੀ ਨਾਲ। ਰੱਬੀ ਕਰਾਮਾਤ ਗੁਰੂ ਦੇ ਹਿਤ ਵਿਚ ਜਾਂਦੀ ਹੈ। ਇਸਦੇ ਫਲਸਰੂਪ ਗੁਰੂ ਜੀ ਦਿੱਬਸਰੂਪ ਜਾਪਦੇ ਹਨ। ਵਾਹਿਗੁਰੂ ਵੱਲੋਂ ਕੀਤਾ ਕਾਰਜ ਉਸਦੇ ਨਿੱਜ ਭਗਤ ਦੀ ਦਿਬਤਾ ਦਾ ਸਾਧਨ ਬਣਦਾ ਹੈ। ਸਾਧਾਰਣ ਮਨੁੱਖ ਇਸ ਅਦਭੁੱਤ ਕਾਰਜ ਨੂੰ ਕਰਾਮਾਤ ਜਾਂ ਕ੍ਰਿਸ਼ਮਾ ਸਮਝਦਾ ਹੈ। ਕਰਾਮਾਤ ਗੁਰੂ ਨਾਨਕ ਲਈ ਮਹੱਤਵਪੂਰਣ ਨਹੀਂ, ਜੋ ਕੁਝ ਸਹਿਜ ਰੂਪ ਵਿਚ ਹੋ ਰਿਹਾ ਹੈ ਉਹ ਪਰਮੇਸੁਰ ਦੀ ਮਰਜ਼ੀ ਹੈ। ਕਰਾਮਾਤ ਅਸਲ ਵਿਚ ਗੁਰੂ ਨਾਨਕ ਦੇ ਦੈਵੀ ਚਰਿੱਤਰ ਨੂੰ ਪ੍ਰਸਤੁਤ ਕਰਨ ਦਾ ਇਕ ਸਾਧਨ ਹੈ। ਕਰਾਮਾਤਾਂ ਗੁਰੂ ਜੀ ਨੂੰ ਅਜਿਹਾ ਦੇਵੀ ਪੁਰਸ਼ ਬਣਾ ਦਿੰਦੀਆਂ ਹਨ ਜਿਸ ਦੇ ਹੱਕ ਵਿਚ ਪ੍ਰਕਿਰਤਕ ਸ਼ਕਤੀਆਂ ਹੀ ਕਾਰਜ ਨਹੀਂ ਕਰਦੀਆਂ ਸਗੋਂ ਮਾਨਵ ਵਿਰੋਧੀ ਸ਼ਕਤੀਆਂ ਵੀ ਸਹਿਜ ਰੂਪ ਵਿਚ ਹਿੱਤੂ ਪ੍ਰਕਾਰਜ ਕਰਦੀਆਂ ਹਨ। ਗੁਰੂ ਨਾਨਕ ਦੀ ਦਿੱਬ ਦ੍ਰਿਸ਼ਟੀ ਇਸ ਗੱਲ ਵਿਚ ਵਿਦਮਾਨ ਹੈ ਕਿ ਉਹਨਾਂ ਦੇ ਸਾਰੇ ਪ੍ਰਕਾਰਜ ਹੰਕਾਰਹੀਣ, ਵਿਖਾਵੇ ਤੋਂ ਰਹਿਤ ਹਨ। ਇਹਨਾਂ ਦਾ ਮੂਲ ਮੰਤਵ ਸਰਬੱਤ ਦਾ ਭਲਾ ਹੈ। ਅਗਿਆਨਤਾ ਦੂਰ ਕਰਕੇ ਇਕ ਬ੍ਰਹਮ ਦੀ ਸਰਵਸ੍ਰੇਸ਼ਟਤਾ ਵਿਚ ਵਿਸ਼ਵਾਸ ਸਿਰਜਣਾ ਹੈ। ਇੰਜ ਕਰਾਮਾਤ ਸਤਿਨਾਮ ਦੇ ਦਿੱਬ ਸਰੂਪ ਦੇ ਅਨੁਕੂਲ ਵਾਪਦੀ ਹੈ।[13]

ਜਨਮਸਾਖੀਆਂ ਵਿਚ ਗੁਰੂ ਨਾਨਕ ਦੀ ਦਿੱਬ ਦ੍ਰਿਸ਼ਟੀ ਨੂੰ ਪੇਸ਼ ਕਰਨ ਵਾਲੀ ਦੂਜੀ ਕਾਰਜੀ ਜੁਗਤ ਉਹਨਾਂ ਦੇ ਮੂੰਹੋਂ ਉਚਾਰੀ ਬਾਣੀ ਹੈ। ਗੁਰੂ ਸਾਹਿਬ ਬ੍ਰਹਮ ਗਿਆਨੀ ਹਨ। ਉਹਨਾਂ ਨੂੰ ਸਭ ਸ਼ਾਸਤਰਾਂ ਦਾ ਗਿਆਨ ਹੈ। ਉਹਨਾਂ ਨੇ ਸਭ ਕੁਝ ਪੜ੍ਹਿਆ ਹੋਇਆ ਹੈ। ਉਹਨਾਂ ਦਾ ਆਤਮ-ਚਿੰਤਨ ਕਾਵਿਮਈ ਬਾਣੀ ਰਾਹੀਂ ਵਿਦਮਾਨ ਹੁੰਦਾ ਹੈ। ਬਾਣੀ ਉਹਨਾਂ ਲਈ ਸਿਖ ਮਤ ਦੇਣ, ਬ੍ਰਹਮ ਦੀ ਸਿਖਿਆ ਸੰਚਾਰਨ ਅਤੇ ਜਗਤ ਨਿਸਤਾਰਨ ਦਾ ਸਾਧਨ ਹੈ। ਬਾਣੀ ਚਰਿੱਤਰ ਵਿਚ ਦੈਵੀ ਗੁਣਾਂ ਦਾ ਪਾਸਾਰ ਹੈ। ਗੁਰੂ ਨਾਨਕ ਰੱਬੀ ਉਪਦੇਸ਼ ਦੇਣ ਦਾ ਪੈਗੰਬਰੀ ਕਾਰਜ ਕਰਦੇ ਹਨ। ਅਦਭੂਤ ਘਟਨਾ ਪ੍ਰਸੰਗ ਪਿਛੋਂ ਗੁਰੂ ਜੀ ਬਾਣੀ ਪਾਠ ਰਾਹੀਂ ਜਗਤ ਨਿਸਤਾਰਣ ਦਾ ਕਾਰਜ ਕਰਦੇ ਹਨ। ਇੰਜ ਗੁਰਬਾਣੀ ਸਹਿਜ ਰੂਪ ਵਿਚ ਕਰਾਮਾਤੀ ਕਾਰਜ ਕਰਦੀ ਹੈ। ਬਾਣੀ ਜਨਮਸਾਖੀਆਂ ਵਿਚ ਮੰਤਰ ਜੁਗਤ ਦਾ ਰੂਪ ਹੈ, ਜਿਸ ਰਾਹੀਂ ਕਰਾਮਾਤੀ ਕਾਰਜ ਹੁੰਦੇ ਹਨ। ਗੁਰਬਾਣੀ ਦੇ ਪਾਠ ਰਾਹੀਂ ਜਨਮਸਾਖੀ ਦਾ ਨਾਇਕ ਸਹਿਜ ਰੂਪ ਵਿਚ ਚਮਤਕਾਰੀ ਬਣ ਜਾਂਦਾ ਹੈ। ਜਿਸ ਨਾਲ ਸਮਾਜ ਦੇ ਹਨੇਰੇ ਵਿਚ ਭਟਕਦੇ ਕਰਮਕਾਂਢੀ, ਅਗਿਆਨੀ, ਠੱਗ, ਚੋਰ, ਕਪਟੀ ਮਨੁੱਖ ਸਿਧੇ ਮਾਰਗ 'ਤੇ ਚਲਦੇ ਹਨ। ਜਨਮਸਾਖੀਆਂ ਵਿਚ ਇਕ ਪਾਸੇ ਵੈਦਿਕ ਪਰੰਪਰਾ ਅਤੇ ਦੂਜੇ ਪਾਸੇ ਪੌਰਾਣਿਕ ਸਾਹਿਤ ਨੂੰ ਛੋਹਿਆ ਗਿਆ ਹੈ। ਮਹਾਂਪੁਰਸ਼ਾਂ ਨਾਲ ਜੁੜੀਆਂ ਲਗਭਗ ਸਾਰੀਆਂ ਅਲੋਕਾਰ ਘਟਨਾਵਾਂ ਇਸੇ ਕਰਕੇ ਗੁਰੂ

ਸਾਹਿਬ ਨਾਲ ਆ ਜੁੜਦੀਆਂ ਹਨ। ਜਨਮਸਾਖੀਆਂ ਵਿਚ ਵਰਤਿਆ ਸੰਖਿਆ ਸ਼ਾਸਤਰ ਵੀ ਹਿੰਦੂ ਮਿਥਿਹਾਸ ਨਾਲ ਜੁੜਿਆ ਹੋਇਆ ਹੈ।

ਜਨਮਸਾਖੀਆਂ ਵਿਚ ਨਾਇਕ ਦੀ ਦਿੱਬਤਾ ਉਪਰੰਤ ਜਗਤ ਨਿਸਤਾਰਣ ਦਾ ਕਾਰਜ ਆਰੰਭ ਹੁੰਦਾ ਹੈ ਜੋ ਮਾਨਵ ਦੀ ਪ੍ਰਕਿਰਤਕ ਸਥਿਤੀ ਨਾਲ ਸਬੰਧਤ ਹੈ। ਸੰਪਰਦਾਇਕ ਸੰਸਾਰ ਦੀਆਂ ਸਮੱਸਿਆਵਾਂ ਦਾ ਨਿਸਤਾਰਣ ਦਿੱਬ ਪਰੰਪਰਾ ਦੇ ਹੁਕਮ ਅਨੁਸਾਰ ਹੁੰਦਾ ਹੈ। ਗੁਰੂ ਨਾਨਕ ਦੇ ਹਰ ਕਾਰਜ ਦਾ ਆਰੰਭ 'ਆਗਿਆ ਪ੍ਰਮੇਸੁਰ ਕੀ ਹੋਈ' ਅਨੁਸਾਰ ਅਤੇ ਸਮਾਪਤੀ 'ਨਾਉਂ ਧਰੀਕ ਸਿੱਖ ਹੋਇਆ' ਅਨੁਸਾਰ ਹੁੰਦੀ ਹੈ।

ਕਰਾਮਾਤ ਜਾਂ ਚਮਤਕਾਰ ਮਿਥਿਹਾਸ ਅਤੇ ਧਰਮ ਦੀ ਬੁਨਿਆਦ ਹਨ। ਧਾਰਮਿਕ ਬਿਰਤੀ ਵਾਲਾ ਮਨੁੱਖ ਸਧਾਰਣਤਾ ਵਿਚੋਂ ਅਸਾਧਾਰਣਤਾ, ਸੁਭਾਵਿਕਤਾ ਵਿਚੋ ਅਸੁਭਾਵਿਕਤਾ ਦੀ ਭਾਲ ਕਰਦਾ ਹੈ। ਦੇਵਤੇ ਆਪਣੀ ਅਸਧਾਰਣਤਾ ਕਰਕੇ ਹੀ ਮਨੁੱਖ ਨੂੰ ਪ੍ਰਭਾਵਤ ਕਰਦੇ ਹਨ। ਭਾਰਤੀ ਨਾਵਾਂ, ਥਾਵਾਂ, ਕੰਮਾਂ ਕਾਰਾਂ ਵਿਚ ਦੇਵਤਿਆਂ ਦੀ ਛਾਪ ਇਸਦਾ ਪ੍ਰਮਾਣ ਹੈ। ਜਨਮਸਾਖੀ ਦੇ ਰਚੈਤਾ ਦੇ ਅਵਚੇਤਨ ਵਿਚ ਵਡੱਪਣ ਦਾ ਸੰਕਲਪ ਦੇਵਤਿਆਂ ਵਾਲਾ ਹੈ ਜੋ ਕਰਾਮਾਤਾਂ ਨਾਲ ਮਨੁੱਖ ਜਾਤੀ ਨੂੰ ਅਚੰਭਤ ਕਰਦੇ ਹਨ। ਇਸੇ ਕਰਕੇ ਸਾਖੀਕਾਰ ਅਚੇਤ ਹੀ ਗੁਰੂ ਨਾਨਕ ਨੂੰ ਇਕ ਅਵਤਾਰ/ਪੈਗੰਬਰ ਵਜੋਂ ਪੇਸ਼ ਕਰਦਾ ਹੈ। ਜਨਮਸਾਖੀਆਂ ਵਿਚ ਗੁਰੂ ਨਾਨਕ ਦੀ ਦਿੱਬਤਾ ਪ੍ਰਕਿਰਤਕ ਕਰਾਮਾਤਾਂ ਰਾਹੀਂ ਜਾਂ ਬਾਨੀ ਉਚਾਰਣ ਰਾਹੀਂ ਪ੍ਰਗਟ ਹੁੰਦੀ ਹੈ। ਇਹ ਕਰਾਮਾਤ ਦੂਸਰੇ ਦੀ ਹਾਨੀ ਨਹੀਂ ਕਰਦੀ ਸਗੋਂ ਸਭ ਦਾ ਭਲਾ ਕਰਦੀ ਹੈ ਜਾਂ ਦੂਸਰੇ ਨੂੰ ਪ੍ਰਭਾਵਤ ਕਰਦੀ ਹੈ। ਕਰਾਮਾਤੀਆਂ ਵਿਚ ਬਾਬਾ ਨਾਨਕ ਸਭ ਤੋਂ ਵੱਡਾ ਕਰਾਮਾਤੀ ਹੈ। ਬਾਬੇ ਨਾਨਕ ਦੇ ਚਰਿੱਤਰ ਦਾ ਪ੍ਰਮੁੱਖ ਲੱਛਣ ਦਿਗਵਿਜੈਈ ਹੋਣਾ ਹੈ। ਸਾਖੀਕਾਰ ਇਸੇ ਦਿਗਵਿਜੈਈ ਰੂਪ ਨੂੰ ਪੇਸ਼ ਕਰਦਾ ਹੈ।

ਜਨਮਸਾਖੀਆਂ ਦੀ ਵਿਲੱਖਣਤਾ ਸਮੂਹਕ ਅਵਚੇਤਨ ਨਾਲ ਇਕਸੁਰ ਹੋਣ ਅਤੇ ਸੁਹਜ-ਦ੍ਰਿਸ਼ਟੀ ਨੂੰ ਜਿਊਂਦਾ ਰੱਖਣ ਵਿਚ ਹੈ। ਸਮੂਹਕ ਅਵਚੇਤਨ ਤੋਂ ਭਾਵ ਉਹ ਵਿਚਾਰ ਹਨ, ਜਿਹੜੇ ਪੂਰਵ ਇਤਿਹਾਸਕ ਕਾਲ ਤੋਂ ਗਿਆਨ ਦੇ ਰੂਪ ਵਿਚ ਮਾਨਵੀ ਮਨ ਵਿਚ ਦੱਬੇ ਚਲੇ ਆਉਂਦੇ ਹਨ। ਆਧੁਨਿਕ ਜੀਵਨ-ਦਰਸ਼ਨ ਮਿਥ, ਧਰਮ ਅਤੇ ਕਲਾ ਨੂੰ ਇਕਹਿਰੇ ਰੂਪ ਵਿਚ ਵੇਖਣ ਦਾ ਆਦੀ ਹੈ। ਇਹ ਦ੍ਰਿਸ਼ਟੀ ਮਨੁੱਖ ਨੂੰ ਗਹਿਰਾਈ, ਕਰਾਮਾਤ ਅਤੇ ਸੰਗੀਤਾਤਮਿਕਤਾ ਦੇ ਉਚੇ ਮੰਡਲਾਂ ਨਾਲੋਂ ਤੋੜ ਕੇ ਨਿਰੋਲ ਬਾਹਰਮੁਖੀ ਕਠੋਰਤਾ ਤੱਕ ਸੀਮਤ ਕਰ ਦਿੰਦੀ ਹੈ। ਇਸ ਦ੍ਰਿਸ਼ਟੀ ਤੋਂ ਜਨਮਸਾਖੀਆਂ ਦਾ ਅਧਿਐਨ ਇਕ ਵਿਸ਼ੇਸ਼ ਪ੍ਰਕਾਰ ਦੀ ਵਿਧੀ ਅਨੁਸਾਰ ਹੋਇਆ। ਇਹ ਦ੍ਰਿਸ਼ਟੀ ਆਪਣੇ ਤਰਕ ਦੀ ਮਦਦ ਰਾਹੀਂ ਅਣਮੇਲਵੇਂ ਤੇ ਅਸੰਗਤ ਪਰਿਪੇਖਾਂ ਨੂੰ ਜੋੜਨ ਅਤੇ ਪੂਰਵ-ਨਿਸਚਤ ਧਾਰਨਾਵਾਂ ਨੂੰ ਸਥਾਪਤ ਕਰਨ ਦੇ ਆਹਰ ਵਿਚ ਲੱਗੀ ਰਹੀ। ਕਰਮ ਸਿੰਘ ਹਿਸਟੋਰੀਅਨ ਆਪਣੀ ਪੁਸਤਕ **ਕੱਤਕ ਕਿ ਵਿਸਾਖ** ਵਿਚ ਜਨਮ ਸਾਖੀਆਂ ਦੀ ਇਤਿਹਾਸਕ ਪ੍ਰਮਾਣਿਕਤਾ ਉਪਰ ਸ਼ੰਕਾ ਕਰਦਾ ਹੋਇਆਂ ਆਪਣੇ ਤਰਕ ਦੀ ਸੰਤੁਸ਼ਟੀ ਸਾਖੀ ਵਿਚੋਂ ਤਲਾਸ਼ ਕਰਦਾ ਹੈ। ਮੈਕਲੌਡ ਆਪਣੀ ਪੁਸਤਕ **ਗੁਰੂ ਨਾਨਕ ਐਂਡ ਦ ਸਿਖ ਰਿਲੀਜਨ** ਦੀ ਭੂਮਿਕਾ ਵਿਚ ਲਿਖਦਾ ਹੈ ਕਿ ਜਨਮਸਾਖੀਆਂ ਗੁਰੂ ਨਾਨਕ ਦੇ ਜੀਵਨ ਚਿਤਰਨ ਵਾਸਤੇ ਕੋਈ ਭਰੋਸੇਯੋਗ ਸੋਮਾ ਨਹੀਂ ਹਨ। ਪੰਜਾਬੀ ਦੇ ਬਹੁਤੇ ਵਿਦਵਾਨ ਇਨ੍ਹਾਂ ਧਾਰਨਾਵਾਂ ਦੇ ਹੱਕ ਜਾਂ ਵਿਰੋਧ ਵਿਚ ਯੋਜਨਾਬਧ ਢੰਗ ਨਾਲ ਆਪਣਾ ਸੁਰ ਉਚਾਰਦੇ ਰਹੇ। ਇਸੇ ਕਰਕੇ ਉਹ ਜਨਮਸਾਖੀਆਂ ਦੇ ਸੱਚ ਨੂੰ ਪਛਾਨਣ ਤੋਂ ਖੁੰਝ ਜਾਂਦੇ ਹਨ। ਉਹ ਜਨਮਸਾਖੀਆਂ ਵਿਚੋਂ ਇਤਿਹਾਸ ਲੱਭਦੇ ਹਨ ਜਾਂ ਤੱਥ। ਤੱਥ ਸੱਚ ਦੀ ਪਛਾਣ ਦਾ ਇਕੋ ਇਕ ਆਧਾਰ ਨਹੀਂ ਹੈ। ਇਹ ਪ੍ਰਾਪਤੀ ਨਾ ਹੋਣ ਕਰਕੇ ਉਹ ਜਨਮਸਾਖੀਆਂ ਨੂੰ ਤਰਕਹੀਣ ਅਤੇ ਗੁਰਬਾਣੀ ਦੇ ਆਸ਼ੇ ਦੇ ਵਿਪਰੀਤ ਮੰਨ ਲੈਂਦੇ ਹਨ। ਜਨਮਸਾਖੀਆਂ ਵਿਚ ਵਿਭਿੰਨ ਧਰਮਾਂ ਦੀਆਂ ਵਿਸ਼ਵਾਸ ਪਰੰਪਰਾਵਾਂ ਅਤੇ ਰਹੁ-ਰੀਤਾਂ ਨੂੰ ਨਵੇਂ ਸੰਦਰਭ ਵਿਚ ਪੇਸ਼ ਕਰਕੇ ਇਹਨਾਂ ਵਿਚਲੀ ਰੂਹਾਨੀ ਸਾਂਝ ਦੇ ਧਰਾਤਲ ਨੂੰ ਤਲਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਹਿੰਦੂ ਧਰਮ ਵਿਚ ਕਰਮਕਾਂਢ ਬਣ ਚੁਕੇ ਸੂਤਕ, ਜਨੇਊ, ਕੁੰਡਲੀ, ਆਰਤੀ, ਤੀਰਥ ਇਸ਼ਨਾਨ ਜਨਮਸਾਖੀਆਂ ਵਿਚ ਦੈਵੀ ਰੂਪ ਧਾਰਣ ਕਰਦੇ ਹਨ। ਗੁਰੂ ਨਾਨਕ ਪ੍ਰਚਲਿਤ ਰੀਤਾਂ, ਵਿਸ਼ਵਾਸਾਂ ਤੇ ਕਰਮਕਾਂਢਾਂ ਨੂੰ ਸ਼ਬਦ ਦੁਆਰਾ ਸਥੂਲਤਾ ਤੋਂ ਪਾਰ ਸੂਖਮਤਾ ਦੇ ਮੰਡਲ ਵਿਚ ਪ੍ਰਵੇਸ਼ ਕਰਵਾਉਂਦੇ ਹਨ। ਧਰਤੀ ਤੇ ਵਿਚਰਦੀਆਂ ਸਾਰੀਆਂ ਆਰੀਆਈ ਅਤੇ ਸਾਮੀ

ਧਰਮ ਦੀਆਂ ਦਿਸ਼ਾਵਾਂ ਜੋਗੀਆਂ, ਕਾਜ਼ੀਆਂ, ਪੰਡਿਤਾਂ ਦੇ ਸੰਵਾਦ ਰਾਹੀਂ ਗੁਰੂ ਨਾਨਕ ਦੇ ਸਮਰਪਣ ਵਿਚ ਆ ਕੇ ਸੰਪੂਰਨਤਾ ਪ੍ਰਾਪਤ ਕਰਦੀਆਂ ਹਨ। ਜਨਮਸਾਖੀਆਂ ਵਿਚ ਬਾਬਾ ਨਾਨਕ ਵੇਲੇ ਦੀ ਰਾਜਨੀਤਕ, ਆਰਥਿਕ ਅਤੇ ਸਮਾਜਕ ਵਿਵਸਥਾ ਦੇ ਸ਼ਿਕਾਰ ਮਨੁੱਖਾਂ ਨੂੰ ਮਾਨਵੀ ਗੌਰਵ ਅਤੇ ਸਵੈਮਾਣ ਦੇ ਸਦੀਵੀ ਪ੍ਰੇਰਣਾ ਸ੍ਰੋਤਾਂ ਨਾਲ ਜੁੜਨ ਦੀ ਚੇਤਨਾ ਜਗਾਉਂਦਾ ਹੈ। ਦਮਨ ਦੇ ਖਿਲਾਫ ਆਵਾਜ਼ ਬੁਲੰਦ ਕਰਨ ਦੇ ਨਾਲ ਨਾਲ ਬਾਬਾ ਨਾਨਕ ਤਤਕਾਲੀਨ ਭਾਰਤੀ ਸਮਾਜ ਵਿਚ ਪ੍ਰਚੱਲਿਤ ਬ੍ਰਾਹਮਣਵਾਦੀ ਕਰਮਕਾਂਢਾਂ ਅਤੇ ਜਾਤੀ ਪ੍ਰਥਾ ਦੇ ਮਾਨਵ ਵਿਰੋਧੀ ਕਿਰਦਾਰ ਨੂੰ ਵੀ ਉਘਾੜਦਾ ਹੈ। ਧਾਰਮਿਕ ਸਹਿਣਸ਼ੀਲਤਾ, ਆਰਥਿਕ ਬਰਾਬਰੀ ਅਤੇ ਸਮਾਜਕ ਨਿਆਂ ਦਾ ਪੱਖ ਪੂਰਨ ਵਾਲਾ ਇਹ ਪ੍ਰਵਚਨ ਹਕੀਕੀ ਅਰਥਾਂ ਵਿਚ ਬ੍ਰਹਿਮੰਡੀ ਪ੍ਰਵਚਨ ਬਣ ਕੇ ਉਜਾਗਰ ਹੁੰਦਾ ਹੈ। ਨਸਲੀ ਵਿਤਕਰਾ, ਰੰਗ ਭੇਦ ਦੀ ਲੁਕਵੀ ਜਾਂ ਪ੍ਰਗਟ ਨੀਤੀ ਅਤੇ ਜਾਤੀ ਉਤਮਤਾ ਮਨੁੱਖਾਂ ਵਿਚਕਾਰ ਮਸਨੂਈ ਵੰਡੀਆਂ ਪਾ ਕੇ ਵਿਭਿੰਨ ਭਾਈਚਾਰਿਆਂ ਨੂੰ ਨਾਬਰਾਬਰੀ ਅਤੇ ਵਿਤਕਰੇ ਦਾ ਸ਼ਿਕਾਰ ਬਣਾਉਂਦੀ ਹੈ। ਬਾਬਾ ਨਾਨਕ ਵਰਣ-ਵਿਵਸਥਾ ਜਾਂ ਜਾਤੀ ਪ੍ਰਥਾ ਨੂੰ ਅਧਿਆਤਮਕ ਧਰਾਤਲ ਉਪਰ ਰੱਦ ਕਰਦਿਆਂ ਮਨੁੱਖ ਦੀ ਬਰਾਬਰੀ ਅਤੇ ਭਾਈਚਾਰਕ ਸਾਂਝ ਦਾ ਸੰਕਲਪ ਪੇਸ਼ ਕਰਦਾ ਹੈ। ਇਸ ਵਿਚ ਜਾਤੀ ਦੀ ਥਾਂ ਜੋਤਿ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਗੁਰੂ ਨਾਨਕ ਦਾ ਪ੍ਰਵਚਨ ਦਮਨ ਦੇ ਮੁਕਾਬਲੇ ਰੂਹਾਨੀ ਜਾਗ੍ਰਿਤੀ ਅਤੇ ਨੈਤਿਕ ਚੇਤਨਾ ਦਾ ਮਾਰਗ ਪੇਸ਼ ਕਰਦਿਆਂ ਸਮੁੱਚੀ ਮਨੁਖ ਜਾਤੀ ਅੰਦਰ ਨਿਵਾਸ ਕਰ ਰਹੀ ਇਕ ਜੋਤਿ ਦੇ ਪ੍ਰਗਾਸੁ ਉਪਰ ਬਲ ਦਿੰਦਾ ਹੈ। ਗੁਰੂ ਨਾਨਕ ਦੇ ਮੂਲ ਸੁਭਾਅ ਵਿਚ ਇਕਤਵ ਹੈ ਜੋ ਅਨੇਕਤਾ ਨੂੰ ਪਾਲਣ ਦੀ ਭਾਵਨਾ ਵਿਚੋਂ ਪੈਦਾ ਹੁੰਦੀ ਹੈ। ਇਸ ਵਿਚ ਹਰ ਭਾਈਚਾਰੇ ਦੀ ਜੀਵਨ-ਜਾਚ ਦਾ ਆਦਰ ਕਰਦਿਆਂ ਉਸ ਨਾਲ ਬਰਾਬਰੀ ਦੇ ਧਰਾਤਲ ਤੇ ਸੰਵਾਦ ਰਚਾਉਣ ਦੀ ਚੇਸ਼ਟਾ ਕੀਤੀ ਗਈ ਹੈ। ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਨ ਵਾਲੀ ਇਹ ਦ੍ਰਿਸ਼ਟੀ ਉਤਰ-ਆਧੁਨਿਕ ਸੋਚ ਦੀ ਬਿਹਤਰੀਨ ਮਿਸਾਲ ਮੰਨੀ ਜਾ ਸਕਦੀ ਹੈ। ਗੁਰੂ ਨਾਨਕ ਨੂੰ ਧਰਤੀ ਦੇ ਸਮੁੱਚੇ ਧਾਰਮਿਕ ਅਭਿਆਸ ਅਤੇ ਅਧਿਆਤਮਕ ਧਾਰਾਵਾਂ ਦੇ ਪ੍ਰਸੰਗ ਵਿਚ ਵੇਖਣ ਦੀ ਜ਼ਰੂਰਤ ਹੈ। ਇਸੇ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੇ ਜਨਮਸਾਖੀ ਬਿੰਬ ਨੂੰ ਪਛਾਣਿਆ ਜਾ ਸਕਦਾ ਹੈ। ਸਾਡੇ ਵਿਦਵਾਨ ਅਜਿਹੇ ਵਾਦ-ਵਿਵਾਦਾਂ ਵਿਚ ਉਲਝਦੇ ਰਹੇ ਜਿਨ੍ਹਾਂ ਦਾ ਜਨਮਸਾਖੀਆਂ ਦੀ ਅੰਤਰੀਵ ਪ੍ਰਕਿਰਤੀ ਨਾਲ ਕੋਈ ਸਰੋਕਾਰ ਨਹੀਂ ਬਣਦਾ। ਪੰਜਾਬੀ ਅਜਿਹੀ ਦ੍ਰਿਸ਼ਟੀ ਪੈਦਾ ਨਹੀਂ ਕਰ ਸਕੇ ਜੋ ਗਿਆਨ ਦੇ ਨਵੇਂ ਪਾਸਾਰਾਂ ਤੇ ਡੂੰਘਾਈਆਂ ਨੂੰ ਸਮਝਣ ਸਮਝਾਉਣ ਦੇ ਸਮਰੱਥ ਹੋਵੇ।

## ਹਵਾਲੇ ਤੇ ਟਿੱਪਣੀਆਂ


1. "ਪੰਜਾਬੀ ਦਾ ਸਾਹਿਤਯ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਦੁਆਲੇ ਬ੍ਰਿਛਾਂ ਦੀ ਛਾਂ ਥੱਲੇ ਪਲਿਆ ਹੈ। ਨਸਰ (ਵਾਰਤਕ) ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਂਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਚੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ ਸਮੀਰ ਵਿਚ ਹਿਲਦੇ ਸਨ।"
   ਪੂਰਨ ਸਿੰਘ, **ਖੁੱਲ੍ਹੇ ਲੇਖ**, ਪੰਨਾ 209.
2. ਵਣਜਾਰਾ ਬੇਦੀ, 'ਸਾਖੀ', **ਸਾਖੀ-ਸੁਰਤਿ**, ਪੰਨਾ 147.
3. ਉਹੀ, ਪੰਨਾ 147.
4. Vico, Giambattista, **The New Science**, Cornell University Press Ithaca, New York, 1948.
5. ਹਰਜੀਤ ਸਿੰਘ ਗਿੱਲ, "Structure and History", **Pakha Sanjam**, Vol VII, Punjabi University Patiala, 1974, ਪੰਨਾ 9.
6. ਪਰਮਜੀਤ ਸਿੰਘ ਸਿੱਧੂ, "ਜਨਮਸਾਖੀ ਮਿਥ ਦਾ ਸੀਮੀਓਜੀਕਲ ਅਧਿਐਨ", **ਖੋਜ ਪਤ੍ਰਿਕਾ**, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ 75.
7. ਹਰਿਭਜਨ ਸਿੰਘ, "ਪੁਰਾਤਨ ਜਨਮ ਸਾਖੀ", **ਮੁਲ ਤੇ ਮੁਲੰਕਣ**, ਪੰਨਾ 34.
8. **ਉਹੀ**, ਪੰਨਾ 34.
9. **ਉਹੀ**, ਪੰਨਾ 35.

10. **ਉਹੀ**, ਪੰਨਾ 35.
11. ਹਰਿਭਜਨ ਸਿੰਘ, "ਪੁਰਾਤਨ ਜਨਮਸਾਖੀ", **ਪਾਰਗਾਮੀ**, ਪੰਨਾ 37.
12. ਹਰਿਭਜਨ ਸਿੰਘ, "ਪੁਰਾਤਨ ਜਨਮਸਾਖੀ", **ਮੁਲ ਤੇ ਮੁਲੰਕਣ**, ਪੰਨਾ 45.
13. ਡਾ. ਅਮਰ ਕੋਮਲ, "ਜਨਮਸਾਖੀਆਂ ਦਾ ਮਿਥਕ ਅਧਿਐਨ", **ਖੋਜ ਪਤ੍ਰਿਕਾ**, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ 69.

◈

# ਸੇਵਾ ਦਾ ਸੰਕਲਪ ਅਤੇ ਗੁਰੂ ਨਾਨਕ ਦਰਸ਼ਨ

ਸ੍ਰੀ ਗੁਰੂ ਨਾਨਕ ਦੇਵ ਜੀ ਭਾਰਤੀ ਇਤਿਹਾਸ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਇਤਿਹਾਸ ਦੀ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਭਾਰਤੀ ਸਭਿਆਚਾਰ ਉਪਰ ਬਹੁਤ ਗਹਿਰਾ ਪ੍ਰਭਾਵ ਪਾਇਆ। 'ਭਾਰਤੀ ਧਰਮ-ਸੰਸਥਾਪਕਾਂ ਤੇ ਸਮਾਜ-ਸੁਧਾਰਕਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਗੌਰਵਸ਼ਾਲੀ ਸਥਾਨ ਹੈ। ਮੱਧ-ਯੁਗ ਦੇ ਸੰਤ ਕਵੀਆਂ ਵਿਚ ਉਨ੍ਹਾਂ ਦੀ ਵਿਸ਼ਿਸ਼ਟ ਤੇ ਨਿਰਾਲੀ ਧਰਮ-ਪਰੰਪਰਾ ਹੈ। ਉਹ ਉਸ ਧਰਮ ਦੇ ਸੰਸਥਾਪਕ ਹਨ, ਜਿਸ ਦੇ ਅੰਤਰਿਕ ਰੂਪ ਵਿਚ ਵਿਵੇਕ, ਬੈਰਾਗ, ਭਗਤੀ, ਗਿਆਨ ਜੋਗ ਅਤੇ ਆਤਮ-ਸਮਰਪਣ ਦੀ ਭਾਵਨਾ ਦਾ ਸੰਚਾਰ ਹੈ ਅਤੇ ਬਾਹਰੀ ਰੂਪ ਵਿਚ ਸਦਾਚਾਰ, ਸੰਜਮ, ਏਕਤਾ ਅਤੇ ਭਰਾਤਰੀ ਭਾਵ ਆਦਿ ਪ੍ਰੋਏ ਹੋਏ ਹਨ। ਉਹ ਮੱਧ-ਕਾਲ ਦੇ ਮੌਲਿਕ ਚਿੰਤਕ, ਇਨਕਲਾਬੀ ਸੁਧਾਰਕ, ਲਾਸਾਨੀ ਜੁਗ-ਨਿਰਮਾਤਾ, ਮਹਾਨ ਦੇਸ਼-ਭਗਤ, ਦੀਨ ਦੁਨੀਆਂ ਦੇ ਪਰਮ-ਹਿਤੂ ਅਤੇ ਦੂਰ-ਦਰਸ਼ੀ ਰਾਸ਼ਟਰ-ਕਲਿਆਣਕਾਰੀ ਸਨ।'[1] ਸਿੱਖ ਮੱਤ ਦੇ ਬਾਨੀ ਨੇ ਸਭ ਧਰਮਾਂ ਦੇ ਸਿਧਾਂਤਾਂ ਨੂੰ ਵਿਗਿਆਨਕ ਢੰਗ ਨਾਲ ਪਰਖਣ ਤੋਂ ਉਪਰੰਤ ਹੀ ਨਵੀਨ ਸਿੱਖੀ ਫ਼ਲਸਫ਼ਾ ਸੰਸਾਰ ਦੇ ਕਲਿਆਣ ਲਈ ਪੇਸ਼ ਕੀਤਾ ਸੀ ਅਤੇ ਇਹੋ ਇਕ ਘਟਨਾ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਦੇ ਇਤਿਹਾਸ ਵਿਚ ਅਤੇ ਮਜ਼ਹਬੀ ਸੰਚਾਲਕਾਂ ਦੀ ਕਤਾਰ ਵਿਚ ਸਿਰਕੱਢ ਬਣਾ ਦਿੰਦੀ ਹੈ।



ਡਾ. ਭੁਪਿੰਦਰ ਸਿੰਘ
ਅਸਿਸਟੈਂਟ ਪ੍ਰੋਫ਼ੈਸਰ,
ਪੋਸਟ ਗ੍ਰੈਜੂਏਟ ਪੰਜਾਬੀ
ਅਧਿਐਨ ਵਿਭਾਗ,
ਖ਼ਾਲਸਾ ਕਾਲਜ,
ਅੰਮ੍ਰਿਤਸਰ।
bhupinderkcasr@
gmail.com
ਮੋ. : 9417276150

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਛੇ ਗੁਰੂ ਸਾਹਿਬਾਨ ਦੀ ਬਾਣੀ ਮੁੱਖ ਰੂਪ ਵਿਚ ਭਾਵੇਂ ਪ੍ਰਭੂ ਦੀ ਅਰਾਧਨਾ ਹੀ ਹੈ ਪਰ ਇਹ ਮਨੁੱਖ ਨੂੰ ਚੰਗੇਰੀ ਜੀਵਨ ਜਾਚ ਦੇਣ ਵਾਲੀ ਸ੍ਰੇਸ਼ਟ ਰਚਨਾ ਵੀ ਹੈ। ਗੁਰੂ ਸਾਹਿਬਾਨ ਦੀ ਬਾਣੀ ਦਾ ਧੁਰਾ ਇਕ ਅਕਾਲ ਪੁਰਖ ਅਤੇ ਮਨੁੱਖਤਾ ਦੀ ਭਲਾਈ ਹੋਣ ਕਾਰਨ ਇਸ ਵਿਚ ਸਰਬ ਸਾਂਝੀਵਾਲਤਾ ਤੇ ਚੰਗੇ ਸਮਾਜਿਕ ਵਰਤਾਰੇ ਦੀ ਗੱਲ ਆਮ ਕਹੀ ਗਈ ਹੈ। ਤੱਤਕਾਲੀਨ ਸਮੇਂ ਦੇ ਸਮਾਜ, ਧਰਮ, ਰੀਤੀ-ਰਿਵਾਜ ਤੇ ਆਰਥਿਕ ਦਸ਼ਾ ਬਾਰੇ ਜਾਣਕਾਰੀ ਗੁਰਬਾਣੀ ਨਾਲੋਂ ਵਧੇਰੇ ਸ਼ਾਇਦ ਹੀ ਕਿਸੇ ਹੋਰ ਸਮਕਾਲੀ ਸੋਮੇ ਤੋਂ ਮਿਲ ਸਕੇ। ਸਿੱਖ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਨਾਮ ਸਿਮਰਨ, ਭਗਤੀ, ਕੀਰਤਨ, ਸਤਿਸੰਗਤਿ, ਕਿਰਤ, ਨਦਰ ਅਤੇ ਕਰਮ ਦੇ ਸਿਧਾਂਤਾਂ ਦਾ ਨਿਰੂਪਣ ਹੋਇਆ, ਉਥੇ ਸੇਵਾ ਦੇ ਸੰਕਲਪ ਦਾ ਵੀ ਭਰਪੂਰ ਵਰਣਨ ਕੀਤਾ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਜਿਥੇ ਸਮਾਜਿਕ, ਧਾਰਮਿਕ ਤੇ ਆਰਥਿਕ ਹਾਲਤ ਦੀ ਡੂੰਘੀ ਜਾਣਕਾਰੀ ਮਿਲਦੀ ਹੈ ਉਥੇ ਸੇਵਾ ਦੇ ਸੰਕਲਪ ਦਾ ਭਰਪੂਰ ਵੇਰਵਾ ਵੀ ਮਿਲਦਾ ਹੈ।

ਸੇਵਾ ਸੰਸਕ੍ਰਿਤ ਦੇ ਸ਼ਬਦ ਸੇਵੁ ਦਾ ਵਿਕਸਤ ਰੂਪ ਹੈ। ਸੇਵੁ ਦੇ ਅਰਥ ਹਨ: ਸੇਵਾ ਕਰਨਾ, ਚਾਕਰੀ ਕਰਨਾ, ਭਰੋਸਾ ਰੱਖਣਾ, ਪੂਜਾ ਕਰਨੀ। ਸੰਗਿਆ ਰੂਪ ਸੇਵਾ ਦੇ ਅਰਥ ਹਨ: ਖਿਦਮਤ (ਸੇਵਾ, ਟਹਿਲ) ਅਤੇ

ਉਪਾਸਨਾ।[2] ਇਹ ਸ਼ਬਦ ਇਨ੍ਹਾਂ ਦੋਹਾਂ ਅਰਥਾਂ ਵਿਚ ਗੁਰਬਾਣੀ ਅੰਦਰ ਕਈ ਥਾਈਂ ਵਰਤਿਆ ਗਿਆ ਹੈ। ਜਿਵੇਂ: 'ਸੇਵਾ ਥੋਰੀ ਮਾਗਨੁ ਬਹੁਤਾ'[3] ਵਿਚ ਸੇਵਾ ਦਾ ਭਾਵ ਖਿਦਮਤ ਅਤੇ 'ਨਾਮੈ ਕੀ ਸਭ ਸੇਵਾ ਕਰੈ'[4] ਵਿਚ ਸੇਵਾ ਤੋਂ ਭਾਵ 'ਉਪਾਸਨਾ' ਹੈ। ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੇਵਾ ਸ਼ਬਦ ਉਪਾਸਨਾ ਜਾਂ ਪੂਜਾ ਦੇ ਅਰਥਾਂ ਵਿਚ ਵਰਤਿਆ ਹੈ:

*ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥*
*ਨਾਨਕ ਗਾਵੀਐ ਗੁਣੀ ਨਿਧਾਨੁ ॥*[5]

ਸੇਵ ਦੇ ਅਰਥ ਸੇਵਜ ਵੀ ਹਨ। ਭਾਵ ਸੇਵਾ ਕਰਨ ਯੋਗ, ਉਪਾਸਨਾ ਯੋਗ। ਇਸ ਅਰਥ ਵਿਚ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਇੰਜ ਵਰਤਿਆ ਹੈ:

*ਆਖਹਿ ਸੁਰਿ ਨਰ ਮੁਨਿ ਜਨ ਸੇਵਾ ॥*[6]

ਗੁਰਮਤਿ ਦੀ ਜੀਵਨ ਪ੍ਰਤਿ ਪਹੁੰਚ ਹਾਂਵਾਚੀ ਹੈ। ਇਹ ਵਿਚਾਰਧਾਰਾ ਮਨੁੱਖ ਨੂੰ ਜੀਵਨ ਨਾਲ ਜੋੜਦੀ ਹੈ, ਜੀਵਨ ਨਾਲੋਂ ਤੋੜਦੀ ਨਹੀਂ। ਨਿਰਸੰਦੇਹ ਇਸ ਵਿਚ ਅਮੋਲਕ ਜੀਵਨ-ਮੁੱਲ ਹਨ। ਸੇਵਾ ਵੀ ਇਕ ਅਜਿਹਾ ਹੀ ਵਡਮੁੱਲਾ ਜੀਵਨ ਮੁੱਲ ਹੈ। ਭਾਵੇਂ ਸੇਵਾ ਸਾਰੇ ਧਰਮਾਂ ਵਿਚ ਪ੍ਰਵਾਣਿਤ ਧਾਰਮਿਕ ਕਰਮ ਹੈ, ਪਰ ਇਸ ਨੂੰ ਸਿੱਖ ਧਰਮ ਵਿਚ ਹੋਰਨਾਂ ਧਰਮਾਂ ਨਾਲੋਂ ਵਧੇਰੇ ਮਹੱਤਤਾ ਦਿੱਤੀ ਗਈ ਹੈ। ਸੇਵਾ ਨੂੰ ਗੁਰੂ ਨਾਨਕ ਦੇਵ ਜੀ ਤੇ ਹੋਰਨਾਂ ਸਿੱਖ ਗੁਰੂ ਸਾਹਿਬਾਨ ਨੇ ਮਨੁੱਖ ਦੇ ਅਧਿਆਤਮਕ ਤੇ ਸੰਸਾਰਕ ਵਿਕਾਸ ਵਿਚ ਮੁੱਢਲੀ ਜ਼ਰੂਰਤ ਦੱਸਿਆ ਹੈ। ਗੁਰਮਤਿ ਅਨੁਸਾਰ ਸੇਵਾ ਰਹਿਤ ਜੀਵਨ ਨਿਰਾਰਥਕ ਹੈ। ਸੇਵਾ ਤਾਂ ਹੈ ਹੀ ਜੀਵਨ ਦਾ ਵਿਅਕਤੀਗਤ ਤੇ ਸਮਾਜਿਕ ਮੂਲ ਆਧਾਰ। ਸੇਵਾ ਕਰਨਾ ਤੇ ਕਮਾਉਣਾ ਹੀ ਗੁਰਸਿੱਖ ਦਾ ਜੀਵਨ ਮਨੋਰਥ ਹੈ।[7] ਸਿੱਖ ਧਰਮ ਵਿਚ ਸੇਵਾ ਤੋਂ ਬਿਨਾਂ ਜਨਮ ਨਿਸਫਲ ਮੰਨਿਆ ਹੈ। ਭਾਈ ਗੁਰਦਾਸ ਜੀ ਨੇ ਠੀਕ ਹੀ ਕਿਹਾ ਹੈ:

*ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ ॥*[8]

ਗੁਰੂ ਸਾਹਿਬਾਨ ਨੇ ਧਾਰਮਿਕ ਅਤੇ ਸਮਾਜਿਕ ਜੀਵਨ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਲਈ ਜੋ ਜੀਵਨ-ਜੁਗਤ ਪ੍ਰਸਤੁੱਤ ਕੀਤੀ ਹੈ ਉਸ ਦਾ ਆਧਾਰ ਸੇਵਾ ਤੇ ਸਿਮਰਨ ਹੈ। ਗੁਰਮਤਿ ਅਨੁਸਾਰ ਸੇਵਾ ਤੇ ਸਿਮਰਨ ਗੁਰਸਿੱਖੀ ਜੀਵਨ ਦੇ ਸਥੰਮ ਹਨ। ਇਹ ਇਕ ਦੂਜੇ ਨਾਲ ਡਾਢੇ ਸੰਬੰਧਿਤ ਤੇ ਅਨਿਖੜਵੇਂ ਹਨ। ਸੇਵਾ ਇਕ ਸ਼ਕਤੀ ਹੈ ਜੋ ਇਨਸਾਨੀ ਸ਼ਖ਼ਸੀਅਤ ਵਿਚ ਇਨਕਲਾਬੀ ਤਬਦੀਲੀ ਲਿਆਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸੇਵਾ ਨੂੰ ਸ੍ਰੇਸ਼ਟ ਕਰਨੀ ਮੰਨਿਆ ਹੈ। ਗੁਰਵਾਕ ਹੈ:

*ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥*[9]

ਸਿਮਰਨ ਅਥਵਾ ਰੱਬ ਦੀ ਬੰਦਗੀ ਲਈ ਲਾਜ਼ਮੀ ਹੈ ਕਿ ਹਉਮੈ-ਅਭਾਵ, ਹਲੀਮ ਤੇ ਦਰਦ-ਮੰਦ ਦਿਲ ਵਾਲੇ ਸੇਵਕ, ਮੁਰੀਦ ਅਥਵਾ ਖਾਦਮ ਬਣਿਆ ਜਾਵੇ ਅਤੇ ਅਨਿੰਨ ਸੇਵਕ ਜਾਂ ਸਿੱਖ, ਜੋ ਸਾਦਕ ਤੇ ਸਫਲ ਸੇਵਕ ਦਾ ਹੀ ਦੂਜਾ ਨਾਮ ਹੈ, ਬਣਨ ਲਈ ਜ਼ਰੂਰੀ ਹੈ ਕਿ ਨਾਮ-ਸਿਮਰਨ ਤੇ ਸੁਰਤ ਸ਼ਬਦ ਦੇ ਅਭਿਆਸ ਦੁਆਰਾ ਰੱਬੀ ਗੁਣਾਂ ਵਿਚ ਰੰਗੀਜ ਕੇ, *ਹਰਿ ਕਾ ਸੇਵਕੁ ਸੋ ਹਰਿ ਜੇਹਾ*[10] ਦੇ ਗੁਰ-ਵਾਕ ਨੂੰ ਸਤਿ ਕਰ ਵਿਖਾਇਆ ਜਾਵੇ। ਇਹੀ ਕਾਰਨ ਹੈ ਕਿ ਸਫਲ ਸੇਵਾ ਤੇ ਨਿਪੁੰਨ ਸੇਵਕ ਦੀ ਮੰਜ਼ਲ ਨੂੰ ਡਾਢਾ ਬਿਖਮ ਤੇ ਗਾਖੜਾ ਕਰਕੇ ਮੰਨਿਆ ਤੇ ਬਿਆਨਿਆ ਗਿਆ ਹੈ। ਤੀਜੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਹਕੀਕਤ ਨੂੰ ਇਉਂ ਸਪੱਸ਼ਟ ਕਰਨ ਦਾ ਉਪਕਾਰ ਕੀਤਾ ਹੈ:

*(ੳ) ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥*[11]
*(ਅ) ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥*
*ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥*[12]

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਕਲਯੁਗੀ ਜੀਵਾਂ ਦੇ ਆਧਾਰ ਲਈ ਥਾਂ ਪਰ ਥਾਂ ਜਾ ਕੇ ਸੇਵਾ ਤੇ ਸਿਮਰਨ ਦਾ ਪ੍ਰਚਾਰ ਕੀਤਾ। ਕਰਤਾਰਪੁਰ ਵਿਖੇ ਗੁਰੂ ਜੀ ਨੇ ਧਰਮਸਾਲ ਕਾਇਮ ਕੀਤੀ ਅਤੇ ਸੰਗਤ ਦੀ ਪ੍ਰਥਾ ਨੂੰ ਨਿਯਮਿਤ ਰੂਪ ਵਿਚ ਸਥਾਪਿਤ ਕਰਾ ਕੇ ਆਪਣਾ ਪੰਥ ਚਲਾਇਆ। ਇਥੇ ਲੰਗਰ ਦੀ ਪ੍ਰਥਾ ਵੀ ਆਰੰਭ ਕੀਤੀ ਗਈ। ਗੁਰੂ ਜੀ ਨੇ ਆਪ ਹੱਥੀਂ ਸੇਵਾ ਕਰ ਕੇ ਇਹ ਦਰਸਾਇਆ ਕਿ ਸਿੱਖ ਧਰਮ ਵਾਸਤਵ ਵਿਚ ਸੇਵਾ-ਧਰਮ ਹੈ। ਧਰਮਸਾਲ ਦੀ ਸੇਵਾ, ਸੰਗਤ ਦੀ

ਸੇਵਾ, ਲੰਗਰ ਦੀ ਸੇਵਾ ਅਤੇ ਦੁਖੀਆਂ ਦੀਨਾਂ ਦੀ ਸੇਵਾ ਆਰੰਭ ਹੋਈ। ਇਹ ਇਕ ਨਵਾਂ ਤਜ਼ਰਬਾ ਸੀ ਕਿਉਂਕਿ ਗੁਰੂ ਜੀ ਦੇ ਸਮੇਂ ਹਿੰਦੂ ਸਮਾਜ ਵਿਚ ਸੇਵਾ ਕਰਨ ਦਾ ਕੰਮ ਸ਼ੂਦਰ ਜਾਤੀ ਲਈ ਨਿਸ਼ਚਿਤ ਸੀ। ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਦੀ ਵੰਡ ਵੀ ਤੋੜੀ ਅਤੇ ਨਾਲ ਇਹ ਫ਼ੁਰਮਾਇਆ:

*ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ ॥* [13]

ਗੁਰੂ ਜੀ ਨੇ ਇਹ ਦ੍ਰਿੜ੍ਹ ਕਰਾਇਆ ਹੈ ਕਿ ਸਿੱਖ ਦਾ ਜੀਵਨ ਸੇਵਾ ਤੇ ਸਿਮਰਨ ਦਾ ਸੁਮੇਲ ਹੈ। ਸੇਵਾ ਤੋਂ ਬਿਨਾਂ ਸੁਖ ਵਿਚ ਨਿਵਾਸ ਨਹੀਂ ਹੁੰਦਾ ਅਤੇ ਜੀਵ ਆਵਾਗਵਣ ਦੇ ਚੱਕਰ ਵਿਚ ਭਟਕਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਜੀਵਨ ਲਈ ਸੇਵਾ ਨੂੰ ਲਾਜ਼ਮੀ ਅੰਗ ਬਣਾ ਦਿੱਤਾ।

ਗੁਰਮਤਿ ਚਿੰਤਨ ਵਿਚ ਸੇਵਾ ਨੂੰ ਵਿਅਕਤੀਗਤ ਸੰਕੀਰਣਤਾ ਵਿਚੋਂ ਕੱਢ ਕੇ ਸਮੂਹਕਤਾ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੋਇਆ ਹੈ। ਇਸੇ ਲਈ ਸਿੱਖ ਧਰਮ ਵਿਚ ਸੇਵਾ ਭਾਵ ਜਿੰਨਾ ਉੱਚਾ ਤੇ ਸੁੱਚਾ ਪ੍ਰਵਾਨ ਕੀਤਾ ਗਿਆ ਹੈ ਉਨਾਂ ਹੋਰ ਕਿਸੇ ਮੱਤ ਵਿਚ ਨਜ਼ਰ ਨਹੀਂ ਆਉਂਦਾ ਕਿਉਂਕਿ ਬਾਣੀਕਾਰਾਂ ਨੇ ਸਿੱਖ ਨੂੰ ਵਿਸ਼ਵ ਦਾ ਸੇਵਕ ਪ੍ਰਵਾਨ ਕੀਤਾ ਹੈ।

ਗੁਰਮਤਿ ਅਨੁਸਾਰ ਸੇਵਾ ਆਪਣੇ ਆਪ ਦਾ ਤਿਆਗਣਾ ਹੈ, ਹਉਮੈ ਨੂੰ ਮਾਰਨਾ ਹੈ, ਲਾਲਚ ਨੂੰ ਛੱਡਣਾ ਹੈ ਅਤੇ ਗੁਰੂ ਦੇ ਹੁਕਮ ਨੂੰ ਮੰਨਣਾ ਹੈ। ਸੇਵਾ ਕਰਕੇ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਸੇਵਾ ਅਜਿਹਾ ਉਪਕਾਰ ਹੈ ਜੋ ਸ਼ਖ਼ਸੀਅਤ ਨੂੰ ਇਥੋਂ ਤੱਕ ਸੁਆਰ ਦਿੰਦਾ ਹੈ ਕਿ ਮਨੁੱਖ ਦੇ ਦੋਵੇਂ ਜਹਾਨ ਸੰਵਰ ਜਾਂਦੇ ਹਨ ਅਤੇ ਮਨੁੱਖ ਸਦਗਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਅਟੱਲ ਸਚਾਈ ਨੂੰ ਸੰਖੇਪ ਵਿਚ ਇਉਂ ਪ੍ਰਗਟ ਕਰਦੇ ਹਨ:

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥*[14]

ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਅਨੁਸਾਰ ਜੋ ਸੇਵਾ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ:

*(ੳ) ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ ॥* [15]
*(ਅ) ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥*[16]

ਅਜਿਹੀ ਸੇਵਾ ਦੀ ਮੁੱਢਲੀ ਸ਼ਰਤ ਇਹ ਪ੍ਰਵਾਨ ਕੀਤੀ ਹੋਈ ਹੈ ਕਿ ਹਉਮੈ ਤੋਂ ਛੁਟਕਾਰਾ ਪ੍ਰਾਪਤ ਕਰਕੇ ਸੇਵਾ ਕੀਤੀ ਜਾਵੇ। ਇਹ ਸਿਰਲੱਥ ਹੋ ਕੇ ਵਿਚਰਨ ਦੀ ਅਵੱਸਥਾ ਹੈ। ਇਹ ਭਾਣਾ ਮੰਨਣ ਦੀ ਦ੍ਰਿੜਤਾ ਹੈ। ਇਹ ਸਥਿਤੀ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਹੜਾ ਸ਼ਬਦ ਨਾਲ ਸੁਰਤਿ ਨੂੰ ਜੋੜ ਲੈਂਦਾ ਹੈ। ਸੇਵਾ ਦੀ ਵਿਆਖਿਆ ਅਤੇ ਸੇਵਕ ਦੇ ਲੱਛਣਾਂ ਦਾ ਬਿਆਨ ਗੁਰਬਾਣੀ ਵਿਚ ਇੰਝ ਆਇਆ ਹੈ:

*ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥*
*ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥*[17]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਗੇ ਜਦ ਉਹ ਜੀਵਨ ਭਰ ਚਾਰ ਉਦਾਸੀਆਂ ਵਿਚ ਪੂਰਬ, ਉਤਰ, ਦੱਖਣ ਤੇ ਪੱਛਮ ਸਾਰੇ ਦੇਸ਼-ਦੇਸ਼ਾਂਤਰ ਵਿਚ ਭੁੱਲੇ ਭਟਕੇ ਜੀਵਾਂ ਦਾ ਉਧਾਰ ਕਰਨ ਵਾਸਤੇ ਥਾਂ ਪਰ ਥਾਂ ਚੱਕਰ ਲਾਉਂਦੇ ਰਹੇ ਤਾਂ ਬੜੇ ਧਨੀ-ਮਾਨੀ, ਵਿਦਵਾਨ, ਖਟ ਸ਼ਾਸਤਰਾਂ ਤੇ ਚਾਰ ਵੇਦਾਂ ਦੇ ਜਾਣਨਹਾਰ ਅਨੇਕਾਂ ਪੰਡਿਤ, ਮੁੱਲਾਂ, ਕਾਜ਼ੀ, ਜੋਗੀ, ਜਤੀ, ਸੰਨਿਆਸੀ, ਜੰਤ੍ਰਾਂ, ਮੰਤਰਾਂ ਦੇ ਮਾਹਿਰ ਆਏ ਤੇ ਸਭ ਨੇ ਵੱਡੇ ਮਾਣ ਨਾਲ ਆਪਾ ਦੱਸ ਕੇ ਹਉਮੈ ਦਾ ਪ੍ਰਗਟਾਵਾ ਕੀਤਾ, ਪਰ ਬਿਨਾਂ ਨਿਮਰਤਾ ਤੇ ਸਾਧੂ ਸੰਗਤਿ, ਸੇਵਾ ਦੇ ਗੁਣ ਤੋਂ ਸਭ ਨਿਸਫਲ ਸਾਬਤ ਹੋਏ ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਰਮਯੋਗੀ ਤੇ ਹੀਣੇ ਤੇ ਵਿਹਲੜ ਕਹਿ ਕੇ ਫਿਟਕਾਰਿਆ ਤੇ ਸਾਫ਼ ਸ਼ਬਦਾਂ ਵਿਚ ਇਹੋ ਪ੍ਰਸੰਸਾ ਪੱਤਰ ਦੇ ਕੇ ਤੋਰਿਆ ਗਿਆ:

*ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੇ ਵੀਚਾਰੀ ॥*
*ਬਿਨੁ ਸੇਵਾ ਫਲੁ ਕਬਹੁ ਨਾ ਪਾਵਸਿ ਸੇਵਾ ਕਰਣੀ ਸਾਰੀ ॥*[18]

ਪਰਉਪਕਾਰ ਅਤੇ ਸੇਵਾ ਉਹ ਸ਼ੁਭ ਗੁਣ ਹਨ ਜੋ ਨਿਮਰਤਾ ਵਾਲੇ ਜੀਵਾਂ ਪਾਸੋਂ ਸਹਿਜ ਸੁਭਾਅ ਹੀ ਹੋ ਆਉਂਦੇ ਹਨ। ਬਿਨਾਂ ਕਿਸੇ ਉਜਰਤ ਦੇ ਦੂਜੇ ਦਾ ਕੰਮ ਕਰਨਾ ਸੇਵਾ ਹੈ। ਆਪਣਾ ਕੰਮ ਛੱਡ ਕੇ

ਦੂਜੇ ਦੇ ਲਾਭ ਲਈ ਪ੍ਰਯਤਨਸ਼ੀਲ ਹੋਇਆ ਜਾਵੇ, ਇਹ ਇਕ ਵੱਡਾ ਸਦਾਚਾਰਕ ਗੁਣ ਹੈ। ਇਹ ਗੁਣ ਤਾਂ ਹੀ ਵਿਕਸਤ ਹੋ ਸਕਦਾ ਹੈ, ਜਦ ਕੋਈ ਆਪਣਾ ਆਪ ਦੂਜੇ ਦੇ ਹਵਾਲੇ ਕਰਕੇ ਸੇਵਾ ਵਿਚ ਜੁੱਟ ਜਾਵੇ।

ਸਿਆਣਿਆ ਨੇ ਸੇਵਾ ਦੀਆਂ ਦੋ ਕਿਸਮਾਂ ਦੱਸੀਆਂ ਹਨ। ਇਕ ਸਹਿਕਾਮ ਅਤੇ ਦੂਜੀ ਨਿਸ਼ਕਾਮ। ਸਹਿਕਾਮ ਸੇਵਾ ਉਸ ਨੂੰ ਕਹਿੰਦੇ ਹਨ ਜੋ ਮੁਆਵਜ਼ੇ ਲਈ ਕੀਤੀ ਜਾਵੇ ਕਿ ਅੱਗੇ ਜਾ ਕੇ ਸਵਰਗ ਦੀ ਲਾਲਸਾ ਲਈ ਸੇਵਾ ਕਰਨੀ ਆਦਿ। ਨਿੱਜੀ ਸਵਾਰਥ ਦੀ ਪੂਰਤੀ ਲਈ ਕੀਤੀ ਸੇਵਾ, ਸਭ ਤੋਂ ਵੱਧ ਨਿੰਦਣਯੋਗ ਮੰਨੀ ਗਈ ਹੈ। ਸਿੱਖ ਧਰਮ ਦਾ ਨਿਸ਼ਾਨਾ ਨਿਸ਼ਕਾਮ ਸੇਵਾ ਹੈ, ਜੋ ਕਿਸੇ ਸਵਰਗ ਲਾਲਚ ਲਈ ਨਹੀਂ ਕੀਤੀ ਜਾਂਦੀ। ਗੁਰਮਤਿ ਵਿਚ ਹਰ ਸਿੱਖ ਨੂੰ ਨਿਸ਼ਕਾਮ ਸੇਵਾ ਕਰਨ ਦੀ ਤਾਕੀਦ ਕੀਤੀ ਗਈ ਹੈ:

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥* [19]

ਨਿਸ਼ਕਾਮ ਸੇਵਾ ਹਰ ਕੋਈ ਨਹੀਂ ਕਰ ਸਕਦਾ। ਇਹ ਸੇਵਾ ਮਨੁੱਖ-ਮਾਤਰ ਦੇ ਭਲੇ ਲਈ ਕੀਤੀ ਜਾਣੀ ਚਾਹੀਦੀ ਹੈ ਅਤੇ ਵਾਸਤਵ ਵਿਚ ਇਹੋ ਹੀ ਗੁਰੂ ਅਤੇ ਪਰਮੇਸ਼ਰ ਦੀ ਸੇਵਾ ਕਹੀ ਜਾਂਦੀ ਹੈ। ਸਿੱਖ ਧਰਮ ਵਿਚ ਸਭ ਤੋਂ ਉੱਤਮ ਸੇਵਾ ਗੁਰੂ ਅਤੇ ਪਰਮੇਸ਼ਵਰ ਦੀ ਮੰਨੀ ਜਾਂਦੀ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਅਨੁਸਾਰ ਮਨੁੱਖ ਮਾਤਰ ਵਿਚ ਵਾਹਿਗੁਰੂ ਦੀ ਜੋਤਿ ਨੂੰ ਵਿਦਮਾਨ ਸਮਝ ਕੇ ਸਭ ਦੀ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਇਸ ਤੋਂ ਬਿਨਾਂ ਨਾਮ ਰੂਪੀ ਫਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੋ ਸਿੱਖ ਧਰਮ ਅਨੁਸਾਰ ਸੇਵਾ ਦੁਆਰਾ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖੀ ਜਨਮ ਸਫਲ ਹੈ। ਗੁਰੂ ਵਾਕ ਹੈ:

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥*
*ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥*
*ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥*
*ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ ॥*
*ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ ॥* [20]

ਸਿੱਖ ਧਰਮ ਵਿਚ ਪਾਖੰਡ ਅਤੇ ਦਿਖਾਵੇ ਦੀ ਸੇਵਾ ਦਾ ਖੰਡਨ ਕੀਤਾ ਗਿਆ ਹੈ। ਨਿੱਜੀ ਸੁਆਰਥ, ਮਾਣ, ਵਡਿਆਈ ਵਾਸਤੇ ਕੀਤੀ ਗਈ ਸੇਵਾ ਉੱਚੀ ਸੇਵਾ ਨਹੀਂ ਮੰਨੀ ਜਾਂਦੀ। ਸਿੱਖੀ ਵਿਚ ਸ਼ਰਧਾ, ਪ੍ਰੇਮ, ਸਿਦਕ ਅਤੇ ਉਤਸ਼ਾਹ ਨਾਲ ਕੀਤੀ ਹੋਈ ਨਿਸ਼ਕਾਮ ਸੇਵਾ ਨੂੰ ਆਦਰਸ਼ ਮੰਨਿਆ ਗਿਆ ਹੈ।[21] ਸਿੱਖੀ ਵਿਚ ਇਸ ਆਦਰਸ਼ ਨੂੰ ਸਮਝ ਲੈਣਾ ਜ਼ਰੂਰੀ ਹੈ ਅਤੇ ਫਿਰ ਹੀ ਉਹ ਹਉਮੈ ਤੇ ਸੁਆਰਥ ਤੋਂ ਉੱਚਾ ਉੱਠ ਕੇ ਸੇਵਾ ਕਰ ਸਕਦਾ ਹੈ, ਕਿਉਂਕਿ ਸਾਰੇ ਮਨੁੱਖਾਂ ਵਿਚ ਇਕੋ ਜੋਤਿ ਹੈ। ਇਸ ਲਈ ਉਹ ਸਭ ਭਾਈ ਹਨ ਅਤੇ ਉਨ੍ਹਾਂ ਸਭ ਦੀ ਸੇਵਾ ਕਰਨਾ ਹਰ ਸਿੱਖ ਦਾ ਕਰਤੱਵ ਬਣਦਾ ਹੈ। ਇਸ ਤਰ੍ਹਾਂ ਮਨੁੱਖਤਾ ਦੀ ਸੇਵਾ ਕਰਨੀ ਰੱਬ ਦੀ ਸੇਵਾ ਹੈ।

ਪਰਮਾਤਮਾ ਦੇ ਪਿਆਰ ਨਾਲ ਹੀ ਨਿਸ਼ਕਾਮ ਸੇਵਾ ਸੰਭਵ ਹੈ। ਜੋ ਨਿਰਾ ਆਪਣੇ ਨਿੱਜ ਨਾਲ ਪਿਆਰ ਕਰਦੇ ਹਨ, ਉਹ ਸੁਆਰਥੀ ਹਨ। ਰੱਬ ਨੂੰ ਪਿਆਰ ਕਰਨ ਵਾਲੇ ਸਾਰੇ ਮਾਨਵ ਜਾਤੀ ਨਾਲ ਪਿਆਰ ਕਰਦੇ ਹਨ ਅਤੇ ਉਹ ਸਭ ਦੀ ਸੇਵਾ ਕਰਦੇ ਹਨ। ਸੇਵਾ ਸਿੱਖ ਵਾਸਤੇ ਧਾਰਮਿਕ ਰਹਿਤ ਤਕ ਸੀਮਤ ਨਹੀਂ ਹੈ ਸਗੋਂ ਇਹ ਸਿੱਖ ਦੇ ਅਧਿਆਤਮਕ ਸਭਿਆਚਾਰ ਦੀ ਚੂਲ ਹੈ। ਇਸ ਤਰ੍ਹਾਂ ਗੁਰਮਤਿ ਵਿਚ ਪ੍ਰਾਪਤ ਸੇਵਾ ਨੂੰ ਗੁਣਾਂ ਦੀ ਖ਼ੁਸ਼ਬੂ ਆਖਿਆ ਜਾ ਸਕਦਾ ਹੈ। ਸੇਵਾ ਜਦੋਂ ਨਿੱਜੀ ਸੁਆਰਥ ਨਾਲ ਜੁੜਦੀ ਹੈ ਤਾਂ ਮਾਹੌਲ ਵਿਚ ਚੁੱਪ, ਦੁਬਿਧਾ, ਅਸਪੱਸ਼ਟਤਾ ਅਤੇ ਸੰਕੀਰਣਤਾ ਨੂੰ ਜਨਮ ਦਿੰਦੀ ਹੈ। ਇਹੀ ਹਉਮੈ ਅਤੇ ਅਗਿਆਨ ਦਾ ਬੋਲ-ਬਾਲਾ ਹੈ। ਸੇਵਾ ਜਦੋਂ ਨਿਸ਼ਕਾਮ ਤੇ ਉਸਾਰੂ ਹੁੰਦੀ ਹੈ ਤਾਂ ਸਰਬੱਤ ਦੇ ਭਲੇ ਦੀ ਭਾਵਨਾ ਨੂੰ ਪ੍ਰਜਵਲਤ ਕਰਦੀ ਹੈ। ਸੇਵਾ ਦਾ ਇਹ ਪੱਖ ਹੀ ਗੁਰਮਤਿ ਚਿੰਤਨ ਵਿਚ ਲੁਪਤ ਹੈ।

ਸਾਧਾਰਨ ਅਰਥਾਂ ਵਿਚ ਦੂਜਿਆਂ ਨੂੰ ਸੁੱਖ ਪਹੁੰਚਾਣ ਦੇ ਨਿਮਿਤ ਕੀਤੇ ਜਾਣ ਵਾਲੇ ਕੰਮ ਨੂੰ ਸੇਵਾ ਕਿਹਾ ਜਾਂਦਾ ਹੈ। ਸੇਵਾ ਕਰਨ ਵਾਲੇ ਦੇ ਮਨ ਵਿਚ ਦੂਜਿਆਂ ਦੇ ਦੁੱਖ ਨੂੰ ਦੂਰ ਕਰਨ ਦੀ ਚੇਸ਼ਟਾ

ਹੋਣੀ ਚਾਹੀਦੀ ਹੈ। ਇਹ ਸੇਵਾ ਦਾ ਆਰੰਭਕ ਸਰੂਪ ਹੈ। ਧਾਰਮਿਕ ਦ੍ਰਿਸ਼ਟੀ ਅਨੁਸਾਰ ਈਸ਼ਵਰ, ਦੇਵਤਾ, ਸਾਧੂ ਸੰਤ, ਗੁਰੂ ਆਦਿ ਦੀ ਪੂਜਾ, ਉਪਾਸਨਾ ਜਾਂ ਅਰਾਧਨਾ ਕਰਨੀ ਸੇਵਾ ਹੈ। ਸਿੱਖ ਗੁਰੂ ਸਾਹਿਬਾਨ ਨੇ ਆਚਾਰ-ਨਿਯਮਾਂ ਵਿਚ ਸੇਵਾ ਨੂੰ ਪ੍ਰਮੁੱਖਤਾ ਦਿੱਤੀ ਹੈ। ਗੁਰੂ ਅਰਜਨ ਦੇਵ ਜੀ ਦਾ ਮੱਤ ਹੈ ਕਿ ਕਰੋੜਾਂ ਵਿਚੋਂ ਕੋਈ ਵਿਰਲਾ ਹੀ ਸੇਵਾ ਕਰਨ ਵਾਲਾ ਹੁੰਦਾ ਹੈ, ਹੋਰ ਬਾਕੀ ਸਾਰੇ ਸੌਦੇਬਾਜ਼ ਹੁੰਦੇ ਹਨ:

*ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥*[22]

ਸੇਵਾ ਨਾਲ ਮਨ ਅਤੇ ਸਰੀਰ ਦੋਵੇਂ ਪਵਿੱਤਰ ਹੁੰਦੇ ਹਨ। ਸਿੱਖ ਇਤਿਹਾਸ, ਸਿੱਖ ਧਰਮ ਅਤੇ ਗੁਰਬਾਣੀ ਵਿਚ ਭਗਤੀ ਅਤੇ ਸੇਵਾ ਨੂੰ ਹੀ ਮੁਕਤੀ ਦਾ ਸਾਧਨ ਦੱਸਿਆ ਗਿਆ ਹੈ। ਸੇਵਾ ਆਦਰਸ਼ ਉੱਨਤੀ ਦੀ ਪਉੜੀ ਹੈ ਜੋ ਆਤਮਾ ਅਤੇ ਪਰਮਾਤਮਾ ਦਾ ਮੇਲ ਕਰਾਂਦੀ ਹੈ।

ਦੁਨੀਆ ਦੇ ਇਤਿਹਾਸ ਵਿਚ ਕਿਧਰੇ ਵੀ ਸੇਵਾ ਦਾ ਉਹ ਨਮੂਨਾ ਨਹੀਂ ਮਿਲਦਾ ਜੋ ਸਿੱਖੀ ਨੇ ਪੇਸ਼ ਕੀਤਾ ਹੈ। ਸਿੱਖ ਧਰਮ ਦੇ ਵਿਕਾਸ ਅਤੇ ਪ੍ਰਚਾਰ ਵਿਚ ਸੇਵਾ ਨੇ ਨਿਗਰ ਹਿੱਸਾ ਪਾਇਆ ਹੈ। ਇਕ ਸਿੱਖ ਦੇ ਜੀਵਨ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਸੇਵਾ ਇਕ ਜ਼ਰੂਰੀ ਅਤੇ ਅਨਿਖੜਵਾਂ ਅੰਗ ਹੈ। ਪਰ ਸੇਵਾ ਕਿਸੇ ਇਕ ਘੇਰੇ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਸੇਵਾ ਨਾ ਕੇਵਲ ਨਿਸ਼ਕਾਮ ਹੋਵੇ ਸਗੋਂ ਇਹ ਵੀ ਦੇਖਣ ਦੀ ਲੋੜ ਹੈ ਕਿ ਜਿਸ ਦੀ ਸੇਵਾ ਕੀਤੀ ਜਾ ਰਹੀ ਹੈ, ਉਸ ਦੀਆਂ ਲੋੜਾਂ ਕੀ ਹਨ। ਸਵਰਗਾਂ ਦੀ ਇੱਛਾ ਨਾਲੋਂ ਇਸ ਦੁਨੀਆਂ ਵਿਚ ਗਰੀਬਾਂ ਦੀ ਸੇਵਾ ਸਾਨੂੰ ਪਰਮਾਤਮਾ ਦੇ ਵਧੇਰੇ ਨੇੜੇ ਲਿਜਾਂਦੀ ਹੈ। ਤਦ ਹੀ ਸਿੱਖ ਸੰਸਥਾਵਾਂ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਸੇਵਾ ਉੱਤੇ ਅਧਿਕ ਜ਼ੋਰ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦਾ ਵਰਣਨ ਕਈ ਰੂਪਾਂ ਵਿਚ ਹੋਇਆ ਮਿਲਦਾ ਹੈ। ਜਿਵੇਂ ਹਰਿ ਸੇਵਾ, ਗੁਰੂ ਲਈ ਸੇਵਾ, ਸਾਧ ਸੰਗਤਿ ਦੀ ਸੇਵਾ, ਮਨੁੱਖਤਾ ਅਤੇ ਜਨ ਸੇਵਾ ਆਦਿ।

ਹਰਿ ਸੇਵਾ ਸੰਬੰਧੀ ਗੱਲ ਕਰੀਏ ਤਾਂ ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਦਾ ਅਸਲ ਮਨੋਰਥ ਹੀ ਉਸ ਪ੍ਰਭੂ ਨੂੰ ਮਿਲਣਾ ਹੈ ਅਤੇ ਉਸ ਨੂੰ ਮਿਲਣ ਦਾ ਸਾਧਨ ਨਾਮ ਹੈ ਜਿਹੜਾ ਸਾਧ ਸੰਗਤਿ ਵਿਚ ਪ੍ਰਾਪਤ ਹੁੰਦਾ ਹੈ। ਜੋ ਵਿਅਕਤੀ ਉਸ ਅਕਾਲ ਪੁਰਖ ਦੀ ਸੇਵਾ ਕਰਦੇ ਹਨ, ਉਹ ਉਸ ਦੀ ਹੋਂਦ ਦਾ ਸਬੂਤ ਪ੍ਰਾਪਤ ਕਰ ਲੈਂਦੇ ਹਨ। ਗੁਰੂ ਅਮਰਦਾਸ ਜੀ ਨੇ ਸਾਧਕ ਨੂੰ 'ਹਰਿ ਸੇਵਾ' ਕਰਨ ਦੀ ਸਿੱਖਿਆ ਦਿੱਤੀ ਹੈ ਕਿਉਂਕਿ ਹਰਿ ਸੇਵਾ ਨਾਲ ਤਾਂ ਮਨ ਚਿੰਦਿਆ ਫਲ ਪ੍ਰਾਪਤ ਹੁੰਦਾ ਹੈ, ਪਰ ਦੂਜੇ ਭਾਇ ਵਿਚ ਲੱਗਣ ਨਾਲ ਜਨਮ ਨਿਸਫਲ ਜਾਂਦਾ ਹੈ:

*ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥*
*ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥*[23]

ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਣੀ ਨਿਧਾਨ ਪਰਮਾਤਮਾ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ ਹੈ। ਪਰਮਾਤਮਾ ਦੀ ਇਹ ਸੇਵਾ ਤਿੰਨਾਂ ਗੁਣਾਂ ਦੀ ਕਹੀ ਹੈ। ਗਾਵਣਾ, ਸੁਣਨਾ, ਅਭਿਆਸ ਕਰਨਾ ਅਤੇ ਮਨ ਵਿਚ ਉਸ ਦਾ ਭਾਉ ਰੱਖਣਾ:

*ਗਾਵੀਐ ਸੁਣੀਐ ਮਨਿ ਰਖੀਐ ਭਾਉ ॥*[24]

ਵਾਹਿਗੁਰੂ ਦਾ ਨਾਮ ਜਪਣਾ, ਸੁਖ ਘਰਿ ਦੀ ਪ੍ਰਾਪਤੀ ਲਈ ਉਸ ਦਾ ਕੀਰਤਨ ਕਰਨਾ, ਉਸ ਦੀ ਵਿਚਾਰ ਕਰਨੀ ਅਤੇ 'ਮੰਨਣਾ' ਹੀ ਸੇਵਾ ਦਾ ਸਾਧਨ ਹੈ। ਪ੍ਰਭੂ ਦੇ ਨਾਮ ਵਿਚ ਏਨੀ ਸ਼ਕਤੀ ਹੈ ਕਿ ਉਸ ਦਾ ਨਾਮ ਸੁਣਨ ਨਾਲ ਸੰਤੋਖ ਅਤੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਸਾਧਕ ਨੂੰ ਪੜ੍ਹ ਪੜ੍ਹ ਕੇ ਮਾਣ ਪਾ ਲੈਣ ਵਾਲੀ ਵਿਦਿਆ ਮਿਲ ਜਾਂਦੀ ਹੈ ਅਤੇ ਵਾਹਿਗੁਰੂ ਵਿਚ ਧਿਆਨ ਲੱਗ ਜਾਂਦਾ ਹੈ :

*ਸੁਣਿਐ ਸਤੁ ਸੰਤੋਖੁ ਗਿਆਨੁ ॥*
*ਸੁਣਿਐ ਅਠਸਠਿ ਕਾ ਇਸਨਾਨੁ ॥*
*ਸੁਣਿਐ ਪੜਿ ਪੜਿ ਪਾਵਹਿ ਮਾਨੁ ॥*
*ਸੁਣਿਐ ਲਾਗੈ ਸਹਜਿ ਧਿਆਨੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥*[25]

ਗੁਰੂ ਦੇ ਦੱਸੇ ਅਨੁਸਾਰ ਤੁਰਨਾ ਗੁਰ ਸੇਵਾ ਦਾ ਪ੍ਰਤੱਖ ਰੂਪ ਹੈ। ਇਸ ਸੇਵਾ ਲਈ ਆਪਾ ਭਾਵ ਮਿਟਾਉਣਾ ਪੈਂਦਾ ਹੈ ਅਤੇ ਮਨ ਦੀ ਤਿਆਰੀ ਕੇਵਲ ਗੁਰੂ ਦੇ ਸ਼ਬਦ ਵਿਚ ਲੀਨਤਾ ਨਾਲ ਹੀ ਸੰਭਵ ਹੋ ਸਕਦੀ ਹੈ। ਇਸ ਲਈ ਸ਼ਬਦ ਵਿਚ ਲੀਨਤਾ ਵੀ ਗੁਰੂ ਦੀ ਸੇਵਾ ਦਾ ਹੀ ਇਕ ਰੂਪ ਹੈ। ਗੁਰੂ ਦੀ ਪੂਰਨ ਸ਼ਰਨਾਗਤ, ਉਸ ਵਿਚ ਅਟੁੱਟ ਵਿਸ਼ਵਾਸ ਅਤੇ ਉਸ ਦੇ ਨਿਰਦੇਸ਼ਨ ਅਧੀਨ ਨਾਮ ਸਿਮਰਨ, ਉਸ ਦੇ ਦਰਬਾਰ ਵਿਚ ਪਾਣੀ ਢੋਣਾ, ਪੱਖਾ ਫੇਰਨਾ, ਝਾੜੂ ਦੇਣਾ ਅਤੇ ਉਸ ਦੇ ਹੁਕਮ ਵਿਚ ਨਿਮਰਤਾ ਸਹਿਤ ਰਹਿਣਾ ਗੁਰੂ ਦੀ ਸੇਵਾ ਦੇ ਹੀ ਵੱਖ-ਵੱਖ ਰੂਪ ਹਨ। ਡਾ. ਦਰਸ਼ਨ ਸਿੰਘ ਦੇ ਸ਼ਬਦਾਂ ਵਿਚ 'ਆਪਣੇ ਕੇਸ' ਦਾ ਚੌਰ ਬਣਾ ਕੇ ਗੁਰੂ ਨੂੰ ਝਲਣਾ, ਉਸ ਦੀ ਪ੍ਰਦਖਣਾ ਕਰਨਾ, ਡੰਡੌਤ ਕਰਨਾ ਅਤੇ ਉਸ ਦੀ ਚਰਨ ਧੂੜ ਮੱਥੇ ਤੇ ਲਾਉਣ ਲਈ ਸਹਿਕਣਾ ਆਦਿ ਕਾਰਜ, ਗੁਰੂ ਪ੍ਰਤੀ ਅਦਬ ਔਰ ਸਤਿਕਾਰ ਦੇ ਸੂਚਕ ਹਨ ਜੋ ਗੁਰੂ ਸੇਵਾ ਦੇ ਲਾਜ਼ਮੀ ਅੰਗ ਹਨ।[26]

ਗੁਰੂ ਗ੍ਰੰਥ ਸਾਹਿਬ ਵਿਚ ਸਾਧ ਸੰਗਤਿ ਦੀ ਸੇਵਾ ਵੀ ਗੁਰੂ ਦੀ ਹੀ ਸੇਵਾ ਹੈ। ਗੁਰਸਿੱਖ ਦਾ ਸਾਧ ਸੰਗਤਿ ਵਿਚ ਆ ਕੇ ਜਾਚਕ ਭਾਵ ਨਾਲ ਬੈਠਣਾ ਵੀ ਗੁਰੂ ਦੀ ਸੇਵਾ ਹੈ। ਇਸ ਤੋਂ ਬਿਨਾਂ ਸੰਗਤਿ ਵਿਚ ਲੰਗਰ ਦੀ ਸੇਵਾ ਕਰਨਾ, ਭਾਂਡੇ ਮਾਂਜਣੇ, ਝਾੜੂ ਦੇਣਾ, ਪਾਣੀ ਦੀ ਸੇਵਾ, ਪ੍ਰਸ਼ਾਦੇ ਪਕਾਉਣੇ, ਸੰਗਤ ਦੇ ਜੋੜਿਆਂ ਦੀ ਸੇਵਾ ਅਤੇ ਗੁਰੂ ਸ਼ਬਦ ਅਤੇ ਸਾਧ ਸੰਗਤਿ ਨੂੰ ਇਕ ਰੂਪ ਸਮਝਣਾ ਆਦਿ ਸੰਗਤਿ ਪ੍ਰਤਿ ਗੁਰਸਿੱਖ ਦੀਆਂ ਸੇਵਾਵਾਂ ਗੁਰੂ ਦੀ ਸੇਵਾ ਦੇ ਹੀ ਰੂਪ ਹਨ।

ਸਾਧ ਸੰਗਤਿ ਦੀ ਸੇਵਾ ਤੋਂ ਸਿੱਖ ਦੇ ਹਿਰਦੇ ਵਿਚ ਸਮੁੱਚੀ ਮਨੁੱਖਤਾ ਦੀ ਸੇਵਾ ਲਈ ਤੜਪ ਪੈਦਾ ਹੁੰਦੀ ਹੈ। ਉਹ ਆਪਣੇ ਗੁਰੂ ਨੂੰ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਵੇਖਦਾ ਹੈ। ਪਰਉਪਕਾਰ ਕਰਨਾ ਉਸ ਦੇ ਜੀਵਨ ਦਾ ਉਦੇਸ਼ ਬਣ ਜਾਂਦਾ ਹੈ। ਉਹ ਧਰਮ ਦੀ ਕਿਰਤ ਕਰਕੇ ਵੰਡ ਕੇ ਛੱਕਦਾ ਹੈ। ਸਾਰੇ ਵਿਸ਼ਵ ਵਿਚ ਅਮਨ, ਸ਼ਾਂਤੀ ਅਤੇ ਆਤਮਿਕ ਆਨੰਦ ਨੂੰ ਪ੍ਰਸਾਰਨ ਲਈ ਉਹ ਆਪਣੇ ਗੁਰੂ ਦਾ ਸ਼ਬਦ ਸੁਣਾ ਕੇ, ਸੰਸਾਰ ਨੂੰ ਵਿਕਾਰਾਂ ਰੂਪੀ ਦੁਖਾਂ ਦੀ ਘਾਣੀ ਵਿਚੋਂ ਕੱਢਦਾ ਹੋਇਆ ਜੀਵਨ ਦੇ ਸੱਚ ਵੱਲ ਪ੍ਰੇਰਣ ਦੀ ਸੇਵਾ ਵੀ ਉਹ ਆਪਣੇ ਜ਼ਿੰਮੇ ਲੈ ਲੈਂਦਾ ਹੈ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਉਪਦੇਸ਼ ਨੂੰ ਉਹ ਆਪਣੇ ਜੀਵਨ ਵਿਚ ਅਪਣਾਉਂਦਾ ਹੋਇਆਂ ਸੰਸਾਰ ਨੂੰ ਇਸ ਅਸੂਲ ਉੱਤੇ ਚਲਣ ਦੀ ਪ੍ਰੇਰਨਾ ਦਿੰਦਾ ਹੈ। ਇਸ ਤਰ੍ਹਾਂ ਸਾਰੇ ਵਿਸ਼ਵ ਨੂੰ ਇਕੋ ਹੀ ਧਾਗੇ ਵਿਚ ਪ੍ਰੋਣ ਦਾ ਯਤਨ ਕਰਨਾ ਉਸ ਦੀਆਂ ਹੋਰ ਸੇਵਾਵਾਂ ਵਿਚੋਂ ਇਕ 'ਸੇਵਾ' ਹੈ ਮਾਨਵਤਾ ਦੀ। ਇਹ ਸੇਵਾ ਵੀ ਗੁਰੂ ਸੇਵਾ ਦਾ ਹੀ ਇਕ ਰੂਪ ਹੈ। ਰੋਗੀਆਂ ਤੇ ਦੁਖੀਆਂ ਦੀ ਹੱਥੀਂ ਸੇਵਾ ਦੀ ਪਿਰਤ ਗੁਰੂ ਨਾਨਕ ਦੇਵ ਜੀ ਨੇ ਭਾਈ ਭਿਖੇ ਕੋਹੜੀ ਦੀ ਸੇਵਾ ਕਰਕੇ ਪਾਈ ਸੀ, ਗੁਰੂ ਜੀ ਨੇ ਆਪਣੇ ਹੱਥੀਂ ਉਸ ਦੇ ਜ਼ਖ਼ਮਾਂ ਨੂੰ ਸਾਫ਼ ਕਰਕੇ ਉਸ ਦੀ ਸੇਵਾ ਕੀਤੀ ਤੇ ਉਸ ਨੂੰ ਰਾਜ਼ੀ ਕੀਤਾ। ਗੁਰੂ ਅੰਗਦ ਦੇਵ ਜੀ ਦੇ ਪੈਰ ਦੇ ਅੰਗੂਠੇ ਦਾ ਨਾਸੂਰ, ਗੁਰੂ ਅਮਰ ਦਾਸ ਨੇ ਮੂੰਹ ਨਾਲ ਚੂੰਘ ਚੂੰਘ ਕੇ ਠੀਕ ਕਰ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਦੀ ਸਥਾਪਨਾ ਵੇਲੇ ਉਥੇ ਕੋਹੜੀਆਂ ਲਈ ਹਸਪਤਾਲ ਬਣਵਾਇਆ ਸੀ। ਗੁਰੂ ਹਰਿਗੋਬਿੰਦ ਜੀ ਨੇ ਵੀ ਪਹਿਲਾਂ ਲਾਹੌਰ ਵਿਚ ਤੇ ਫਿਰ ਕਸ਼ਮੀਰ ਵਿਚ ਗਿਲਟੀ ਤਾਪ ਦੀ ਬਿਮਾਰੀ ਵਿਚ ਰੋਗੀਆਂ ਦੀ ਆਪਣੇ ਹੱਥੀਂ ਸੇਵਾ ਕੀਤੀ ਸੀ। ਗੁਰੂ ਹਰਿ ਰਾਏ ਜੀ ਨੇ ਕੀਰਤਪੁਰ ਵਿਚ ਐਸਾ ਦਵਾਈ ਖਾਨਾ ਸਥਾਪਿਤ ਕੀਤਾ ਹੋਇਆ ਸੀ, ਇਸ ਵਿਚੋਂ ਦਾਰਾ ਸ਼ਕੋਹ ਦੇ ਬੀਮਾਰ ਹੋਣ ਉੱਤੇ ਉਹ ਨਾਯਾਬ ਦਵਾਈ ਮਿਲ ਗਈ ਸੀ, ਜੋ ਉਸ ਨੂੰ ਹੋਰ ਕਿਧਰੇ ਨਾ ਮਿਲੀ। ਇਸ ਤਰ੍ਹਾਂ ਸੇਵਾ ਦਾ ਢੰਗ ਮਨੁੱਖ ਮਾਤਰ ਨੂੰ ਰਾਹਤ ਪਹੁੰਚਾਣ ਤੇ ਦੁਖਿਆਰੇ ਦਾ ਦੁੱਖ ਵੰਡਾਣਾ ਹੀ ਹੈ।

ਗੁਰਬਾਣੀ ਵਿਚ ਚਾਰ ਪ੍ਰਕਾਰ ਦੀ ਸੇਵਾ ਦਾ ਵਰਣਨ ਮਿਲਦਾ ਹੈ। ਉਹ ਹਨ : ਤਨ ਦੀ ਸੇਵਾ, ਮਨ ਦੀ ਸੇਵਾ, ਧਨ ਦੀ ਸੇਵਾ ਅਤੇ ਸੁਰਤਿ ਦੀ ਸੇਵਾ। ਸਰੀਰ ਦੇ ਦਸਾਂ ਇੰਦ੍ਰਿਆਂ ਦੁਆਰਾ ਕੀਤੀ ਗਈ ਹਰ ਪ੍ਰਕਾਰ ਦੀ ਸੇਵਾ ਨੂੰ 'ਤਨ ਦੀ ਸੇਵਾ' ਆਖਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਅਤੇ ਹੋਰ ਸੰਤਾਂ-ਭਗਤਾਂ ਨੇ ਆਪਣੀ ਬਾਣੀ ਵਿਚ ਤਨ ਦੀ ਸੇਵਾ ਦਾ ਵਿਸ਼ੇਸ਼ ਮਹੱਤਵ ਦਰਸਾਇਆ ਹੈ। ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ ਕਿ ਹੇ ਪ੍ਰਭੂ! ਜੇ ਤੂੰ ਪੀਵੇ ਤਾਂ ਪਾਣੀ ਲੈ ਆਵਾਂ, ਜੇ ਖਾਣਾ ਪਸੰਦ ਕਰੇ ਤਾਂ ਪੀਹਣ ਪੀਸ ਕੇ ਲਿਆਵਾਂ। ਪੱਖਾਂ ਫੇਰਾਂ ਤੇ ਤੇਰੇ ਚਰਨਾਂ ਦੀ ਮਾਲਿਸ਼ ਕਰਾਂ ਅਤੇ ਨਾਲ ਹੀ ਨਾਮ ਜਪਦਾ ਰਹਾਂ:

*ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥*

*ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥* [27]

ਗੁਰਮਤਿ ਅਨੁਸਾਰ ਸੇਵਾ ਗੁਰਸਿੱਖ ਦੇ ਜੀਵਨ ਦਾ ਮਹੱਤਵਪੂਰਨ ਅੰਗ ਹੈ। ਇਹ ਆਤਮ ਸਮਰਪਣ ਹੈ। ਚਾਉ ਤੇ ਉਤਸ਼ਾਹ ਨਾਲ ਕੀਤੀ ਹੋਈ ਸੇਵਾ ਸਫ਼ਲ ਹੈ। ਸੇਵਾ ਕਰਨ ਸਮੇਂ ਨਿਮਰਤਾ ਦਾ ਹੋਣਾ ਲਾਜ਼ਮੀ ਹੈ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ ਕਿ ਸੇਵਾ ਕਰਨ ਨਾਲ ਸਰੀਰ ਪਵਿੱਤਰ ਹੁੰਦਾ ਹੈ ਅਰਥਾਤ ਅਹੰਕਾਰ ਦੀ ਮੈਲ ਉਤਰ ਜਾਂਦੀ ਹੈ।

ਮਨ ਨਾਲ ਸੇਵਾ ਕਰਨ ਦਾ ਭਾਵ ਇਹ ਹੈ ਕਿ ਇਕਾਗਰ ਚਿੱਤ ਹੋ ਕੇ ਪ੍ਰੇਮ ਨਾਲ ਸੇਵਾ ਕੀਤੀ ਜਾਵੇ। ਗੁਰੂ ਅਮਰਦਾਸ ਦਾ ਫ਼ੁਰਮਾਨ ਹੈ ਕਿ ਜਿਹੜੇ ਵਿਅਕਤੀ ਇਕ ਮਨ ਹੋ ਕੇ ਸਤਿਗੁਰੂ ਦੀ ਸੇਵਾ ਕਰਦੇ ਹਨ ਮੈਂ ਉਨ੍ਹਾਂ ਦੇ ਪੈਰੀ ਲੱਗਦਾ ਹਾਂ। ਗੁਰਸਿੱਖ ਲਈ ਤਾਂ ਉਚਿਤ ਇਹ ਹੈ ਕਿ ਤਨ, ਮਨ ਅਤੇ ਧਨ ਸਤਿਗੁਰੂ ਨੂੰ ਸਮਰਪਿਤ ਕਰਕੇ ਸੇਵਾ ਕਰੇ ਅਤੇ ਹੁਕਮ ਵਿਚ ਜੀਵਨ ਬਿਤਾਵੇ:

*(ੳ) ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ ॥* [28]

*(ਅ) ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥* [29]

ਧਨ ਦੀ ਸੇਵਾ ਤੋਂ ਇਹ ਭਾਵ ਹੈ ਕਿ ਧਨ ਦੁਆਰਾ ਅਨਾਥਾਂ, ਲੋੜਵੰਦਾਂ ਦੀ ਸਹਾਇਤਾ ਕਰਨਾ, ਆਪਣੇ ਸਤਿਗੁਰੂ ਦੀ ਪਿਆਰੀ ਸੰਗਤ ਦੇ ਸੁੱਖ ਤੇ ਭਲਾਈ ਲਈ ਮਾਇਆ ਦਾ ਖਰਚ ਕਰਨਾ। ਜਦੋਂ ਜੀਵ ਆਪਣੇ ਪ੍ਰੀਤਮ ਦੇ ਪਿਆਰ ਵਿਚ ਆ ਕੇ ਧਨ ਨੂੰ ਸਾਧ-ਸੰਗਤ ਦੀ ਭਲਾਈ ਲਈ ਖਰਚ ਕਰਦਾ ਹੈ ਤਾਂ ਉਸ ਦੀ ਭ੍ਰਾਂਤੀ ਟੁੱਟਦੀ ਹੈ ਅਤੇ ਉਸ ਨੂੰ ਸੋਝੀ ਆਉਂਦੀ ਹੈ ਕਿ ਉਸ ਦਾ ਆਪਣਾ ਤਾਂ ਕੁਝ ਵੀ ਨਹੀਂ ਹੈ। ਧਨ ਦੀ ਸੇਵਾ ਵੀ ਨਿਸ਼ਕਾਮ ਹੋ ਕੇ ਅਤੇ 'ਆਪਾ ਭਾਵ' ਗਵਾ ਕੇ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:

*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥* [30]

ਗੁਰੂ ਨਾਨਕ ਦੇਵ ਜੀ ਨੇ ਤਨ, ਮਨ ਤੇ ਧਨ ਕਰਕੇ ਸਾਰਾ ਜੀਵਨ ਹੀ ਮਨੁੱਖ ਦੀ ਸੇਵਾ ਲਈ ਅਰਪਣ ਕਰੀ ਰਖਿਆ। ਵੱਡੇ ਜਫ਼ਰ ਜਾਲ ਕੇ ਦੇਸ਼ ਪ੍ਰਦੇਸ਼ ਘੁੰਮੇ ਅਤੇ ਅਨਿਆਈ ਰਾਜਿਆਂ, ਪੂੰਜੀਪਤੀਆਂ, ਕਰਮ-ਕਾਂਡੀਆਂ, ਪਾਖੰਡੀ ਪੁਜਾਰੀਆਂ, ਮੁਅੱਤਸਬੀ ਮੌਲਾਣਿਆਂ, ਜੁਗਤਹੀਨ ਜੋਗੀਆਂ, ਨਾਮੀ ਚੋਰਾਂ-ਠੱਗਾਂ, ਰਾਖਸ਼ਾਂ ਅਤੇ ਹੋਰ ਬੇ-ਪਨਾਹ ਆਤਰ ਮਖਲੂਕ ਦੇ ਰੋਗੀ ਮਨਾਂ ਨੂੰ ਸ਼ਾਂਤ ਕਰਨ ਦਾ ਉਪਕਾਰ ਕੀਤਾ। ਗੁਰੂ ਨਾਨਕ ਸਾਹਿਬ ਦੀ ਬਚਪਨ ਵਿਚ ਲੋੜਵੰਦਾਂ ਨੂੰ ਭੋਜਨ ਛਕਾਉਣ ਦੀ ਸੇਵਾ-ਭਾਵਨਾ ਬਾਅਦ ਵਿਚ 'ਗੁਰੂ ਕੇ ਲੰਗਰ' ਵਿਚ ਬਦਲ ਗਈ, ਜੋ ਸਿੱਖ ਧਰਮ ਦਾ ਇਕ ਨਰੋਆ ਤੇ ਅਹਿਮ ਅੰਗ ਹੈ। ਗੁਰੂ ਜੀ ਨੇ ਜਵਾਨੀ ਵਿਚ ਸੁਲਤਾਨਪੁਰ ਵਿਖੇ ਨਵਾਬ ਦੌਲਤ ਖਾਂ ਦੇ ਮੋਦੀ ਖਾਨੇ ਨੂੰ ਸੰਭਾਲਿਆ ਤਾਂ ਸੌਦਾ ਤੋਲਣ ਵੇਲੇ 'ਤੇਰਾ', 'ਤੇਰਾ' ਦੀ ਰੱਟ ਵਿਚ ਰਤਿਆਂ ਨੂੰ 'ਤੇਰਾ' ਦੀ ਧਾਰਨਾ ਤੋਂ ਅੱਗੇ ਗਿਣਤੀ ਕਰਨਾ ਮੁਹਾਲ ਹੋ ਗਿਆ। ਆਪ ਨੇ ਉਦਾਸੀਆਂ ਉਪਰੰਤ ਆਯੂ ਦੇ ਪਿਛਲੇ ਅਠਾਰਾਂ ਸਾਲ ਸ੍ਰੀ ਕਰਤਾਰਪੁਰ ਵਿਖੇ ਖੇਤੀਬਾੜੀ ਦੀ ਸਾਰੀ ਉਪਜ ਤੇ ਸੇਵਕਾਂ ਵਲੋਂ ਆਈ ਮਾਇਆ ਨੂੰ ਗੁਰੂ ਕੇ ਲੰਗਰ ਤੇ ਹੋਰ ਲੋਕ ਭਲਾਈ ਦੇ ਕੰਮਾਂ ਵਿਚ ਖਰਚ ਕਰਨ ਦੀ ਸੇਵਾ ਦਾ ਵੱਲ ਸਿਖਾਇਆ। ਗੁਰੂ ਨਾਨਕ ਦੇਵ ਜੀ ਦੀਆਂ ਦੇਸ਼ ਪ੍ਰਦੇਸ਼ ਕੀਤੀਆਂ ਉਦਾਸੀਆਂ ਵਿਚ ਆਪ ਜੀ ਜਦ ਵੀ ਕਿਸੇ ਮਾਇਆਧਾਰੀ ਜਾਂ ਕੁਬੇਰ ਪਾਸ ਪਹੁੰਚੇ ਤਾਂ ਉਸ ਨੂੰ ਗੁਰਮਤਿ ਦਾ ਧਾਰਨੀ ਬਣਾਉਣ ਤੋਂ ਪਹਿਲਾਂ ਉਸ ਲਈ ਪਹਿਲਾ ਆਦੇਸ਼ ਇਹ ਹੁੰਦਾ ਸੀ ਕਿ ਉਹ ਪਾਪ ਜ਼ੋਰ ਜ਼ੁਲਮ ਨਾਲ ਦੂਜਿਆਂ ਦਾ ਹੱਕ ਮਾਰ ਕੇ ਇਕੱਤਰ ਕੀਤੇ ਧਨ ਆਦਿ ਨੂੰ ਗਰੀਬਾਂ, ਲੋੜਵੰਦਾਂ ਵਿਚ ਵੰਡ ਦੇਵੇ ਅਤੇ ਅੱਗੋਂ ਲਈ ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ ਦੀ ਪਰਮ ਸੇਵਾ ਵਿਚ ਤੱਤਪਰ ਰਹੇ। ਇਸ ਤਰਾਂ ਗੁਰੂ ਨਾਨਕ ਸਾਹਿਬ ਨੇ ਜੀਵਨ ਪਰ ਮਨੁੱਖ ਅੰਦਰ ਦੈਵੀ ਜੋਤ ਨੂੰ ਜਗਾਉਣ ਹਿੱਤ ਤਨ, ਮਨ ਤੇ ਧਨ ਦੁਆਰਾ ਨਿਸ਼ਕਾਮ ਸੇਵਾ ਨੂੰ ਕਮਾਇਆ ਅਤੇ ਸਿਖਾਇਆ।[31]

ਸੁਰਤਿ ਮਨੁੱਖੀ ਅੰਤਹ ਕਰਨ ਦਾ ਅਤੀ ਸੂਖਮ ਭਾਗ ਹੈ। ਆਤਮਾ ਦੀ ਸੁਣਨ ਦੀ ਸ਼ਕਤੀ ਨੂੰ ਵੀ ਸੁਰਤਿ ਆਖਿਆ ਜਾਂਦਾ ਹੈ। ਹਿਰਦੇ ਦੀ ਚਿੱਤ-ਵ੍ਰਿੱਤੀ ਨੂੰ ਇਕਾਗਰ ਕਰਕੇ ਆਤਮ ਸਰੂਪ ਵਿੱਚ ਲਿਵ ਲੀਣ ਹੋਣ ਨੂੰ ਸੁਰਤਿ ਦੀ ਸੇਵਾ ਆਖਿਆ ਜਾਂਦਾ ਹੈ। ਸੱਚੀ ਅਤੇ ਸ਼ੁੱਧ ਅਰਾਧਨਾ ਕੇਵਲ 'ਸੁਰਤਿ ਦੀ ਸੇਵਾ' ਦੁਆਰਾ ਹੀ ਹੋ ਸਕਦੀ ਹੈ। ਤਨ, ਮਨ ਤੇ ਧਨ ਦੀ ਸੇਵਾ ਸੁਰਤਿ ਦੀ ਸੇਵਾ ਦੇ ਸਾਧਨ ਹਨ।

ਮਨੁੱਖੀ ਮਨੋਰਥ ਕੇਵਲ ਸੁਰਤਿ ਦੀ ਸੇਵਾ ਦੁਆਰਾ ਪ੍ਰਭੂ-ਮਿਲਾਪ ਤਥਾ ਪ੍ਰਭੂ ਦੇ ਚਰਨਾਂ ਤੱਕ ਪੁੱਜਣਾ ਹੈ।

ਸਿੱਖ ਧਰਮ ਵਿਚ ਗੁਰ-ਗੱਦੀ ਦੇਣ ਸਮੇਂ ਵੀ ਸੇਵਾ ਨੂੰ ਕਸਵੱਟੀ ਮੰਨਿਆ ਗਿਆ ਹੈ ਅਤੇ ਕੇਵਲ ਉਨ੍ਹਾਂ ਮਹਾਂਪੁਰਖਾਂ ਨੂੰ ਹੀ ਗੁਰ-ਜੋਤਿ ਦੇ ਸਮਰੱਥ ਪ੍ਰਵਾਨ ਕੀਤਾ ਗਿਆ ਜੋ ਸੇਵਾ ਦੇ ਇਮਤਿਹਾਨ ਵਿਚੋਂ ਪਾਸ ਹੋਏ। ਸੇਵਾ ਨੇ ਸੇਵਕ ਨੂੰ ਸੁਆਮੀ ਬਣਾ ਦਿੱਤਾ ਕਿਉਂਕਿ ਸੇਵਾ ਦੇ ਸਿਧਾਂਤ ਉੱਤੇ ਵਿਸ਼ਵਾਸ ਤੇ ਅਮਲ ਕਰਨ ਵਾਲੇ ਸ਼ਰਧਾਲੂਆਂ ਵਿਚੋਂ ਹੀ ਕਿਸੇ ਇਕ ਨੂੰ ਸਿੱਖ ਗੁਰੂ ਥਾਪਿਆ ਗਿਆ।

ਗੁਰ-ਗੱਦੀ ਅਤੇ ਸੇਵਾ ਦਾ ਆਪਸ ਵਿਚ ਡੂੰਘਾ ਸੰਬੰਧ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰੂ ਦੇ ਹੁਕਮ ਅਤੇ ਸੇਵਾ ਵਿਚ ਵਿਸ਼ਵਾਸ ਰੱਖਣ ਵਾਲੇ ਸ਼ਰਧਾਲੂ ਨੂੰ ਹੀ ਗੁਰਿਆਈ ਬਖਸ਼ੀ ਸੀ। ਇਕ ਪਾਸੇ ਸਿੱਖ ਲਹਿਣਾ ਹੈ ਅਤੇ ਦੂਜੇ ਪਾਸੇ ਪੁੱਤਰ ਹਨ। ਸੇਵਾ ਭਾਵਨਾ ਨਾਲ ਹੀ ਭਾਈ ਲਹਿਣਾ ਜੀ ਨੇ ਆਪਣੇ ਗੁਰੂ ਨਾਨਕ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਦੇ ਘਰ ਦੀ ਮੀਹਾਂ ਕਾਰਨ ਕੱਢੀ ਕੰਧ ਨੂੰ ਅੱਧੀ ਰਾਤ ਹੀ ਉਸਾਰਨਾ ਮਨਜ਼ੂਰ ਕੀਤਾ, ਜਦੋਂ ਕਿ ਗੁਰੂ ਪੁੱਤਰਾਂ ਸਾਫ ਇਨਕਾਰ ਕਰ ਦਿੱਤਾ, "ਅੱਧੀ ਰਾਤ ਹੀ ਕੀ ਕਾਹਲੀ ਪਈ ਹੈ, ਕੱਲ੍ਹ ਸਵੇਰੇ ਵੀ ਹੋ ਸਕਦਾ ਹੈ?" ਹੋਰ ਵਡਿਆਈ ਇਹ ਸੀ ਕਿ ਦੀਵਾਰ ਬਾਰ ਬਾਰ ਢੁਆ ਢੁਆ ਕੇ ਉਸਾਰਨ ਵਿਚ ਚਾਅ ਸੀ, ਖਿੱਝ ਅਥਵਾ ਇਨਕਾਰ ਨਹੀਂ ਸੀ।' ਨਵੀਨ ਬਸਤਰ ਪਾਇਆਂ ਹੋਇਆਂ ਉਪਰ ਲਹਿਣਾ ਜੀ ਦਾ ਸਿਰ ਉੱਤੇ ਚਿਕੜ ਭਰੇ ਪੱਠਿਆਂ ਦੀ ਪੰਡ ਚਾਅ ਨਾਲ ਚੁੱਕਣਾ, ਆਪਣੇ ਸਾਹਿਬ ਦੇ ਹੁਕਮ ਦੀ ਪਾਲਣਾ, ਕੇਵਲ ਸੇਵਾ ਭਾਵਨਾ ਹੀ ਸੀ। ਗੁਰੂ ਅੰਗਦ ਦੇਵ ਜੀ ਨੇ ਸੇਵਾ ਦੁਆਰਾ ਗੁਰੂ ਨਾਨਕ ਦੇ ਮਨ ਨੂੰ ਅਜਿਹਾ ਰੀਝਾਇਆ ਕਿ ਗੁਰੂ ਜੀ ਤਰੁਠ ਪਏ ਅਤੇ ਗੁਰਗੱਦੀ ਦਿੱਤੀ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਬਾਰ੍ਹਾਂ ਪ੍ਰੀਖਿਆਵਾਂ ਸੇਵਾ ਦੇ ਰੂਪ ਵਿਚ ਲਈਆਂ ਸਨ। ਸੇਵਾ ਦੇ ਫਲਸਰੂਪ ਭਾਈ ਲਹਿਣਾ ਗੁਰੂ ਅੰਗਦ ਬਣ ਗਏ। ਜਿਸ ਸਤਿਕਾਰ ਨਾਲ ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਦੀ ਸੇਵਾ ਕਬੂਲ ਕਰਕੇ ਨਿਵਾਜਿਆ, ਉਸ ਦਾ ਵਰਣਨ ਕਰਦੇ ਹੋਏ ਸਤੈ ਬਲਵੰਡਿ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਚੇਲੇ ਰਹਿਰਾਸ ਕੀਤੀ ਭਾਵ ਮੱਥਾ ਟੇਕਿਆ ਤੇ ਤਿਲਕ ਦਿੱਤਾ। ਯਥਾ:

*ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥*
*ਸਹਿ ਟਿਕਾ ਦਿਤੋਸੁ ਜੀਵਦੈ ॥* [32]

ਗੁਰੂ ਅਮਰਦਾਸ ਜੀ ਨੂੰ ਵੀ ਗੁਰੂ ਸੇਵਾ ਦੇ ਆਧਾਰ ਉੱਤੇ ਹੀ ਗੁਰੂ ਥਾਪਿਆ ਗਿਆ। ਆਪਣੇ ਬੁਢੇਪੇ ਦੀ ਅਵਸਥਾ ਵਿਚ ਵੀ ਉਹ ਗੁਰੂ ਸੇਵਾ ਤੇ ਸਮਾਜਿਕ ਸੇਵਾ ਤੋਂ ਕਦੇ ਕੰਨੀ ਨਹੀਂ ਕਤਰਾਂਦੇ ਸਨ। ਸਵੇਰੇ ਉੱਠ ਕੇ ਉਹ ਲੰਗਰ ਵਾਸਤੇ ਪਾਣੀ ਅਤੇ ਬਾਲਣ ਦਾ ਪ੍ਰਬੰਧ ਕਰਦੇ। ਉਹ ਹਮੇਸ਼ਾਂ ਸਿੱਖਾਂ ਅਤੇ ਆਪ ਦੇ ਗੁਰੂ ਦੀ ਸੇਵਾ ਵਾਸਤੇ ਤਿਆਰ ਰਹਿੰਦੇ। ਕੇਵਲ ਨਿਸ਼ਕਾਮ ਸੇਵਾ ਪ੍ਰਧਾਨ ਜਾਣ ਕੇ, ਬਿਰਧ ਅਵੱਸਥਾ ਅੰਦਰ ਬਾਰ੍ਹਾਂ ਸਾਲ ਭਾਈ ਅਮਰਦਾਸ ਜੀ ਆਪਣੇ ਮੁਰਸ਼ਿਦ-ਏ-ਕਮਾਲ ਗੁਰੂ ਅੰਗਦ ਦੇਵ ਜੀ ਲਈ, ਅੱਧੀ ਰਾਤੀ ਬਿਆਸ ਤੋਂ ਸਿਆਲੇ ਹੁਨਾਲੇ, ਮੀਂਹ ਝੱਖੜ ਦੀ ਪ੍ਰਵਾਹ ਨਾ ਕਰਦੇ ਹੋਏ, ਇਸ਼ਨਾਨ ਹਿੱਤ ਗਾਗਰਾਂ ਜਲ ਦੀਆਂ ਭਰ ਭਰ ਢੋਂਦੇ ਰਹੇ, ਪਰ ਸੰਸਾਰੀ ਲੋਕਾਂ ਤੋਂ 'ਅਮਰੂ ਨਿਥਾਵਾਂ' ਕਹਾ ਕੇ ਅੰਤ ਗੁਰੂ ਸਥਾਨ ਨੂੰ ਪ੍ਰਾਪਤ ਹੋਏ।

ਭਾਈ ਜੇਠਾ ਦੇ ਸੇਵਾ ਭਾਵ ਬਾਰੇ ਬਹੁਤ ਸਾਰੀਆਂ ਸਾਖੀਆਂ ਮਿਲਦੀਆਂ ਹਨ। ਜੇਠਾ ਜੀ ਦਿਨ ਰਾਤ ਗੁਰੂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਇਸੇ ਸੇਵਾ ਦੇ ਗੁਣ ਨੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਏਨਾ ਸੰਵਾਰ ਦਿੱਤਾ ਕਿ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਆਪਣੀ ਲੜਕੀ ਬੀਬੀ ਭਾਨੀ ਲਈ ਯੋਗ ਵਰ ਵਜੋਂ ਪ੍ਰਵਾਨ ਕਰ ਲਿਆ। ਭਾਈ ਜੇਠਾ ਜੀ ਕੇਵਲ ਨਿਸ਼ਕਾਮ ਸੇਵਾ ਨੂੰ ਮੁੱਖ ਰੱਖਕੇ ਹੀ ਗੁਰੂ ਅਮਰਦਾਸ ਜੀ ਦੇ ਲੋਕ ਲਾਜ ਦਾ ਪਰਦਾ ਪਾੜ ਕੇ, ਜੂਠੇ ਭਾਂਡੇ ਮਾਂਜਦੇ ਰਹੇ ਅਤੇ ਟੋਕਰੀਆਂ ਢੋ ਢੋ ਵਾਰ ਵਾਰ ਆਪਣੇ ਮਾਲਕ ਦੀ ਨਿਸ਼ਸ਼ਤ ਲਈ ਥੜ੍ਹੇ ਉਸਾਰਦੇ ਰਹੇ, ਪਰ ਸਿਰ ਉੱਚਾ ਨਹੀਂ ਕੀਤਾ। ਸੇਵਾ ਕਰਕੇ ਹੀ ਭਾਈ ਜੇਠਾ ਜੀ ਗੁਰੂ ਰਾਮਦਾਸ ਬਣੇ। ਗੁਰੂ ਰਾਮਦਾਸ ਜੀ ਨੇ ਆਪਣਾ ਉਤਰਾਧਿਕਾਰੀ ਚੁਣਨ ਵੇਲੇ ਕੋਈ ਬੰਧਨ ਨਹੀਂ ਕਬੂਲਿਆ ਅਤੇ ਸੇਵਾ ਭਾਵਨਾ ਨੂੰ ਪਹਿਲ ਦਿੱਤੀ। ਪਰਖ ਕੀਤੀ ਗਈ ਅਤੇ ਇਸ ਪਰਖ ਵਿਚ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਜੀ ਦੀ ਸੇਵਾ, ਸ਼ਰਧਾ ਅਤੇ ਗੁਰੂ ਪ੍ਰਤਿ ਪਿਆਰ ਦੀ ਜਿੱਤ ਹੋਈ, ਸੇਵਾ ਨੂੰ ਹੀ ਗੁਰਿਆਈ ਬਖਸ਼ੀ ਗਈ।

ਪਹਿਲੇ ਪਾਤਸ਼ਾਹ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇਸੇ ਸਨਿਮਰ ਸੇਵਾ-ਭਾਵ ਨੂੰ ਅਪਣਾਂਦੇ ਰਹੇ, ਸਗੋਂ ਉਨ੍ਹਾਂ ਤੋਂ ਬਾਅਦ ਗੁਰੂ ਖ਼ਾਲਸੇ ਨੇ ਵੀ ਇਸ ਪ੍ਰਥਾ ਨੂੰ ਅੱਖੋਂ ਓਹਲੇ ਨਹੀਂ ਹੋਣ ਦਿੱਤਾ। ਸੇਵਾ-ਪੰਥ ਦੇ ਮੋਢੀ ਭਾਈ ਘਨ੍ਹਈਆ ਜੀ, ਸ੍ਰੀ ਆਨੰਦਪੁਰ ਦੇ ਮੈਦਾਨਿ ਜੰਗ ਵਿਚ ਬੜੀ ਖੁੱਲ੍ਹ-ਦਿਲੀ ਨਾਲ ਘਾਇਲ ਹੋ ਕੇ ਤੜਪਦੇ ਦੋਸਤ-ਦੁਸ਼ਮਣਾਂ ਵਿਚ ਇਕ ਸਮਾਨ ਜਲ-ਪਾਨ ਦੀ ਸੇਵਾ ਕਰ ਰਹੇ ਸਨ। ਨਵਾਬ ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਆਪਣੀ ਸੇਵਾ ਕਰਕੇ ਹੀ ਸਿੱਖਾਂ ਵਿਚ ਜਾਣੇ ਜਾਂਦੇ ਹਨ।

ਅੱਜ ਵਧੇਰੇ ਲੋੜ ਸੇਵਾ ਦੇ ਗੁਰਮਤਿ ਸੰਦਰਭ ਨੂੰ ਸਾਹਮਣੇ ਲਿਆਉਣ ਦੀ ਹੈ। ਸੇਵਾ ਦੇ ਬਹੁਤ ਸਾਰੇ ਮਾਡਲ ਪੰਜਾਬੀ ਸਮਾਜ ਵਿਚ ਪ੍ਰਵਾਨਿਤ ਤੇ ਪ੍ਰਚਲਿਤ ਹਨ। ਪਿੰਗਲਿਆਂ ਅਤੇ ਯਤੀਮਾਂ ਆਦਿ ਨਿਆਸਰਿਆਂ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਭਗਤ ਪੂਰਨ ਸਿੰਘ ਦੁਆਰਾ ਸਥਾਪਿਤ ਪਿੰਗਲਵਾੜਕ ਸੰਸਥਾ ਇਸ ਪਾਸੇ ਉੱਤਮ ਤੇ ਉਸਾਰੂ ਭੂਮਿਕਾ ਨਿਭਾ ਰਹੀ ਹੈ। ਇਸ ਤੋਂ ਬਿਨਾਂ ਅਕਾਦਮਿਕ ਅਦਾਰਿਆਂ ਵਿਚ ਐੱਨ.ਐੱਸ.ਐੱਸ. ਅਤੇ ਸਮਾਜਿਕ ਪੱਧਰ ਉੱਤੇ ਹੋਰ ਧਾਰਮਿਕ ਤੇ ਸੁਧਾਰਕ ਸਭਾਵਾਂ ਸੇਵਾ ਦਾ ਕਾਰਜ ਨਿਭਾ ਰਹੀਆਂ ਹਨ।

ਵਿਚਾਰ ਵਿਮਰਸ਼ ਕਹਿ ਸਕਦੇ ਹਾਂ ਕਿ ਸੇਵਾ ਮਨੁੱਖ ਲਈ ਇਕ ਵੱਡੀ ਚੁਣੌਤੀ ਹੈ। ਸੇਵਾ ਤਦ ਹੀ ਸਫਲ ਹੈ ਜੇਕਰ ਸੇਵਾ ਕਰਨ ਵਾਲੇ ਵਿਚ ਤਿਆਗ ਅਤੇ ਕੁਰਬਾਨੀ ਦੀ ਭਾਵਨਾ ਹੋਵੇ। ਸੱਚੀ ਅਤੇ ਸੁੱਚੀ ਸੇਵਾ ਉਹੀ ਸਾਰਥਿਕ ਹੈ ਜੋ ਬਿਨਾਂ ਕਿਸੇ ਕਿਸਮ ਦੇ ਵਿਤਕਰੇ ਦੇ ਪ੍ਰੇਮ-ਭਾਵ ਨਾਲ ਆਪਣੇ ਆਪ, ਅਰਥਾਤ ਬਿਨਾਂ ਸੁਆਰਥ ਦੇ ਕੀਤੀ ਜਾਵੇ। ਸੇਵਾ ਇਕ ਉੱਤਮ ਧਾਰਮਿਕ ਅਤੇ ਸਦਾਚਾਰਕ ਵਿਵਹਾਰ ਹੈ। ਇਹ ਹਰ ਇਕ ਮਨੁੱਖ ਲਈ ਸਤਿਕਾਰ ਤੇ ਸਮੁੱਚੀ ਮਾਨਵਤਾ ਦੇ ਗੌਰਵ ਵਿਚ ਵਿਸ਼ਵਾਸ ਦੇ ਸਿਧਾਂਤ ਨੂੰ ਉਜਾਗਰ ਕਰਦੀ ਹੈ। ਸੇਵਾ ਹਉਮੈ ਲਈ ਦਵਾ, ਸਮਾਜਿਕ ਵਧੀਕੀਆਂ ਲਈ ਲਗਾਮ ਅਤੇ ਨੈਤਿਕ ਸੰਤੁਲਨ ਲਈ ਇਕ ਪ੍ਰਕਾਰ ਦੀ ਸਾਧਨਾ ਹੈ। ਇਸ ਨੂੰ ਗੁਰਬਾਣੀ ਵਿਚ ਸੱਚ ਦਾ ਧਿਆਉਣਾ ਆਖਿਆ ਗਿਆ ਹੈ, ਜਿਸ ਦੁਆਰਾ ਮਨੁੱਖ ਸ਼ਾਂਤੀ, ਸੰਤੋਖ, ਨਿਮਰਤਾ ਅਤੇ ਪ੍ਰੇਮ ਭਾਵ ਵਰਗੇ ਗੁਣਾਂ ਨੂੰ ਗ੍ਰਹਿਣ ਕਰ ਸਕਦਾ ਹੈ। ਸੇਵਾ ਵਿਚ ਜੁੜੇ ਮਨੁੱਖ ਦਾ ਹਰ ਕਰਮ ਉਸਾਰੂ ਹੁੰਦਾ ਹੈ। ਇਹ ਇਕ ਅਜਿਹਾ ਸਾਧਨ ਹੈ ਜੋ ਮਨੁੱਖ ਨੂੰ ਧਾਰਮਿਕ ਹਉਮੈ ਤੋਂ ਬਚਾ ਸਕਦਾ ਹੈ, ਕਿਉਂਕਿ ਸੇਵਾ ਹਉਮੈ ਦੀ ਨਵਿਰਤੀ ਅਤੇ ਸੱਚ ਦੀ ਪ੍ਰਵਿਰਤੀ ਹੈ। ਗੁਰਬਾਣੀ ਦਾ ਕਥਨ ਹੈ:

*ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥*
*ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥*[32]

## ਹਵਾਲੇ ਅਤੇ ਟਿੱਪਣੀਆਂ

1. ਜੈ ਰਾਮ ਮਿਸ਼ਰਾ, 'ਮੱਧਕਾਲੀਨ ਧਰਮ-ਸਾਧਨਾ ਤੇ ਗੁਰੂ ਨਾਨਕ', **ਨਾਨਕ ਪ੍ਰਕਾਸ਼ ਪੱਤ੍ਰਿਕਾ**, (ਸੰਪਾ. ਰਾਏ ਜਸਬੀਰ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 23
2. **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 228; 'ਸੇਵਾ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਕੋਸ਼ੀ ਅਰਥ ਹਨ, ਦੂਸਰੇ ਨੂੰ ਆਰਾਮ ਪਹੁੰਚਾਉਣ ਦੀ ਕਿਰਿਆ, ਖਿਦਮਤ, ਟਹਿਲ, ਨੌਕਰੀ, ਉਪਾਸਨਾ, ਪੂਜਾ, ਆਸਰਾ, ਸ਼ਰਣ, ਰਖਸ਼ਾ, ਸੰਭੋਗ।' ਇਸ ਦੇ ਮੁੱਖ ਅਰਥ ਦੂਸਰੇ ਨੂੰ ਆਰਾਮ ਪਹੁੰਚਾਉਣ ਦੀ ਕਿਰਿਆ, ਟਹਿਲ, ਖਿਦਮਤ ਆਦਿ ਦਾ ਆਧਾਰ, ਨਿਸ਼ਕਾਮ, ਪਿਆਰ, ਸਹਾਨੁਭੂਤੀ, ਆਦਰ, ਬੇਬੱਸੀ ਤੇ ਸੁਆਰਥ ਭਾਵਨਾਵਾਂ ਹੋ ਸਕਦੀਆਂ ਹਨ। **ਲਘੂ ਹਿੰਦੀ ਸ਼ਬਦ ਸਾਗਰ**, ਪੰਨਾ 1031
3. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 738.
4. **ਉਹੀ**, ਪੰਨਾ 426.
5. **ਉਹੀ**, ਪੰਨਾ 2.
6. **ਉਹੀ**, ਪੰਨਾ 6.
7. ਨਿਰਮਲ ਸੇਵਾ, ਅਥਵਾ ਖੁਦਾਈ ਖਿਦਮਤ ਦੀ ਵਿਆਪਕਤਾ ਦਾ ਇਹ ਆਲਮ ਹੈ ਕਿ ਇਸ ਨੂੰ ਹਰ ਮਜ਼ਹਬ ਅਥਵਾ ਮੱਤ ਨੇ ਕਿਸੇ ਨਾ ਕਿਸੇ ਰੂਪ ਮਿਕਦਾਰ ਜਾਂ ਮਿਣਤੀ ਵਿਚ ਸਵੀਕਾਰਿਆ ਤੇ ਪ੍ਰਭੂ-ਪ੍ਰਾਪਤੀ ਦੇ ਮਾਰਗ-

ਗਮਨ ਲਈ ਲਾਜ਼ਿਮ ਕਰਾਰ ਦਿੱਤਾ ਹੈ। ਪਰ, ਜੋ ਵਿਆਪਕਤਾ ਸਵੀਕਾਰਤਾ ਤੇ ਰੁਤਬਾ ਇਸ ਨੂੰ ਸਿੱਖ-ਧਰਮ ਵਿਚ ਪ੍ਰਾਪਤ ਹੈ ਅਤੇ ਜੋ ਸਿਖਰਾਂ ਇਸ ਨੇ ਗੁਰਮਤਿ-ਮਾਰਗ ਵਿਚ ਛੋਹੀਆਂ ਹਨ, ਉਨ੍ਹਾਂ ਦੀ ਕਥਾ ਅਕੱਥ ਹੈ, ਨਿਆਰੀ ਹੈ। ਸਿੱਖ ਸਤਿਗੁਰੂਆਂ ਨੇ ਨਾ ਕੇਵਲ ਸਿੱਖ ਨੂੰ ਵਿਸ਼ਵ ਦਾ ਸਮ-ਦ੍ਰਿਸ਼ਟਾ ਸੇਵਕ ਬਣਨ ਦੀ ਭਰਪੂਰ ਤਾਕਤ ਹੀ ਕੀਤੀ ਹੈ; ਸਗੋਂ ਢਾਈ ਕੁ ਸੌ ਸਾਲ ਦੇ ਲੰਮੇ ਗੁਰੂ-ਕਾਲ ਵਿਚ ਸਫਲ, ਸੁਖਦਾਈ ਤੇ ਆਦਰਸ਼ਕ ਸੇਵਾ ਕਰਨ ਤੇ ਅਨਿੰਨ ਸੇਵਕ ਬਣਨ ਦੇ ਅਲੌਕਿਕ ਪੂਰਨੇ ਵੀ ਪਾਏ ਹਨ। -ਹਰਿਭਜਨ ਸਿੰਘ (ਪ੍ਰਿੰ.)
'ਸਾ ਸੇਵਾ ਕੀਤੀ ਸਫਲ ਹੈ', **ਨਾਨਕ ਪ੍ਰਕਾਸ਼ ਪੱਤ੍ਰਿਕਾ** (ਸੇਵਾ ਵਿਸ਼ੇਸ਼ ਅੰਕ), (ਸੰਪਾ. ਬਲਕਾਰ ਸਿੰਘ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨੇ 1-2.

8. **ਵਾਰਾਂ ਭਾਈ ਗੁਰਦਾਸ**, ਪਉੜੀ 10, ਵਾਰ 27.
9. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 992.
10. **ਉਹੀ**, ਪੰਨੇ 1076.
11. **ਉਹੀ**, ਪੰਨੇ 647-48.
12. **ਉਹੀ**, ਪੰਨਾ 649.
13. **ਉਹੀ**, ਪੰਨਾ 144.
14. **ਉਹੀ**, ਪੰਨਾ 26.
15. **ਉਹੀ**, ਪੰਨਾ 571.
16. **ਉਹੀ**, ਪੰਨਾ 457.
17. **ਉਹੀ**, ਪੰਨਾ 1247.
18. **ਉਹੀ**, ਪੰਨਾ 992.
19. **ਉਹੀ**, ਪੰਨਾ 288.
20. **ਉਹੀ**, ਪੰਨਾ 644.
21. ਪ੍ਰਤਾਪ ਸਿੰਘ (ਗਿਆਨੀ), **ਗੁਰਮਤਿ ਫਿਲਾਸਫੀ**, ਪੰਨਾ 267.
22. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 495.
23. **ਉਹੀ**, ਪੰਨਾ 490.
24. **ਉਹੀ**, ਪੰਨਾ 2.
25. **ਉਹੀ**, ਪੰਨਾ 3.
26. **ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ**, ਪੰਨਾ 169.
27. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 991.
28. **ਉਹੀ**, ਪੰਨਾ 1413.
29. **ਉਹੀ**, ਪੰਨਾ 918.
30. **ਉਹੀ**, ਪੰਨਾ 474.
31. ਵਿਸਥਾਰ ਨਾਲ ਵੇਖੋ, ਹਰਿਭਜਨ ਸਿੰਘ 'ਸਾ ਸੇਵਾ ਕੀਤੀ ਸਫਲ ਹੈ', **ਨਾਨਕ ਪ੍ਰਕਾਸ਼ ਪੱਤ੍ਰਿਕਾ** (ਸੇਵਾ ਵਿਸ਼ੇਸ਼ ਅੰਕ), (ਸੰਪਾ. ਬਲਕਾਰ ਸਿੰਘ), ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨੇ 23.
32. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 966.
33. **ਉਹੀ**, ਪੰਨੇ 466-67.

◈

# ਗੁਰੂ ਨਾਨਕ-ਬਾਣੀ ਅਤੇ ਪੰਜਾਬੀ ਸੰਵੇਦਨਾ

ਪ੍ਰਸਤੁਤ ਖੋਜ-ਪੱਤਰ ਦਾ ਮਨੋਰਥ ਗੁਰੂ ਨਾਨਕ-ਬਾਣੀ ਨੂੰ ਪੰਜਾਬੀ ਸੰਵੇਦਨਾ ਦੇ ਅਤੀਤ ਅਤੇ ਵਰਤਮਾਨ ਦੇ ਪਰਿਪੇਖ ਵਿਚ ਵਿਚਾਰਨਾ ਹੈ। ਵਿਰਸਾ ਵਰਤਮਾਨ ਦੀ ਦਸ਼ਾ ਅਤੇ ਦਿਸ਼ਾ ਨੂੰ ਨਿਰਧਾਰਤ ਕਰਨ ਵਿਚ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਜਗਤ ਪ੍ਰਸਿਧ ਦਾਨਿਸ਼ਵਰ ਰਸੂਲ ਹਮਜ਼ਾਤੋਵ ਦਾ ਕਥਨ ਹੈ "ਜੇਕਰ ਅਤੀਤ 'ਤੇ ਪਸਤੌਲ ਨਾਲ ਗੋਲੀ ਚਲਾਉਂਗੇ ਤਾਂ ਭਵਿੱਖ ਤੁਹਾਨੂੰ ਤੋਪ ਦੇ ਗੋਲੇ ਨਾਲ ਫੁੰਡੇਗਾ।" ਇਥੇ ਅਤੀਤ ਤੋਂ ਭਾਵ ਵਿਰਸਾ ਹੈ। ਗੁਰਬਾਣੀ ਨਾ ਕੇਵਲ ਸਾਡਾ ਅਧਿਆਤਮਿਕ ਬਲਕਿ ਭਾਸ਼ਾਈ, ਸਾਹਿਤਕ, ਬੌਧਿਕ ਅਤੇ ਦਾਰਸ਼ਨਿਕ ਵਿਰਸਾ ਹੈ, ਜਿਸ ਦੀ ਸਾਰਥਕਤਾ ਬਹੁਪ੍ਰਸੰਗਿਕ ਹੈ। ਸਾਰਥਕਤਾ ਦੇ ਇਹ ਪ੍ਰਸੰਗ ਅਤੀਤ ਤੋਂ ਲੈ ਕੇ ਵਰਤਮਾਨ ਅਤੇ ਭਵਿੱਖ ਤੱਕ ਫੈਲਦੇ ਹਨ। ਮੌਜੂਦਾ ਪੰਜਾਬੀ ਸਾਹਿਤ ਸੰਵੇਦਨਾ ਦੀ ਭਾਵਨਾਤਮਿਕ ਜਟਿਲਤਾ ਅਤੇ ਗੰਭੀਰ ਦਾਰਸ਼ਨਿਕ ਫੈਲਾਅ ਦੀ ਪਿਠਭੂਮੀ ਵਿਚ ਗੁਰਬਾਣੀ ਦੀ ਪ੍ਰਤੱਖ ਜਾਂ ਪ੍ਰੋਖ ਪ੍ਰੇਰਨਾ ਕਾਰਜਸ਼ੀਲ ਹੈ। ਬਾਣੀ ਦੀ ਸ਼ਬਦ-ਚੇਤਨਾ ਸ਼ਬਦ-ਸੰਵਾਦ ਆਧਾਰਿਤ ਸਭਿਅਤਾ ਅਤੇ ਸਭਿਆਚਾਰ ਦੀ ਸਿਰਜਕ ਹੈ। ਸਾਹਿਤਕ ਪਾਠ ਕਿਸੇ ਮਨੁੱਖੀ ਸਮਾਜ ਦੀ ਸਿਰਜਾਣਤਮਕ ਕਲਪਨਾ ਦੇ ਸੁਹਜਮਈ ਰੂਪਾਂ ਨੂੰ ਹੀ ਪ੍ਰਗਟ ਨਹੀਂ ਕਰਦੇ ਬਲਕਿ ਮਾਨਵੀ ਸਭਿਅਤਾ ਅਤੇ ਸਭਿਅਚਾਰ ਦੀ ਰੂਪ-ਰੇਖਾ ਵੀ ਅੰਕਿਤ ਕਰਦੇ ਹਨ। ਭਾਸ਼ਾ ਦੇ ਸਾਹਿਤਕ ਵਿਕਾਸ ਵਿਚ ਸਭਿਅਤਾ ਦਾ ਵਿਕਾਸ ਪ੍ਰਤੀਬਿੰਬਤ ਹੁੰਦਾ ਹੈ।ਜਦੋਂ ਕਿਸੇ ਭਾਸ਼ਾ ਦੀ ਸਿਰਜਣਾਤਮਕ ਕਲਪਨਾ ਆਪਣੇ ਸਮ੍ਰਿਧ ਸਾਹਿਤਕ ਵਿਰਸੇ ਨੂੰ ਤਿਆਗ ਦਿੰਦੀ ਹੈ ਜਾਂ ਨਿਗੂਣਾ ਮੰਨਦੀ ਹੈ ਤਾਂ ਸਾਹਿਤ ਅਤੇ ਸਭਿਅਤਾ ਦੀ ਗਤੀ ਵਿਪਰੀਤ ਰੁਖ਼ ਅਖ਼ਤਿਆਰ ਕਰ ਲੈਂਦੀ ਹੈ। ਸੰਤ ਸਿੰਘ ਸਿੰਘ ਸੇਖੋਂ ਨੇ ਕਿਸੇ ਵੇਲੇ ਗੁਰਬਾਣੀ ਲਈ ਪਰਾਸਾਹਿਤ ਅਤੇ ਪੰਜਾਬੀ ਲੋਕ ਸਾਹਿਤ ਲਈ ਨਿਮਨ ਸਾਹਿਤ ਜਿਹੇ ਵਿਸ਼ੇਸ਼ਣ ਵਰਤੇ ਸਨ। ਡਾ. ਹਰਜੀਤ ਸਿੰਘ ਗਿੱਲ ਅਨੁਸਾਰ ਇਸ ਕਿਸਮ ਦਾ ਬੌਧਿਕ ਰਵੱਈਆ ਪੰਜਾਬੀ ਸਾਹਿਤ ਅਤੇ ਸਭਿਅਤਾ ਦੇ ਸਹਿਜ ਵਿਕਾਸ ਨੂੰ ਵਿਚਲਿਤ ਕਰਨ ਵਾਲਾ ਸੀ। ਡਾ. ਗਿੱਲ ਆਪਣੇ ਆਲੋਚਨਾਤਮਕ ਮਜ਼ਮੂਨ 'ਸਾਹਿਤ ਤੇ ਸਭਿਅਤਾ' ਵਿਚ ਲਿਖਦੇ ਹਨ:

> ਸਾਹਿਤਕਾਰ ਮਨੁੱਖੀ ਜੀਵਨ ਦੀ ਚੇਤਨਾ ਨੂੰ ਜੀਵਨ ਦੇ ਚੌਗਿਰਦੇ ਵਿਚ ਸਮਾਜ ਤੇ ਸਭਿਅਤਾ ਦੀ ਨੁਹਾਰ ਰਾਹੀਂ ਉਲੀਕਦਾ ਏ। ਸਾਹਿਤਕ ਆਲੋਚਕ ਨੇ ਇਹ ਵੇਖਣਾ ਏ ਕਿ ਸਾਹਿਤਕਾਰ ਇਸ ਵਾਤਾਵਰਨ ਨੂੰ ਅਤੇ ਇਸ ਵਾਤਾਵਰਨ ਵਿਚ ਪਸਰਦੇ ਮਨੁੱਖ ਦੀ ਚੇਤਨਾ ਨੂੰ ਕਿਵੇਂ ਪ੍ਰਗਟਾ ਸਕਿਆ ਏ।




ਡਾ. ਮਨਜਿੰਦਰ ਸਿੰਘ
ਅਸਿਸਟੈਂਟ ਪ੍ਰੋਫ਼ੈਸਰ,
ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ
profmanjinder@gmail.com
ਮੋ. : 94630-49230

> ਪੰਜਾਬੀ ਸਾਹਿਤ ਆਲੋਚਨਾ ਵਿਚ ਦੋ ਪਰੰਪਰਾ ਨੇ। ਪਹਿਲੀ ਪਰੰਪਰਾ ਦੇ ਮੋਢੀ ਡਾ. ਮੋਹਨ ਸਿੰਘ ਦੀਵਾਨਾ ਸਨ ਜਿਨ੍ਹਾਂ ਨੇ ਪੁਰਾਤਨ ਪੰਜਾਬੀ ਸਾਹਿਤ ਅਤੇ ਸਾਹਿਤਕ ਵਿਧੀ ਨੂੰ ਉਜਾਗਰ ਕਰਨ ਦੀਆਂ ਲੀਹਾਂ ਪਾਈਆਂ। ਉਨ੍ਹਾਂ ਨੇ ਨਾਥ, ਜੋਗੀਆਂ, ਸੂਫ਼ੀ, ਕਵੀਆਂ, ਗੁਰੂਆਂ ਦੀ ਬਾਣੀ, ਮੁਸਲਮਾਨ ਸ਼ਾਇਰਾਂ ਦੇ ਕਿੱਸੇ ਤੇ ਗੁਰੂ ਗੋਬਿੰਦ ਸਿੰਘ ਤੋਂ ਲੈਕੇ ਵੀਹਵੀਂ ਸਦੀ ਦੇ ਸ਼ੁਰੂ ਤਕ ਦੇ ਪੰਜਾਬੀ ਸਾਹਿਤ ਨੂੰ ਨਿਰਖਿਆ, ਪਰਖਿਆ ਅਤੇ ਉਸ ਦੇ ਧਾਰਮਿਕ, ਸਮਾਜਿਕ, ਸਭਿਅਕ ਵਾਤਾਵਰਨ ਨੂੰ ਚੰਗੀ ਤਰ੍ਹਾਂ ਉਲੀਕਿਆ। ਇਸ ਪਰੰਪਰਾ ਨੂੰ ਅਸੀਂ ਪੰਜਾਬੀ ਸਾਹਿਤਕ ਆਲੋਚਨਾ ਦੀ ਕਲਾਸੀਕਲ ਪਰੰਪਰਾ ਕਹਿ ਸਕਦੇ ਹਾਂ। ਪੰਜਾਬੀ ਸਾਹਿਤਕ ਆਲੋਚਨਾ ਦੀ ਦੂਸਰੀ ਪਰੰਪਰਾ ਕ੍ਰਾਂਤੀਕਾਰੀ ਜਾਂ ਮਾਰਕਸਵਾਦੀ ਪਰੰਪਰਾ ਏ। ਪ੍ਰੋ. ਸੰਤ ਸਿੰਘ ਸੇਖੋਂ ਇਕ ਐਸੇ ਕ੍ਰਾਂਤੀਕਾਰੀ ਅਲੋਚਕ ਨੇ ਜਿਨ੍ਹਾਂ ਨੂੰ ਜਿਸ ਸਾਹਿਤਕ ਕ੍ਰਿਤ ਵਿਚ ਕ੍ਰਾਂਤੀਕਾਰੀ ਲਹੂ ਡੁੱਲ੍ਹਿਆ ਨਜ਼ਰ ਨਾ ਆਏ, ਉਸ ਨੂੰ ਉਹ ਸਾਹਿਤਕ ਕ੍ਰਿਤ ਵੀ ਮੰਨਣ ਲਈ ਤਿਆਰ ਨਹੀਂ। ਉਹਨਾਂ ਲਈ ਆਰਥਿਕ ਚੇਤਨਾ ਈ ਸੱਚੀ ਚੇਤਨਾ ਏ, ਮਨੁੱਖ ਦੇ ਬਾਕੀ ਸਾਰੇ ਵਾਤਾਵਰਨ ਜਿੱਥੇ ਧਰਮ, ਕਰਮ ਦਾ ਕਿਸੇ ਤਰ੍ਹਾਂ ਨਾਂ ਆ ਜਾਏ , ਉਹਨਾਂ ਦੇ ਮਾਰਕਸਵਾਦੀ ਸਮਾਜਵਾਦ ਵਿਚ ਨਹੀਂ ਆਉਂਦੇ। ਪ੍ਰੋਫ਼ੈਸਰ ਸੰਤ ਸਿੰਘ ਸੇਖੋਂ ਮਾਰਕਸਵਾਦ ਦੇ ਇਕ ਐਸੇ ਕਾਰੀਗਰ ਜਾਂ ਟੈਕਨੀਸ਼ੀਅਨ ਨੇ ਜਿਨ੍ਹਾਂ ਵਾਸਤੇ ਸਿਵਾਇ ਆਰਥਿਕ ਵਿਰੋਧ ਦੇ ਕੋਈ ਹੋਰ ਵਿਰੋਧ ਸਾਹਿਤਕ ਚੇਤਨਾ ਦਾ ਵਿਸ਼ਾ ਨਹੀਂ ਬਣ ਸਕਦਾ। ਉਹ ਮਨੁੱਖ ਦੇ ਸੰਜੋਗ ਤੇ ਵਿਯੋਗ ਦੇ ਦੁਵੰਦ ਨੂੰ ਅੱਖੀਓਂ ਉਹਲੇ ਕਰਦੇ ਨੇ ਤੇ ਉਹਨਾਂ ਵਾਸਤੇ ਸਭਿਅਕ ਵਾਤਾਵਰਨ ਵਿਚ ਗ੍ਰਸੇ ਮਨੁੱਖ ਦੇ ਦੁਖ-ਸੁਖ ਕੋਈ ਮਹਾਨਤਾ ਨਹੀਂ ਰੱਖਦੇ। ਜਦੋਂ ਅਸੀਂ ਆਪਣੇ ਸਾਰੇ ਇਤਿਹਾਸਕ ਅਤੇ ਸਾਹਿਤਕ ਵਿਰਸੇ ਨੂੰ ਨਿਗੂਣਾ ਮੰਨੀਏ ਤੇ ਪੁਰਾਣੀਆਂ ਕੀਮਤਾਂ ਕਹਿ ਕੇ ਮੂੰਹ ਮੋੜ ਲਈਏ ਤਾਂ ਫਿਰ ਵਿਰੋਧ ਸਭਿਅਤਾ: ਅਸਭਿਅਤਾ ਦਾ ਈ ਹੋ ਸਕਦਾ ਏ।[1]

ਇਸੇ ਤਰਾਂ ਪਾਕਿਸਤਾਨੀ ਪੰਜਾਬ ਵਿਚ ਸਿਰਜੇ ਜਾ ਰਹੇ ਸਾਹਿਤ ਅਤੇ ਆਲੋਚਨਾ ਨੇ ਭਾਰਤੀ ਦਰਸ਼ਨ, ਮਿਥ ਅਤੇ ਗੁਰਬਾਣੀ ਦੀ ਪਰੰਪਰਾ ਤੋਂ ਸੁਚੇਤ ਪੱਧਰ ’ਤੇ ਨਾਤਾ ਤੋੜ ਕੇ ਕੇਵਲ ਸੂਫ਼ੀ-ਕਾਵਿ, ਕਿੱਸਾ-ਕਾਵਿ ਅਤੇ ਪੰਜਾਬੀ ਲੋਕ ਸਾਹਿਤ ਨੂੰ ਹੀ ਆਪਣਾ ਸਾਹਿਤਕ ਵਿਰਸਾ ਮੰਨਿਆ। ਗਿਆਨ-ਦਰਸ਼ਨ ਦੀਆਂ ਇਹਨਾਂ ਵੱਡੀਆਂ ਪਰੰਪਰਾਵਾਂ ਤੋਂ ਨਾਤਾ ਤੋੜਨ ਕਾਰਨ ਲਹਿੰਦੇ ਪੰਜਾਬ ਦਾ ਆਧੁਨਿਕ ਕਾਵਿ ਵਰਤਮਾਨ ਜੀਵਨ ਦੀ ਜਟਿਲ ਬਣਤਰ ਅਤੇ ਤਣਾਓ ਦੇ ਅਨੁਕੂਲ ਦਾਰਸ਼ਨਿਕ ਮੁਹਾਵਰਾ ਨਹੀਂ ਸਿਰਜ ਸਕਿਆ। ਜਦਕਿ ਗੁਰਬਾਣੀ ਦੀ ਪ੍ਰੇਰਨਾਤਮਕ ਪਿੱਠਭੂਮੀ ਉੱਤੇ ਸਿਰਜਿਆ ਗਿਆ ਆਧੁਨਿਕ ਭਾਰਤੀ ਪੰਜਾਬੀ ਸਾਹਿਤ ਅਤੇ ਚਿੰਤਨ ਵਰਤਮਾਨ ਜੀਵਨ ਦੀ ਸੂਖਮ ਜਟਿਲਤਾ ਅਤੇ ਪੇਚੀਦਾ ਤਣਾਉ ਨੂੰ ਇਕ ਚਿੰਤਨਸ਼ੀਲ ਮੁਹਾਵਰੇ ਵਿਚ ਪ੍ਰਗਟ ਕਰ ਸਕਣ ਦੇ ਸਮਰੱਥ ਹੋਇਆ ਹੈ। ਭਾਰਤੀ ਪੰਜਾਬ ਵਿਚ ਵੀ ਮਾਂਗਵੇਂ ਚਿੰਤਨ ਆਧਾਰਾਂ ਅਤੇ ਸਾਹਿਤ ਸਿਧਾਂਤਾਂ ਦੀ ਪ੍ਰਸਤਿਸ਼ ਅਧੀਨ ਆਪਣੇ ਗੌਰਵਮਈ ਵਿਰਸੇ ਨਾਲ ਟਕਰਾਉਣ ਵਾਲੀਆਂ ਸਾਹਿਤਕ ਪ੍ਰਵਿਰਤੀਆਂ ਚਿੰਤਨ ਅਤੇ ਚੇਤਨਾ ਦੇ ਵਡਆਕਾਰੀ ਫ਼ੈਲਾਅ ਵਾਲੇ ਪ੍ਰਵਚਨ ਨਹੀਂ ਸਿਰਜ ਸਕੀਆਂ।

ਗੁਰੂ ਨਾਨਕ ਬਾਣੀ ਇਕ ਸਮੇਂ ਤੱਕ ਸੀਮਤ ਪਾਠ ਨਹੀਂ ਹੈ। ਇਸ ਵਿਚ ਅਤੀਤ ਦੇ ਪਾਠ ਵੀ ਬੋਲਦੇ ਹਨ ਅਤੇ ਭਵਿੱਖਮੁਖੀ ਪਾਠਾਂ ਦੀ ਸੰਭਾਵਨਾ ਵੀ ਨਿਸ਼ਚਤ ਹੁੰਦੀ ਹੈ। ਸੌਸਿਊਰ ਦੀ ਤਕਨੀਕੀ ਸ਼ਬਦਾਵਲੀ ਵਿਚ ਇਸ ਦੀ ਸਾਰਥਕਤਾ ਇਕਾਲਕ (synchronic) ਅਤੇ ਬਹੁਕਾਲਕ ਦੀ ਸੰਯੁਕਤੀ ਵਾਲੀ ਹੈ। ਇਸ ਵਿਚ ਵਿਸ਼ਵ ਦੀ ਸਭ ਤੋਂ ਪੁਰਾਤਨ ਟੈਕਸਟ ਰਿਗਵੇਦ ਦਾ ਦਾਰਸ਼ਨਿਕ ਅਨੁਭਵ ਵੀ

ਬੋਲਦਾ ਹੈ ਅਤੇ ਕੁਰਾਨ ਦਾ ਇਲਹਾਮੀ ਅਧਿਆਤਮ ਵੀ ਪ੍ਰਕਾਸ਼ਤ ਹੁੰਦਾ ਹੈ। ਇਸ ਵਿਚ ਉਪਨਿਸ਼ਦਾਂ ਦਾ ਗਿਆਨ, ਮਿਥ ਦੇ ਮੈਟਾਫਰ, ਬੁੱਧ ਦਰਸ਼ਨ ਦੀ ਸ਼ੂਨਯ, ਜੋਗ ਮੱਤ ਦਾ ਸਾਧਨਾ ਮਾਰਗ ਅਤੇ ਸੂਫ਼ੀਵਾਦ ਦਾ ਰਹੱਸ ਅਨੁਭਵ ਇਕਸੁਰ ਸੰਵਾਦ ਦਾ ਰੂਪ ਧਾਰਦੇ ਹਨ। ਇਸ ਤਰਾਂ ਵਿਸ਼ਵ ਦੇ ਸ਼ਬਦ-ਸਭਿਆਚਾਰ ਵਿਚ ਬਾਣੀ ਅੰਤਰ-ਮੱਤ ਸੰਵਾਦ ਦੇ ਵਿਰਾਟ ਪਰਿਪੇਖ ਵਾਲੀ ਵਿਲੱਖਣ ਅਤੇ ਅਤਿ ਮਹੱਤਵਪੂਰਨ ਟੈਕਸਟ ਬਣ ਜਾਂਦੀ ਹੈ। ਬਾਣੀ ਦੀ ਸੰਵਾਦ ਭਾਵਨਾ ਅਜੋਕੇ ਵਿਸ਼ਵੀਕਰਨ ਦੇ ਸੰਦਰਭ ਵਿਚ ਅਜਿਹੀ ਸਮਭਾਵੀ ਵਿਸ਼ਵ-ਦ੍ਰਿਸ਼ਟੀ ਉਸਾਰਦੀ ਹੈ ਜਿਸ ਵਿਚੋਂ ਸੰਸਾਰ ਦੀਆਂ ਕੁਲ ਸਭਿਅਤਾਵਾਂ ਦੀਆਂ ਖੇਤਰੀ ਸ਼ਨਾਖ਼ਤਾਂ ਦੀ ਵਨਸੁਵੰਨਤਾ ਨੂੰ ਕਾਇਮ ਰੱਖਦੇ ਹੋਏ ਵੀ ਇਕ ਸਾਂਝੀ ਵਿਸ਼ਵ-ਸਭਿਅਤਾ ਦੇ ਨਕਸ਼ ਉਲੀਕੇ ਜਾ ਸਕਦੇ ਹਨ। ਡਾ. ਜਗਬੀਰ ਸਿੰਘ ਨੇ ਆਪਣੀ ਪੁਸਤਕ **Interfaith Dialogue in Sri Guru Granth Sahib** (civilizational context) ਦੇ ਇਕ ਮਜ਼ਮੂਨ "Sri Guru Granth Sahib: Text and Context" ਵਿਚ ਇਸ ਖ਼ਿਆਲ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਸੂਤਰਬੱਧ ਕੀਤਾ ਹੈ। ਉਹਨਾਂ ਅਨੁਸਾਰ :

> The text and discourse of this scripture provides an insightful model for inter-faith understanding and harmony, which is most relevant in the present national and inter-national context. Obviously, it deals with these concerns in its own temporal context, which needs to be re-contextualized in the contemporary situation. The text and discourse of Sri Guru Granth Sahib which is also referred to as Gurbani in common parlance, represents the rich socio-cultural and religious diversity of the Indian sub-continent. Obviously, such a scripture can easily transcend the sectarian boundaries of religious denominations and rightfully assume the status of a universal world scripture.[2]

ਗੁਰੂ ਨਾਨਕ-ਬਾਣੀ ਬੁਨਿਆਦੀ ਤੌਰ 'ਤੇ ਇਕ ਬ੍ਰਹਿਮੰਡੀ ਦ੍ਰਿਸ਼ਟੀ ਦੀ ਧਾਰਨੀ ਹੈ ਪਰ ਵਿਚਾਰਨਯੋਗ ਨੁਕਤਾ ਇਹ ਹੈ ਕਿ ਇਸ ਸਬੰਧੀ ਉੱਸਰਿਆ ਸਾਡਾ ਸਮਾਜ ਮਨੋਵਿਗਿਆਨਕ ਪ੍ਰਤੱਖਣ (socio-psychological perception) ਵੀ ਬ੍ਰਹਿਮੰਡੀ ਹੈ ਜਾਂ ਨਹੀਂ? ਪ੍ਰਸਤੁਤ ਖੋਜ-ਪੱਤਰ ਦਾ ਮਨੋਰਥ ਗੁਰੂ ਨਾਨਕ-ਬਾਣੀ ਨੂੰ ਪੰਜਾਬੀ ਸੰਵੇਦਨਾ ਦੇ ਸੰਦਰਭ ਵਿਚ ਵਿਚਾਰਨਾ ਹੈ। ਇਸ ਸਬੰਧੀ ਮੁੱਢਲਾ ਪ੍ਰਸ਼ਨ ਹੈ ਕਿ ਪੰਜਾਬੀ ਸੰਵੇਦਨਾ ਤੋਂ ਕੀ ਭਾਵ ਹੈ? ਸੰਵੇਦਨਸ਼ੀਲਤਾ ਦੋ ਤਰ੍ਹਾਂ ਦੀ ਹੁੰਦੀ ਹੈ: ਇਕ ਸਰੀਰਕ ਅਤੇ ਦੂਜੀ ਮਨੋਵਿਗਿਆਨਕ। ਅੰਗਰੇਜ਼ੀ ਵਿਚ ਸਰੀਰਕ ਸੰਵੇਦਨਾ ਲਈ Senstivity ਅਤੇ ਮਨੋਵਿਗਿਆਨਕ ਸੰਵੇਦਨਾ ਲਈ Sensibility ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸਰੀਰਕ ਸੰਵੇਦਨਾ ਦੇ ਤਹਿਤ ਮਨੁੱਖੀ ਸਰੀਰ ਕੁਝ ਵਸਤੂਆਂ ਅਤੇ ਵਰਤਾਰਿਆਂ ਦੇ ਸੰਪਰਕ ਵਿਚ ਆ ਕੇ ਸਹਿਜ ਰਹਿੰਦਾ ਹੈ ਪਰ ਕੁਝ ਵਸਤੂਆਂ ਅਤੇ ਵਰਤਾਰਿਆਂ ਦਾ ਸੰਪਰਕ ਇਸ ਨੂੰ ਅਸਹਿਜ ਕਰ ਦਿੰਦਾ ਹੈ। ਕੁਝ ਵਸਤੂ-ਵਰਤਾਰਿਆਂ ਦਾ ਸੰਪਰਕ ਸਰੀਰ ਨੂੰ ਆਨੰਦ ਦਿੰਦਾ ਹੈ ਪਰ ਕੁਝ ਵਸਤੂ-ਵਰਤਾਰਿਆਂ ਦੇ ਸੰਪਰਕ ਤੋਂ ਇਸ ਨੂੰ ਅਲਰਜੀ (allergy) ਹੁੰਦੀ ਹੈ। ਇਵੇਂ ਹੀ ਮਨੁੱਖੀ ਮਨ ਨੂੰ ਵੀ ਕੁਝ ਵਰਤਾਰੇ ਆਨੰਦ ਦਿੰਦੇ ਹਨ ਪਰ ਕੁਝ ਵਰਤਾਰੇ ਪਰੇਸ਼ਾਨ ਕਰ ਦਿੰਦੇ ਹਨ। ਮਨੁੱਖੀ ਮਨ ਵੀ ਕੁਝ ਵਰਤਾਰਿਆਂ ਦੇ ਵਾਪਰਨ 'ਤੇ ਆਨੰਦਤ ਹੁੰਦਾ ਹੈ ਅਤੇ ਕੁਝ ਵਰਤਾਰਿਆਂ ਪ੍ਰਤੀ ਇਸ ਨੂੰ ਅਲਰਜੀ ਹੁੰਦੀ ਹੈ। ਸਰੀਰਕ ਸੰਵੇਦਨਾ ਵਿਅਕਤੀਗਤ ਹੁੰਦੀ ਹੈ, ਪਰ ਮਨੋਵਿਗਿਆਨਕ ਸੰਵੇਦਨਾ ਵਿਅਕਤੀਗਤ ਦੇ ਨਾਲ-ਨਾਲ ਸਮੂਹਕ ਵੀ ਹੁੰਦੀ ਹੈ। ਸਮੂਹਕ ਮਨੋਵਿਗਿਆਨਕ ਸੰਵੇਦਨਾ ਦਾ ਸਬੰਧ ਕਿਸੇ ਸਮਾਜ ਦੇ ਸਮੂਹਕ ਅਵਚੇਤਨ (collective

unconscious) ਨਾਲ ਹੁੰਦਾ ਹੈ। ਆਪਣੇ ਸਮੂਹਕ ਅਵਚੇਤਨ ਦੀ ਬਣਤਰਾਤਮਕ ਸਾਂਝ ਕਰਕੇ ਕੁਝ ਵਰਤਾਰਿਆਂ ਪ੍ਰਤੀ ਇਕ ਸਮਾਜ ਦੇ ਕੁਲ ਮੈਂਬਰ ਇਕੋ ਜਿਹੇ ਪ੍ਰਤੀਕਰਮ ਹੀ ਦਿੰਦੇ ਹਨ, ਮਸਲਨ ਪੰਜਾਬੀ ਬੰਦਾ ਪੁੱਤਰ ਦੇ ਜਨਮ ਤੇ ਖੁਸ਼ ਹੁੰਦਾ ਹੈ ਅਤੇ ਧੀ ਦੇ ਜਨਮ 'ਤੇ ਉਦਾਸ ਹੋ ਜਾਂਦਾ ਹੈ। ਇਹ ਪੰਜਾਬੀ ਮਨੋਵਿਗਿਆਨਕ ਸੰਵੇਦਨਸ਼ੀਲਤਾ ਦਾ ਸਾਂਝਾ ਪ੍ਰਤੀਕਰਮ ਹੁੰਦਾ ਹੈ। ਇਥੇ ਅਸੀਂ ਜਿਸ ਪੰਜਾਬੀ ਸੰਵੇਦਨਾ ਦੀ ਗੱਲ ਕਰਨ ਜਾ ਰਹੇ ਹਾਂ ਉਹ ਪੰਜਾਬੀ ਸਮੂਹਕ ਅਵਚੇਤਨ 'ਤੇ ਉੱਸਰੀ ਮਨੋਵਿਗਿਆਨਕ ਸੰਵੇਦਨਸ਼ੀਲਤਾ ਹੈ। ਹਰ ਸਮਾਜ ਸਭਿਆਚਾਰ ਦੀ ਆਪਣੀ ਸਾਂਝੀ ਸੰਵੇਦਨਾ ਹੁੰਦੀ ਹੈ ਜਿਸ ਵਿਚੋਂ ਸਮਾਜ ਸਭਿਆਚਾਰ ਦੇ ਸਮੂਹਕ ਅਵਚੇਤਨ ਦੀ ਵਿਆਕਰਨ ਪ੍ਰਤੀਬਿੰਬਤ ਹੁੰਦੀ ਹੈ। ਸਮਾਜਿਕ ਸੰਵੇਦਨਾ ਦੀ ਵਿਆਕਰਨ ਸਦੀਆਂ ਵਿਚ ਬਣਦੀ ਹੈ। ਇਸ ਉੱਪਰ ਇਕ ਸਮਾਜ ਦੇ ਸਮੂਹਕ ਸੰਘਰਸ਼ਾਂ, ਜਿੱਤਾਂ, ਹਾਰਾਂ, ਖੁਸ਼ੀਆਂ, ਗਮੀਆਂ, ਸਵਾਰਥਾਂ, ਜ਼ੁਲਮਾਂ ਅਤੇ ਰਾਜਨੀਤੀ ਆਦਿ ਦਾ ਅਸਰ ਹੁੰਦਾ ਹੈ।

ਹਰ ਸਮਾਜ ਸਭਿਆਚਾਰ ਦੀ ਆਪਣੀ ਨਿਵੇਕਲੀ ਸਮੂਹਕ ਸੰਵੇਦਨਾ ਹੁੰਦੀ ਹੈ। ਪੰਜਾਬੀ ਸੰਵੇਦਨਾ ਪੰਜਾਬੀ ਸਮਾਜ ਸਭਿਆਚਾਰ ਦੀ ਸਾਂਝੀ ਮਨੋਵਿਗਿਆਨਕ ਸੰਵੇਦਨਾ ਹੈ। ਇਕ ਵਿਸ਼ੇਸ਼ ਸਮਾਜ ਸਭਿਆਚਾਰ ਨਾਲ ਸਬੰਧਤ ਹੋਣ ਕਰਕੇ ਇਹ ਇਕ ਸੀਮਤ ਵਰਤਾਰਾ ਹੈ ਜਿਸ ਦੀਆਂ ਆਪਣੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਹਨ। ਮਨੁੱਖੀ ਮਾਨਸਿਕਤਾ ਦੀ ਉਪਜ ਹੋਣ ਕਾਰਨ ਇਸ ਦੇ ਸਹਿਜ ਉਲਾਰ ਵੀ ਹਨ।ਗੁਰੂ ਨਾਨਕ ਸਾਹਿਬ ਦਾ ਆਗਮਨ ਪੰਜਾਬ ਦੀ ਧਰਤੀ 'ਤੇ ਹੋਣ ਕਾਰਨ ਕਈ ਵਾਰ ਸਾਧਾਰਨ ਪੰਜਾਬੀ ਪ੍ਰਤੱਖਣ ਗੁਰੂ ਨਾਨਕ ਨੂੰ ਪੰਜਾਬੀਅਤ ਦੇ ਪ੍ਰਤੀਨਿਧ ਵਜੋਂ ਦੇਖਣ ਦਾ ਯਤਨ ਕਰਦਾ ਹੈ। ਇਹ ਗੁਰੂ ਨਾਨਕ ਸਾਹਿਬ ਦੇ ਬ੍ਰਹਿਮੰਡੀ ਚਿੰਤਨ ਨੂੰ ਇਕ ਵਿਸ਼ੇਸ਼ ਭੂਗੋਲਿਕ ਖਿੱਤੇ, ਇਕ ਵਿਸ਼ੇਸ਼ ਸਮਾਜ ਅਤੇ ਸਭਿਆਚਾਰ ਦੇ ਦਾਇਰਿਆਂ ਵਿਚ ਸੀਮਤ ਕਰਨ ਵਾਲੀ ਗੱਲ ਹੈ। ਜਦੋਂ ਅਸੀਂ ਗੁਰੂ ਨਾਨਕ-ਬਾਣੀ ਨੂੰ ਪੰਜਾਬੀ ਸੰਵੇਦਨਾ ਦੇ ਪ੍ਰਸੰਗ ਵਿਚ ਵਿਚਾਰਨ ਦਾ ਯਤਨ ਕਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ -ਬਾਣੀ ਦਾ ਫ਼ੈਲਾਅ ਬ੍ਰਹਿਮੰਡੀ ਹੈ ਜਦਕਿ ਪੰਜਾਬੀਅਤ ਇਕ ਖੇਤਰੀ ਵਰਤਾਰਾ ਹੈ। ਇਸ ਲਈ ਗੁਰੂ ਨਾਨਕ-ਬਾਣੀ ਨੂੰ ਪੰਜਾਬੀ ਸੰਵੇਦਨਾ ਤੋਂ ਬੌਧਿਕ ਧਰਾਤਲ 'ਤੇ ਨਿਖੇੜਨਾ ਬਹੁਤ ਜ਼ਰੂਰੀ ਹੈ। ਪੰਜਾਬੀ ਸੰਵੇਦਨਾ ਦੇ ਦਾਇਰਿਆਂ ਅਤੇ ਗੁਰੂ ਨਾਨਕ-ਬਾਣੀ ਦੀ ਪਾਰਗਾਮੀ ਵਿਸ਼ਵ-ਦ੍ਰਿਸ਼ਟੀ (transcendental world view) ਦਾ ਦਾਰਸ਼ਨਿਕ ਅੰਤਰ-ਨਿਖੇੜ ਕਰਨ ਲੱਗਿਆਂ ਕੁਝ ਬਨਿਆਦੀ ਨੁਕਤੇ ਸਹਿਜ ਰੂਪ ਵਿਚ ਹੀ ਉਜਾਗਰ ਹੁੰਦੇ ਹਨ। ਮਸਲਨ ਪੰਜਾਬੀ ਸਮਾਜ ਸਭਿਆਚਾਰ ਮਰਦ-ਪ੍ਰਧਾਨ ਹੈ। ਇਸ ਲਈ ਮਰਦ ਦੀ ਸ੍ਰੇਸ਼ਠਤਾ ਦਾ ਭਾਵ ਪੰਜਾਬੀ ਮਨ ਵਿਚ ਸਹਿਜ ਰੂਪ ਵਿਚ ਟਿਕਿਆ ਹੈ। ਇਥੇ ਮਰਦ ਦਾ ਸਥਾਨ ਉੱਚਾ ਹੈ ਅਤੇ ਇਸਤਰੀ ਦਾ ਨੀਵਾਂ। ਲਿੰਗ ਵਿਤਕਰੇ ਦੇ ਇਸ ਭਾਵ ਨੇ ਪੰਜਾਬੀ ਭਾਸ਼ਾ ਦੀ ਵਿਆਕਰਨ ਤਕ ਨੂੰ ਵੀ ਪ੍ਰਭਾਵਤ ਕੀਤਾ ਹੈ। ਪੰਜਾਬੀ ਭਾਸ਼ਾ ਦੇ ਲਿੰਗ-ਪ੍ਰਬੰਧ ਦਾ ਸਮਾਜ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ (sociolinguistis analysis) ਕੀਤਾ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਭਾਸ਼ਾ ਵਿਚ ਜਦੋਂ ਨਿਰਜਿੰਦ ਵਸਤੂਆਂ ਦੀ ਵੀ ਲਿੰਗ ਆਧਾਰਿਤ ਵੰਡ ਕੀਤੀ ਜਾਂਦੀ ਹੈ ਤਾਂ ਵਸਤੂ ਦਾ ਵੱਡਾ ਜਾਂ ਛੋਟਾ ਹੋਣਾ ਉਸ ਦੀ ਲਿੰਗ ਸ਼੍ਰੇਣੀ ਨੂੰ ਨਿਸ਼ਚਤ ਕਰਦਾ ਹੈ। ਇਕ ਵਰਗ ਦੀ ਵੱਡੀ ਵਸਤੂ ਨੂੰ ਪੁਲਿੰਗ ਅਤੇ ਉਸੇ ਵਰਗ ਦੀ ਛੋਟੀ ਵਸਤੂ ਨੂੰ ਇਸਤਰੀ ਲਿੰਗ ਨਾਂਵ ਪ੍ਰਦਾਨ ਕੀਤਾ ਜਾਂਦਾ ਹੈ। ਇਸ ਦੀਆਂ ਕੁਝ ਉਦਾਹਰਣਾਂ ਨਿਮਨ ਲਿਖਤ ਹਨ:

| *ਪੁਲਿੰਗ* | *ਇਸਤਰੀ ਲਿੰਗ* |
|---|---|
| *ਪੱਖਾ* | *ਪੱਖੀ* |
| *ਮੰਜਾ* | *ਮੰਜੀ* |
| *ਸੋਟਾ* | *ਸੋਟੀ* |
| *ਕੁੜਤਾ* | *ਕੁੜਤੀ* |

ਪੰਜਾਬੀ ਭਾਸ਼ਾ ਵਿਚ ਨਿਰਜਿੰਦ ਵਸਤੂਆਂ ਲਈ ਕੀਤੇ ਗਏ ਲਿੰਗ-ਨਿਰਧਾਰਨ ਦੀ ਇਹ ਜੁਗਤ ਦਰਸਾਉਂਦੀ ਹੈ ਕਿ ਪੰਜਾਬੀ ਸੰਵੇਦਨਾ ਬੁਨਿਆਦੀ ਤੌਰ 'ਤੇ ਮਰਦ-ਪ੍ਰਧਾਨ ਹੈ। ਇਸੇ ਲਈ ਇਸ ਦੀ ਭਾਸ਼ਾ ਵਿਚ ਇਕ ਹੀ ਵਰਗ ਦੀ ਵੱਡੀ ਵਸਤੂ ਪੁਲਿੰਗ ਨਾਂਵ ਅਤੇ ਛੋਟੀ ਵਸਤੂ ਇਸਤਰੀ

ਲਿੰਗ ਨਾਂਵ ਦੀ ਧਾਰਨੀ ਹੈ। ਮਰਦ ਪ੍ਰਧਾਨਤਾ ਕਾਰਨ ਹੀ ਪੰਜਾਬੀ ਸੰਵੇਦਨਾ ਵਿਚ ਪੁੱਤਰ ਪ੍ਰਾਪਤੀ ਦੀ ਇੱਛਾ ਪ੍ਰਬਲ ਹੈ। ਪੁੱਤਰ ਦੇ ਜਨਮ ਦਾ ਚਾਅ ਅਤੇ ਖ਼ੁਸ਼ੀ ਹੈ। ਧੀ ਦੇ ਜਨਮ ਦਾ ਦੁਖ ਅਤੇ ਉਦਾਸੀ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਪੰਜਾਬੀ ਲੋਕ ਸਾਹਿਤ ਪੁੱਤਰ ਦੇ ਜਨਮ ਦੀ ਖ਼ੁਸ਼ੀ ਦੇ ਗੀਤਾਂ ਨਾਲ ਭਰਿਆ ਪਿਆ ਹੈ। ਪੰਜਾਬੀ ਲੋਕ ਸਾਹਿਤ ਵਿਚ ਪੁੱਤਰ ਦੇ ਜਨਮ ਦੀ ਖ਼ੁਸ਼ੀ ਨਾਲ ਸਬੰਧਤ ਹਜ਼ਾਰਾਂ ਲੋਕ-ਗੀਤ ਸਹਿਜੇ ਹੀ ਲੱਭੇ ਜਾ ਸਕਦੇ ਹਨ ਪਰ ਧੀ ਦੇ ਜਨਮ ਦੀ ਖ਼ੁਸ਼ੀ ਦਾ ਇਕ ਵੀ ਪੰਜਾਬੀ ਲੋਕ-ਗੀਤ ਦੁਰਲੱਭ ਹੈ। ਲੋਕਧਾਰਾ ਕਦੇ ਝੂਠ ਨਹੀਂ ਬੋਲਦੀ। ਲੋਕ-ਗੀਤ ਲੋਕ-ਮਨ ਦਾ ਦਰਪਣ ਹੁੰਦੇ ਹਨ। ਇਸ ਦਰਪਣ ਵਿਚੋਂ ਕੋਈ ਲੋਕ-ਸਮੂਹ ਆਪਣੇ ਸੱਚ ਨੂੰ ਦੇਖ ਸਕਦਾ ਹੈ। ਇਹ ਪੰਜਾਬੀ ਲੋਕ-ਸੰਵੇਦਨਾ ਦਾ ਸੱਚ ਹੈ ਕਿ ਇਸ ਵਿਚੋਂ ਧੀ ਦੇ ਜਨਮ ਦੀ ਖ਼ੁਸ਼ੀ ਮਨਫ਼ੀ ਹੈ। ਗੁਰੂ ਨਾਨਕ-ਬਾਣੀ ਦੀ ਰੌਸ਼ਨੀ ਵਿਚ ਜਦੋਂ ਅਸੀਂ ਇਸ ਵਰਤਾਰੇ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ-ਬਾਣੀ ਮਨੁੱਖੀ ਚੇਤਨਾ ਨੂੰ ਅਜਿਹੇ ਵਿਤਕਰਿਆਂ ਤੋਂ ਮੁਕਤ ਕਰਦੀ ਹੈ। ਗੁਰੂ ਨਾਨਕ-ਬਾਣੀ ਹਰ ਤਰ੍ਹਾਂ ਦੇ ਸਮਾਜ ਸਭਿਆਚਾਰਕ ਅਨਿਆਂ ਦੀ ਭਾਵਨਾ ਨੂੰ ਰੱਦ ਕਰਨ ਵਾਲਾ ਗਿਆਨ-ਪ੍ਰਬੰਧ ਉਸਾਰਦਾ ਹੈ। 'ਆਸਾ ਦੀ ਵਾਰ' ਨਿਮਨ ਅੰਕਿਤ ਪ੍ਰਵਚਨ ਪੰਜਾਬੀ ਅਤੇ ਭਾਰਤੀ ਸੰਵੇਦਨਾ ਵਿਚ ਨਿਹਿਤ ਲਿੰਗ ਆਧਾਰਿਤ ਵਿਤਕਰੇ ਅਤੇ ਅਨਿਆਂ ਦੇ ਸਨਮੁਖ ਬੁਨਿਆਦੀ ਗਿਆਨਮੂਲਕ ਪ੍ਰਸ਼ਨ ਖੜ੍ਹਾ ਕਰਦਾ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*[3]

ਆਦਮੀ ਇਸਤਰੀ ਦੇ ਅੰਦਰ ਨਿਪਜਦਾ ਅਤੇ ਇਸਤਰੀ ਤੋਂ ਹੀ ਪੈਦਾ ਹੁੰਦਾ ਹੈ। ਇਸਤਰੀ ਨਾਲ ਹੀ ਉਸ ਦਾ ਮੰਗਣਾ ਤੇ ਵਿਆਹ ਹੁੰਦਾ ਹੈ। ਇਸਤਰੀ ਨਾਲ ਆਦਮੀ ਦੋਸਤੀ ਗੰਢਦਾ ਹੈ ਅਤੇ ਇਸਤਰੀ ਰਾਹੀਂ ਹੀ ਉਤਪਤੀ ਦਾ ਮਾਰਗ ਜਾਰੀ ਰਹਿੰਦਾ ਹੈ। ਜਦ ਪਤਨੀ ਮਰ ਜਾਂਦੀ ਹੈ ਤਾਂ ਆਦਮੀ ਲਈ ਹੋਰ ਇਸਤਰੀ ਲੱਭੀ ਜਾਂਦੀ ਹੈ। ਇਸਤਰੀ ਨਾਲ ਬੰਦਾ ਜਬਤ ਵਿਚ ਰਹਿੰਦਾ ਹੈ। ਉਸ ਨੂੰ ਮੰਦਾ ਕਿਉਂ ਆਖਿਆਂ ਜਾਂਦਾ ਹੈ ਜੋ ਰਾਜਿਆਂ ਨੂੰ ਜਨਮ ਦਿੰਦੀ ਹੈ? ਇਸਤਰੀ ਤੋਂ ਇਸਤਰੀ ਪੈਦਾ ਹੁੰਦੀ ਹੈ। ਇਸਤਰੀ ਦੇ ਬਿਨਾ ਕੋਈ ਵੀ ਨਹੀਂ ਹੋ ਸਕਦਾ। ਕੇਵਲ ਉਹ ਇਕ ਸੱਚਾ ਪਰਮਾਤਮਾ ਹੀ ਇਸਤਰੀ ਤੋਂ ਬਾਹਰਾ ਹੈ। ਇਥੇ ਗੁਰੂ ਸਾਹਿਬ ਮਰਦ ਅਤੇ ਇਸਤਰੀ ਦੇ ਸਮਾਨ ਮਾਨਵੀ ਅਸਤਿੱਤਵ ਦਾ ਪ੍ਰਵਚਨ ਉਸਾਰਦੇ ਹਨ। ਇਥੇ ਕੇਵਲ ਇਕ ਸੱਚੇ ਪਰਮਾਤਮਾ ਨੂੰ ਇਸਤਰੀ ਤੋਂ ਬਾਹਰਾ ਮੰਨਿਆ ਗਿਆ ਹੈ। ਇਸਤਰੀ ਤੋਂ ਬਾਹਰ ਹੋਣ ਦਾ ਭਾਵ ਮਰਦ-ਇਸਤਰੀ ਦੀ ਲਿੰਗ-ਆਧਾਰਿਤ ਮਨੁੱਖ ਸਿਰਜਤ ਸਭਿਆਚਾਰਕ ਵੰਡ ਤੋਂ ਬਾਹਰ ਹੋਣਾ ਹੈ। ਜਿਥੇ ਇਸਤਰੀ ਨਹੀਂ ਉਥੇ ਮਰਦ ਵੀ ਨਹੀਂ। ਇਸਤਰੀ ਅਤੇ ਮਰਦ ਦੋ ਸੰਕਲਪੀ ਹੋਂਦਾਂ ਹਨ ਜੋ ਇਕ-ਦੂਜੇ ਨੂੰ ਅਰਥ ਦਿੰਦੀਆਂ ਹਨ। ਭਾਸ਼ਾ ਵਿਗਿਆਨ ਦੀ ਤਕਨੀਕੀ ਸ਼ਬਦਾਵਲੀ ਵਿਚ ਇਸ ਨੂੰ ਜੋਟੀ ਵਿਰੋਧ (binary opposition) ਕਿਹਾ ਜਾਂਦਾ ਹੈ। ਇਸੇ ਵਿਚੋਂ ਸਾਰੇ ਭਾਸ਼ਈ ਚਿਹਨ ਅਰਥ ਗ੍ਰਹਿਣ ਕਰਦੇ ਹਨ। ਹਰ ਚਿਹਨ ਦੂਜੇ ਚਿਹਨ ਨਾਲ ਮੇਲ ਅਤੇ ਵਿਰੋਧ ਵਿਚੋਂ ਅਰਥ ਸਿਰਜਦਾ ਹੈ, ਜਿਵੇਂ ਹਨੇਰਾ ਚਾਨਣ ਨੂੰ ਅਰਥ ਦਿੰਦਾ ਹੈ ਅਤੇ ਚਾਨਣ ਹਨੇਰੇ ਨੂੰ। ਇਸੇ ਤਰ੍ਹਾਂ ਦਿਨ-ਰਾਤ, ਵੱਡਾ-ਛੋਟਾ, ਦੁਖ-ਸੁਖ ਅਤੇ ਇਸਤਰੀ-ਮਰਦ ਆਦਿ ਦੀ ਬਾਇਨਰੀ ਔਪੋਜ਼ੀਸ਼ਨ ਬਣਦੀ ਹੈ। ਇਕ ਦੀ ਗੈਰਹਾਜ਼ਰੀ ਵਿਚ ਦੂਜਾ ਅਰਥਹੀਨ ਹੋ ਜਾਂਦਾ ਹੈ। ਮਾਂ ਹੀ ਬੱਚੇ ਨੂੰ ਜਨਮ ਨਹੀਂ ਦਿੰਦੀ ਬੱਚਾ ਵੀ ਮਾਂ ਨੂੰ ਜਨਮ ਦਿੰਦਾ ਹੈ ਕਿਉਂਕਿ ਇਸਤਰੀ ਮਾਂ ਦੇ ਅਰਥ ਬੱਚੇ ਤੋਂ ਗ੍ਰਹਿਣ ਕਰਦੀ ਹੈ। ਸੋ ਜੋ ਇਸਤਰੀ ਤੋਂ ਬਾਹਰਾ ਹੈ ਉਹ ਮਰਦ ਤੋਂ ਵੀ ਬਾਹਰਾ ਹੈ। ਮਰਦ ਨੂੰ ਅਰਥ ਇਸਤਰੀ ਦਿੰਦੀ ਹੈ। ਜਿੱਥੇ ਇਸਤਰੀ ਨਹੀਂ ਉੱਥੇ ਮਰਦ ਵੀ ਨਹੀਂ। ਸੋ ਗੁਰੂ ਨਾਨਕ ਚਿੰਤਨ ਮਰਦ-ਇਸਤਰੀ ਦੇ ਵੰਡ-ਵਿਤਕਰੇ ਤੋਂ ਮੁਕਤ ਮਨੁੱਖੀ ਅਸਤਿੱਤਵ ਦੀ ਗੱਲ ਕਰਦੇ ਹਨ। ਇਸੇ ਪ੍ਰਸੰਗ ਵਿਚ ਗੁਰੂ ਨਾਨਕ ਬਾਣੀ ਦਾ ਕਥਨ ਹੈ:

*ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥*[4]

ਭਾਵ ਪੁਰਖ ਵਿਚ ਨਾਰ ਹੈ ਅਤੇ ਨਾਰ ਵਿਚ ਪੁਰਖ ਹੈ। ਇਸ ਯਥਾਰਥ ਨੂੰ ਕੋਈ ਬ੍ਰਹਮ ਗਿਆਨੀ ਹੀ ਬੁਝ ਸਕਦਾ ਹੈ। ਸੋ ਗੁਰੂ ਨਾਨਕ-ਬਾਣੀ ਅਨੁਸਾਰ ਪੁਰਖ ਅਤੇ ਨਾਰ ਦੀ ਵੰਡ ਤੋਂ ਪਾਰ ਸਮਾਨ ਅਤੇ ਇਕ ਅਸਤਿੱਤਵ ਦੀ ਪਛਾਣ ਲਈ ਅਤਿ ਗਿਆਨਵਾਨ ਚੇਤਨਾ ਲੋੜੀਂਦੀ ਹੈ।

ਪੰਜਾਬੀ ਸੰਵੇਦਨਾ ਜਾਤ-ਪਾਤ ਤੋਂ ਮੁਕਤ ਨਹੀਂ ਹੈ। ਪੰਜਾਬੀ ਲੋਕ ਸਾਹਿਤ ਜਾਤ-ਪਾਤੀ ਵੇਰਵਿਆਂ ਨਾਲ ਭਰਿਆ ਹੋਇਆ ਹੈ। ਪੰਜਾਬੀ ਅਖਾਣਾਂ ਵਿਚ ਵੱਖ-ਵੱਖ ਜਾਤੀਆਂ ਸਬੰਧੀ ਬੜੀਆਂ ਤ੍ਰਿਸਕਾਰ ਪੂਰਨ ਜਾਤੀ ਸੂਚਕ ਟਿੱਪਣੀਆਂ ਦੇਖੀਆਂ ਜਾ ਸਕਦੀਆਂ ਹਨ। ਪੰਜਾਬੀ ਲੋਕ ਗਾਥਾਵਾਂ ਜਾਤੀਗਤ ਹਉਮੈਂ ਦੇ ਜਸ-ਗਾਇਨ ਨਾਲ ਭਰਪੂਰ ਹਨ। ਪੰਜਾਬੀ ਕਿੱਸਾ-ਕਾਵਿ ਵਿਚ ਵੀ ਇਹਨਾਂ ਜਾਤ-ਪਾਤੀ ਪਾਸਾਰਾਂ ਦੀ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਦ੍ਰਿਸ਼ਟੀਗੋਚਰ ਹੁੰਦਾ ਹੈ। ਪੰਜਾਬੀ ਕਿੱਸਿਆਂ ਵਿਚੋਂ ਇਸ ਦੀਆਂ ਕੁਝ ਉਦਾਹਰਣਾਂ ਨਿਮਨ ਲਿਖਤ ਹਨ:

*ਅਸੀਂ ਜੱਟ ਹਾਂ ਨਾਹੜੀਆਂ ਕਰਨ ਵਾਲੇ ਅਸੀਂ ਕਚਕੜੇ ਨਹੀਂ ਪਰੋਵਣੇ ਨੀ।*
*ਰੰਨਾਂ ਨਾਲ ਜੋ ਵਰਜਦੇ ਗੱਲ ਕਰਨੋ ਐਸੇ ਗੁਰੂ ਨਾ ਬੰਨ੍ਹ ਕੇ ਚੋਵਣੇ ਨੀ।* *('ਹੀਰ' ਵਾਰਸ ਸ਼ਾਹ)*
*ਮੇਰੀ ਬੱਕੀ ਤੋਂ ਡਰਨ ਫ਼ਰਿਸ਼ਤੇ ਤੇ ਜੱਟ ਤੋਂ ਡਰੇ ਖ਼ੁਦਾ।* *('ਮਿਰਜ਼ਾ' ਪੀਲੂ)*

ਗੁਰੂ ਨਾਨਕ-ਬਾਣੀ ਮਨੁੱਖੀ ਚੇਤਨਾ ਨੂੰ ਇਸ ਜਾਤ ਆਧਾਰਿਤ ਵੰਡ ਦੀ ਹਉਮੈ ਅਤੇ ਅਨਿਆਂ ਤੋਂ ਮੁਕਤ ਕਰਦੀ ਹੈ। ਗੁਰੂ ਨਾਨਕ-ਬਾਣੀ ਜਾਤੀਗਤ ਪਛਾਣ ਨੂੰ ਵਿਅਰਥ ਮੰਨਦੀ ਹੈ:

*ਫਕੜ ਜਾਤੀ ਫਕੜੁ ਨਾਉ ॥*
*ਸਭਨਾ ਜੀਆ ਇਕਾ ਛਾਉ ॥*[5]

ਸੋ ਗੁਰੂ ਨਾਨਕ ਬਾਣੀ ਅਨੁਸਾਰ ਜਾਤ ਅਤੇ ਨਾਮ ਦੀ ਹਉਮੈ ਫ਼ਜ਼ੂਲ ਹੈ। ਪੰਜਾਬੀ ਸੰਵੇਦਨਾ ਦੇ ਜਾਤ-ਪਾਤੀ ਪ੍ਰਬੰਧ ਵਿਚੋਂ ਉਪਜੇ ਪ੍ਰਤੀਕ-ਵਿਧਾਨ ਨੂੰ ਗੁਰੂ ਨਾਨਕ ਬਾਣੀ ਵਿਚ ਕੋਈ ਥਾਂ ਪ੍ਰਾਪਤ ਨਹੀਂ ਹੁੰਦਾ। ਹੀਰ ਅਤੇ ਰਾਂਝਾ ਅਜਿਹੇ ਹੀ ਪ੍ਰਤੀਕ ਹਨ ਜਿਨ੍ਹਾਂ ਨੂੰ ਪੰਜਾਬੀ ਸੂਫ਼ੀ ਕਾਵਿ ਵਿਚ ਰਹੱਸਵਾਦੀ ਅਨੁਭਵ ਦੇ ਸੰਚਾਰ ਲਈ ਮੈਟਾਫ਼ਰ ਬਣਾਇਆ ਗਿਆ ਹੈ, ਪਰ ਪੰਜਾਬੀ ਲੋਕ ਗਾਥਾਵਾਂ ਦੇ ਇਹ ਨਾਇਕ ਗੁਰੂ ਨਾਨਕ ਬਾਣੀ ਵਿਚ ਮੈਟਾਫ਼ਰ ਨਹੀਂ ਬਣਦੇ। ਪੰਜਾਬੀ ਸੰਵੇਦਨਾ ਦੇ ਇਹਨਾਂ ਪ੍ਰੀਤ ਨਾਇਕਾਂ ਦਾ ਗੁਰੂ ਨਾਨਕ ਬਾਣੀ ਦੀ ਮੈਟਾਫ਼ਰ ਜੁਗਤ ਦਾ ਹਿੱਸਾ ਨਾ ਬਣਨ ਦੀ ਸਾਰਥਕਤਾ ਬਹੁਪਰਤੀ ਹੈ। ਇਕ ਤਾਂ ਇਹਨਾਂ ਪ੍ਰੀਤ ਨਾਇਕਾਂ ਦਾ ਪਿਆਰ ਅਨੁਭਵ ਮਰਯਾਦਾ ਬਾਹਰਾ ਹੈ। ਇਸ ਲਈ ਗੁਰੂ ਨਾਨਕ ਬਾਣੀ ਦੇ ਮਰਯਾਦਾਮਈ ਵਾਤਾਵਰਨ ਨਾਲ ਇਹਨਾਂ ਦੀ ਸੰਯੁਕਤੀ ਨਹੀਂ ਹੁੰਦੀ। ਦੂਸਰਾ ਇਹਨਾਂ ਨਾਇਕਾਂ ਦਾ ਨਾਇਕਤਵ ਜਾਤੀ ਹਉਮੈਂ ਤੋਂ ਮੁਕਤ ਨਹੀਂ। ਇਸ ਲਈ ਜਾਤ-ਪਾਤ ਦੀ ਭਾਵਨਾ ਨੂੰ ਮੂਲੋਂ ਨਾਕਾਰਨ ਵਾਲੀ ਗੁਰੂ ਨਾਨਕ-ਬਾਣੀ ਦਾ ਭਾਸ਼ਾਈ ਮੁਹਾਵਰਾ ਇਹਨਾਂ ਨੂੰ ਪ੍ਰਤੀਕ ਰੂਪ ਵਿਚ ਪ੍ਰਵਾਨ ਨਹੀਂ ਕਰਦਾ। ਗੁਰੂ ਨਾਨਕ-ਬਾਣੀ ਜਾਤੀ ਹਉਮੈ ਦੇ ਵਿਪਰੀਤ ਨੀਚ ਸਮਝੇ ਜਾਂਦੇ ਮਨੁੱਖਾਂ ਨਾਲ ਸੰਯੁਕਤੀ ਬਣਾਉਂਦੀ ਹੈ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥*[6]

ਜੋ ਕੇਵਲ ਨੀਚਾਂ ਅੰਦਰ ਨੀਚ ਜਾਤ ਹੀ ਨਹੀਂ ਬਲਕਿ ਨੀਵਿਆਂ ਵਿਚੋਂ ਵੀ ਸਭ ਤੋਂ ਨੀਵੇਂ ਗੁਰੂ ਸਾਹਿਬ ਉਹਨਾਂ ਦੀ ਸੰਗਤ ਲੋਚਦੇ ਹਨ। ਜਿਥੇ ਨੀਵੇਂ ਸਮਝੇ ਜਾਣ ਵਾਲਿਆਂ ਦੀ ਪ੍ਰਤਿਪਾਲਨਾ ਹੁੰਦੀ ਹੈ ਉਥੇ ਹੀ ਪਰਮਾਤਮਾ ਦੀ ਨਦਰ ਹੁੰਦੀ ਹੈ। ਸੋ ਪੰਜਾਬੀ ਸੰਵੇਦਨਾ ਦੀ ਜਾਤੀ-ਗਤ ਭਾਵਨਾ ਤੋਂ ਪਾਰ ਗੁਰੂ ਨਾਨਕ-ਬਾਣੀ ਸਮੁੱਚੀ ਮਨੁੱਖਤਾ ਦੀ ਅਸਤਿੱਤਵੀ ਸਮਾਨਤਾ (existential equality) ਦੇ ਭਾਵ ਨੂੰ ਸੰਚਾਰਤ ਕਰਦੀ ਹੈ।

ਗੁਰੂ ਨਾਨਕ-ਬਾਣੀ ਦਾ ਭਾਸ਼ਾਈ ਪਰਿਪੇਖ ਵੀ ਪੰਜਾਬੀ ਸੰਵੇਦਨਾ ਤੋਂ ਪਾਰਗਾਮੀ ਹੈ। ਗੁਰੂ ਨਾਨਕ ਬਾਣੀ ਦੀ ਲਿਪੀ ਗੁਰਮੁਖੀ ਹੈ ਪਰ ਇਹ ਸਮੁੱਚੀ ਬਾਣੀ ਪੰਜਾਬੀ ਭਾਸ਼ਾ ਵਿਚ ਨਹੀਂ। ਗੁਰੂ ਨਾਨਕ-ਬਾਣੀ ਵਿਚ ਪੰਜਾਬੀ ਦੇ ਨਾਲ-ਨਾਲ ਫ਼ਾਰਸੀ, ਸੰਸਕ੍ਰਿਤ ਅਤੇ ਬ੍ਰਜ ਆਦਿ ਭਾਸ਼ਾਵਾਂ ਦੀ

ਵਰਤੋਂ ਪ੍ਰਤੱਖ ਰੂਪ ਵਿਚ ਹੋਈ ਹੈ। ਇਸ ਪ੍ਰਸੰਗ ਵਿਚ ਰਾਗ ਤਿਲੰਗ ਵਿਚ ਗੁਰੂ ਨਾਨਕ ਸਾਹਿਬ ਦੁਆਰਾ ਉਚਾਰਨ ਕੀਤੇ ਨਿਮਨ ਨਿਮਨਲਿਖਤ ਪ੍ਰਵਚਨ ਦੀ ਉਦਾਹਰਣ ਬੜੀ ਢੁਕਵੀਂ ਹੈ:

*ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥*
*ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥*
*ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥*
*ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥*[7]

ਗੁਰੂ ਨਾਨਕ-ਬਾਣੀ ਦਾ ਉਪਰੋਕਤ ਪ੍ਰਵਚਨ ਨਿਸ਼ਚੇ ਹੀ ਪੰਜਾਬੀ ਭਾਸ਼ਾ ਨਹੀਂ ਹੈ। ਕੇਵਲ ਇਸ ਦੀ ਲਿਪੀ ਗੁਰਮੁਖੀ ਹੈ। ਗੁਰੂ ਨਾਨਕ ਚਿੰਤਨ ਦੀ ਪਾਰਗਾਮਤਾ ਪੰਜਾਬ ਅਤੇ ਭਾਰਤ ਦੀਆਂ ਭੂਗੋਲਿਕ ਤੇ ਭਾਸ਼ਾਈ ਹੱਦਾਂ ਤੋਂ ਪਾਰ ਵਿਚਰਦੀ ਹੈ। ਇਹੀ ਪਾਰਗਾਮਤਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸੰਪਾਦਨ ਸਮੇਂ ਭਗਤ-ਬਾਣੀ ਦੇ ਪ੍ਰਵੇਸ਼ ਨਾਲ ਗੁਰਮਤਿ ਦੀ ਭਾਸ਼ਾਈ ਵੰਨ-ਸੁਵੰਨਤਾ ਦਾ ਅਗਲੇਰਾ ਵਿਸਥਾਰ ਸਿਰਜਦੀ ਹੈ। ਸਰੂਪ, ਪ੍ਰਵਚਨ ਅਤੇ ਸੰਚਾਰ ਦੀ ਇਸ ਵਿਸ਼ਵ-ਵਿਆਪੀ ਵੰਨ-ਸੁਵੰਨਤਾ ਕਾਰਨ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕੇਵਲ ਪੰਜਾਬੀਅਤ ਦਾ ਪਾਠ ਨਾ ਹੋ ਕੇ ਬ੍ਰਹਿਮੰਡੀ ਪਾਠ ਹੈ।

ਗੁਰੂ ਨਾਨਕ-ਬਾਣੀ ਹਰ ਪ੍ਰਕਾਰ ਦੀਆਂ ਖੇਤਰੀ ਹੱਦਾਂ ਤੋਂ ਪਾਰ ਵਿਚਰਦੀ ਹੈ। ਕੁਝ ਕਵੀ ਆਪਣੇ ਪ੍ਰਾਂਤ ਜਾਂ ਖਿੱਤੇ ਤਕ ਸੀਮਤ ਗੀਤ ਸਿਰਜਦੇ ਹਨ। ਅਜਿਹੇ ਕਵੀਆਂ ਦੀ ਸੁਹਜ ਭਾਵਨਾ ਅਤੇ ਕਾਵਿ-ਦ੍ਰਿਸ਼ਟੀ ਆਪਣੇ ਖਿੱਤੇ ਦੇ ਸਭਿਆਚਾਰਕ ਭਾਵ, ਦ੍ਰਿਸ਼ ਅਤੇ ਪ੍ਰਤੀਕ-ਪ੍ਰਬੰਧ ਤੋਂ ਪਾਰ ਨਹੀਂ ਫ਼ੈਲਦੀ। ਕੁਝ ਕਵੀਆਂ ਦਾ ਗੀਤ ਆਪਣੇ ਰਾਸ਼ਟਰ ਦੀ ਪ੍ਰਤੀਬੱਧਤਾ ਵਿਚ ਵਿਚਰਦਾ ਹੈ। ਅਜਿਹੇ ਕਵੀ ਰਾਸ਼ਟਰਵਾਦੀ ਕਵੀ ਹੋ ਨਿੱਬੜਦੇ ਹਨ। ਕਵਿਤਾ ਦੇ ਇਹਨਾਂ ਦਾਇਰਿਆਂ ਦਾ ਆਪਣਾ ਮਹੱਤਵ ਹੁੰਦਾ ਹੈ, ਪਰ ਗੁਰੂ ਨਾਨਕ-ਬਾਣੀ ਦਾ ਪੱਧਰ ਇਹਨਾਂ ਦਾਇਰਿਆਂ ਤੋਂ ਪਾਰ ਕੁਲ ਬ੍ਰਹਿਮੰਡ ਦਾ ਗੀਤ ਸਿਰਜਦਾ ਹੈ। ਗੁਰੂ ਨਾਨਕ ਨਾ ਪੰਜਾਬੀਅਤ ਦੇ ਕਵੀ ਹਨ, ਨਾ ਹੀ ਉਹ ਰਾਸ਼ਟਰਵਾਦੀ ਕਵੀ ਹਨ। ਗੁਰੂ ਨਾਨਕ ਦਾ ਬ੍ਰਹਮ-ਗੀਤ ਬ੍ਰਹਿਮੰਡੀ ਹੈ।ਇਸੇ ਲਈ ਗੁਰੂ ਨਾਨਕ ਸਾਹਿਬ ਦੁਆਰਾ ਰਾਗ ਧਨਾਸਰੀ ਵਿਚ ਉਚਾਰਨ ਕੀਤੀ ਆਰਤੀ ਨੂੰ ਰਾਬਿੰਦਰ ਨਾਥ ਟੈਗੋਰ ਨੇ 'ਬ੍ਰਹਿਮੰਡ ਗਾਨ' (cosmic anthem) ਕਿਹਾ ਹੈ:[8]

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥*
*ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ ॥*
*ਅਨਹਤਾ ਸਬਦ ਵਾਜੰਤ ਭੇਰੀ ॥*[9]

ਉਪਰੋਕਤ ਸ਼ਬਦ ਗੁਰੂ ਨਾਨਕ-ਬਾਣੀ ਦੀ ਬ੍ਰਹਿਮੰਡੀ ਦ੍ਰਿਸ਼ਟੀ ਦਾ ਪ੍ਰਤੀਨਿਧ ਪ੍ਰਵਚਨ ਹੈ। ਇਥੇ ਆਪਣੇ ਪਰਾਏ ਦਾ ਭੇਦ ਮਿਟ ਜਾਂਦਾ ਹੈ। ਸਭ ਆਪਣੇ ਹੋ ਜਾਂਦੇ ਹਨ, ਕੋਈ ਵੀ ਪਰਾਇਆ ਨਹੀਂ ਰਹਿੰਦਾ। ਇਸੇ ਬ੍ਰਹਿਮੰਡੀ ਪ੍ਰਵਚਨ ਦਾ ਅਗਲੇਰਾ ਵਿਸਥਾਰ ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ:

*ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲ ਕੀਓ ਮੇਰੈ ਰਾਜਨ ॥*[10]

ਗੁਰੂ ਨਾਨਕ-ਬਾਣੀ ਅਤੇ ਪੰਜਾਬੀ ਸੰਵੇਦਨਾ ਦੇ ਅੰਤਰ-ਸਬੰਧਾਤਮਕ ਪਰਿਪੇਖ ਵਿਚ ਉਪਰੋਕਤ ਸਮੁੱਚਾ ਵਰਣਨ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਗੁਰੂ ਨਾਨਕ-ਬਾਣੀ ਦੀ ਬੁਨਿਆਦੀ ਦ੍ਰਿਸ਼ਟੀ ਬ੍ਰਹਿਮੰਡੀ ਹੈ। ਇਹ ਹਰ ਪ੍ਰਕਾਰ ਦੀਆਂ ਖੇਤਰੀ, ਰਾਸ਼ਟਰੀ, ਭਾਸ਼ਾਈ, ਸਮਾਜਕ, ਸਭਿਆਚਾਰਕ, ਧਾਰਮਿਕ, ਸੰਪ੍ਰਦਾਇਕ, ਜਾਤੀਗਤ ਅਤੇ ਲਿੰਗਕ ਹੱਦਾਂ ਤੋਂ ਪਾਰ ਹੈ। ਇਸੇ ਵਿਚੋਂ ਹੀ ਸਰਬਸਾਂਝੀਵਾਲਤਾ ਦਾ ਸੂਤਰ ਉਜਾਗਰ ਹੁੰਦਾ ਹੈ। ਵਿਸ਼ਵੀਕਰਨ ਦੇ ਅਜੋਕੇ ਸੰਦਰਭ ਵਿਚ ਗੁਰੂ ਨਾਨਕ-ਬਾਣੀ ਦਾ ਇਹ ਵਿਸ਼ਵਵਿਆਪੀ ਪ੍ਰਵਚਨ ਸਮੁੱਚੇ ਸੰਸਾਰ ਦੀ ਸਮਾਜਕ ਸਭਿਆਚਾਰਕ ਵੰਨ-ਸੁਵੰਨਤਾ ਦਰਮਿਆਨ ਮਨੁੱਖਤਾ ਦੇ ਸਾਂਝੇ ਸੂਤਰ ਦੀ ਸਿਰਜਣਾ ਕਰ ਸਕਦਾ ਹੈ। ਖੇਤਰੀ ਪ੍ਰਸੰਗਾਂ ਤੋਂ ਪਾਰ ਗੁਰੂ ਨਾਨਕ ਚਿੰਤਨ ਦੀ ਵਿਸ਼ਵ ਵਿਆਪਕਤਾ ਨੂੰ ਪਛਾਣਨਾ, ਸਮਝਣਾ ਅਤੇ ਉਜਾਗਰ ਕਰਨਾ ਬਾਣੀ ਅਧਿਐਨ ਦਾ ਅਜੋਕਾ ਮੂਲ ਸਰੋਕਾਰ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਹਰਜੀਤ ਸਿੰਘ ਗਿੱਲ, "ਸਾਹਿਤ ਤੇ ਸਭਿਅਤਾ", **ਪੰਜਾਬੀ ਆਲੋਚਨਾ ਇਕ ਪਰਿਚਯ**, (ਸੰਪਾ.) ਡਾ. ਜਸਬੀਰ ਸਿੰਘ ਆਹਲੂਵਾਲੀਆ, ਸੁਰਜੀਤ ਹਾਂਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ. 121-125
2. Dr. Jagbir Singh, **Interfaith Dialogue in Sri Guru Granth Sahib** (civilizational context), Punjabi Univeristy, Patiala, 2016, ਪੰ. 83
3. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 473
4. **ਉਹੀ**, ਪੰਨਾ 879
5. **ਉਹੀ**, ਪੰਨਾ 83
6. **ਉਹੀ**, ਪੰਨਾ 15
7. **ਉਹੀ**, ਪੰਨਾ 721
8. ਜੰਗ ਬਹਾਦੁਰ ਗੋਇਲ, 2018, **ਮੁਹੱਬਤਨਾਮਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, , ਪੰਨਾ 15
9. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 13
10. **ਉਹੀ**, ਪੰਨਾ 671


◈

# ਜਨਮਸਾਖੀ ਅਧਿਐਨ ਦੇ ਵਿਭਿੰਨ ਪਰਿਪੇਖ





ਡਾ. ਕੁਲਦੀਪ ਸਿੰਘ ਢਿੱਲੋਂ
ਅਸਿਸਟੈਂਟ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ
ਪੰਜਾਬੀ ਵਿਭਾਗ,
ਖਾਲਸਾ ਕਾਲਜ
ਅੰਮ੍ਰਿਤਸਰ।
kuldeepsinghdhillon@gmail.com
ਮੋ. : 8054560550


**1.**

ਗੁਰਮਤਿ ਦੇ ਇਤਿਹਾਸ ਵਿਚ ਬਾਣੀ ਸਿਰਜਣ ਅਤੇ ਸਾਖੀ ਪਰੰਪਰਾ ਨਾਲ-ਨਾਲ ਚੱਲਦੀਆਂ ਰਹੀਆਂ ਹਨ। ਗੁਰਬਾਣੀ ਦੇ ਨਾਲ ਹੀ ਗੁਰੂ ਸਾਹਿਬਾਨ ਬਾਬਤ ਸਾਖੀਆਂ ਵੀ ਸੀਨਾ-ਬ-ਸੀਨਾ ਪ੍ਰਚਲਿਤ ਹੁੰਦੀਆਂ ਰਹੀਆਂ ਹਨ। ਇਨ੍ਹਾਂ ਸਾਖੀਆਂ ਵਿਚ ਗੁਰ-ਇਤਿਹਾਸ ਤੋਂ ਲੈ ਕੇ ਗੁਰੂ ਜੋਤਿ ਤੱਕ ਦੇ ਰਹੱਸ ਸਮੋਏ ਹੋਏ ਮਿਲਦੇ ਹਨ। ਸਮੇਂ-ਸਮੇਂ ਸਾਖੀਕਾਰਾਂ ਦੀਆਂ ਰਚੀਆਂ ਸਾਖੀਆਂ ਪ੍ਰਾਪਤ ਹੁੰਦੀਆਂ ਰਹੀਆਂ ਹਨ। ਇਹ ਸਾਖੀਆਂ ਵਾਰਤਕ ਅਤੇ ਕਵਿਤਾ ਦੋਨਾਂ ਰੂਪਾਂ ਵਿਚ ਮਿਲਦੀਆਂ ਹਨ। ਇਨ੍ਹਾਂ ਵਿਚ ਵਧੇਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਮਿਲਦੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਕਲਿਯੁਗ ਦਾ ਅਵਤਾਰ'[1] ਕਰਕੇ ਜਾਣਿਆ ਜਾਂਦਾ ਹੈ। ਲੋਕ ਮਨ ਦੁਆਰਾ ਉਹਨਾਂ ਲਈ ਇਸ ਸੰਬੋਧਨ ਦਾ ਹੋਂਦ ਵਿਚ ਆਉਣਾ ਇੱਕ ਵਿਸ਼ੇਸ਼ ਅਰਥ ਦਾ ਧਾਰਣੀ ਹੈ। ਇਸ ਵਿਚ ਗੁਰੂ ਕਾਲ ਤੋਂ ਪੂਰਵ ਭਾਰਤ ਦੇ ਸਨਾਤਨੀ ਮਨ-ਮੰਡਲ ਵਿਚ ਵਿਗਸ ਰਹੇ ਪ੍ਰਮੇਸ਼ਰ ਲਈ 'ਆਦਿ ਬਿੰਬ' (Archetype) ਦੀ ਨਿਸ਼ਾਨ ਦੇਹੀ ਵੀ ਹੁੰਦੀ ਹੈ ਅਤੇ ਇਸ 'ਆਦਿ ਬਿੰਬ' ਸੰਕਲਪ ਵਿਚ ਆਏ ਪਰਿਵਰਤਨ ਨੂੰ ਸਪਸ਼ਟ ਰੂਪ ਵਿਚ ਪਛਾਣਿਆ ਵੀ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਦੀ ਆਮਦ ਭਾਰਤੀ ਪ੍ਰੰਪਰਾ ਲਈ ਇੱਕ 'ਕਾਇਆ ਕਲਪ' (Metamorphosis) ਵਰਗਾ ਬਦਲਾਓ ਲੈ ਕੇ ਆਈ। ਗੁਰੂ ਸਾਹਿਬ ਨੂੰ ਪ੍ਰੰਪਰਾ (Tradition), ਲੋਕ ਮਨ (Folk Mind) ਅਤੇ ਵਿਅਕਤੀ (Individual) ਨੇ ਪੂਰਣ ਸਵੀਕ੍ਰਿਤੀ ਨਾਲ ਨਮਨ ਕੀਤਾ। ਪ੍ਰੰਤੂ ਇਸ ਸਵੀਕ੍ਰਿਤੀ/ਸਮਰਪਣ ਤੋਂ ਕਦਾਚਿਤ ਇਹ ਭਾਵ ਨਾ ਲਿਆ ਜਾਵੇ ਕਿ ਉਨ੍ਹਾਂ ਦੇ ਸਰੂਪ ਦੀ ਅਗੰਮਤਾ[2] ਨੂੰ ਸੰਪੂਰਨ ਰੂਪ ਵਿਚ ਜਾਣ ਲਿਆ ਗਿਆ ਹੈ। ਗੁਰੂ ਦੀ ਮਹਿਮਾ ਅਕੱਥ ਅਤੇ ਅਗਾਧ ਬੋਧ ਹੈ। ਕਿਉਂਕਿ ਜੋ ਜੀਵਨ ਆਚਰਣ ਉਹਨਾਂ ਪ੍ਰਗਟ ਕੀਤਾ ਉਹ ਗੁਜ਼ਰ ਚੁੱਕੀਆਂ/ਮੌਜੂਦ ਸਭਿਆਤਾਵਾਂ ਲਈ ਬਿਲਕੁਲ ਨਵਾਂ ਹੈ। ਨਵੇਂ ਤੋਂ ਭਾਵ ਜੈਸਾ ਪਹਿਲਾਂ ਕਦੀ ਦੇਖਿਆ ਸੁਣਿਆ ਨਾ ਹੋਵੇ। ਪ੍ਰੋ. ਪੂਰਨ ਸਿੰਘ ਦੇ ਬੋਲਾਂ ਅਨੁਸਾਰ ਮਹਾਂਪੁਰਖ ਆਪਣਾ ਸਦਾਚਾਰ ਆਪਣੇ ਨਾਲ ਲੈ ਕੇ ਆਉਂਦੇ ਹਨ। ਉਹਨਾਂ ਨੂੰ ਜਾਣਨ ਲਈ ਹਰ ਕਾਵਿ-ਸ਼ਾਸਤਰੀ ਪੈਮਾਨਾ ਅਸਮਰੱਥ ਹੀ ਰਹਿੰਦਾ ਹੈ।

ਗੁਰਬਾਣੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਬਾਰੇ ਜਾਣਨ ਲਈ ਪਹਿਲਾ ਸ੍ਰੋਤ ਜਨਮਸਾਖੀਆਂ ਹੀ ਮੰਨੀਆਂ ਜਾਂਦੀਆਂ ਹਨ। ਜਨਮਸਾਖੀਆਂ ਬਹੁ-ਪਰਤੀ ਦਸਤਾਵੇਜ਼ ਹਨ ਜੋ ਮੱਧਕਾਲ ਤੋਂ ਆਧੁਨਿਕ ਕਾਲ ਵੱਲ ਵਧ ਰਹੇ ਦਹਾਕਿਆਂ ਵਿਚ ਰਚੀਆਂ ਗਈਆਂ। ਜਨਮਸਾਖੀਆਂ ਇੱਕ ਐਸਾ ਦਸਤਾਵੇਜ਼ ਹਨ ਜੋ ਅਤਿ ਸ਼ਰਧਾ ਭਰਪੂਰ ਲਹਿਜੇ ਨਾਲ ਸੁਣੀਆਂ ਅਤੇ ਸੁਣਾਈਆਂ

ਜਾਂਦੀਆਂ ਰਹੀਆਂ ਹਨ। ਸਿੱਖ ਸੰਗਤਾਂ ਨੇ ਜਿੱਥੇ ਜਨਮਸਾਖੀਆਂ ਨੂੰ ਸ਼ਰਧਾ ਤਹਿਤ ਹਿਰਦੇ ਨਾਲ ਲਗਾਕੇ ਰੱਖਿਆ ਹੈ ਉੱਥੇ ਵਿਦਵਾਨਾਂ ਨੇ ਜਨਮਸਾਖੀਆਂ ਦਾ ਬਹੁਪੱਖੀ ਅਧਿਐਨ ਕੀਤਾ ਹੈ ਅਤੇ ਕਰ ਵੀ ਰਹੇ ਹਨ। ਵਿਦਵਾਨ ਇਨ੍ਹਾਂ ਜਨਮਸਾਖੀਆਂ ਦਾ ਆਪੋ-ਆਪਣੇ ਦ੍ਰਿਸ਼ਟੀਕੋਣ ਨਾਲ ਅਧਿਐਨ ਕਰਦੇ ਰਹੇ ਹਨ। ਧਾਰਮਕ ਪੱਖ ਤੋਂ ਗੁਰਬਾਣੀ ਦੀ ਸਮਝ ਲਈ, ਸਾਹਿਤਕ ਪੱਖ ਤੋਂ ਭਾਸ਼ਾ ਅਤੇ ਉਸ ਸਮੇਂ ਦੇ ਸਭਿਆਚਾਰ ਨੂੰ ਜਾਣਨ ਲਈ ਸਭਿਆਚਾਰਕ ਦ੍ਰਿਸ਼ਟੀਕੋਣ, ਇਤਿਹਾਸਕ ਪੱਖ ਤੋਂ ਉਸ ਕਾਲ ਦੇ ਇਤਿਹਾਸਕ ਪਹਿਲੂ ਨੂੰ ਜਾਣਨ ਲਈ ਅਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਨਾਲ ਗੁਰੂ ਸਾਹਿਬ ਦੀਆਂ ਗੋਸ਼ਟਾਂ ਜਿਵੇਂ ਵੇਦਾਂਤ ਅਤੇ ਸੂਫੀਮਤ ਬਾਰੇ ਜਾਣਨ ਲਈ ਜਨਮਸਾਖੀਆਂ ਬਹੁਤ ਮਹੱਤਵਪੂਰਨ ਸ੍ਰੋਤ ਰਹੀਆਂ ਹਨ।

ਜਨਮਸਾਖੀਆਂ ਲਿਖਤੀ ਰੂਪ ਵਿਚ ਆਉਣ ਤੋਂ ਪਹਿਲਾਂ ਸੀਨਾ-ਬ-ਸੀਨਾ ਮੌਖਿਕ ਰੂਪ ਵਿਚ ਲੋਕ ਮਨ ਅੰਦਰ ਮਹਿਫ਼ੂਜ਼ ਰਹੀਆਂ ਅਤੇ ਸਾਡੇ ਤੱਕ ਪਹੁੰਚੀਆਂ ਹਨ। ਇਹ ਗੱਲ ਵੀ ਬਹੁਤ ਮਹੱਤਵਪੂਰਨ ਹੈ ਕਿ ਮੱਧਕਾਲ ਤੋਂ ਮੌਖਿਕ ਸਾਹਿਤ ਕਿਵੇਂ ਲਿਖਤ ਦੇ ਰੂਪ ਵਿਚ ਤਬਦੀਲ ਹੁੰਦਾ ਆਇਆ ਹੈ। ਇਸ ਵਰਤਾਰੇ ਨੂੰ ਬਹੁਤ ਗੰਭੀਰਤਾ ਨਾਲ ਵਾਚਨਾ ਚਾਹੀਦਾ ਹੈ। ਕਿਉਂਕਿ ਇਸ ਵਿਚ 'ਸਾਮੂਹਿਕ ਅਵਚੇਤਨ' (Collective Unconscious) ਦੀ ਗਤੀਸ਼ੀਲਤਾ ਦਾ ਰਹੱਸ ਵਿਦਯਮਾਨ ਹੈ। ਮੱਧਕਾਲ ਮੌਖਿਕ ਪ੍ਰੰਪਰਾ ਦਾ ਖਜ਼ਾਨਾ ਰਿਹਾ ਹੈ। ਜਿਸ ਵਿਚੋਂ ਸਾਨੂੰ ਅੱਜ ਲਿਖਤ ਰੂਪ ਵਿਚ ਮੱਧਕਾਲੀ ਸਾਹਿਤ ਦੀ ਪ੍ਰਾਪਤੀ ਹੋਈ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਮੱਧਕਾਲੀ ਸਾਹਿਤ ਦੇ ਸੰਪਾਦਨਾ ਦੀਆਂ ਸਮੱਸਿਆਵਾਂ ਦੇ ਮਸਲੇ ਦਾ ਹੱਲ ਵਿਦਵਾਨ ਮੱਧਕਾਲੀ ਚੇਤਨਾ ਨੂੰ ਮੰਨਦੇ ਹਨ। ਮੱਧਕਾਲੀ ਚੇਤਨਾ ਇੱਕ ਐਸਾ ਕਾਵਿ-ਸ਼ਾਸਤਰ ਹੈ ਜੋ ਲਿਖਤ ਰੂਪ ਵਿਚ ਤਾਂ ਨਹੀਂ ਮਿਲਦਾ ਪ੍ਰੰਤੂ ਅਨੁਭਵਸ਼ੀਲ ਹਿਰਦਿਆਂ ਅੰਦਰ ਜੀਵੰਤ ਰੂਪ ਵਿਚ ਪ੍ਰਾਪਤ ਹੈ। ਇਹੀ ਉਹ ਚੇਤਨਾ ਹੈ ਜੋ ਆਧੁਨਿਕ ਕਾਲ ਨੂੰ ਮੱਧਕਾਲ ਨਾਲ ਜੋੜਕੇ ਰੱਖਦੀ ਹੈ। ਜਿਵੇਂ ਕਿ ਅੱਜ ਵੀ ਵਿਦਵਾਨਾਂ ਅੰਦਰ ਜਨਮਸਾਖੀਆਂ ਸੰਬੰਧੀ ਕਈ ਪ੍ਰਕਾਰ ਦੇ ਮਤਭੇਤ ਅਤੇ ਸ਼ੰਕੇ ਚੱਲਦੇ ਹਨ। ਇਨ੍ਹਾਂ ਸ਼ੰਕਿਆਂ ਦੀ ਨਵਿਰਤੀ ਵਿਦਵਾਨ ਆਪਣੇ ਅਨੁਭਵ ਨਾਲ ਕਰਦੇ ਹਨ। ਕਿਉਂਕਿ ਅਨੁਭਵ ਇੱਕ ਅਮੂਰਤ ਵਰਤਾਰਾ ਹੈ ਅਤੇ ਇਸ ਦੀ ਕੋਈ ਲਿਖਤ ਪਰਿਭਾਸ਼ਾ ਨਹੀਂ ਹੁੰਦੀ। ਮੱਧਕਾਲੀਨ ਸਾਹਿਤ ਸੰਬੰਧੀ ਸ਼ੰਕੇ ਬਣਦੇ ਅਤੇ ਬਿਨਸੇ ਰਹਿਣਗੇ।

ਪ੍ਰਾਪਤ ਜਨਮਸਾਖੀਆਂ ਦੀ ਪਰਖ ਪੜਚੋਲ ਕਰਨ ਨਾਲ ਭਾਸ਼ਾ ਅਤੇ ਲਿਖਤ ਦੇ ਲਹਿਜ਼ੇ ਤੋਂ ਕੁਝ ਕੁ ਭੇਦ ਸਾਹਮਣੇ ਆਉਂਦੇ ਹਨ। ਜੋ ਆਪੋ-ਆਪਣੀ ਵੱਖਰੀ ਤਰ੍ਹਾਂ ਦੀ ਜਾਣਕਾਰੀ ਸਾਡੇ ਨਾਲ ਸਾਂਝੇ ਕਰਦੇ ਹਨ। ਜਿਵੇਂ ਕਿ 1. **ਵਲਾਇਤ ਵਾਲੀ ਜਨਮਸਾਖੀ** ਵਿਚ ਇਲਾਮਿਕ ਪ੍ਰਭਾਵ ਵਧੇਰੇ ਵੇਖਣ ਨੂੰ ਮਿਲਦਾ ਹੈ। ਇਸ ਜਨਮਸਾਖੀ ਵਿਚ ਐਸੀਆਂ ਸਾਖੀਆਂ ਹਨ ਜੋ ਇਸਲਾਮ ਦੀ ਹਦੀਸ ਵਰਗੀਆਂ ਹਨ। ਜਿਵੇਂ ਕਿ ਰਾਜਾ ਸ਼ਿਵਨਾਭ ਕੋਲੋਂ ਉਸਦੇ ਪੁੱਤਰ ਦੀ ਬਲੀ ਮੰਗਣਾ, ਬਿਲਕੁਲ ਹਜ਼ਰਤ ਇਬਰਾਹੀਮ ਵਾਲੀ ਸਾਖੀ ਵਾਂਗ। 2. **ਮਿਹਰਬਾਨ ਵਾਲੀ ਜਨਮਸਾਖੀ** ਨੂੰ ਪੜ੍ਹ ਕੇ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਇਹ ਸਾਖੀ ਦਾ ਸੁਭਾਅ ਵਿਆਖਿਆਤਮਕ ਹੈ। ਇਸ ਵਿਚ ਜਗ੍ਹਾ-ਜਗ੍ਹਾ ਗੁਰੂ ਸਾਹਿਬ ਦੁਆਰੇ ਸ਼ਬਦਾਂ ਦਾ ਵੇਰਵਾ ਦੇ ਕੇ ਉਸਦੀ ਵਿਆਖਿਆ ਕੀਤੀ ਗਈ ਹੈ ਅਤੇ ਗੁਰਮਤਿ ਦੇ ਸਿਧਾਂਤਾਂ ਨਾਲ ਅਵਗਤ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। 3. **ਬਾਲੇ ਵਾਲੀ ਜਨਮਸਾਖੀ** ਦਾ ਲਿਖਣ ਦਾ ਅੰਦਾਜ਼ ਸਮਾਜਕ ਅਤੇ ਮਨੋਵਿਗਿਆਨਕ ਹੈ। ਇਸ ਵਿਚ ਗੁਰੂ ਸਾਹਿਬ ਨੂੰ ਸਮਾਜਿਕ ਮਨੁੱਖ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਸਾਧਾਰਨ ਮਨੁੱਖ ਦੇ ਮਨੋਵਿਗਿਆਨਕ ਪ੍ਰਭਾਵਾਂ ਵਿਚੋਂ ਗੁਰੂ ਸਾਹਿਬ ਦਾ ਚਰਿੱਤਰ ਉਘਾੜਿਆ ਗਿਆ ਹੈ। ਸ਼ਾਇਦ ਇਹੀ ਇੱਕ ਕਾਰਨ ਹੈ ਕਿ ਹੁਣ ਤੱਕ ਸਭ ਤੋਂ ਵੱਧ ਇਹ ਸਾਖੀ ਵਿਵਾਦਗ੍ਰਸਤ ਰਹੀ ਹੈ। 4. **ਭਾਈ ਮਨੀ ਸਿੰਘ ਵਾਲੀ ਜਨਮਸਾਖੀ** ਦੀ ਲਿਖਣ ਢੰਗ ਵੇਦਾਂਤ ਦੇ ਪ੍ਰਭਾਵ ਵਾਲਾ ਹੈ। ਇਸ ਵਿਚ ਗੁਰੂ ਸਾਹਿਬ ਦੁਆਰਾ ਉਚਾਰਨ ਕੀਤੇ ਗਏ ਸ਼ਬਦ, ਜਗ੍ਹਾ-ਜਗ੍ਹਾ ਕੀਤੀਆਂ ਗੋਸ਼ਟਾਂ ਵਿਚ ਵੇਦਾਂਤ ਦੀ ਸ਼ਬਦਾਵਲੀ ਅਤੇ ਜੀਵਨ ਪਰਮਾਰਥ ਦੀ ਵਿਆਖਿਆ ਵੇਦਾਂਤ ਦੀ ਹਾਜ਼ਰੀ ਵਿਚ ਕੀਤੀ ਗਈ ਮਾਲੂਮ ਹੁੰਦੀ ਹੈ। ਇਸੇ ਲਈ ਇਹ ਸਾਖੀ ਬਹੁਤ ਹੀ ਦਾਰਸ਼ਨਿਕ ਅਤੇ ਗੰਭੀਰ ਸੁਭਾਵ ਵਾਲੀ ਹੈ। ਸ਼ਾਇਦ ਇਸਦੇ ਵਧੇਰੇ ਪ੍ਰਚਲਤ ਹੋਣ ਦਾ ਕਾਰਨ ਇਹੀ ਹੈ। ਇਸ ਤਰ੍ਹਾਂ ਵੱਖ-ਵੱਖ ਜਨਮਸਾਖੀਆਂ ਦਾ ਲਿਖਣ ਢੰਗ ਇੱਕ ਦੂਸਰੀ ਨਾਲ ਮੇਲ ਨਹੀਂ ਖਾਂਦਾ। ਜਿਸ ਕਾਰਨ ਵਿਦਵਾਨਾਂ ਵਿਚ ਆਏ ਦਿਨ ਮਤਭੇਦ ਹੁੰਦੇ ਰਹਿੰਦੇ ਹਨ। ਗੁਰਬਾਣੀ ਦੀ ਰੌਸ਼ਨੀ ਵਿਚ ਇਨ੍ਹਾਂ ਸਭ ਜਨਮਸਾਖੀਆਂ ਵਿਚੋਂ ਗੁਰੂ ਨਾਨਕ ਦੇਵ ਜੀ ਦਾ ਜੀਵਨ ਚਰਿੱਤਰ ਲੱਭਣਾ

ਚੁਣੌਤੀ ਭਰਪੂਰ ਕਾਰਜ ਹੈ ਜੋ ਕਿ ਅੱਜ ਵੀ ਜਾਰੀ ਹੈ।

ਜਨਮਸਾਖੀਆਂ ਸਿੱਖ ਸਮਾਜ ਵਿਚ ਕਥਾ-ਵਾਰਤਾ ਦਾ ਅਟੁੱਟ ਅੰਗ ਰਹੀਆਂ ਹਨ। ਸਿੱਖ ਸਮਾਜ ਵਿਚ ਗੁਰੂ ਸਾਹਿਬ ਪ੍ਰਤੀ ਪ੍ਰੇਮ-ਭਾਵ ਪ੍ਰਗਟ ਕਰਨ ਲਈ ਅਤੇ ਆਤਮਿਕ ਬਲ ਦੀ ਪ੍ਰਾਪਤੀ ਲਈ ਸਾਖੀਆਂ ਲੰਮੇ ਸਮੇਂ ਤੋਂ ਸਹਾਈ ਰਹੀਆਂ ਹਨ। ਜਿਵੇਂ ਗੁਰਬਾਣੀ ਅਤੇ ਗੁਰਬਾਣੀ ਕੀਰਤਨ ਨੂੰ ਅਲੱਗ-ਅਲੱਗ ਨਹੀਂ ਕੀਤਾ ਜਾ ਸਕਦਾ, ਨਾਟਕ ਦਾ ਪਾਠ ਅਤੇ ਮੰਚਨ ਅਲੱਗ-ਅਲੱਗ ਨਹੀਂ ਹੋ ਸਕਦੇ, ਤਿਵੇਂ ਹੀ ਜਨਮਸਾਖੀਆਂ ਦਾ ਪੂਰਨ ਪ੍ਰਭਾਵ ਸੁਣਨ-ਸੁਣਾਉਣ ਵਿਚ ਪਿਆ ਹੈ। ਜਨਮਸਾਖੀਆਂ ਲੋਕ ਮਨ ਨੂੰ ਹਮੇਸ਼ਾਂ ਤੋਂ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਜਨਮਸਾਖੀਆਂ ਲੋਕ ਮਨ ਨੂੰ ਗਿਆਨ ਤੱਕ ਲੈ ਕੇ ਜਾਂਦੀਆਂ ਹਨ। ਇਨ੍ਹਾਂ ਦੇ ਪਾਠ ਅਤੇ ਇਸ ਪਾਠ ਨੂੰ ਸੁਣਾਉਣ ਦੇ ਕਰਮ ਵਿਚ ਗੁਰਮਤਿ ਦੇ ਸੂਖਮ ਸਿਧਾਂਤਾਂ ਨੂੰ ਲੋਕ ਮਨ ਅੰਦਰ ਸਹਿਜੇ ਹੀ ਟਿਕਾ ਦੇਣ ਦੀ ਤਾਕਤ ਹੈ। ਸਾਖੀ ਦੀ ਲਿਖਤ ਦੇ ਸੁਭਾਅ ਵਿਚ ਆਤਮਿਕ ਆਨੰਦ ਨਿਹਿਤ ਹੈ। ਸਾਖੀਕਾਰ ਜਦ ਕੋਈ ਸਾਖੀ ਦੀ ਰਚਨਾ ਕਰਦੇ ਹਨ ਤਾਂ ਉਹ ਇਸ ਲਿਖਤ ਵਿਚ ਇੱਕ ਸਵੈ-ਸੰਤੁਸ਼ਟੀ ਨੂੰ ਮਹਿਸੂਸ ਕਰਦੇ ਹਨ। ਇਹੀ ਸੰਤੁਸ਼ਟੀ ਸੁਣਨ ਵਾਲੇ ਤੱਕ ਸਫ਼ਰ ਕਰਦੀ ਹੈ। ਇਸ ਲਈ ਸਾਖੀਆਂ ਦਾ ਸੁਭਾਅ ਆਤਮਪਰਕ ਹੈ। ਲੇਖਕ ਸਾਖੀ ਰਚਦੇ ਸਮੇਂ ਗੁਰੂ ਸਾਹਿਬਾਨ ਦੇ ਜਿਸ ਰੂਪ ਨੂੰ ਸਾਖੀ ਵਿਚ ਪੇਸ਼ ਕਰਦੇ ਹਨ ਉਸ ਨੂੰ ਆਪਣੇ ਜੀਵਨ ਵਿਚ ਉਤਾਰਨ ਅਤੇ ਉਸਦੀ ਮਹਿਮਾ ਦਾ ਗਾਇਨ ਕਰਨ ਵਿਚ ਆਤਮਿਕ ਆਨੰਦ ਦਾ ਅਨੁਭਵ ਕਰਦਾ ਹੈ। ਸਾਖੀਕਾਰ ਸਾਖੀਆਂ ਵਿਚ ਪੇਸ਼ ਗੁਰੂ ਸਾਹਿਬ ਦੇ ਸਰੂਪ ਪ੍ਰਤੀ ਪੂਰਨ ਸਮਰਪਣ ਅਤੇ ਸਤਿਕਾਰ ਦੇ ਭਾਵ ਰੱਖਦੇ ਹਨ। ਉਨ੍ਹਾਂ ਵਿਚ ਗੁਰੂ ਸਾਹਿਬ ਦੇ ਜੀਵਨ ਚਰਿੱਤਰ ਨੂੰ ਲੋਕਾਈ ਤੱਕ ਪਹੁੰਚਾਉਣਾ ਹੀ ਮਕਸਦ ਨਹੀਂ ਸਗੋਂ ਉਸਨੂੰ ਆਪਣੇ ਜੀਵਨ ਵਿਚ ਉਤਾਰਨਾ ਵਧੇਰੇ ਮਹੱਤਵਪੂਰਨ ਹੈ। ਸਾਖੀਆਂ ਦੀ ਲਿਖਤ ਤੋਂ ਮਹਿਸੂਸ ਹੁੰਦਾ ਹੈ ਜਿਵੇਂ ਸਾਖੀਕਾਰ ਗੁਰੂ ਸਾਹਿਬ ਦੇ ਮਹਾਨ ਜੀਵਨ ਚਰਿੱਤਰ ਪ੍ਰਤੀ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰ ਰਹੇ ਹੋਣ। ਸਾਖੀਆਂ ਦੀ ਪੇਸ਼ਕਾਰੀ ਆਧੁਨਿਕ ਸਾਹਿਤ ਵਾਂਗ ਵਸਤੂਪਰਕ (objective) ਹੋਣ ਦੀ ਬਜਾਇ ਆਤਮਪਰਕ (subjective) ਹੈ। ਇਸਲਾਮਿਕ ਵਿਦਵਾਨ ਗਿਆਨ ਦੀਆਂ ਤਿੰਨ ਕੋਟੀਆਂ ਬਣਾਉਂਦੇ ਹਨ। ਪਹਿਲੀ 'ਇਲਮੁਲ ਸ਼ੁਨੀਦ'- ਸ਼੍ਰਵਨ ਰਾਹੀਂ ਪ੍ਰਾਪਤ ਕੀਤਾ ਗਿਆਨ। ਇਸ ਵਿਚ ਉਸ ਗਿਆਨ ਨੂੰ ਰੱਖਿਆ ਜਾਂਦਾ ਹੈ ਜਿਸ ਬਾਰੇ ਅਸੀਂ ਸਿਰਫ ਸੁਣਿਆਂ ਹੁੰਦਾ ਹੈ ਅਤੇ ਗੱਲ ਬਾਤ ਕਰਨ ਦੇ ਕੰਮ ਆਉਂਦਾ ਹੈ। ਇਸ ਵਿਚ ਵਿਅਕਤੀ ਨੂੰ ਅਨੁਭਵ ਦਾ ਲੇਸ਼ ਮਾਤਰ ਵੀ ਅਹਿਸਾਸ ਨਹੀਂ ਹੁੰਦਾ। ਦੂਸਰਾ 'ਇਲਮੁਲ ਐਨ' ਦ੍ਰਿਸ਼ਟੀ ਰਾਹੀਂ ਪ੍ਰਾਪਤ ਕੀਤ ਗਿਆਨ। ਇਸ ਵਿਚ ਉਸ ਗਿਆਨ ਨੂੰ ਰੱਖਿਆ ਜਾਂਦਾ ਹੈ ਜੋ ਅਸੀਂ ਅੱਖੀਂ ਵੇਖ ਕੇ ਅਨੁਭਵ ਕਰਦੇ ਹਾਂ। ਇਸ ਵਿਚ ਆਪਣੀਆਂ ਇੰਦ੍ਰੀਆਂ ਦੇ ਭਰੋਸੇ ਨਾਲ ਅਨੁਭਵ ਹਾਸਿਲ ਕੀਤਾ ਜਾਂਦਾ ਹੈ। ਪ੍ਰੰਤੂ ਇਹ ਗਿਆਨ ਕਿਸੇ ਵੱਡੇ ਪਰਿਪੇਖ ਵਿਚ ਗ਼ਲਤ ਵੀ ਸਾਬਿਤ ਹੋ ਸਕਦਾ ਹੈ। ਬਿਲਕੁਲ ਓਵੇਂ ਹੀ ਜਿਵੇ ਸੌਂਦੇ ਸਮੇਂ ਦੇਖਿਆ ਸੁਪਣਾ ਨੀਂਦ ਤੋਂ ਜਾਗਤ ਕੇ ਅਲੋਪ ਹੋ ਜਾਂਦਾ ਹੈ। ਤੀਸਰਾ 'ਇਲਮੁਲ ਯਕੀਨ' - ਵਿਸ਼ਵਾਸ ਵਾਲਾ ਗਿਆਨ। ਇਸ ਵਿਚ ਉਸ ਗਿਆਨ ਨੂੰ ਰੱਖਿਆ ਜਾਂਦਾ ਹੈ ਜਿਸ ਨੂੰ ਅਸੀਂ ਆਤਮਕ ਪੱਧਰ ਤੇ ਆਪਣੇ ਯਕੀਨ ਦੇ ਨਾਲ ਹਾਸਲ ਕਰਦੇ ਹਾਂ। ਇਸ ਭਗਤੀ ਰੂਪ ਹੁੰਦਾ ਹੈ। ਜਨਮਸਾਖੀਆ 'ਇਲਮੁਲ ਯਕੀਨ' ਦੀਆਂ ਧਾਰਣੀ ਹਨ। ਇਨ੍ਹਾਂ ਦੀ ਲਿਖਣ ਸ਼ੈਲੀ ਵਿਚ ਗੁਰੂ ਪ੍ਰਤੀ ਪ੍ਰੇਮ ਅਤੇ ਯਕੀਨ ਭਰਿਆ ਪਿਆ ਹੈ।

ਜਨਮਸਾਖੀਆਂ ਪ੍ਰਤੀ ਕੁੱਝ ਸ਼ੰਕਿਆਂ ਦਾ ਕਾਰਨ ਅਧਿਐਨ ਸਮੇਂ ਵਰਤੇ ਗਏ ਦ੍ਰਿਸ਼ਟੀਕੋਣ ਨਾਲ ਵੀ ਸੰਬੰਧਿਤ ਹੈ। ਬਹੁਤੇ ਮਤਭੇਤ ਜਨਮਸਾਖੀਆਂ ਦੇ ਅਧਿਐਨ ਲਈ ਵਰਤੇ ਗਏ ਇਕਹਿਰੇ ਦ੍ਰਿਸ਼ਟੀਕੋਣ ਕਾਰਣ ਹਨ। ਜਿਵੇਂ ਸਾਹਿਤਕ, ਇਤਿਹਾਸਕ ਜਾਂ ਧਰਮ ਸ਼ਾਸਤਰੀ ਦ੍ਰਿਸ਼ਟੀਕੋਣ ਨਾਲ ਹੁਣ ਤੱਕ ਜਨਮਸਾਖੀਆਂ ਦਾ ਅਧਿਐਨ ਕੀਤਾ ਜਾਂਦਾ ਰਿਹਾ ਹੈ। ਜਿਸ ਕਾਰਨ ਅੱਜ ਵੀ ਬਹੁਤੇ ਵਿਦਵਾਨ ਜਨਮਸਾਖੀਆਂ ਦੀ ਹੋਂਦ ਵਿਧੀ ਪ੍ਰਤੀ ਹੀ ਟਪਲੇ ਦਾ ਸ਼ਿਕਾਰ ਹਨ। ਪ੍ਰਸਿੱਧ ਇਤਿਹਾਸਕਾਰ ਟਾਈਨਬੀ ਨੇ ਧਰਮ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੇਖਦਿਆਂ ਕਿਹਾ ਕਿ ਇਤਿਹਾਸਕ ਦ੍ਰਿਸ਼ਟੀਕੋਣ ਮਨੁੱਖ ਜਾਤੀ ਦੀ ਨਵੀਂ ਅਤੇ ਸੱਜਰੀ ਪ੍ਰਾਪਤੀ ਹੈ।[3] ਧਰਮ ਨੂੰ ਇਹਿਤਾਸਕ ਦ੍ਰਿਸ਼ਟੀਕੋਣ ਤੋਂ ਵਾਚਣ ਨਾਲ ਧਰਮ ਦਾ ਮੂਲ ਆਧਾਰ ਹੀ ਨਜ਼ਰ ਅੰਦਾਜ਼ ਹੋ ਜਾਂਦਾ ਹੈ। ਕਿਉਂਕਿ ਇਤਿਹਾਸ ਧਰਮ ਦਾ ਬਾਹਰੀ ਵਰਤਾਰਾ ਹੈ। ਗੁਰਬਾਣੀ ਜਾਂ ਜਨਮਸਾਖੀਆਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਧਿਐਨ ਵਸਤੂ ਬਣਾਉਣ ਨਾਲ 'ਅਕਾਲ' ਦਾ ਸੰਕਲਪ ਕਦੀ ਵੀ ਸਮਝ ਵਿਚ ਨਹੀਂ ਆ ਸਕਦਾ।

ਜਨਮਸਾਖੀਆਂ ਦਾ ਮੌਖਿਕ ਰੂਪ ਗੁਰੂ ਨਾਨਕ ਸਾਹਿਬ ਜੀ ਦੀ ਆਖਰੀ ਉਮਰ ਵਿਚ ਪ੍ਰਚਲਿਤ ਹੋਣਾ ਸ਼ੁਰੂ ਹੋ ਗਿਆ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਬਚਪਨ ਬਾਰੇ ਬਹੁਤੀਆਂ ਸਾਖੀਆਂ ਪ੍ਰਾਪਤ ਨਹੀਂ ਹੁੰਦੀਆਂ।[4] ਇਸ ਤੋਂ ਇਲਾਵਾ ਜੋ ਸਾਖੀਆਂ ਗੁਰੂ ਸਾਹਿਬ ਬਾਬਤ ਪ੍ਰਾਪਤ ਹਨ ਉਨ੍ਹਾਂ ਉੱਪਰ ਵੀ ਸਮੇਂ ਦੇ ਪ੍ਰਭਾਵ ਪਹਿਚਾਣੇ ਜਾ ਸਕਦੇ ਹਨ, ਵਿਸ਼ੇਸ਼ ਕਰਕੇ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹੰਦਾਲੀਆਂ ਵੱਲੋਂ ਪਾਏ ਗਏ ਰਲਾ ਨੂੰ ਮੁੱਖ ਰੱਖਦਿਆਂ ਹੋਇਆਂ।[5] ਜਦ ਮੌਖਿਕ ਸਾਹਿਤ ਲਿਖਤ ਦਾ ਰੂਪ ਲੈਂਦਾ ਹੈ ਤਾਂ ਸੀਨਾ-ਬ-ਸੀਨਾ ਸਫ਼ਰ ਤਹਿ ਕਰਦਿਆਂ ਆਪਣੇ ਆਲੇ-ਦੁਆਲੇ ਦਾ ਪ੍ਰਭਾਵ ਕਬੂਲਦਾ ਹੈ। ਸਮੇਂ ਨਾਲ ਕੋਈ ਲਿਖਤ ਕਿੰਨੀ ਵੀ ਕਿਉਂ ਨਾ ਵਿਗੜ ਗਈ ਹੋਏ ਫੇਰ ਵੀ ਇਸ ਵਿਚੋਂ ਸੱਚ ਨੂੰ ਦੀਰਘ ਦ੍ਰਿਸ਼ਟੀ ਨਾਲ ਪਛਾਣਨਾ ਮੁਸ਼ਕਿਲ ਜ਼ਰੂਰ ਹੈ ਨਾ-ਮੁਮਕਿਨ ਨਹੀਂ। ਮੱਧਕਾਲੀਨ ਸਾਹਿਤ ਦੇ ਸੰਦਰਭ ਵਿਚ ਇਸ ਗੱਲ ਨੂੰ ਵਧੇਰੇ ਸਾਰਥਕ ਰੂਪ ਵਿਚ ਜਾਣਿਆ ਜਾ ਸਕਦਾ ਹੈ। ਇਸੇ ਪ੍ਰਕਾਰ ਗੁਰੂ ਨਾਨਕ ਸਾਹਿਬ ਦੀਆਂ ਸਾਖੀਆਂ ਵਿਚ ਬਹੁਤ ਸਾਰੀਆਂ ਐਸੀਆਂ ਰਵਾਇਤਾਂ ਮਿਲਦੀਆਂ ਹਨ ਜਿਨ੍ਹਾਂ ਨੂੰ ਅਕਸਰ ਗੁਰਮਤਿ ਅਨੁਕੂਲ ਨਾ ਜਾਣ ਕੇ ਨਕਾਰਿਆ ਜਾਂਦਾ ਹੈ। ਸਾਖੀਆਂ ਪ੍ਰਤੀ ਇਸ ਤਰ੍ਹਾਂ ਦਾ ਰਵੱਈਆ ਗੁਰਬਾਣੀ ਦੇ ਡੂੰਘੇ ਅਧਿਐਨ ਅਤੇ ਮੱਧਕਾਲੀ ਸਾਹਿਤ ਦੇ ਕਾਵਿ-ਸ਼ਾਸਤਰ ਦੀ ਸਮਝ ਤੋਂ ਬਿਨਾਂ ਨਹੀਂ ਅਪਣਾਇਆ ਜਾ ਸਕਦਾ। ਜਿਵੇਂ ਗੁਰੂ ਨਾਨਕ ਸਾਹਿਬ ਨੂੰ ਸੱਪ ਦਾ ਛਾਂ ਕਰਨਾ, ਹੱਥ ਨਾਲ ਪੱਥਰ ਰੋਕਣਾ, ਜੰਗਲ ਵਿਚ ਗੰਗਾ ਲਿਆਉਣਾ ਆਦਿ। ਇਸ ਤਰ੍ਹਾਂ ਦੀਆਂ ਸਾਖੀਆਂ ਨੂੰ ਪਹਿਲੇ ਪੱਧਰ ਉੱਪਰ ਤਾਂ ਨਕਾਰ ਹੀ ਦਿੱਤਾ ਜਾਂਦਾ ਹੈ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਵਿਗਿਆਨਕ ਕਸਵੱਟੀ ਤੇ ਜੋ ਤੱਥ ਖਰਾ ਨਹੀਂ ਉਤਰਦਾ ਉਹ ਨਹੀਂ ਹੋ ਸਕਦਾ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਵਿਗਿਆਨ ਦੀ ਕਸਵੱਟੀ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਦੂਸਰੇ ਪੱਧਰ ’ਤੇ ਜੇਕਰ ਕੋਈ ਇਨ੍ਹਾਂ ਸਾਖੀਆਂ ਪ੍ਰਤੀ ਕਿਸੇ ਕਿਸਮ ਦੀ ਸਵੀਕ੍ਰਿਤੀ ਜਤਾਵੇ ਵੀ ਤਾਂ ਵੱਧ ਤੋਂ ਵੱਧ ਪੁਰਾਨਿਕ ਕਥਾਵਾਂ ਦੇ ਹਵਾਲੇ ਨਾਲ ਗੱਲ ਮੁਕਾ ਦਿੱਤੀ ਜਾਂਦੀ ਹੈ। ਜਿਸ ਵਿਚ ਇੱਕ ਤਾਂ ਕੌਮੀ ਦਵੈਸ਼ ਹੁੰਦਾ ਹੈ ਦੂਸਰਾ ਨੀਮ-ਅਕਾਦਮਿਕ ਸਮਝ। ‘ਕਰਾਮਾਤ’, ‘ਅੰਨੀ-ਸ਼ਰਧਾ’ ਆਦਿ ਸ਼ਬਦਾਂ ਨਾਲ ਪਾਠਕ ਜਗਤ ਗੁਰੂ ਸਾਖੀਆਂ ਦੇ ਅਨਮੋਲ ਖ਼ਜ਼ਾਨੇ ਨੂੰ ਬਹੁਤ ਸਮੇਂ ਤੋਂ ਦਰਕਿਨਾਰ ਕਰਦਾ ਆ ਰਿਹਾ ਹੈ। ਜਦ ਕਿ ਹੁਣ ਤੱਕ ਇਨ੍ਹਾਂ ਸ਼ਬਦਾਂ ਦੀ ਆਪਣੀ ਵੀ ਕੋਈ ਖ਼ਾਸ ਵਿਆਖਿਆ ਸਾਹਮਣੇ ਨਹੀਂ ਆਈ। ਇਸ ਤਰ੍ਹਾਂ ਦੇ ਰਵੱਈਏ ਦਾ ਆਧਾਰ ‘ਪੁਰਾਣ’ ਅਤੇ ‘ਜਨਮਸਾਖੀਆਂ’ ਦੇ ਪ੍ਰਤੀ ਕਾਵਿ-ਸ਼ਾਸਤਰੀ ਭੁੱਲ ਹੈ।

ਸਭ ਤੋਂ ਪਹਿਲੀ ਗੱਲ ਜੋ ਵਿਚਾਰਨ ਵਾਲੀ ਹੈ ਉਹ ਇਹ ਕਿ ਜਨਮਸਾਖੀਆ ਇਤਿਹਾਸਕ ਦਸਤਾਵੇਜ਼ ਨਹੀਂ ਹਨ। ਇਨ੍ਹਾਂ ਨੂੰ ਕਿਸੇ ਇਤਿਹਾਸ ਦੀ ਕਿਤਾਬ ਵਾਂਗ ਪੜ੍ਹਣ ਨਾਲ ਸਾਰਥਕ ਸਿੱਟੇ ਹੱਥ ਨਹੀਂ ਆ ਸਕਦੇ ਅਤੇ ਨਾ ਹੀ ਇਹ ਸੁਹਜਾਤਮਕ ਸਾਹਿਤਕ ਕ੍ਰਿਤ ਹਨ ਜੋ ਮਾਤਰ ਆਨੰਦ ਪ੍ਰਾਪਤੀ ਲਈ ਲਿਖੀਆਂ ਗਈਆਂ ਹੋਣ।

ਜਿਵੇਂ ਕਿ ਉੱਪਰ ਵਿਚਾਰ ਕੀਤੀ ਗਈ ਹੈ; ਜਨਮਸਾਖੀਆਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਣ ਨਾਲ ਕਈ ਤਰ੍ਹਾਂ ਦੇ ਮਸਲੇ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਜਨਮਸਾਖੀਆਂ ਦਾ ਅਧਿਐਨ ਗੁਰਮਤਿ ਦੇ ਮੂਲ ਸਿਧਾਂਤਾਂ ਦੀ ਰੌਸ਼ਨੀ ਵਿਚ ਹੀ ਕੀਤਾ ਜਾ ਸਕਦਾ ਹੈ। ਕਿਉਂਕਿ ‘ਗੁਰਮਤਿ’ ਇਤਿਹਾਸ ਕੇਂਦ੍ਰਿਤ ਮਾਰਗ ਨਹੀਂ ਹੈ। ਗੁਰੂ ਸਾਹਿਬਾਨ ਦੇ ਜੀਵਨ ਗੁਰਮਤਿ ਦੇ ਸਿਧਾਂਤਾਂ ਨੂੰ ਸਮਝਣ-ਜਾਣਨ ’ਚ ਸਹਾਈ ਤਾਂ ਹਨ ਪ੍ਰੰਤੂ ਗੁਰਮਤਿ ‘ਇਤਿਹਾਸ’ ਕੇਂਦ੍ਰਿਤ ਹੋਣ ਦੀ ਬਜਾਇ ‘ਸ਼ਬਦ’ ਕੇਂਦ੍ਰਿਤ ਹੈ। ਇਸ ਲਈ ਅਸੀਂ ਇਤਿਹਾਸ ਨਾਲ ਗੁਰਬਾਣੀ ਦੀ ਪਰਖ ਨਹੀਂ ਕਰਦੇ ਸਗੋਂ ਗੁਰਬਾਣੀ ਨਾਲ ਇਤਿਹਾਸ ਨੂੰ ਪਰਖਦੇ ਹਾਂ। ਇਸ ਬਾਰੇ ਭਾਈ ਵੀਰ ਸਿੰਘ ਜੀ ਦਾ ਕਹਿਣਾ ਹੈ ਕਿ :

> ਇਤਿਹਾਸ ਸਾਡਾ ਧਰਮ ਨਹੀਂ ਤੇ ਨਾਂ ਸਾਡੇ ਧਰਮ ਦਾ ਨਿਰਬਾਹ ਇਤਿਹਾਸ ਪਰ ਹੈ, ਗੁਰੂ ਸਾਹਿਬਾ ਦੇ ਜੀਵਨਾਂ ਦੇ ਇਤਿਹਾਸ ਧਾਰਮਕ ਜ਼ਿੰਦਗੀ ਦੇ ਸਹਾਈ ਹਨ, ਪਰ ਈਸਾਈ ਮਤ ਵਾਂਗੂੰ ਅਸੀਂ ਐਉਂ ਨਹੀਂ ਕਹਿ ਸਕਦੇ ਕਿ ਜੇ ਕਦੇ ਗੁਰੂ ਨਾਨਕ ਦੇਵ ਜੀ ਦੀ ਦੇਹੀ ਸਚ ਖੰਡ ਪਿਆਨ ਦੇ ਮਗਰੋਂ ਚਾਦਰੇ ਹੇਠਾਂ ਗੁੰਮ ਨਹੀਂ ਸੀ ਹੋ ਗਈ ਤਦ ਸਿੱਖੀ

> ਧਰਮ ਅਕਾਰਥ ਹੈ ... ਸਾਡਾ ਭਾਵ ਇਹ ਨਹੀਂ ਕਿ ਗੁਰੂ ਸਾਹਿਬਾਂ ਦੇ ਜੀਵਨ ਚਰਿਤ੍ਰਾਂ ਦੀ ਲੋੜ ਨਹੀਂ, ਯਾ ਉਹਨਾਂ ਦੇ ਜੀਵਨ ਚਰਿਤ੍ਰਾਂ ਦਾ ਪੜਨਾ ਸਾਨੂੰ ਸਿੱਖੀ ਦਾਨ ਨਹੀਂ ਦੇਂਦਾ, ਹਰਗਿਜ਼ ਸਾਡਾ ਇਹ ਭਾਵ ਨਹੀਂ ਹੈ, ਮਤਲਬ ਇਹ ਹੈ ਕਿ ਤਵਾਰੀਖੀ ਵਾਕਯਾਤ ਪਰਮੇਸ਼ੁਰ ਦੇ ਤੱਤ ਗਯਾਨ ਨੂੰ ਅਦਲ ਬਦਲ ਨਹੀਂ ਸਕਦੇ।[6]

ਇਸ ਪ੍ਰਕਾਰ ਸਾਡਾ ਆਸ਼ਾ ਜਨਮਸਾਖੀਆਂ ਪ੍ਰਤੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਲਹਿਦਾ ਹੈ। ਇਸ ਦਾ ਇਹ ਅਰਥ ਨਹੀਂ ਕਿ ਇਤਿਹਾਸ ਸਾਡੇ ਲਈ ਬਿਲਕੁਲ ਨਿਰਮੂਲ ਹੈ। ਜਨਮਸਾਖੀਆਂ ਦਾ ਅਧਿਐਨ ਕਰਦੇ ਸਮੇਂ ਇਸ ਨੁਕਤਾ-ਏ-ਨਿਗਾਹ ਨੂੰ ਧਿਆਨ ਵਿਚ ਰੱਖਣਾ ਅਤਿ ਅਵੱਸ਼ਕ ਹੈ ਵਰਨਾ ਅਧਿਐਨ ਕਰਤਾ ਕਿਸੇ ਨ ਕਿਸੇ ਟਪਲੇ ਦਾ ਸ਼ਿਕਾਰ ਹੋ ਸਕਦਾ ਹੈ।

> ਇਸੇ ਤਰ੍ਹਾਂ ਵਾਹਿਗੁਰੂ ਦਾ ਗਿਆਨ ਓਹੋ ਹੈ, ਭਾਵੇਂ ਗੁਰੂ ਨਾਨਕ ਦੇਵ ਜੀ ਸੰਗਲਾਦੀਪ ਗਏ ਭਾਵੇਂ ਕਿਤੇ ਨਾ ਗਏ। ਭਾਵੇਂ ਦੇਸ਼ਾਟਨ ਕਰਦੇ ਰਹੇ ਭਾਵੇਂ ਤਿਲਵੰਡੀ ਬੈਠੇ ਰਹੇ। ਭਾਵੇਂ ਮੋਦੀਖਾਨਾ ਕੀਤਾ ਭਾਵੇਂ ਨਾ ਕੀਤਾ। ਭਾਵੇਂ ਵੇਈਂ ਵਿਚ ਟੁਬਕੀ ਲਾਈ ਭਾਵੇਂ ਨਾ ਲਾਈ। ਉਹਨਾਂ ਦਾ ਤੱਤ ਗਿਆਨ ਜੋ ਸਾਡੇ ਤੱਕ ਪਹੁੰਚਾ ਹੈ ਉਹੋ ਹੈ ਜੋ ਸੰਸਾਰ ਦੇ ਆਦਿ ਵਿਚ ਸੀ, ਜੋ ਆਦਿ ਤੋਂ ਪਹਿਲੇ ਸੀ, ਜੋ ਉਹਨਾਂ ਦੇ ਵੇਲੇ ਸੀ, ਜੋ ਹੁਣ ਹੈ, ਜੋ ਸਦਾ ਹੋਇਆ ਤੇ ਸਦਾ ਹੋਵੇਗਾ।[7]

ਇਸ ਲਈ ਜਨਮਸਾਖੀਆਂ ਦਾ ਅਧਿਐਨ ਕਰਦੇ ਸਮੇਂ ਗੁਰਬਾਣੀ ਨੂੰ ਕੇਂਦਰ ਵਿਚ ਰੱਖਣਾ ਅਤਿ-ਅਵੱਸ਼ਕ ਹੈ।

## 2

ਗੁਰੂ ਨਾਨਕ ਸਾਹਿਬ ਜੀ ਦੀਆਂ ਜਨਮਸਾਖੀਆ ਮੁਤਾਬਿਕ ਆਪ ਜੀ ਉਮਰ ਕੋਈ 70 ਕੁ ਸਾਲ ਬਣਦੀ ਹੈ। ਕਿਉਂਕਿ ਤਕਰੀਬਨ ਸਾਰੀਆਂ ਜਨਮਸਾਖੀਆਂ ਵਿਚ ਤੱਥਾਤਮਕ ਪਹਿਲੂ ਤੋਂ ਮਤਭੇਦ ਹੀ ਪਾਇਆ ਜਾਂਦਾ ਹੈ। ਇਸ ਪ੍ਰਤੀ ਵਿਦਵਾਨਾਂ ਵਿਚ ਵਿਚਾਰ-ਚਰਚਾ ਚਲਦੀ ਰਹੀ ਹੈ। ਫਿਰ ਵੀ ਹੁਣ ਤੱਕ ਦੀ ਵਧੇਰੇ ਪ੍ਰਚਲਿਤ ਰਾਏ ਨੂੰ ਮੁੱਖ ਰੱਖ ਕੇ ਗੱਲ ਕੀਤੀ ਜਾਏ ਤਾਂ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

1469 ਈ: ਤੋਂ 1497 ਈ: = 28 ਸਾਲ = ਗ੍ਰਿਹਸਥ
1498 ਈ: ਤੋਂ 1525 ਈ: = 28 ਸਾਲ = ਉਦਾਸੀਆਂ ਅਤੇ ਹੋਰ ਯਾਤਰਾਵਾਂ
1526 ਈ: ਤੋਂ 1539 ਈ: = 14 ਸਾਲ = ਕਰਤਾਰਪੁਰ

ਇਨ੍ਹਾਂ ਵਿਚੋਂ ਗੁਰੂ ਸਾਹਿਬ 28 ਸਾਲ ਉਦਾਸੀਆਂ ਵਿਚ ਰਹੇ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ।

ਆਪ ਜੀ ਨੇ ਪਹਿਲੀ ਉਦਾਸੀ 1497 ਈ: ਤੋਂ 1509 ਈ: (12 ਸਾਲ) ਵਿਚ ਕੀਤੀ। ਇਸ ਸਮੇਂ ਆਪ ਜੀ ਪੂਰਬ ਦੇ ਦੇਸ਼ਾਂ ਵਿਚ ਗਏ। ਦੂਸਰਾ ਉਦਾਸੀ 1510 ਈ: ਤੋਂ 1514 ਈ: (ਪੰਜ ਸਾਲ) ਵਿਚ ਕੀਤੀ। ਇਹ ਦੱਖਣ ਦੀ ਉਦਾਸੀ ਦੇ ਨਾਮ ਨਾਲ ਪ੍ਰਸਿੱਧ ਹੈ। ਤੀਸਰੀ ਉਦਾਸੀ 1515 ਈ: ਤੋਂ 1518 ਈ: (ਚਾਰ ਸਾਲ) ਵਿਚ ਕੀਤੀ। ਇਹ ਉਦਾਸੀ ਉਤਰਾਖੰਡ ਦੀ ਉਦਾਸੀ ਨਾਲ ਪ੍ਰਸਿੱਧ ਹੈ। ਇਸ ਉਦਾਸੀ ਸਮੇਂ ਗੁਰੂ ਸਾਹਿਬ ਕਸ਼ਮੀਰ ਵੱਲ ਹੁੰਦੇ ਹੋਏ ਉਤਰਾਖੰਡ ਦੇ ਪਰਬਤਾਂ ਵਿਚ ਗਏ। ਚੌਥੀ ਉਦਾਸੀ 1519 ਈ: ਤੋਂ 1524 ਈ: (6 ਸਾਲ) ਵਿਚ ਕੀਤੀ। ਇਹ ਉਦਾਸੀ ਪੱਛਮ ਦੀ ਉਦਾਸੀ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਉਦਾਸੀ ਵਿਚ ਆਪ ਜੀ ਵਧੇਰੇ ਕਰਕੇ ਮੁਸਲਿਮ ਇਲਾਕਿਆਂ ਵਿਚ ਗਏ। ਇਨ੍ਹਾਂ ਚਾਰ ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਕਰਤਾਰਪੁਰ ਪਰਤ ਆਏ। ਇਸ ਤੋਂ ਬਾਅਦ ਗੁਰੂ ਸਾਹਿਬ ਕਦੇ-ਕਦਾਈਂ ਕਰਤਾਰਪੁਰ ਤੋਂ ਕਿਸੇ ਦੇਸ ਜਾਂ ਨਗਰ ਵੱਲ ਜਾਂਦੇ ਰਹੇ। ਜਿਸ ਨੂੰ ਕੁੱਝ ਕੁ ਵਿਦਵਾਨ ਪੰਜਵੀ ਉਦਾਸੀ ਵੀ ਕਹਿ ਦਿੰਦੇ ਹਨ। ਕੁੱਲ ਮਿਲਾ ਕੇ ਗੁਰੂ ਸਾਹਿਬ ਚਾਹੇ ਮੱਕੇ-ਮਦੀਨੇ ਗਏ, ਜਗਨਨਾਥ ਪੁਰੀ, ਹਰਿਦੁਆਰ, ਜੋਗੀਆਂ, ਸਿੱਧਾਂ ਜਾਂ ਬ੍ਰਾਹਮਣਾ ਦੇ ਅਸਥਾਨਾਂ ਪੁਰ ਗਏ ਹਰ ਸਥਾਨ ਤੇ ਜਾ ਕੇ ਗੁਰੂ ਸਾਹਿਬ ਨੇ ਬਿਪਰਨ ਦੀ ਰੀਤ ਨੂੰ ਤੋੜਿਆ ਅਤੇ ਸਭ ਨੂੰ ਇੱਕ ਪ੍ਰਮਾਤਮਾ ਦੀ

ਰਾਹ ਤੇ ਚੱਲਣ ਲਈ ਪ੍ਰੇਰਿਆ। ਗੁਰੂ ਸਾਹਿਬ ਜਿਸ ਵੀ ਸਥਾਨ ਤੇ ਚਰਨ ਪਾਏ ਉਹ ਸਥਾਨ ਗੁਰੂ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ ਅਤੇ ਧਰਮਸਾਲ ਦਾ ਰੂਪ ਹੋ ਗਿਆ।

*ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ ॥*
*ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ॥*
*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ॥*
*ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ ॥*[8]

## ਹਵਾਲੇ ਅਤੇ ਟਿੱਪਣੀਆਂ

1. "ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੁ ਨਾਨਕੁ ਆਇਆ ॥23॥", ਭਾਵ - "ਕਲਿਜੁਗ ਬਾਬੇ ਤਾਰ ਦਿਤਾ, ਸਤਿਨਾਮ ਦਾ ਮੰਤ੍ਰ (ਪੜ੍ਹਕੇ) ਸੁਣਾ ਦਿੱਤਾ। ਸੋ ਕਲਿਜੁਗ ਦਾ ਉਧਾਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਜੀ ਆਏ।", ਭਾਵ - **ਵਾਰਾਂ ਭਾਈ ਗੁਰਦਾਸ ਸਟੀਕ**, ਸੰਪਾ. ਭਾਈ ਸਾਹਿਬ ਭਾਈ ਵੀਰ ਸਿੰਘ, ਵਾਰ 1, ਪਉੜੀ 23
"ਸਭ ਸਿਧੀ ਇਹ ਬੁਝਿਆ ਕਲਿ ਤਾਰਨਿ ਨਾਨਕ ਅਵਤਾਰਾ ॥", ਭਾਵ - "ਸਾਰੇ ਸਿਧਾਂ ਨੇ (ਗੁਰੂ ਜੀ ਦੇ ਕਥਨ ਅਰ ਤੇਜ ਤੋਂ) ਇਹ ਬੁੱਝ ਲਿਆ ਸੀ ਕਿ ਕਲਜੁਗ ਦੇ ਤਾਰਣ ਨੂੰ (ਆਇਆ ਇਹ) ਨਾਨਕ (ਗੁਰੂ) ਅਵਤਾਰ ਹੋਣਾ ਹੈ।", **ਵਾਰਾਂ ਭਾਈ ਗੁਰਦਾਸ ਸਟੀਕ**, ਸੰਪਾ. ਭਾਈ ਸਾਹਿਬ ਭਾਈ ਵੀਰ ਸਿੰਘ, ਵਾਰ 1, ਪਉੜੀ 29
"ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ॥", ਭਾਵ - "ਦਿਨੋਂ ਦਿਨ ਕਲਾ ਸਵਾਈ ਹੋਣ ਲੱਗੀ, ਕਲਿਜੁਗ (ਵਿਚ ਗੁਰੂ) ਨਾਨਕ ਨੇ ਲੋਕਾਂ ਥੋਂ ਨਾਮ ਦਾ ਜਾਪ ਕਰਾਯਾ।", **ਵਾਰਾਂ ਭਾਈ ਗੁਰਦਾਸ ਸਟੀਕ**, ਸੰਪਾ. ਭਾਈ ਸਾਹਿਬ ਭਾਈ ਵੀਰ ਸਿੰਘ, ਵਾਰ 1, ਪਉੜੀ 45
"ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥", ਭਾਵ - "ਹੇ ਗੁਰੂ ਨਾਨਕ! ਕਲਜੁਗ ਵਿਚ (ਭੀ ਤੂੰ ਹੀ) ਸਮਰਥਾ ਵਾਲਾ ਹੈਂ, (ਤੂੰ ਹੀ ਆਪਣੇ ਆਪ ਨੂੰ) ਗੁਰੂ ਅੰਗਦ ਤੇ ਗੁਰੂ ਅਮਰਦਾਸ ਅਖਵਾਇਆ ਹੈ।", **ਸ੍ਰੀ ਗੁਰੂ ਗ੍ਰੰਥ ਸਾਹਿਬ**, ਸਵਈਏ ਮਹਲੇ ਪਹਿਲੇ ਕੇ, ਪੰਨਾ 1390
2. ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ, **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਸਿਰੀ ਰਾਗ, ਮ : 5, ਪੰਨਾ 99
3. Arnold J. Toynbee, **An Historian's Approach to Religion**, Page 3
4. ਡਾ. ਕਿਰਪਾਲ ਸਿੰਘ, **ਜਨਮਸਾਖੀ ਪਰੰਪਰਾ - ਇੱਕ ਇਤਿਹਾਸਕ ਦ੍ਰਿਸ਼ਟੀਕੋਣ**, ਪੰਨਾ VI
5. **ਉਹੀ**, ਪੰਨਾ XXII
6. ਭਾਈ ਵੀਰ ਸਿੰਘ, 'ਖਾਲਸਾ ਧਰਮ ਅਤੇ ਇਤਿਹਾਸ', **ਅਮਰ ਲੇਖ**, ਭਾਗ ਪਹਿਲਾ, ਪੰਨਾ 134-135
7. **ਉਹੀ**, ਪੰਨਾ 136
8. **ਵਾਰਾਂ ਭਾਈ ਗੁਰਦਾਸ ਸਟੀਕ**, ਸੰਪਾ. ਭਾਈ ਸਾਹਿਬ ਭਾਈ ਵੀਰ ਸਿੰਘ, ਵਾਰ 1, ਪਉੜੀ 27

◈

# *ਜਪੁਜੀ* : ਭਾਸ਼ਾਈ ਵਿਵੇਚਨ



ਡਾ. ਮਿੰਨੀ ਸਲਵਾਨ
ਅਸਿਸਟੈਂਟ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ,
ਖ਼ਾਲਸਾ ਕਾਲਜ,
ਅੰਮ੍ਰਿਤਸਰ।
ਮੋ. : 9356302480

ਬਹੁਪ੍ਰਤਿਭਾ ਦੇ ਸੁਆਮੀ ਕਲਿ-ਤਾਰਕ ਗੁਰੂ ਨਾਨਕ ਸਾਹਿਬ ਦਾ ਜੀਵਨ ਨਿਰੰਤਰ ਸਿਮਰਨ ਤੇ ਘਾਲ ਕਮਾਈ ਦੀ ਵਾਰਤਾ ਰਿਹਾ। ਆਪ ਨੇ ਕਿਰਤ ਕਰਨ, ਨਾਮ ਜਪਨ ਤੇ ਵੰਡ ਛਕਣ ਵਾਲਾ, ਭਟਕੀ ਮਨਵਤਾ ਨੂੰ ਸਹੀ ਮਾਰਗ ਦਿਖਾਉਣ ਵਾਲਾ, ਦੁਖੀਆਂ ਅਨਾਥਾਂ ਦੇ ਦਰਦ ਵਿਚ ਭਿੱਜਾ, ਮਾਇਆ ਤੋਂ ਨਿਰਲੇਪ ਸਕਾਰਾਤਮਕ ਅਤੇ ਗਤੀਸ਼ੀਲ ਜੀਵਨ ਨਾ ਕੇਵਲ ਜੀਵਿਆ, ਬਲਕਿ ਸਮੁੱਚੀ ਮਾਨਵਤਾ ਨੂੰ ਵੀ ਅਜਿਹਾ ਜੀਵਨ ਬਤੀਤ ਕਰਨ ਲਈ ਪ੍ਰੇਰਿਆ। ਆਪ ਆਪਣੀਆਂ ਉਦਾਸੀਆਂ ਦੌਰਾਨ ਵੱਖ-ਵੱਖ ਮਤਾਂ, ਵਿਸ਼ਵਾਸਾਂ ਅਤੇ ਦ੍ਰਿਸ਼ਟੀਕੋਣਾਂ ਦੇ ਲੋਕਾਂ ਨਾਲ ਸੰਪਰਕ ਵਿਚ ਆਏ ਅਤੇ ਉਹਨਾਂ ਦੇ ਫੋਕਟ ਕਰਮਕਾਡਾਂ ਅਤੇ ਅੰਧਵਿਸ਼ਵਾਸਾਂ ਦਾ ਖੰਡਨ ਕਰਦਿਆਂ ਤਰਕ ਤੇ ਵਿਵੇਕ ਦੇ ਆਧਾਰ ਉੱਤੇ ਆਪਣੇ ਵਿਚਾਰਾਂ ਦੀ ਪ੍ਰਭੁਤਾ ਸਥਾਪਿਤ ਕੀਤੀ। “ਗੁਰੂ ਨਾਨਕ ਨਿਰਾ ਕੋਈ ਕਵੀ ਜਾਂ ਭਗਤ ਜਾਂ ਤਿਆਗੀ ਵੈਰਾਗੀ ਸੈਲਾਨੀ ਸਾਧੂ ਨਹੀਂ ਸੀ। ਸਗੋਂ ਉਹ ਇਕ ਨਵੀਂ ਜਾਤੀ, ਇਕ ਨਵੀਂ ਜੀਵਨ- ਕਣੀ, ਇਕ ਨਵੀਂ ਦੇਸ਼ ਭਗਤੀ ਤੇ ਤਹਿਜ਼ੀਬ ਨੂੰ ਜਨਮ ਦੇਣ ਵਾਲਾ ਮਹਾਨ ਕਰਤਾਰੀ ਤੇ ਬਲਵਾਨ ਆਗੂ ਸੀ, ਜਿਸ ਇਤਿਹਾਸ ਦਾ ਪਾਸਾ ਪਲਟ ਦਿੱਤਾ, ਜੋ ਬਲਦੀ ਲਾਟ ਵਾਂਗੂ ਅੰਨ੍ਹੇਰੇ ਦਿਲਾਂ ਨੂੰ ਚਾਨਣਿਆਂਦਾ ਵੀ ਰਿਹਾ ਤੇ ਮੋਈਆਂ ਸੁੱਤੀਆਂ, ਨਿਰਜਿੰਦ ਲੋਥਾਂ ਵਿਚੋਂ ਜੀਵਨ ਭਬਾਕੇ ਮਚਾਂਦਾ ਰਿਹਾ ਤੇ ਨਾਲ ਹੀ ਜ਼ੋਰ ਜ਼ਾਬਰ ਕਰਕੇ ਦੂਜਿਆਂ ਦੀ ਅਣਖ, ਆਣ, ਸੁਤੰਤਰਤਾ ਤੇ ਖੁਸ਼ਹਾਲੀ ਨੂੰ ਮਾਰਨ ਵਾਲੇ ਜਰਵਾਣਿਆਂ ਵਿਰੁੱਧ ਖ਼ੂਨ ਦੇ ਸੋਹਿਲੇ ਵੀ ਗਾਉਂਦਾ ਰਿਹਾ।”[1] ਆਪ ਦੀ ਸਮੁੱਚੀ ਬਾਣੀ ਆਪ ਦੇ ਅਜਿਹੇ ਜੀਵਨ ਦਰਸ਼ਨ, ਜੀਵਨ ਬੋਧ ਅਤੇ ਗੁਰਮਤਿ ਗਿਆਨ ਦਾ ਸਾਰ ਹੈ।

ਗੁਰੂ ਨਾਨਕ ਬਾਣੀ ਗੁਰਮਤਿ ਕਾਵਿ ਦੀ ਆਧਾਰਸ਼ਿਲਾ ਹੈ। “ਗੁਰਮਤਿ ਸ਼ਬਦ ਇਕ ਵਿਸ਼ੇਸ਼ ਭਾਂਤ ਦੀ ਜੀਵਨ-ਵਿਧੀ ਅਤੇ ਦਾਰਸ਼ਨਿਕ ਦ੍ਰਿਸ਼ਟੀ ਦਾ ਲਖਾਇਕ ਹੈ, ਜਿਸਦਾ ਮੂਲ ਪ੍ਰੇਰਣਾ ਸਰੋਤ ਗੁਰੂ ਨਾਨਕ ਦੀ ਧਰਮ-ਪ੍ਰਵਰਤਕ ਵਿਚਾਰਧਾਰਾ ਵਿਚ ਲੱਭਿਆ ਜਾ ਸਕਦਾ ਹੈ। ‘ਕਾਵਿ’ ਨਾਲ ਜੁੜ ਕੇ ਇਹ ਸ਼ਬਦ ਇਕ ਖ਼ਾਸ ਕਿਸਮ ਦੀ ਵਰਗ-ਵੰਡ ਦਾ ਆਧਾਰ ਹੋ ਨਿਬੜਦਾ ਹੈ। ਇਸ ਵਰਗ-ਵੰਡ ਦੇ ਅਧੀਨ ਕੇਵਲ ਉਹੀ ਰਚਨਾ ਰੱਖੀ ਜਾ ਸਕਦੀ ਹੈ, ਜਿਸ ਵਿਚ ਸਮੁੱਚੇ ਤੌਰ ’ਤੇ ਗੁਰੂ ਨਾਨਕ ਦੀ ਵਿਸ਼ਵ-ਦ੍ਰਿਸ਼ਟੀ ਨੂੰ ਪ੍ਰਵਾਨਗੀ ਹਾਸਲ ਹੋਵੇ।”[2] ਇਸੇ ਸਿਧਾਂਤਕ ਕਸਵੱਟੀ ਨੂੰ ਧਿਆਨ ਵਿਚ ਰੱਖ ਕੇ ਗੁਰੂ ਅਰਜਨ ਦੇਵ ਜੀ ਨੇ *ਆਦਿ ਗ੍ਰੰਥ* ਦੀ ਸੰਪਾਦਨਾ ਕੀਤੀ, ਜਿਸਨੂੰ ਗੁਰਮਤਿ ਕਾਵਿ ਦਾ ਪ੍ਰਥਮ ਪ੍ਰਮਾਣਿਕ ਗ੍ਰੰਥ ਮੰਨਿਆ ਜਾ ਸਕਦਾ ਹੈ। ਵਿਸ਼ੇ, ਆਕਾਰ ਅਤੇ ਰੂਪ ਦੇ ਪੱਖ ਤੋਂ ਇਹ ਰਚਨਾ ਵਿਭਿੰਨਤਾ ਅਤੇ ਅਦਭੁੱਦਤਾ ਦੀ ਲਖਾਇਕ ਹੈ। ਇਸ ਵਿਚ ਇਕ ਪਾਸੇ ਸਮਕਾਲੀਨ ਜੀਵਨ ਦੇ ਵਿਰੋਧੀ ਸਰੂਪ ਨੂੰ ਚਿਤਰਿਆ ਗਿਆ ਹੈ ਅਤੇ ਦੂਜੇ ਪਾਸੇ

ਅਧਿਆਤਮਕ ਤੇ ਰਹੱਸਾਤਮਕ ਜੀਵਨ ਅਨੁਭਵਾਂ ਦੇ ਸੱਚਾਈਆਂ ਦੀ ਪੇਸ਼ਕਾਰੀ ਹੋਈ ਹੈ। ਇਕ ਪਾਸੇ ਇਸ ਵਿਚ ਗੁਰੂ ਨਾਨਕ ਸਾਹਿਬ ਦਾ *ਜਪੁ* ਵਰਗਾ ਉੱਚ-ਪੱਧਰੀ ਦਾਰਸ਼ਨਿਕ ਕਾਵਿ ਵਿਦਮਾਨ ਹੈ, ਜਿਸਨੂੰ 'ਆਦਿ ਗ੍ਰੰਥ ਸਾਹਿਬ ਦੇ ਦਰਸ਼ਨ ਦਾ ਸਾਰ' ਕਿਹਾ ਜਾ ਸਕਦਾ ਹੈ ਅਤੇ ਦੂਜੇ ਪਾਸੇ **ਬਾਰਾਮਾਹ**, **ਆਰਤੀ**, **ਓਅੰਕਾਰ** ਤੇ **ਸਿਧ ਗੋਸਟਿ** ਵਰਗੀਆਂ ਉੱਚ ਸੰਵੇਦਨਸ਼ੀਲ ਰਚਨਾਵਾਂ।

**ਜਪੁਜੀ** ਗੁਰੂ ਗ੍ਰੰਥ ਸਾਹਿਬ ਦੀ ਆਰੰਭਿਕ ਬਾਣੀ ਹੈ। ਇਹ ਗੁਰਮਤਿ ਵਿਚਾਰਧਾਰਾ ਦੀ ਅਜਿਹੀ ਆਧਾਰਮੂਲਕ ਕਿਰਤ ਹੈ, ਜਿਸਨੂੰ ਪੜ੍ਹਣ-ਸਮਝਣ ਨਾਲ ਗੁਰਮਤਿ ਦੀ ਸੋਝੀ, ਅਧਿਆਤਮਕ ਪ੍ਰਗਤੀ ਅਤੇ ਧਾਰਮਿਕ ਚੇਤਨਾ ਦਾ ਆਗ਼ਾਜ਼ ਹੁੰਦਾ ਹੈ। **ਜਪੁਜੀ** ਸਿੱਖਾਂ ਦੇ ਨਿਤਨੇਮ ਦਾ ਮੂਲ ਆਧਾਰ ਹੈ। ਇਸਦਾ ਆਰੰਭ 'ਜਪੁ' ਸ਼ਬਦ ਤੋਂ ਹੁੰਦਾ ਹੈ, ਜਿਸਦੇ ਅਰਥ ਹਨ: "ਜਪਨਾ, ਮਨ ਵਿਚ ਕਹਿਣਾ, ਉਹ ਮੰਤ੍ਰ ਅਥਵਾ ਵਾਕ, ਜਿਸਦਾ ਜਪ ਕੀਤਾ ਜਾਵੇ। ਸੰਸਕ੍ਰਿਤ ਗ੍ਰੰਥਾਂ ਵਿਚ ਜਪ ਤਿੰਨ ਪ੍ਰਕਾਰ ਦਾ ਹੈ- (ੳ) ਵਾਚਿਕ, ਜੋ ਸਪਸ਼ਟ ਅੱਖਰ ਵਿਚ ਕੀਤਾ ਜਾਵੇ, ਜਿਸਨੂੰ ਸੁਚੇਤ ਸੁਣ ਕੇ ਸ੍ਰੋਤਾ ਅਰਥ ਸਮਝ ਸਕੇ, (ਅ) ਉਪਾਂਸ਼ੁ, ਜੋ ਹੇਠਾਂ ਅੰਦਰ ਬਹੁਤ ਧੀਮੀ ਆਵਾਜ਼ ਨਾਲ ਕੀਤਾ ਜਾਵੇ, ਜਿਸ ਨੂੰ ਬਹੁਤ ਪਾਸ ਬੈਠਣ ਵਾਲਾ ਭੀ ਨਾ ਸਮਝ ਸਕੇ, (ੲ) ਮਾਨਸ, ਜੋ ਮਨ ਦੇ ਚਿੰਤਨ ਤੋਂ ਕੀਤਾ ਜਾਵੇ।"[3] ਮਿੱਠੀ, ਮਧੁਰ ਤੇ ਧੀਮੀ ਸੁਰ ਵਿਚ ਅਰਥ ਸਮਝ ਕੇ ਪਾਠ ਕਰਨਾ ਹੀ 'ਜਪੁ' ਹੈ। ਸ਼ਰਧਾ ਅਤੇ ਸਤਿਕਾਰ ਨਾਲ **ਜਪੁ** ਬਾਣੀ ਨੂੰ 'ਜਪੁਜੀ' ਅਤੇ 'ਜਪੁਜੀ ਸਾਹਿਬ' ਕਿਹਾ ਜਾਂਦਾ ਹੈ। ਇਸ ਬਾਣੀ ਦਾ ਆਰੰਭ 'ਮੂਲ ਮੰਤਰ' ਤੋਂ ਹੁੰਦਾ ਹੈ। "ਮੂਲ ਦੇ ਨਿਰੁਕਤ ਅਰਥ ਹਨ: ਜੜ, ਆਧਾਰ, ਅਸਲੀ[4] ਅਤੇ ਮੰਤਰ ਦੇ ਪਾਠ, ਪ੍ਰਾਰਥਨਾ, ਵਿਚਾਰ"।[5] ਇੰਝ ਮੂਲ ਮੰਤਰ ਤੋਂ ਭਾਵ ਉਸ ਆਧਾਰ ਪਾਠ ਤੋਂ ਲਿਆ ਜਾ ਸਕਦਾ ਹੈ ਜੋ ਕਿ ਗੁਰਮਤਿ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਮੂਲ ਬਿੰਦੂ ਹੈ। ਮੂਲ ਮੰਤਰ ਤੋਂ ਬਾਅਦ ਇਕ 'ਸਲੋਕ' ਪਹਿਲਾਂ "ਆਦਿ ਸਚੁ ਜਗਾਦਿ ਸਚੁ" ਅਤੇ ਇਕ ਬਾਣੀ ਵਿੱਚ ਅੰਤ ਉੱਤੇ "ਪਵਣੁ ਗੁਰੂ ਪਾਣੀ ਪਿਤਾ" ਦਰਜ ਹੈ। "ਸਲੋਕ ਦੇ ਅਰਥ ਹਨ: ਯਸ਼, ਮਹਿਮਾ, ਉਸਤਤਿ ਆਦਿ। ਇਹ ਅਜਿਹਾ ਕਾਵਿ ਰੂਪ ਹੈ ਜਿਸ ਵਿਚ ਕਿਸੇ ਮਹਾਪੁਰਖ ਦੇ ਯਸ਼ ਦਾ ਗਾਇਨ ਕੀਤਾ ਜਾਂਦਾ ਹੈ।"[6] ਇਸ ਬਾਣੀ ਦੀਆਂ ਅਠੱਤੀ 'ਪਉੜੀਆਂ' ਹਨ। "ਪਉੜੀ ਸਾਹਿਤ ਖੇਤਰ ਵਿਚ ਇੱਕ ਕਾਵਿ-ਰੂਪ ਹੈ, ਜਿਸ ਅੰਦਰ ਵਿਚਾਰਾਂ ਦੀ ਉਸਾਰੀ ਪੌੜੀ ਦੇ ਡੰਡਿਆਂ ਅਨੁਸਾਰ ਹੁੰਦੀ ਹੈ। ਇਕ ਖਿਆਲ ਤੋਂ ਬਾਅਦ ਦੂਜਾ ਖਿਆਲ ਲੜੀਵਾਰ ਉਤਰੋਤਰ ਜੁੜਦਾ ਜਾਂਦਾ ਹੈ ਤੇ ਫਿਰ ਕੁਝ ਪਉੜੀਆਂ ਇਕੱਠੀਆਂ ਹੋ ਕੇ ਇਕ ਸੁਮੱਚ ਖਿਆਲ ਬਣਾਉਂਦੀਆਂ ਹਨ।"[7] ਗੁਰੂ ਜੀ ਦਾ ਅਨੁਭਵ, ਦਰਸ਼ਨ ਅਤੇ ਜੀਵਨ ਸੰਦੇਸ਼ ਇਸ ਅਲਪਕਾਰੀ ਬਾਣੀ ਵਿਚ 'ਮੂਲ ਮੰਤਰ', 'ਸਲੋਕ' ਅਤੇ 'ਪਉੜੀਆਂ' ਦੇ ਰੂਪ ਵਿਚ ਸਮਾਇਆ ਹੋਇਆ ਹੈ। ਅਸਲ ਵਿਚ **ਜਪੁਜੀ** 'ਸਤਯਮ, ਸ਼ਿਵਮ, ਸੁੰਦਰਮ ਦੀ ਅਜਿਹੀ ਤ੍ਰਿਵੇਣੀ' ਹੈ, ਜਿਸ ਵਿਚ ਪਰਮ ਸੱਚ, ਪਰਮ ਸਹਿਜ ਅਤੇ ਪਰਮ ਸੁਹਜ ਦੀ ਵਿਆਖਿਆ ਕੀਤੀ ਗਈ ਹੈ।

ਮਾਨਵੀ ਜਗਤ ਦੀਆਂ ਸਾਰੀਆਂ ਪ੍ਰਾਪਤੀਆਂ ਮੂਲ ਰੂਪ ਵਿਚ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਫੁਲਿੱਤ ਹੁੰਦੀਆਂ ਹਨ। ਵਿਚਾਰ ਸਿਰਜਣ ਤੋਂ ਸੰਚਾਰਨ ਤੱਕ ਦੀ ਸਾਰੀ ਕਿਰਿਆ/ਪ੍ਰਕਿਰਿਆ ਨੂੰ ਭਾਸ਼ਾ ਹੀ ਨਿਖਾਰਦੀ/ਸੰਵਾਰਦੀ ਹੈ। ਅਸਲ ਵਿਚ ਮਾਨਵੀ ਵਰਤਾਰੇ ਦੇ ਕਿਸੇ ਵੀ ਪਾਸਾਰ ਨਾਲ ਸੰਬੰਧ ਭਾਸ਼ਾ ਰਾਹੀਂ ਹੀ ਸਥਾਪਿਤ ਹੁੰਦਾ ਹੈ। ਪਹਿਲਾਂ ਭਾਸ਼ਾ ਆਉਂਦੀ ਹੈ ਅਤੇ ਪਿੱਛੋਂ ਇਸ ਦੁਆਰਾ ਸਾਰਥਕ ਨਿਰੂਪਣ ਲੈਣ ਵਾਲਾ ਵਰਤਾਰਾ। ਬੁਨਿਆਦੀ ਤੌਰ ਤੇ ਗੁਰੂ ਨਾਨਕ ਬਾਣੀ ਅਧਿਆਤਮਵਾਦੀ ਵਿਸ਼ਵ-ਦ੍ਰਿਸ਼ਟੀ ਦਾ ਨਿਰੂਪਣ ਹੈ। ਪਰੰਤੂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ "ਨਾਨਕ ਬਾਣੀ, ਕਿਸੇ ਵੀ ਪ੍ਰਕਾਰ ਦੀ ਉਤਕ੍ਰਿਸ਼ਟ ਦ੍ਰਿਸ਼ਟੀ ਹੋਣ ਤੋਂ ਪਹਿਲਾਂ ਭਾਸ਼ਾਈ ਹੈ। ਅਰਥਾਤ ਇਸ ਸੁਗਠਿਤ ਵਿਸ਼ਵ-ਦ੍ਰਿਸ਼ਟੀ ਉਪਰ ਪ੍ਰਾਥਮਿਕਤਾ ਭਾਸ਼ਾ ਦੀ ਹੈ। ਇਉਂ ਨਾਨਕ ਦੀ ਸਾਰੀ ਬਾਣੀ ਬੁਨਿਆਦੀ ਤੌਰ ਤੇ ਭਾਸ਼ਾ-ਯੁਕਤ ਪਰਵਚਨ ਬਣ ਨਿਬੜਦੀ ਹੈ। ਇਥੇ ਇਹ ਵੀ ਯਾਦ ਰੱਖਣਾ ਜ਼ਰੂਰੀ ਹੋ ਜਾਂਦਾ ਹੈ ਕਿ ਜਦੋਂ ਕੋਈ ਪਰਵਚਨ ਨਿਰਮਿਤ ਹੁੰਦਾ ਹੈ ਤਾਂ ਉਸ ਵਿਚ ਭਾਸ਼ਾ ਹੀ ਕਿਸੇ ਯੋਜਨਾ ਜਾਂ ਵਿਧਾਨ ਦੇ ਅਧੀਨ ਵਰਤੋਂ ਵਿਚ ਆਈ ਹੁੰਦੀ ਹੈ। ਇਸ ਦਿਸ਼ਾ ਵਿਚ ਆਪਣੀ ਵਿਆਖਿਆ ਨੂੰ ਚਲਾਉਣ ਵਾਲੇ ਪਰਵਚਨ ਨਿਰਮਾਤਾ ਦਾ ਭਾਸ਼ਾ ਸਿਧਾਂਤ ਅਵੱਸ਼ ਹੀ ਨਿਸ਼ਚਿਤ ਕਰ ਸਕਦਾ ਹੈ।"[8] ਇਸੇ ਵਿਚਾਰ ਨੂੰ ਧਿਆਨ ਵਿਚ ਰੱਖਦਿਆਂ ਪ੍ਰਸਤੁਤ ਖੋਜ ਪੱਤਰ *ਜਪੁਜੀ : ਭਾਸ਼ਾਈ ਵਿਵੇਚਨ* ਅਧੀਨ ਅਨੁਰਾਗ ਦੀ ਅਕਥ ਕਥਾ **ਜਪੁਜੀ** ਦੀ ਭਾਸ਼ਾ ਨੂੰ ਵਿਚਾਰਨ ਦਾ ਪ੍ਰਯਤਨ ਕੀਤਾ ਗਿਆ ਹੈ।

**ਜਪੁਜੀ** ਦੀ ਭਾਸ਼ਾ ਗੁਰੂ ਨਾਨਕ ਸਾਹਿਬ ਦੀ ਪ੍ਰਮਾਣਿਕ ਸ਼ੈਲੀ ਦੀ ਭਾਸ਼ਾ ਹੈ। ਇਸ ਭਾਸ਼ਾ ਨੂੰ ਉਹਨਾਂ ਤੋਂ ਬਾਅਦ ਹੋਰ ਗੁਰੂ ਸਾਹਿਬਾਨ ਨੇ ਆਪਣੇ ਵਿਚਾਰਾਂ ਦਾ ਵਾਹਕ ਬਣਾਇਆ। ਗੁਰੂ ਨਾਨਕ ਸਾਹਿਬ ਦਾ ਸਥਾਨਕ ਭਾਸ਼ਾ/ਮਾਤ ਭਾਸ਼ਾ ਪੰਜਾਬੀ ਨਾਲ ਵਿਸ਼ੇਸ਼ ਮੋਹ ਸੀ। ਇਸ ਭਾਸ਼ਾ ਦੇ ਵਿਕਾਸ ਲਈ ਉਹਨਾਂ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਗਏ; ਇਸਦੇ ਰੂਪ ਨੂੰ ਸੰਵਾਰਿਆ, ਇਸਨੂੰ ਇਕ ਵਿਆਕਰਣ ਦਿੱਤਾ, ਇਸਦੇ ਸ਼ਬਦ ਭੰਡਾਰ ਨੂੰ ਵਿਸਤ੍ਰਿਤ ਕੀਤਾ, ਸ਼ਬਦ ਸਿਰਜਣਾ ਦੀਆਂ ਵਿਧੀਆਂ ਨਿਰਧਾਰਤ ਕੀਤੀਆਂ ਅਤੇ ਭਾਰਤ ਦੀਆਂ ਹੋਰਨਾਂ ਬੋਲੀਆਂ ਨਾਲ ਇਸਦਾ ਸੰਬੰਧ ਵੀ ਸਥਾਪਿਤ ਕੀਤਾ। ਗੁਰੂ ਜੀ ਦਾ ਗੁਰਮੁਖੀ ਲਿਪੀ ਨੂੰ ਆਪਣੀ ਮਾਤ ਭਾਸ਼ਾ ਦਾ ਮਾਧਿਅਮ ਬਣਾਉਣਾ ਪੰਜਾਬ ਦੇ ਸੱਭਿਆਚਾਰ ਨੂੰ ਇਕ ਨਵ-ਮੋੜ ਦੇਣਾ ਸੀ। "ਨਵੀਂ ਲਿਪੀ ਦੇ ਨਾਂ ਦੀ ਸਿਰਜਣਾ ਹੋਣੀ ਹੀ ਆਪਣੇ ਆਪ ਵਿਚ ਨਵ-ਚੇਤਨਾ ਸੀ। ਉਹ ਲੋਕ ਜੋ ਆਪਣੇ ਗੁਰੂ ਲਈ ਸਤਿਕਾਰ ਅਤੇ ਸੇਵਾ ਭਾਵਨਾ ਰੱਖਦੇ ਸਨ, ਉਹ ਸਦਾ ਆਪਣੇ ਆਪ ਨੂੰ ਸਾਧਾਰਣ ਲੋਕਾਂ ਜਾਂ ਹਿੰਦੂਆਂ ਨਾਲੋਂ ਵੱਖਰੇ ਸਮਝਦੇ ਸਨ। ਏਸੇ ਤਰ੍ਹਾਂ ਪੰਜਾਬੀ ਜਦੋਂ ਗੁਰਮੁਖੀ ਲਿਪੀ ਵਿਚ ਲਿਖੀ ਜਾਣ ਲੱਗ ਪਈ ਤਾਂ ਗੁਰਮੁਖੀ ਲਿਪੀ ਨੇ ਉਹ ਪਵਿੱਤਰ ਥਾਂ ਪ੍ਰਾਪਤ ਕਰ ਲਈ, ਜਿਹੜੀ ਬ੍ਰਾਹਮਣਾ ਨੇ ਸੰਸਕ੍ਰਿਤ ਦੀ ਦੇਵਨਾਗਰੀ ਲਿਪੀ ਨੂੰ ਦਿੱਤੀ ਸੀ ਅਤੇ ਗੁਰਮੁਖੀ ਲਿਪੀ ਪ੍ਰਾਰੰਭ ਹੋਣ ਨਾਲ ਆਪਣੀ ਮਾਤ-ਭਾਸ਼ਾ ਵਿਚ ਸਾਹਿਤ ਅਤੇ ਧਾਰਮਿਕ ਸਾਹਿਤ ਦੀ ਇਕ ਭਾਰੀ ਪਰੰਪਰਾ ਤੁਰ ਪਈ।"[੧] ਬੇਸ਼ੱਕ ਉਸ ਸਮੇਂ ਉੱਤਰੀ ਭਾਰਤ ਵਿਚ ਧਾਰਮਿਕ ਸਾਹਿਤ ਦੀ ਪ੍ਰਚਲਿੱਤ ਭਾਸ਼ਾ ਸਾਧ-ਭਾਖਾ ਸੀ, ਪਰੰਤੂ ਗੁਰੂ ਜੀ ਨੇ ਆਪਣੀ ਬਾਣੀ ਵਿਚ ਸਾਧ-ਭਾਖਾ ਦੀ ਸ਼ਬਦਾਵਲੀ ਨੂੰ ਉਸੇ ਰੂਪ ਜਾਂ ਰੂਪ ਪਰਿਵਰਤਨ ਅਧੀਨ ਅਪਨਾ ਲਿਆ। ਉਹਨਾਂ ਦੀ ਸ਼ਬਦਾਵਲੀ ਵਿਚ ਨਾਥ ਭਾਸ਼ਾ (ਮੁੰਦਾ, ਸੰਤੋਖ, ਬਿਭੂਤਿ, ਖਿੰਥਾ, ਜੁਗਤਿ, ਅਨੀਲੁ, ਵੇਸ ਆਦਿ), ਬ੍ਰਜ ਭਾਸ਼ਾ (ਪੂਤ, ਦੂਖ, ਅਠਸੱਠ, ਸਾਬੂਣ, ਤੁੱਧ, ਜੀਤੈ, ਏਕੋ ਆਦਿ), ਪਾਲੀ (ਜਪੁ, ਪਾਤਾਲ, ਬੁਧਿ, ਕੀਟ, ਇੰਦ, ਆਦੇਸ, ਗੁਰੁ, ਸਲੋਕ ਆਦਿ), ਵੈਦਿਕ-ਆਰਿਆਈ ਦੇ ਤਤਸਮ ਸ਼ਬਦਾਂ (ਮਾਰਗਿ, ਸੁਰਿਨਾਥੁ, ਪ੍ਰਸਾਦਿ, ਸਿਧ, ਦੀਪ, ਪਾਤਾਲ, ਅੰਤਰਗਤਿ, ਤੀਰਥਿ ਆਦਿ), ਤਦਭਵ ਸ਼ਬਦਾਂ (ਸਿਰਠਿ, ਉਪਾਈ, ਸੈਭੰ, ਅਜੂਨੀ, ਵਿਣਾਸੁ, ਸਨਬੁਧ, ਮੋਖੁ, ਦੁਆਰੁ, ਲੋਅ ਆਦਿ), ਸੰਸਕ੍ਰਿਤ ਦੇ ਤਤਸਮ ਸ਼ਬਦਾਂ (ਨਾਮ, ਸੀਤਲ, ਕੀਟ, ਇੰਦ, ਬੁਧਿ, ਪਾਤਾਲ, ਦੇਵ, ਨਿਰਵੈਰ, ਪਾਰਵਤੀ, ਰਤਨ, ਸੰਸਾਰ ਆਦਿ), ਤਦਭਵ ਸ਼ਬਦਾਂ (ਮੁੰਦਾ, ਮਾਣਿਕ, ਭਖ, ਭਗਤ, ਪੁਰਖ, ਵਿਸਰ, ਰਖੀਸਰ, ਵਿਗਾਸ ਆਦਿ) ਦੀ ਵਰਤੋਂ ਕੀਤੀ ਮਿਲਦੀ ਹੈ। ਅਸਲ ਵਿਚ ਗੁਰੂ ਸਾਹਿਬ ਨੂੰ ਪੰਜਾਬੀ ਵਿੱਚ ਨਵੇਂ ਸ਼ਬਦ ਘੜ੍ਹਨ ਲਈ ਜਿਸ ਭਾਸ਼ਾ ਵਿਚੋਂ ਵੀ ਕੋਈ ਸ਼ਬਦ ਆਪਣੇ ਭਾਵ ਅਨੁਕੂਲ ਅਨੁਭਵ ਹੋਇਆ, ਉਸਨੂੰ ਬਿਨਾਂ ਸੰਕੋਚ ਬਾਣੀ ਵਿਚ ਵਰਤ ਲਿਆ। ਉਹਨਾਂ ਵੱਲੋਂ ਕਈ ਸ਼ਬਦਾਂ ਨੂੰ ਪੰਜਾਬੀ ਉਚਾਰਣ ਅਨੁਸਾਰ ਰੰਗ ਕੇ ਤਦਭਵ ਰੂਪ ਵਿਚ ਅਤੇ ਕਈਆਂ ਨੂੰ ਤਤਸਮ ਰੂਪ ਵਿਚ ਅਪਣਾ ਲਿਆ ਗਿਆ। ਉਹਨਾਂ ਦੇ ਇਸ ਪ੍ਰਯਤਨ ਦੇ ਪਰਿਣਾਮਵੱਸ ਪੰਜਾਬੀ ਸ਼ਬਦ-ਭੰਡਾਰ ਵਿਚ ਬਹੁਦਿਸ਼ਾਵੀਂ ਵਿਸਤਾਰ ਹੋਇਆ।

ਦਰਅਸਲ ਭਾਸ਼ਾਵਾਂ ਦਾ ਵਿਅਕਤਿੱਤਵ ਉਹਨਾਂ ਦੀ ਸ਼ਬਦਾਵਲੀ ਨਾਲੋਂ ਵਧੇਰੇ ਉਹਨਾਂ ਦੀ ਵਿਆਕਰਣ ਉੱਤੇ ਨਿਰਭਰ ਹੁੰਦਾ ਹੈ। ਵਿਆਕਰਣ ਹਰੇਕ ਭਾਸ਼ਾ ਦਾ ਆਪਣਾ- ਆਪਣਾ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਪੰਜਾਬੀ ਲਈ ਜੋ ਵਿਆਕਰਣ ਨਿਯਮ ਨਿਰਧਾਰਤ ਕੀਤੇ, ਉਹ ਪੰਜਾਬੀ ਦੇ ਮੌਲਿਕ ਨਿਯਮ ਹਨ। ਇਹਨਾਂ ਵਿਆਕਰਣਕ ਨਿਯਮਾਂ ਦੀ ਅਸਚਰਜਤਾ ਇਹ ਹੈ ਕਿ ਨਾਨਕ ਬਾਣੀ ਵਿਚ ਪ੍ਰਯੁਕਤ ਬਾਹਰੀ ਮੂਲ ਦੇ ਸ਼ਬਦਾਂ ਵਿੱਚੋਂ ਵੀ ਸਥਾਨਕ ਭਾਸ਼ਾ ਪੰਜਾਬੀ ਦਾ ਹੀ ਸੁਆਦ ਅਨੁਭਵ ਹੁੰਦਾ ਹੈ। ਨਿਮਨਲਿਖਿਤ ਨੁਕਤਿਆਂ ਦੇ ਆਧਾਰ ਉੱਤੇ ਜਪੁਜੀ ਦਾ ਨਿਰਮਾਣ ਇਸੇ ਭਾਸ਼ਾ ਨੀਤੀ ਤੋਂ ਹੋਇਆ ਅਨੁਭਵ ਹੁੰਦਾ ਹੈ :

**ਜਪੁਜੀ** ਦੀ ਭਾਸ਼ਾ ਸਥਾਨਕ ਬੋਲੀ ਪੰਜਾਬੀ ਹੈ। ਬੇਸ਼ੱਕ ਇਸਦੀ ਸ਼ਬਦਾਵਲੀ ਵਿਚ ਕੁਝ ਸ਼ਬਦ ਅਜਿਹੇ ਮੌਜੂਦ ਹਨ, ਜੋ ਅੱਜ ਵਰਤੋਂ ਵਿਚ ਨਹੀਂ, ਜਿਵੇਂ: ਜਿਤੁ, ਤੇਹਾ, ਸਿਉ, ਕੇਤੀ, ਜੇਵਡ, ਤੇਵਡ ਆਦਿ। ਪਰੰਤੂ ਇਹ ਤੱਥ ਪੰਜਾਬੀ ਦੇ ਨਿਰੰਤਰ ਵਿਕਾਸ ਦਾ ਸੂਚਕ ਹੈ। ਰੂਪ ਪਰਿਵਰਤਨ ਕਿਸੇ ਭਾਸ਼ਾ ਦੀ ਸਜਿੰਦ ਹੋਂਦ ਦਾ ਪ੍ਰਮਾਣ ਹੁੰਦਾ ਹੈ।

**ਜਪੁਜੀ** ਦੀ ਭਾਸ਼ਾ ਪੰਜਾਬ ਦੇ ਕਿਸੇ ਵਿਸ਼ੇਸ਼ ਖਿੱਤੇ ਦੀ ਭਾਸ਼ਾ ਨਹੀਂ, ਬਲਕਿ ਸਮੁੱਚੇ ਪੰਜਾਬ ਦੀ ਪ੍ਰਮਾਣਿਕ ਸਾਹਿਤਕ ਭਾਸ਼ਾ ਹੈ। ਇਸ ਦੀਆਂ ਅਨੇਕਾਂ ਪੰਕਤੀਆਂ ਲੋਕੋਕਤੀਆਂ ਦਾ ਰੂਪ ਧਾਰਨ ਕਰ

ਗਈਆਂ ਹਨ, ਜਿਵੇਂ: ਹੁਕਮ ਤਿਵੈ ਤਿਵ ਕਾਰ (ਪਉੜੀ 37), ਨਾਨਕ ਸਚੇ ਕੀ ਸਾਚੀ ਕਾਰ (ਪਉੜੀ 31), ਕੇਤੇ ਲੈ ਲੈ ਮੁਕਰੁ ਪਾਹਿ (ਪਉੜੀ 25), ਕਿਉ ਵਰਨੀ ਕਿਵ ਜਾਣਾ (ਪਉੜੀ 21), ਤੀਰਥ ਨਾਵਾ ਜੇ ਤਿਸ ਭਾਵਾ (ਪਉੜੀ 6), ਦਾਤਿ ਕਰੇ ਦਾਤਾਰ (ਪਉੜੀ 4), ਇਕ ਨ ਚਲੈ ਨਾਲਿ (ਪਉੜੀ 2) ਆਦਿ।

**ਜਪੁਜੀ** ਦੀ ਭਾਸ਼ਾ ਮੁਹਾਵਰੇਦਾਰ ਪੰਜਾਬੀ ਹੈ, ਜਿਵੇਂ: ਸਿਰੀ ਗਵਾਰਾ ਗਾਵਾਰੁ (ਪਉੜੀ 26), ਖਪਿ ਤੁਟਹਿ ਵੇਕਾਰ (ਪਉੜੀ 25), ਮੁਹਿ ਖਾਇ (ਪਉੜੀ 25) ਕਹਨਿ ਇਕ ਵਾਤ (ਪਉੜੀ 22), ਸਿਰਿ ਭਾਰੁ (ਪਉੜੀ 19), ਨਾਲਿ ਚਲੈ ਸਭੁ ਕੋਇ (ਪਉੜੀ 7), ਵਾਤ ਨਾ ਪੁਛੈ (ਪਉੜੀ 7) ਆਦਿ।

**ਜਪੁਜੀ** ਦੀ ਭਾਸ਼ਾ ਵਿੱਚ ਗੁਰੂ ਜੀ ਵਲੋਂ ਬਹੁਤ ਸਾਰੇ ਅਜਿਹੇ ਸਮਾਸ ਘੜ੍ਹੇ ਗਏ ਹਨ, ਜੋ ਆਪਣੀ ਨਿਵੇਕਲੀ ਸੰਰਚਨਾ ਕਾਰਨ ਪਾਠਕ ਆਕਰਸ਼ਣ ਦਾ ਕੇਂਦਰ ਬਣਦੇ ਹਨ: ਮੂਤ ਪਲੀਤੀ, ਪਾਤ ਨਰਿੰਦ, ਸਗਲ ਜਮਾਤੀ, ਲਿਵਤਾਰ, ਜੁਗਾ ਜੁਗੰਤਰਿ, ਮੋਖੁ ਦੁਆਰ, ਜਸੁ ਕੀਰਤਿ, ਗੁਰਿਨਾਥ, ਜੋਤ ਜੁਗਤਿ, ਸੰਜੋਗੁ ਵਿਜੋਗ, ਅਠਸਠਿ, ਸਦਾ ਸਲਾਮਤਿ, ਬੰਦਿ ਖਲਾਸੀ, ਸਰਬ ਸਮਾਲੇ, ਪੰਚ ਪਰਵਾਣੁ, ਦੇਵ ਦਾਨਵ, ਨਾਦ ਬਿਨੋਦ ਆਦਿ।

**ਜਪੁਜੀ** ਵਿਚ ਇਕ ਸ਼ਬਦ ਨੂੰ ਇਕ ਹੀ ਅਰਥ ਵਿਚ ਇਕ ਤੋਂ ਵਧੇਰੇ ਰੂਪਾਂ ਵਿਚ ਵਰਤਿਆ ਗਿਆ ਹੈ। ਜਿਵੇਂ: ਇਕ/ਇਕੁ/ਇਕਿ/ਏਕ/ਏਕੁ, ਅਗਨੀ, /ਅਗਨਿ, ਸਕੇ/ਸਕਹਿ, ਕੋਣ/ਕਵਣੁ/ਕਵਣ/ਕਵਣਿ, ਸਚੀ/ਸਾਚੀ, ਧੋਲ/ਧਵਲੁ, ਮੁਖਿ/ਮੁਹ, ਮਾਰਗ/ਮਗੁ ਆਦਿ।

**ਜਪੁਜੀ** ਭਾਸ਼ਾ ਵਿਚ ਪੰਜਾਬੀ ਸੰਬੰਧਕਾਂ ਦਾ ਰੂਪ ਕਾ/ਕੀ/ਕੇ/ਕਉ/ਨੋ/ਸਿਉ/ਸੇਤੀ ਆਦਿ ਪ੍ਰਚਲਿਤ ਸੀ, ਜਿਵੇਂ: ਤਾ ਕੇ ਰੂਪ ਨ ਕਥਨੇ ਜਾਹਿ (ਪਉੜੀ 37), ਨਾਨਕ ਸਚੇ ਕੀ ਸਾਚੀ ਕਾਰ (ਪਉੜੀ 31), ਸੇਈ ਤੁਧੁਨੋ ਗਾਵਹਿ (ਪਉੜੀ 27), ਜਿਸ ਨੋ ਬਖਸੇ ਸਿਫਤਿ ਸਾਲਾਹ (ਪਉੜੀ 25), ਜਾ ਕਰਤਾ ਸਿਰਠੀ ਕਉ ਸਾਜੇ (ਪਉੜੀ 21), ਮੰਨੈ ਪਤਿ ਸਿਉ ਪਰਗਟੁ ਜਾਇ (ਪਉੜੀ 14), ਸਭਨਾ ਜੀਆ ਕਾ ਇਕੁ ਦਾਤਾ (ਪਉੜੀ 5) ਆਦਿ।

**ਜਪੁਜੀ** ਦੀਆਂ ਕਈ ਪਉੜੀਆਂ ਠੇਠ ਪੰਜਾਬੀ ਦੀਆਂ ਸੂਚਕ ਹਨ, ਜਿਵੇਂ: ਝੋਲੀ ਧਿਆਨ ਕੀ ਕਰਹਿ ਬਿਭੂਤਿ (ਪਉੜੀ 28), ਅੰਤ ਨ ਸਿਫਤੀ ਕਹਿਣ ਨ ਅੰਤੁ (ਪਉੜੀ 24), ਭਰੀਐ ਹਥੁ ਪੈਰੁ ਤਨੁ ਦੇਹ (ਪਉੜੀ 20), ਅਸੰਖ ਕਹਹਿ ਸਿਰਿ ਭਾਰ ਹੋਇ (ਪਉੜੀ 19), ਮੰਨੇ ਕੀ ਗਤਿ ਕਹੀ ਨ ਜਾਇ (ਪਉੜੀ 12), ਜੇ ਜੁੱਗ ਚਾਰੇ ਆਰਜਾ (ਪਉੜੀ 7), ਤੀਰਥਿ ਨਾਵਾ ਜੇ ਤਿਸ ਭਾਵਾ (ਪਉੜੀ 6) ਆਦਿ।

**ਜਪੁਜੀ** ਦੀ ਭਾਸ਼ਾ ਗੁਰੂ ਨਾਨਕ ਸਾਹਿਬ ਦੇ ਅਨੁਭਵ, ਚੇਤਨਾ ਅਤੇ ਵਿਚਾਰਧਾਰਾ ਦੀ ਸੁਹਜਾਤਮਕ ਪੇਸ਼ਕਾਰੀ ਹੈ। "ਸੁਹਜ ਕਿਸੇ ਵਸਤੂ ਦਾ ਉਹ ਗੁਣ ਹੈ ਜੋ ਅਨੁਭੂਤੀ ਦੀ ਅਵਸਥਾ ਵਿਚ ਪ੍ਰਵਾਨਗੀ ਤੇ ਆਨੰਦ ਪੈਦਾ ਕਰਦਾ ਹੈ। ਵਸਤੂ ਦਾ ਗੁਣ ਹੋਣ ਕਾਰਨ ਇਹ ਅਨੁਭੂਤ ਜਾਂ ਅਣ-ਅਨੁਭੂਤ ਅਵਸਥਾ ਵਿਚ ਵੀ ਆਪਣੀ ਹੋਂਦ ਬਣਾਈ ਰੱਖਦਾ ਹੈ, ਪਰ ਇਸਦੇ ਸਰੂਪ ਦੀ ਪਹਿਚਾਣ ਅਨੁਭੂਤੀ ਦੀ ਅਵਸਥਾ ਵਿਚ ਹੀ ਹੁੰਦੀ ਹੈ... ਸੁਹਜ ਵਸਤੂ ਦਾ ਸਹਿਜ ਗੁਣ ਹੈ, ਜੋ ਸੰਵੇਦਨਸ਼ੀਲ ਪ੍ਰੇਖਕ ਦੇ ਮਨ ਵਿਚ ਆਨੰਦਦਾਇਕ ਇਹਸਾਸ ਉਤਪੰਨ ਕਰਨ ਦੇ ਹੇਤੂ ਬਣਦਾ ਹੈ... ਸੁਹਜਾਤਮਕ ਆਨੰਦ ਵਸਤੂ ਅਤੇ ਰੂਪ ਦੀ ਗ੍ਰਹਿਣਤਾ ਦਾ ਸਹਿਜ ਪ੍ਰਤਿਫਲ ਹੈ।[10] ਗੁਰੂ ਜੀ ਦਾ ਭਾਸ਼ਾ ਨੂੰ ਆਪਣੇ ਵਿਸ਼ੇ ਅਨੁਕੂਲ ਬਣਾ ਲੈਣਾ ਵਾਸਤਵ ਵਿਚ ਇਕ ਕਲਾਤਮਕ ਚਮਤਕਾਰ ਹੈ। ਗੁਰੂ ਜੀ ਨੇ ਭਾਸ਼ਾਈ ਸ਼ਬਦਾਂ ਨੂੰ ਨਿਸ਼ਚਿਤ ਅਰਥਾਂ ਤੋਂ ਮੁਕਤ ਕਰਕੇ ਉਹਨਾਂ ਨੂੰ 'ਇਕ ਈਸ਼ਵਰ-ਸਰੂਪ' ਬਣਾ ਦਿੱਤਾ ਹੈ। ਜਪੁਜੀ ਵਿੱਚ ਈਸ਼ਵਰ ਦਾ ਇਕ ਨਿਸ਼ਚਿਤ ਸਰੂਪ ਦੱਸਣ ਵਾਲੇ (ਓ) ਨਾਲ ਇਕ ਹਿੰਦਸਾ (੧) ਸ਼ਾਮਿਲ ਕਰਕੇ ਅਤੇ ਕਾਰ (੧ਓ) ਲਗਾ ਕੇ ਨਿਵੇਕਲਾ ਚਿੰਨ੍ਹ ਘੜ੍ਹ ਦਿੱਤਾ ਗਿਆ ਹੈ। ਇਹ ਭਾਰਤੀ ਅੱਖਰ (ॐ) ਨਾਲੋਂ ਅਸਲੋਂ ਭਿੰਨ ਹੈ। ਇਹ ਚਿੰਨ੍ਹ ਸੂਚਿਤ ਕਰਦਾ ਹੈ ਕਿ (ਓ) ਦਾ ਅਰਥ ਬ੍ਰਹਮਾ, ਵਿਸ਼ਨੂੰ, ਮਹੇਸ਼ ਨਹੀਂ, ਬਲਕਿ (੧ਓ) ਦਾ ਸਮੁੱਚਾ ਅਰਥ ਹੈ: "ਉਹ ਈਸ਼ਵਰ ਕੇਵਲ ਇਕ ਹੈ"। "ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਜੀ ਨੇ (ਓ) ਪਰੰਪਰਾ ਤੋਂ ਪ੍ਰਾਪਤ ਕੀਤਾ ਅਤੇ ਯੋਗ ਮਾਰਗੀ ਢੰਗ ਨਾਲ ਇਸ ਨੂੰ ਸ਼ਬਦ ਸਰੂਪੀ ਸਵੀਕਾਰ ਕੀਤਾ ਹੈ, ਪਰੰਤੂ '੧' ਉਸ ਦੇ ਏਕਤੂ ਦਾ ਬੋਧਕ ਹੈ, ਉਸਦੇ 'ਵਾਹਦ' ਹੋਣ ਦਾ ਸੂਚਕ। ਵਹਿਦਾਨੀਅਤ ਅਰਥਾਤ ਏਕੇਸ਼ੂਰਵਾਦ ਗੁਰੂ ਨਾਨਕ ਦੇ ਬ੍ਰਹਮ ਨਿਰੂਪਣ

ਦਾ ਮੂਲ-ਥੰਮ ਹੈ। ਇਸ ਤਰ੍ਹਾਂ (੧) ਨਾਲ ਸੰਜੁਗਤ ਹੋ ਕੇ ਸ਼ਬਦ ਸਰੂਪੀ ਇਹ '੧ਓ' ਨਾਨਕ ਵਿਚਾਰਧਾਰਾ ਅੰਦਰ ਨਵੇਂ ਰੂਪ ਵਿਚ ਪ੍ਰਗਟ ਹੋਇਆ ਹੈ।"[11] ਇਸ ਤੋਂ ਉਪਰੰਤ ਮੂਲ ਮੰਤਰ ਵਿਚ ਈਸ਼ਵਰਵਾਦ ਦੀ ਸੰਕਲਪਨਾ ਵਿਭਿੰਨ 'ਵਿਸ਼ੇਸ਼ਣੀ ਸ਼ਬਦਾਂ' ਰਾਹੀ ਪਰਿਭਾਸ਼ਤ ਕੀਤੀ ਗਈ ਹੈ, ਜਿਵੇਂ:

***ਸਤਿ ਨਾਮੁ***
***ਕਰਤਾ ਪੁਰਖੁ***
***ਨਿਰਭਉ ਨਿਰਵੈਰੁ***
***ਅਕਾਲ ਮੂਰਤਿ***
***ਅਜੂਨੀ ਸੈਭੰ***
***ਗੁਰਪ੍ਰਸਾਦਿ ॥***

ਇਹਨਾਂ ਵਿਸ਼ੇਸ਼ਣਾਂ ਦੇ ਮਾਧਿਅਮ ਰਾਹੀਂ ਨਿਰਗੁਣ, ਨਿਰਾਕਾਰ, ਅਕਾਲ ਰਹਿਤ, ਭੈ ਰਹਿਤ, ਵੈਰ ਰਹਿਤ, ਜਨਮ ਰਹਿਤ, ਪਰਮ ਸੱਤਾ ਦਾ ਬੋਧ ਉਜਾਗਰ ਹੁੰਦਾ ਹੈ, ਜਿਸਨੂੰ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਮੂਲ ਮੰਤਰ ਵਿਚ ਵਰਣਿਤ ਇਸ ਪਰਮ ਹਸਤੀ ਨੂੰ ਸ੍ਰਿਸ਼ਟੀ ਦੇ 'ਕਰਤਾ ਪੁਰਖ' ਦੇ ਰੂਪ ਵਿਚ ਸਥਾਪਿਤ ਕੀਤਾ ਗਿਆ ਹੈ।

ਵਿਚਾਰਧਾਰਕ ਪੱਧਰ ਤੋਂ ਇਸ ਮੂਲ ਮੰਤਰ ਦਾ ਵਿਸ਼ੇਸ਼ ਮਹੱਤਵ ਹੈ, ਕਿਉਂ ਜੋ ਇਸਦੇ ਮਾਧਿਅਮ ਰਾਹੀਂ ਗੁਰੂ ਜੀ ਨੇ ਧਾਰਮਿਕ-ਦਾਰਸ਼ਨਿਕ ਮਾਹੌਲ ਨਾਲ 'ਸੰਵਾਦ' ਰਚਾਇਆ ਹੈ। ਉਹਨਾਂ ਅਵਤਾਰਵਾਦ ਅਤੇ ਇਸਲਾਮੀ ਵਿਰਸੇ ਦੇ ਪੈਗੰਬਰੀ ਸੰਕਲਪ ਨੂੰ ਰੱਦ ਕਰਦਿਆਂ ਗੁਰੂ ਦੀ ਸੰਕਲਪਨਾ ਸਥਾਪਿਤ ਕੀਤੀ। ਮੂਲ ਮੰਤਰ ਤੋਂ ਬਾਅਦ ਅੰਕਿਤ ਸਲੋਕ "ਆਦਿ ਸਚੁ ਜੁਗਾਦਿ ਸਚੁ" ਨਾਲ **ਜਪੁਜੀ** ਦਾ ਆਰੰਭ ਹੁੰਦਾ ਹੈ। ਇਸ ਸਲੋਕ ਵਿਚ ਵੀ ਉਸੇ ਸਰਗੁਣ, ਨਿਰਾਕਾਰ ਹਸਤੀ ਦੀ ਹੋਂਦ ਦਾ ਸੰਕਲਪ ਉਭਰਦਾ ਹੈ, ਜਿਸ ਨੂੰ ਗੁਰੂ ਜੀ ਨੇ 'ਆਦਿ ਸਚੁ', 'ਜੁਗਾਦਿ ਸਚੁ', 'ਹੈ ਭੀ ਸਚੁ' ਅਤੇ 'ਹੋਸੀ ਭੀ ਸਚੁ' ਰੂਪੀ ਸੰਕਲਪੀ ਸ਼ਬਦਾਵਲੀ ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਹੈ। ਇਥੇ 'ਸਚੁ' ਸ਼ਬਦ ਸਦੀਵੀ ਹੋਣ ਦਾ ਲਖਾਇਕ ਹੈ, ਜਿਸ ਦਾ ਬੋਧ 'ਸਚਿਆਰ' ਦੀ ਸੰਕਲਪਨਾ ਰਾਹੀਂ ਹੁੰਦਾ ਹੈ। ਇੰਞ 'ਸਚੁ' ਅਤੇ 'ਸਚਿਆਰ' ਸੰਕਲਪ ਗੁਰਬਾਣੀ ਦੇ ਪਰਵਚਨ ਵਿੱਚ ਕੇਂਦਰੀ ਮਹੱਤਵ ਦੇ ਧਾਰਨੀ ਹਨ। ਅਗਲਾ ਅਹਿਮ ਸੰਕਲਪੀ ਸ਼ਬਦ ਹੈ 'ਹੁਕਮ', ਜੋ ਕਿ ਇਸ ਬਾਣੀ ਦੀ ਪਹਿਲੀ ਪਉੜੀ "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ" ਵਿਚ ਦਰਜ ਹੈ। ਇਸ ਪਉੜੀ ਵਿੱਚ 'ਸੋਚਿ', 'ਚੁਪ', 'ਭੁਖ', 'ਸਿਆਣਪ' ਪਰਮਾਰਥ ਪ੍ਰਾਪਤੀ ਲਈ ਅਧੂਰੇ ਹਨ, ਜਦਕਿ ਇਹਨਾਂ ਦੇ ਮੁਕਾਬਲਤਨ 'ਹੁਕਮਿ' ਅਤੇ 'ਰਜਾ' ਵਰਗੀ ਸੰਕਲਪੀ ਸ਼ਬਦਾਵਲੀ ਨੂੰ ਗੁਰੂ ਜੀ ਨੇ 'ਕੂੜਿ ਦੀ ਪਾਲਿ ਨੂੰ ਤੋੜਨ ਵਾਲੇ' ਅਤੇ 'ਸਚਿਆਰ' ਹੋਣ ਵਿਚ ਸਹਾਇਕ ਮਾਧਿਅਮ ਵਜੋਂ ਪ੍ਰਵਾਨ ਕੀਤਾ ਹੈ। "ਹੁਕਮੀ ਹੋਵਨਿ ਆਕਾਰ ਹੁਕਮ ਨ ਕਹਿਆ ਜਾਈ" (ਪਉੜੀ 2) ਵਿਚ 'ਹੁਕਮ' ਨੂੰ ਸ੍ਰਿਸ਼ਟੀ ਦਾ ਆਕਾਰ ਸਿਰਜਣ ਵਾਲੇ ਅਤੇ ਮਾਨਵੀ ਜੀਵਨ ਨੂੰ ਨਿਯੰਤ੍ਰਿਤ ਕਰਨ ਵਾਲੇ ਸਰਵਵਿਆਪਕ ਸੰਕਲਪਨਾ ਵਜੋਂ ਸਥਾਪਿਤ ਕੀਤਾ ਗਿਆ ਹੈ। ਇਸ ਹੁਕਮ ਵਿਧਾਨ-ਰੂਪੀ ਬੁਝਾਰਤ ਨੂੰ ਜਿਹੜਾ ਬੁੱਝ ਲੈਂਦਾ ਹੈ, ਉਹ 'ਹਉਮੈ' ਤੋਂ ਮੁਕਤ ਹੋ ਜਾਂਦਾ ਹੈ। ਇਥੇ ਮਾਨਵੀ ਜੀਵਨ ਦੇ ਸੰਦਰਭ ਵਿਚ 'ਹੁਕਮ' ਨੂੰ 'ਹਉਮੈ' ਦੇ ਵਿਪਰੀਤ ਰੱਖ ਕੇ ਸਥਾਪਿਤ ਕੀਤਾ ਗਿਆ ਹੈ। 'ਹੁਕਮ' ਅਤੇ 'ਹਉਮੈ' ਦੋਵੇਂ ਵਿਪਰੀਤ ਜੁੱਟ ਇਸ ਬਾਣੀ ਦੇ ਅਹਿਮ ਸੰਕਪਲੀ ਸ਼ਬਦ ਮੰਨੇ ਜਾ ਸਕਦੇ ਹਨ। ਇਸੇ ਤਰ੍ਹਾਂ "ਸਾਚਾ ਸਾਹਿਬ ਸਾਚੁ ਨਾਇ" (ਪਉੜੀ 4) ਵਿਚ 'ਸਾਚਾ ਸਾਹਿਬੁ' ਦੇ ਦਾਤਾਰੀ ਰੂਪ ਦਾ ਜ਼ਿਕਰ ਹੈ, ਜਿਸਦੇ ਅਨੁਕੂਲ ਹੋਣ ਲਈ ਮਨੁੱਖ ਨੂੰ ਉਸ ਦੀ 'ਨਦਰ' ਦਾ ਪਾਤਰ ਬਣਨ ਦੀ ਲੋੜ ਹੈ। ਨਿਰੋਲ 'ਕਰਮ' ਨਾਲ ਨਹੀਂ, ਬਲਕਿ 'ਸਾਚਾ ਸਾਹਿਬ', 'ਅੰਮ੍ਰਿਤ ਵੇਲੇ', 'ਸਚੁ ਨਾਉ' ਦੀ 'ਵਡਿਆਈ' ਰਾਹੀਂ ਹੀ ਪ੍ਰਸੰਨ ਹੋ ਸਕਦਾ ਹੈ। ਇਥੇ 'ਕਰਮ' ਦਾ ਸੰਕਲਪ 'ਯਤਨ' ਦਾ ਲਖਾਇਕ ਹੈ ਤੇ 'ਨਦਰ' ਰੂਪੀ ਸੰਕਲਪੀ ਸ਼ਬਦ ਉਸ ਸਹਿਜ ਅਵਸਥਾ ਦਾ, ਜੋ ਹਉਮੈ ਰਹਿਤ ਜੀਵਨ-ਜਾਚ ਦਾ ਸੁਭਾਵਿਕ ਲੱਛਣ ਹੈ। ਅਜਿਹੀ ਸੰਕਲਪੀ ਸ਼ਬਦਾਵਲੀ ਰਾਹੀਂ ਗੁਰੂ ਸਾਹਿਬ ਪਰੰਪਰਕ ਸਾਧਨਾ ਪੱਧਤੀਆਂ ਤੀਰਥ ਇਸ਼ਨਾਨ, ਤਪੱਸਿਆ, ਸੁਚ-ਸੰਜਮ ਆਦਿ ਦਾ ਖੰਡਨ ਕਰਦਿਆਂ ਹੋਇਆਂ ਪਰਮਾਰਥ ਪ੍ਰਾਪਤੀ ਦੇ ਮਾਰਗ ਨੂੰ ਪੁਨਰ ਪਰਿਭਾਸ਼ਤ ਕਰਦੇ ਹਨ।

**ਜਪੁਜੀ** ਦੇ ਵਿਚਾਰਾਂ ਵਿੱਚ ਮਧੁਰਤਾ, ਸ਼ਬਦਾਂ ਵਿਚ ਸੁਹਜ, ਭਾਸ਼ਾ ਵਿਚ ਵੇਗ ਅਤੇ ਪ੍ਰਵਾਹ

ਵਿਦਮਾਨ ਹੈ। "ਭਾਸ਼ਾ ਪ੍ਰਵਾਹ ਇਤਨਾ ਡੂੰਘਾ ਅਤੇ ਤੇਜ਼ ਹੈ ਕਿ ਨਿਰੰਤਰ ਵਗਦਾ ਜਾ ਰਿਹਾ ਹੈ। ਪ੍ਰਵਾਹ ਵਿਚ ਕਿਤੇ ਕੋਈ ਘਾਟ ਮਹਿਸੂਸ ਨਹੀਂ ਹੁੰਦੀ। ਇੰਝ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਪਾਸ ਸ਼ਬਦਾਂ ਦਾ ਅਤੁੱਟ ਭੰਡਾਰ ਹੈ ਜਿਹੜਾ ਖਰਚ ਕੀਤਿਆਂ ਖਾਲੀ ਨਹੀਂ ਹੁੰਦਾ। ਸਤਿਗੁਰੂ ਦੇ ਜ਼ਿਹਨ ਵਿਚ ਸ਼ਬਦ ਕਤਾਰ ਵਿਚ ਸੈਨਕਾਂ ਵਾਂਗ ਤਿਆਰ ਬਰ ਤਿਆਰ ਖੜ੍ਹੇ ਰਹਿੰਦੇ ਹਨ ਅਤੇ ਆਪ ਜੀ ਦੇ ਹੁਕਮ ਮਿਲਦਿਆਂ ਹੀ ਸਾਹਿਤ ਖੇਤਰ ਵਿਚ ਆਪਣੇ ਜੌਹਰ ਦਿਖਾਣ ਲਈ ਉਤਰ ਆਉਂਦੇ ਸਨ।"[12] ਇਸ ਅਲਪਕਾਰ ਬਾਣੀ ਵਿਚ ਗੁਰੂ ਜੀ ਨੇ ਲਗਭਗ ਹਰੇਕ ਪੱਖ ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਮਸਲਨ ਦਾਰਸ਼ਨਿਕ ਸ਼ਬਦਾਵਲੀ (ਸਤਿ ਕਰਤਾ, ਅਕਾਲ, ਅਜੂਨੀ, ਸੈਭੰ, ਗਿਆਨ ਖੰਡ, ਧਰਮ ਖੰਡ, ਕਰਮ ਖੰਡ, ਸਚ ਖੰਡਿ, ਅਨੰਦ ਆਦਿ), ਧਾਰਮਿਕ ਸ਼ਬਦਾਵਲੀ (ਸਿਧ, ਸੁਰਤਿ, ਲਿਵਤਾਰ, ਨਿਰੰਜਨੁ, ਸਚਿਆਰਾ, ਜੋਗ ਜੁਗਤਿ ਆਦਿ) ਮਿਥਿਹਾਸਕ ਸ਼ਬਦਾਵਲੀ (ਰਾਮ, ਸੀਤਾ, ਚਿਤੁਗੁਪਤ, ਈਸਰ, ਬਰਮਾ ਆਦਿ), ਸਮਾਜਿਕ ਸ਼ਬਦਾਵਲੀ (ਮੂਰਖ, ਅੰਧਘੋਰ, ਚੋਰ, ਹਰਾਮਖੋਰ, ਗਲਵਢ, ਨਿੰਦਕ, ਖੇਹ, ਜਤੀ, ਸਤੀ, ਸਾਧ, ਵੀਰ ਆਦਿ), ਸਾਹਿਤਕ ਤੇ ਵਿਦਿਅਕ ਸ਼ਬਦਾਵਲੀ (ਵੇਦ, ਪਾਠ, ਕਤੇਬਾ, ਕੁਰਾਣੁ, ਪੁਰਾਣੁ, ਕਲਮ, ਕਾਗਦਿ, ਗਣਤ, ਲਿਖਣਹਾਰੁ ਆਦਿ) ਦੀ ਵਿਆਪਕਤਾ ਹੈ। ਇਹਨਾਂ ਸ਼ਬਦਾਂ ਦੀ ਇਕੋ ਪੰਕਤੀ ਵਿਚ ਇਕ ਤੋਂ ਵਧੇਰੇ ਵਾਰ ਵਰਤੋਂ ਨੀਰਸਤਾ ਦੀ ਥਾਂ ਸ਼ਬਦ-ਸੁਹਜ ਪੈਦਾ ਕਰਦੀ ਹੈ, ਜਿਵੇਂ: ਹੁਕਮੀ ਹੋਵਨਿ ਆਕਾਰ ਹੁਕਮ ਨ ਕਹਿਆ ਜਾਈ (ਪਉੜੀ 2), ਪੰਚ ਪਰਵਾਣ ਪੰਚ ਪਰਧਾਨ (ਪਉੜੀ 16), ਅਸੰਖ ਜਪ ਅਸੰਖ ਭਾਉ (ਪਉੜੀ 17), ਅਮੁਲ ਗੁਣ ਅਮੁਲ ਵਾਪਾਰ (ਪਉੜੀ 26), ਸੋਈ ਸੋਈ ਸਦਾ ਸਚੁ ਸਾਹਿਬੁ (ਪਉੜੀ 27) ਆਦਿ।

**ਜਪੁਜੀ** ਦੀ ਭਾਸ਼ਾ ਬਿੰਬਾਤਮਕ ਅਤੇ ਪ੍ਰਤੀਕਾਤਮਕ ਸੁਭਾਅ ਦੀ ਧਾਰਨੀ ਹੈ। ਬਿੰਬਾਤਮਕ ਭਾਸ਼ਾ ਅਧੀਨ ਜਿੱਥੇ ਬਾਣੀ ਵਿਚ ਸੁਹਜ ਉਤਪੰਨ ਹੋਇਆ ਹੈ, ਉਥੇ ਵਿਚਾਰਾਂ ਵਿਚ ਸਪਸ਼ਟਤਾ ਵੀ ਆਈ ਹੈ। ਗੁਰੂ ਜੀ ਨੇ ਦ੍ਰਿਸ਼ਟਾਮਾਨ ਜਗਤ ਦੇ ਅਦ੍ਰਿਸ਼ਟ ਸਤਿ ਨੂੰ ਬਿੰਬਾਂ ਦੇ ਮਾਧਿਅਮ ਰਾਹੀਂ ਪ੍ਰਗਟਾਇਆ ਹੈ। ਬਾਣੀ ਵਿਚ ਬਿੰਬਾਵਲੀ ਅਲੌਕਿਕ ਨੂੰ ਲੌਕਿਕ ਬਣਾਉਣ ਵਿਚ ਸਹਾਈ ਹੋਈ ਹੈ। **ਜਪੁਜੀ** ਦੀ ਪਉੜੀ 27 "ਸੋ ਦਰੁ ਕੇਹਾ ਸੋ ਘਰੁ ਕੇਹਾ" ਵਿੱਚ ਪਰਮਾਤਮਾ ਨੂੰ ਸਰਵਸ਼ਕਤੀਸ਼ਾਲੀ ਸ਼ਾਸਕ ਦੇ ਰੂਪ ਵਿਚ ਚਿਤਵਿਆ ਗਿਆ ਹੈ, ਜਿਸਦੇ ਦਰਬਾਰ ਵਿਚ ਧਰਤੀ, ਆਕਾਸ਼, ਪਾਤਾਲ ਸਾਰੇ ਸੰਜੋਗ ਆਨੰਦ ਦੀ ਮੰਗਲ ਧੁਨੀ ਗਾ ਰਹੇ ਹਨ। ਇਹ ਬਿੰਬਾਵਲੀ ਕੇਵਲ ਸੁਹਜ ਹੀ ਨਹੀਂ, ਬਲਕਿ ਜੀਵਨ ਦੇ ਨਿੱਤ ਦੇ ਕਾਰ ਵਿਹਾਰ ਵਿਚੋਂ ਹੋਣ ਕਾਰਨ ਜੀਵਨ ਉਦੇਸ਼ ਨੂੰ ਵੀ ਸਪਸ਼ਟ ਕਰਦੀ ਹੈ। ਮਸਲਨ ਪਉੜੀ 20 "ਭਰੀਐ ਹਥੁ ਪੈਰ ਤਨੁ ਦੇਹ" ਵਿਚ ਮਤਿ ਨੂੰ ਨਾਮ ਨਾਲ ਧੋਣ ਦੀ ਦੀਖਿਆ ਦੇਣ ਲਈ ਸਰੀਰ ਨੂੰ ਇਸ਼ਨਾਨ ਦੁਆਰਾ ਤੇ ਮੈਲੇ ਕਪੜਿਆਂ ਨੂੰ ਸਾਬਨ ਰਾਹੀਂ ਸਾਫ਼ ਕਰਨ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਗਿਆ ਹੈ। ਜਿੱਥੇ ਗੁਰੂ ਸਾਹਿਬ ਨੇ ਆਪਣੀ ਵਸਤੂ ਨੂੰ ਬਿੰਬਾਤਮਕ ਭਾਸ਼ਾ ਦੇ ਰੂਪ ਵਿਚ ਚਿਤਵਿਆ ਹੈ, ਉਥੇ ਪ੍ਰਤੀਕਾਤਮਕ ਭਾਸ਼ਾ ਦੀ ਵਰਤੋਂ ਰਾਹੀਂ ਇਸਨੂੰ ਸੁਹਜ ਅਤੇ ਪ੍ਰਵਾਹ ਬਖਸ਼ਿਆ ਹੈ। ਪ੍ਰਤੀਕ ਅਜਿਹੀ ਅਣਡਿੱਠ, ਗੈਰ-ਹਾਜਰ ਦੀ ਪ੍ਰਤੀਨਿੱਧਤਾ ਕਰਨ ਵਾਲੀ ਅਨੁਭਵਮਈ ਵਸਤੂ ਹੁੰਦੀ ਹੈ, ਜੋ ਸਮੇਂ, ਸਥਾਨ ਤੇ ਸਭਿਆਚਾਰਕ ਰਹੁ-ਰੀਤਾਂ ਸਦਕਾ ਮਨਾਂ ਵਿਚ ਤਿੱਖੀ ਭਾਵਨਾ ਪੈਦਾ ਕਰਦੀ ਹੈ। ਗੁਰੂ ਜੀ ਦੁਆਰਾ ਵਰਤੇ ਗਏ ਪ੍ਰਤੀਕ ਅਥਾਹ ਗਿਆਨ ਦਾ ਭੰਡਾਰ ਹਨ। ਇਹਨਾਂ ਪ੍ਰਤੀਕਾਂ ਰਾਹੀਂ ਬਾਣੀ ਵਿਚ ਪੇਸ਼ ਹੋਏ ਵਿਚਾਰ ਆਪਣੀ ਉੱਚਤਾ ਆਪ ਦਰਸਾਉਂਦੇ ਹਨ। **ਜਪੁਜੀ** ਵਿਚ ਪ੍ਰਮਾਤਮਾ ਦੇ ਨਾਮ ਦੇ ਪ੍ਰਤੀਕਾਂ ਦੀ ਥਾਂ ਪੁਰ ਥਾਂ ਵਰਤੋਂ ਹੋਈ ਹੈ, ਜਿਵੇਂ: 'ਸੋਈ', 'ਸਾਚਾ ਸਾਹਿਬੁ', 'ਦਾਤਾਰ', 'ਤਿਸੈ' ਆਦਿ। ਇਸ ਬਾਣੀ ਦੀ ਪਉੜੀ 28 "ਮੁੰਦਾ ਸੰਤੋਖੁ ਸਰਮੁ ਪਤੁ" ਵਿਚ 'ਮੁੰਦਾ' ਸੰਤੋਖ ਦਾ, 'ਝੋਲੀ' ਸਰਮ ਦਾ, 'ਬਿਭੂਤਿ' ਧਿਆਨ ਦਾ, 'ਡੰਡਾ' ਯੋਗ ਸਾਧਨਾ ਦੇ ਪ੍ਰਤੀਕ ਵਜੋਂ ਆਏ ਹਨ।

ਗੁਰੂ ਸਾਹਿਬ ਨੇ ਮੂਲ ਮੰਤਰ ਵਿਚ ਪਰਮ-ਸਤਿ ਲਈ 'ਓਮ' ਦੀ ਥਾਂ 'ੴ' ਦਾ ਏਕਵਾਦੀ ਪ੍ਰਤੀਕ ਸਿਰਜਿਆ ਹੈ। "ੴ ਦੀ ਅਜਿਹੀ ਸੰਗਠਿਤ ਪ੍ਰਤੀਕ ਸਿਰਜਣਾ ਕਰਨੀ ਵਾਸਤਵ ਵਿਚ ਇਕ ਤਾਂ ਉਸ ਸਮੇਂ ਦੇ ਸਮਾਜ ਵਿਚ ਵਿਆਪਕ ਅਸੰਗਠਿਣਤਾ ਨੂੰ ਵੰਗਾਰਨਾ ਸੀ ਅਤੇ ਦੂਜੇ ਕਾਵਿ-ਪੱਖ ਤੋਂ ਇਕ ਉੱਚਤਮ ਕਾਵਿ ਦੀ ਸਿਰਜਣਾ ਕਰਨਾ ਸੀ। ਅਜਿਹਿਆਂ ਕਾਰਣਾਂ ਕਰਕੇ ਅਜੇ ਤੱਕ ੴ ਦਾ ਮਹੱਤ੍ਵ ਵਧਦਾ ਹੀ ਚਲਿਆ ਜਾ ਰਿਹਾ ਹੈ।"[13]

ਜਪੁਜੀ ਬਾਣੀ ਦੀ ਸਮੁੱਚੀ ਸੰਚਾਰ ਪ੍ਰਕਿਰਆ ਦਾ ਕੇਂਦਰੀ ਧੁਰਾ 'ਸ਼ਬਦ' ਹੈ। ਸ਼ਬਦ ਦਾ

ਗਿਆਨ ਬੋਧ ਭਾਸ਼ਾਈ ਅੱਖਰ ਦੁਆਰਾ ਹੁੰਦਾ ਹੈ। ਗੁਰੂ ਜੀ ਦਾ 'ਅੱਖਰ' ਸੰਬੰਧੀ ਫਰਮਾਨ ਹੈ:

*ਅਖਰੀ ਨਾਮੁ ਅਖਰੀ ਸਾਲਾਹ ॥*
*ਅਖਰੀ ਗਿਆਨੁ ਗੀਤ ਗੁਣ ਗਾਹ ॥*
*ਅਖਰੀ ਲਿਖਣੁ ਬੋਲਣੁ ਬਾਣਿ ॥*
*ਅਖਰਾ ਸਿਰਿ ਸੰਜੋਗੁ ਵਖਾਣਿ ॥ (ਪਉੜੀ 19)*

ਇਸ ਤਰ੍ਹਾਂ ਅੱਖਰ (ਭਾਸ਼ਾ) ਰਾਹੀਂ ਪ੍ਰਭੂ ਦੀ ਸਿਫਤ ਸਲਾਹ ਦਾ ਗੁਣਗਾਣ ਹੈ ਪਰੰਤੂ ਜਿੱਥੇ ਬਾਣੀ ਹੈ, ਉਥੇ ਅੱਖਰ ਉਸਨੂੰ ਸਦੀਵਤਾ ਪ੍ਰਦਾਨ ਕਰਨ ਦਾ ਮਾਧਿਅਮ ਹਨ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸ਼ਬਦ ਨੂੰ ਭਾਸ਼ਾਈ ਸਰੂਪ ਦਿੱਤਾ ਅਤੇ ਲੋਕ-ਭਾਸ਼ਾ ਦੇ ਮਾਧਿਅਮ ਰਾਹੀ ਦੈਵੀ ਸ਼ਬਦਾਂ ਨੂੰ ਜਨ ਸਧਾਰਣ ਤੱਕ ਪਹੁੰਚਾਇਆ। ਇਹ ਸ਼ਬਦ ਉਸ ਖਾਲਕ ਦੇ ਆਦੇਸ਼ ਦਾ ਪਾਸਾਰਾ ਹੈ, ਜਿਸਦੀ ਪਰਾਪਤੀ ਗੁਰੂ ਦੀ ਨਦਰਿ ਦੁਆਰਾ ਹੁੰਦੀ ਹੈ। ਗੁਰੂ ਪਰਮਸਤਿ ਤੱਕ ਪਹੁੰਚਣ ਦਾ ਮਾਧਿਅਮ ਹੈ। ਗੁਰੂ ਏਥੇ ਸਰੀਰ ਨਹੀਂ ਬਲਕਿ 'ਸ਼ਬਦ' ਹੀ ਹੈ... ਇਸ ਪ੍ਰਕਾਰ ਸ਼ਬਦ ਪਰਮਸਤਿ ਦਾ ਪ੍ਰਗਟਾ ਹੈ ਅਤੇ ਪਰਮਸਤਿ ਸ਼ਬਦ ਰੂਪ ਹੋ ਕੇ ਮਨੁੱਖੀ ਮਨ ਵਿਚ ਰਮ ਰਿਹਾ ਹੈ। ਇਹੀ ਸ਼ਬਦ ਸਤਿ ਦਾ ਸਾਧਨ ਹੈ ਅਤੇ ਇਸ ਸਤਿ ਦੀ ਪਰਾਪਤੀ ਸ਼ਬਦ ਦੇ ਵਿਚਾਰ, ਗਿਆਨ, ਮਨਨ ਅਤੇ ਧਿਆਨ ਦੁਆਰਾ ਹੁੰਦੀ ਹੈ। ਪਰਮ ਸਤਿ ਦਾ ਰਹੱਸਾਤਮਕ ਅਨੁਭਵ ਸ਼ਬਦ ਰਾਹੀਂ ਹੀ ਪ੍ਰਗਟ ਹੋ ਸਕਦਾ ਹੈ ਅਤੇ ਜਦੋਂ ਮਨੁੱਖੀ ਮਨ ਪਰਮਸਤਿ ਦਾ ਅਨੁਭਵ ਪਰਾਪਤ ਕਰ ਲੈਂਦਾ ਹੈ ਤਾਂ ਪਰਮਸਤਿ ਅਨਹਦ ਨਾਦ/ਸ਼ਬਦ ਦੇ ਰੂਪ ਵਿਚ ਸੁਣਾਈ ਦਿੰਦਾ ਹੈ।[14]

**ਜਪੁਜੀ** ਨਾ ਕੇਵਲ ਗੁਰੂ ਨਾਨਕ ਸਾਹਿਬ ਦੀ ਸਰਵਅਧਿਕ ਲੋਕਪ੍ਰਿਯ ਬਾਣੀ ਹੈ, ਬਲਕਿ ਗੁਰਮਤਿ ਦਾ ਅਤਿਸਾਰ ਵੀ ਹੈ। ਇਸ ਦੇ ਸੁਭਾਅ ਵਿਚ ਮਧੁਰਤਾ, ਬੋਲਾਂ ਵਿਚ ਓਜ, ਭਾਸ਼ਾ ਵਿੱਚ ਵੇਗ ਅਤੇ ਪ੍ਰਵਾਹ ਵਿਦਮਾਨ ਹੈ। ਇਹ ਭਾਸ਼ਾ ਗੁਰੂ ਜੀ ਦੀ ਸ਼ਖ਼ਸੀਅਤ ਅਤੇ ਵਿਚਾਰਧਾਰਾ ਦਾ ਪੂਰਾ ਅਨੁਭਵ ਪ੍ਰਗਟਾਉਂਦੀ ਹੈ। ਸੰਵਾਦ ਵਿਚ ਗੁਜ਼ਰਦੇ ਵਿਚਾਰ ਅਨੁਭੂਤੀ ਵਿਚ ਉਤਰ ਜਾਂਦੇ ਹਨ। ਗਿਆਨ ਭਰਪੂਰ ਭਾਸ਼ਾ ਅਨੁਭਵ ਵਿਚ ਰੂਪਾਂਤਰਿਤ ਹੋ ਜਾਂਦੀ ਹੈ। ਕਾਵਿਕ ਹੋਣ ਕਾਰਨ ਇਹ ਭਾਸ਼ਾ ਜੋ ਕੁਝ ਕਹਿੰਦੀ ਹੈ, ਉਸ ਤੋਂ ਵਧੇਰੇ ਅਨੁਭਵ ਕਰਵਾਉਂਦੀ ਹੈ। ਇਹ ਬਾਣੀ ਕਿਸੇ ਪ੍ਰਕਾਰ ਦੀ ਉਤਕ੍ਰਿਸ਼ਟ ਦ੍ਰਿਸ਼ਟੀ ਤੋਂ ਪਹਿਲਾਂ ਭਾਸ਼ਾਈ ਹੈ। ਅਰਥਾਤ ਇਸ ਸੁਗਠਿਤ ਵਿਸ਼ਵ-ਦ੍ਰਿਸ਼ਟੀ ਉੱਤੇ ਪ੍ਰਾਥਮਿਕਤਾ ਭਾਸ਼ਾ ਦੀ ਹੈ। ਇੰਝ ਭਾਸ਼ਾਈ ਅਭਿਵਿਅੰਜਨਾ ਦੇ ਪੱਖ ਤੋਂ **ਜਪੁਜੀ** ਅਧਿਆਤਮਕਤਾ ਅਤੇ ਕਲਾਤਮਕਤਾ ਦਾ ਅਨੂਠਾ ਸੁਮੇਲ ਹੈ।

## ਹਵਾਲੇ ਤੇ ਟਿੱਪਣੀਆਂ

1. ਕਪੂਰ ਸਿੰਘ, **ਪ੍ਰੰਦੀਕ**, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2001, ਪੰਨਾ 11.
2. ਜਗਬੀਰ ਸਿੰਘ, "ਆਦਿ ਕਥਨ", **ਬਾਣੀ ਸੰਸਾਰ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1974, ਪੰਨਾ 19.
3. ਭਾਈ ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਭਾਸ਼ਾ ਵਿਭਾਗ, ਪੰਜਾਬ, 2006, ਪੰਨਾ 379.
4. ਜੀ.ਐੱਸ. ਰਿਆਲ (ਸੰਪਾ.), **ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 541.
5. **ਉਹੀ**, ਪੰਨਾ 505.
6. ਰਤਨ ਸਿੰਘ ਜੱਗੀ (ਸੰਪਾ.), **ਖੋਜ ਪ੍ਰਤਿਕਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਤਬਰ 1985, ਪੰਨਾ 180.
7. **ਸਾਹਿਤ ਕੋਸ਼** (ਪਾਰਿਭਾਸ਼ਿਕ ਸ਼ਬਦਾਵਲੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 671.
8. ਡਾ. ਤਰਲੋਕ ਸਿੰਘ ਕੰਵਰ, **ਗੁਰੂ ਨਾਨਕ ਦਾ ਕਾਵਿ ਸ਼ਾਸਤ੍ਰ**, ਸਪਤ ਸਿੰਧੂ ਪਬਲੀਕੇਸ਼ਨ, ਦਿੱਲੀ, 1994, ਪੰਨਾ 66.
9. "The very name of the new script, therefore, reminded those who employed it, of their duty towards their Guru and Constantly kept alive in their minds the

conciousness that they were something distinct from the common mass of Hinduism that they were regenerated, liberated and saved.... when punjabi written in Gurmukhi characters, attarned to the same position of sancity; as it soon after did the prestige of the Brahman was bound to suffer....."

Gokal Chand Narang, **Transformation of Sikhism**, Printed at Tribune Press, Lahore, 1922, ਪ. 17-18.

10. ਡਾ. ਬਲਜੀਤ ਕੌਰ, **ਆਧੁਨਿਕ ਪੰਜਾਬ ਕਾਵਿ ਸੁਹਜ-ਦ੍ਰਿਸ਼ਟੀ**, ਦੀਪਕ ਪਬਲਿਕੇਸ਼ਨ, ਜਲੰਧਰ, 1986, ਪੰਨੇ 13-15.
11. ਡਾ. ਪ੍ਰੇਮ ਪ੍ਰਕਾਸ਼, **ਗੁਰੂ ਨਾਨਕ ਤੇ ਨਿਰਗੁਣਧਾਰਾ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਿਤੀਹੀਣ, ਪੰਨਾ 80.
12. ਕਾਲਾ ਸਿੰਘ ਬੇਦੀ, **ਗੁਰੂ ਨਾਨਕ ਕਾਵਿ ਕਲਾ**, ਰਾਜ ਪ੍ਰਕਾਸ਼ਨ, ਦਿੱਲੀ, 1976, ਪੰਨਾ 436.
    ਹਰਬੰਸ ਸਿੰਘ, **ਗੁਰੂ ਨਾਨਕ ਦੇਵ ਦੀ ਕਾਵਿ-ਕਲਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ 79.
13. ਅੰਮ੍ਰਿਤਪਾਲ ਕੌਰ, ਗੁਰਬਾਣੀ: **ਸੰਚਾਰ ਵਿਗਿਆਨ**, ਸਪਤ ਸਿੰਧੂ ਪਬਲੀਕੇਸ਼ਨ, ਦਿੱਲੀ, 1995, ਪੰਨੇ 80-81.

◈

# ਵਿਸ਼ਵੀਕਰਨ ਦੇ ਦੌਰ ਵਿਚ ਗੁਰੂ ਨਾਨਕ ਬਾਣੀ ਦੀ ਸਾਰਥਕਤਾ



ਡਾ. ਹਰਜੀਤ ਕੌਰ
ਅਸਿਸਟੈਂਟ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ, ਅੰਮ੍ਰਿਤਸਰ।
kharjit53@gmail.com
ਮੋ. : 9872554710

ਵਿਸ਼ਵੀਕਰਨ ਅੰਗਰੇਜ਼ੀ ਸ਼ਬਦ ਗਲੋਬਲਾਈਜ਼ੇਸ਼ਨ ਦਾ ਪੰਜਾਬੀ ਅਨੁਵਾਦ ਹੈ। ਕੁਝ ਵਿਦਵਾਨਾਂ ਨੇ ਇਸਦਾ ਅਨੁਵਾਦ ਸੰਸਾਰੀਕਰਨ ਵੀ ਕੀਤਾ ਹੈ।

ਵੀਹਵੀਂ ਸਦੀ ਵਿੱਚ ਉਭਰੀਆਂ ਸਮਾਜਵਾਦ, ਬਸਤੀਵਾਦ, ਨਵਬਸਤੀਵਾਦ ਤੇ ਰਾਸ਼ਟਰਵਾਦ ਦੀਆਂ ਪ੍ਰਕਿਰਿਆਵਾਂ ਵਾਂਗ ਅੱਜ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਵੀ ਹਰ ਕਿਸਮ ਦੇ ਨਿਜ਼ਾਮ ਨੂੰ, ਹਰ ਦੇਸ਼ ਨੂੰ ਤੇ ਹਰ ਖਿੱਤੇ ਨੂੰ ਆਪਣੇ ਪ੍ਰਭਾਵ ਖੇਤਰ ਵਿਚ ਲਿਆਂਦਾ ਹੈ। ਵੱਖ-ਵੱਖ ਅਕਾਦਮਿਕ ਵਿਸ਼ਿਆਂ ਦੇ ਮਾਹਿਰਾਂ ਨੇ ਆਪਣੇ ਆਪਣੇ ਢੰਗ ਨਾਲ ਵਿਸ਼ਵੀਕਰਨ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਅਜੋਕੇ ਦੌਰ ਵਿਚ ਸੰਸਾਰ ਨੂੰ ਗਲੋਬਲ ਪਿੰਡ (Global village) ਵਜੋਂ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ। ਇਸ ਦਾ ਭਾਵ ਇਹ ਹੈ ਕਿ ਸੰਸਾਰ ਮੰਡੀ ਆਵਾਜਾਈ ਵਸੀਲਿਆ, ਗਿਆਨ ਅਤੇ ਸੰਸਾਰ ਤਕਨਾਲੋਜੀ ਦੀ ਸਪੀਡ ਨੇ ਸਮੁੱਚੇ ਸੰਸਾਰ ਦੇ ਹਰੇਕ ਮੁਲਕ ਨੂੰ ਆਪਣੇ ਨੈੱਟਵਰਕ ਨਾਲ ਜੋੜ ਲਿਆ ਹੈ।"[1]

ਇਸ ਪ੍ਰਕਾਰ ਸਮੁੱਚੇ ਸੰਸਾਰ ਨੂੰ ਇਕ ਸੂਤਰ ਵਿਚ ਪਰੋ ਕੇ, ਗਿਆਨ, ਸੰਸਾਰ, ਤਕਨਾਲੋਜੀ, ਆਵਾਜਾਈ ਦੇ ਵਸੀਲਿਆਂ, ਸੰਸਾਰ ਮੰਡੀ ਦੇ ਪੱਧਰ 'ਤੇ ਇਕਸਾਰ ਕਰਨ ਦੀ ਪ੍ਰਕਿਰਿਆ ਹੀ ਵਿਸ਼ਵੀਕਰਨ ਹੈ।

"ਆਰਥਿਕ ਪੱਖ ਤੋਂ ਵਿਸ਼ਵੀਕਰਨ ਦਾ ਅਰਥ ਹੈ ਵਿਸ਼ਵ ਦਾ ਇਕ ਪਿੰਡ ਦਾ ਰੂਪ ਧਾਰਨ ਕਰਨਾ, ਵਿਸ਼ਵ ਪੱਧਰ ਤੇ ਇਕ ਕਿਸਮ ਦੇ ਵਿਸ਼ਵਾਸਾਂ, ਸਮਾਜਿਕ ਮੁੱਲਾਂ ਤੇ ਚੇਤੰਨਤਾ ਹੋਣਾ ਅਤੇ ਵਿਸ਼ਵ ਦੇ ਸਾਰੇ ਦੇਸ਼ਾਂ ਦਾ ਆਰਥਕ, ਸਮਾਜਿਕ ਤੇ ਸਭਿਆਚਾਰਕ ਆਦਾਨ ਪ੍ਰਦਾਨ ਹੋਣਾ।"[2]

ਗੁਰੂ ਨਾਨਕ ਦੇਵ ਜੀ ਦੀ ਬੁਨਿਆਦੀ ਇਨਸਾਨੀ-ਸਮਾਜੀ ਸਰੋਕਾਰਤਾ ਤੇ ਦ੍ਰਿਸ਼ਟੀ ਸਦੀਵੀ ਮਹੱਤਤਾ ਵਾਲੀ ਹੈ। ਸਮਕਾਲ ਵਿਚ ਵਿਸ਼ਵ ਦੇ ਸੱਤ ਅਮੀਰ ਮੁਲਕਾਂ ਵਿਚੋਂ ਸੰਸਾਰ ਖੁਲ੍ਹੀ ਮੰਡੀ ਅਤੇ ਹੱਦਾਂ ਰਹਿਤ ਵਿਸ਼ਵ ਵਸਤ-ਸੂਚਨਾ ਦੀ ਜਿਹੜੀ ਨੀਤੀ ਵਿਸ਼ਵੀਕਰਨ ਤਹਿਤ ਉਲੀਕੀ ਗਈ ਤੇ ਅਮੀਰ ਸਰਕਾਰੀ ਤੇ ਕਾਰਪੋਰੇਟ ਸੈਕਟਰ ਨੇ ਜਿਸਨੂੰ ਮੁਨਾਫੇ ਲਈ ਖੂਬ ਪ੍ਰਚਾਰਿਆ ਤੇ ਵਰਤਿਆ ਹੈ। ਉਸ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਫਲਸਫ਼ਾ ਹੋਰ ਅਧਿਕ ਸਾਰਥਕ ਹੈ। ਮਨੁੱਖ ਤੇ ਮਨੁੱਖੀ ਸਮਾਜ ਦੀ ਸਮੁੱਚੀ ਯਾਤਰਾ ਤੇ ਯਾਤਰਾ ਉੱਦਾਤ ਇਨਸਾਨੀ ਕੀਮਤਾਂ ਮੁਤਾਬਕ ਜ਼ਿੰਦਗੀ ਅਤੇ ਸਮਾਨਤਾ, ਸਨਮਾਨ ਤੇ ਹਰ ਪ੍ਰਕਾਰ ਦੇ ਡਰ, ਅਨਿਆਂ, ਵੰਡ-ਵਿਤਕਰੇ ਤੋਂ ਮੁਕਤ ਵਿਵਸਥਾ ਦੀ ਹੈ, ਜੋ ਗੁਰੂ ਨਾਨਕ ਦੇਵ ਜੀ ਦੀ ਰਚਨਾ ਦਾ ਮੂਲ ਸੰਦੇਸ਼ ਹੈ, ਜਦਕਿ ਵਿਸ਼ਵੀਕਰਨ ਮਹਿਜ ਮੰਡੀ, ਖਪਤ ਤੇ

ਮੁਨਾਫੇ ਦਾ ਵਰਤਾਰਾ ਹੈ। ਵਸਤਾਂ, ਧਨ ਆਦਿ ਦੀ ਜੀਵਨ ਲਈ ਜਰੂਰਤ ਹੈ, ਨਾ ਕਿ ਇਹ ਇਕੋ-ਇਕ ਅੰਤਿਮ ਨਿਸ਼ਾਨਾ। ਇਸ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਬੇਹੱਦ ਮੁੱਲਵਾਨ ਹੈ।

ਗੁਰੂ ਨਾਨਕ ਬਾਣੀ ਨੇ ਸਮਾਜਕ ਜੀਵਨ ਦੇ ਹਰ ਪੱਖ ਨੂੰ ਆਪਣਾ ਵਸਤੂ ਬਣਾਇਆ ਹੈ। ਸਮਾਜ ਦੇ ਰਾਜਨੀਤਕ, ਆਰਥਿਕ, ਸਮਾਜਕ, ਸਭਿਆਚਾਰਕ, ਧਾਰਮਿਕ ਸਾਰੇ ਪੱਖਾਂ ਬਾਰੇ ਗੁਰੂ ਨਾਨਕ ਬਾਣੀ ਨੇ ਆਪਣਾ ਮੁੱਲਾਂਕਣ, ਦ੍ਰਿਸ਼ਟੀਕੋਣ ਅਤੇ ਇਸ ਸੰਕਟਮਈ ਸਥਿਤੀ ਵਿਚੋਂ ਨਿਕਲਣ ਦਾ ਹੱਲ ਵੀ ਪੇਸ਼ ਕੀਤਾ ਹੈ।

ਕੋਈ ਵੀ ਯੁੱਗ ਪੁਰਸ਼ ਆਪਣੇ ਯੁੱਗ ਦੀਆਂ ਸਥਿਤੀਆਂ ਦੀ ਉਪਜ ਹੁੰਦਾ ਹੈ। ਉਹ ਉਹਨਾਂ ਪਰਿਸਥਿਤੀਆਂ ਵਿਚੋਂ ਪੈਦਾ ਹੋ ਕੇ ਉਨ੍ਹਾਂ ਨੂੰ ਵੰਗਾਰਨ ਦੀ ਪਹਿਲ ਕਦਮੀ ਕਰਦਾ ਹੈ। ਬਹੁਤ ਸੰਖੇਪ ਵਿਚ ਲਿਖਣਾ ਹੋਵੇ ਤਾਂ ਭਾਰਤ ਦੀ ਉਸ ਵੇਲੇ ਦੀ ਧਾਰਮਿਕ ਪਰੰਪਰਾ ਬਾਰੇ ਬਾਬੇ ਨਾਨਕ ਦਾ ਪ੍ਰਤਿਕਰਮ ਉਨ੍ਹਾਂ ਦੀ ਅਧਿਆਤਮਕਤਾ ਦਾ ਕੇਂਦਰੀ ਆਧਾਰ ਬਣਦਾ ਹੈ। ਨਾਨਕ ਬਾਣੀ ਦੀ ਅਧਿਆਤਮਕਤਾ ਬਾਰੇ ਵਿਚਾਰ ਕਰਨ ਹਿਤ ਅਸੀਂ ਬਾਣੀ ਵਿਚ ਪੇਸ਼, ਪਰਮਾਤਮਾ, ਆਤਮਾ, ਗੁਰੂ, ਆਦਰਸ਼ ਮਨੁੱਖ, ਮੁਕਤੀ ਸੰਸਾਰ ਆਦਿ ਬਾਰੇ ਅਤਿ ਸੰਖੇਪ ਵਿਚ ਚਰਚਾ ਇਸ ਤਰ੍ਹਾਂ ਹੈ।

ਨਾਨਕ ਬਾਣੀ ਦਾ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਿਧਾਂਤਕ ਆਧਾਰ ਬਾਣੀ ਦਾ ਮੂਲ ਮੰਤਰ ਹੈ। ਸਿੱਖ ਧਰਮ ਦੇ ਪੈਰੋਕਾਰਾਂ ਵਿਚ ਇਹ ਤੱਥ ਸਰਬ-ਪ੍ਰਮਾਣਿਤ ਅਤੇ ਸਰਬ ਪ੍ਰਵਾਨਿਤ ਹੈ ਕਿ ਸਾਰਾ ਜਪੁਜੀ ਸਾਹਿਬ ਮੂਲ ਮੰਤਰ ਦੀ ਵਿਆਖਿਆ ਹੈ ਅਤੇ ਸਾਰਾ ਗੁਰੂ ਗ੍ਰੰਥ ਸਾਹਿਬ ਅੱਗੋਂ ਜਪੁਜੀ ਸਾਹਿਬ ਦੀ ਵਿਆਖਿਆ। ਨਾਨਕ ਬਾਣੀ ਵਿਚ ਮੂਲ ਮੰਤਰ ਦਾ ਪ੍ਰਤਿਪਾਦਨ ਇਸ ਤਰ੍ਹਾਂ ਕੀਤਾ ਗਿਆ ਪ੍ਰਾਪਤ ਹੁੰਦਾ ਹੈ।

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥* [3]

ਨਾਨਕ ਬਾਣੀ ਅਨੁਸਾਰ ਪ੍ਰਮਾਤਮਾ ਇਕ ਹੈ। ਉਸ ਦਾ ਨਾਮ ਸਤਿ ਹੈ। ਉਹ ਕਰਤਾ ਪੁਰਖ ਹੈ ਭਾਵ ਸਾਰੀ ਸ਼੍ਰਿਸ਼ਟੀ, ਸਾਰਾ ਬ੍ਰਹਿਮੰਡ ਉਸਦੀ ਸਿਰਜਣਾ ਹੈ। ਉਹ ਨਿਰਭਉ ਭਾਵ ਹਰ ਪ੍ਰਕਾਰ ਦੇ ਡਰ ਵੈਰ ਤੇ ਜੂਨੀਆ ਤੋਂ ਵੀ ਮੁਕਤ ਹੈ-ਉਹ ਨਿਰਾਕਾਰ ਅਤੇ ਨਿਰਗੁਣ ਰੂਪ ਹੈ। ਉਹ ਆਪਣੇ ਆਪ ਤੋਂ ਹੀ ਪ੍ਰਕਾਸ਼ ਹੋਇਆ ਹੈ। ਇਸ ਪ੍ਰਮਾਤਮਾਂ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਜਾਂ ਮਿਹਰ ਨਾਲ ਹੀ ਸੰਭਵ ਹੈ। ਨਾਨਕ ਬਾਣੀ ਵਿਚ ਪੇਸ਼ ਬ੍ਰਹਮ ਦਾ ਸਰੂਪ ਇਕਈਸ਼ਵਰਵਾਦੀ ਹੈ। ਗੁਰਬਾਣੀ ਦਾ ਮੱਤ ਹੈ, "ਜੈਸਾ ਸੇਵੇ ਤੈਸਾ ਹੋਇ"।

ਜਿਹੋ ਜਿਹੇ ਪ੍ਰਮਾਤਮਾ ਜਾਂ ਇਸ਼ਟ ਦੀ ਮਨੁੱਖ ਅਰਾਧਨਾ ਕਰਦਾ ਹੈ ਤਾਂ ਉਹ ਉਹੋ ਜਿਹਾ ਹੀ ਰੂਪ ਧਾਰਣ ਕਰ ਲੈਂਦਾ ਹੈ। ਨਾਨਕ ਬਾਣੀ ਦਾ ਇਹ ਸਿਧਾਂਤ ਪਰਮਾਤਮਾ ਦੀ ਏਕਤਾ ਰਾਹੀਂ ਧਰਮ ਦੇ ਨਾਂ ਉਪਰ ਪੈਣ ਵਾਲੀਆਂ ਵੰਡੀਆਂ ਦੀ ਸਮਾਪਤੀ ਕਰਦਾ ਹੈ ਅਤੇ ਸਾਰੇ ਸੰਸਾਰ ਦੇ ਮਨੁੱਖਾਂ ਦੀ ਬਰਾਬਰੀ, ਏਕਤਾ, ਸਾਂਝੀਵਾਲਤਾ ਅਤੇ ਆਪਸੀ ਪਰੇਮ ਦਾ ਸਿਧਾਂਤਕ ਆਧਾਰ ਤਿਆਰ ਕਰਦਾ ਹੈ। ਭਾਰਤੀ ਸਮਾਜ ਜਿਹੜਾ ਉਸ ਵੇਲੇ ਧਾਰਮਿਕ ਤੌਰ ਤੇ ਨਾਥਾ, ਜੋਗੀਆਂ, ਸਿੱਧਾਂ, ਜੈਨੀਆਂ, ਬੋਧੀਆਂ, ਹਿੰਦੂਆਂ ਅਤੇ ਮੁਸਲਮਾਨਾਂ ਦੇ ਵੱਖ ਵੱਖ ਧਾਰਮਿਕ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਉਸ ਵੰਡੇ ਹੋਏ ਸਮਾਜ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਲਈ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਪ੍ਰਮਾਤਮਾ ਦੇ ਇਕ ਹੋਣ ਦਾ ਸੰਦੇਸ਼ ਦੇ ਕੇ ਵਿਸ਼ਵ-ਅਧਿਆਤਮਕ ਪਰੰਪਰਾ ਨੂੰ ਸਥਾਨਕ ਤੋਂ ਵਿਸ਼ਵਵਿਆਪੀ ਬਣਾ ਦਿੱਤਾ।

*ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥* [4]
*ਜਿਨੀ ਏਕੋ ਸੇਵਿਆ ਪੂਰੀ ਮਤਿ ਭਾਈ ॥*
*ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥2॥*
*ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ ॥*
*ਕਿਰਪਾ ਤੇ ਸੁਖ ਪਾਇਆ ਸਾਚੈ ਪਰਥਾਈ ॥* [5]

ਅੱਜ ਜਿਸ ਵਰਤਾਰੇ ਵਿਚ ਅਸੀਂ ਜਿਊ ਰਹੇ ਹਾਂ ਇਹ ਵਿਸ਼ਵ-ਵਿਆਪੀ ਤੇ ਵਿਗਿਆਨਕ ਯੁੱਗ ਹੈ। ਇਸ ਲਈ ਅਜੋਕੇ ਆਲੋਚਕ ਹਰ ਸਾਹਿਤ ਨੂੰ ਵਿਗਿਆਨ ਦੀ ਕਸਵੱਟੀ ਉਪਰ ਪਰਖਦੇ ਹਨ, ਜੇ

ਕਰ ਕੋਈ ਗੱਲ ਅਕਲ ਅਤੇ ਵਿਗਿਆਨ ਅਨੁਸਾਰ ਪੂਰੀ ਉਤਰਦੀ ਹੋਵੇ, ਤਦ ਉਸਨੂੰ ਮੰਨਿਆ ਜਾਂਦਾ ਹੈ, ਪਰ ਇਸਦੇ ਉਲਟ ਕੋਈ ਗੱਲ ਕੇਵਲ ਸ਼ਰਧਾਮੂਲਕ ਤੇ ਅੰਧ-ਵਿਸ਼ਵਾਸੀ ਹੋਵੇ ਤਾਂ ਸਮਾਜ ਉਸਤੋਂ ਇਨਕਾਰੀ ਹੋ ਜਾਂਦਾ ਹੈ। ਧਰਮ ਵੀ ਉਸਨੂੰ ਧਰਮ ਸਮਝਿਆ ਜਾਂਦਾ ਹੈ, ਜੋ ਵਿਗਿਆਨ ਦੀ ਕਸਵੱਟੀ ਤੇ ਪੂਰਾ ਉਤਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਮਾਨਵਤਾ ਅਤੇ ਬ੍ਰਹਿਮੰਡ ਪ੍ਰਤੀ ਮੱਤ ਵਿਗਿਆਨ ਦੇ ਪੱਖੋਂ ਅੱਜ ਪੂਰਾ ਸਾਬਤ ਹੋ ਚੁਕਿਆ ਹੈ। ਵਿਗਿਆਨਕ ਖੋਜਾਂ ਆਪਣੀ ਬੁੱਧ ਬਿਬੇਕ ਨਾਲ ਅਕਾਸ਼-ਪਾਤਾਲ ਦੀਆਂ ਬ੍ਰਹਿਮੰਡਕ ਸਚਾਈਆਂ ਜੋ ਅੱਜ ਲੱਭਣ ਵਿਚ ਲੱਗੀਆਂ ਹੋਈਆਂ ਹਨ। ਗੁਰੂ ਸਾਹਿਬ ਨੇ ਸਦੀਆਂ ਪਹਿਲਾਂ ਆਪਣੀ ਬਾਣੀ ਦੀਆਂ ਸਤਰ੍ਹਾਂ

*"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।"*[6]

ਰਾਹੀ ਬ੍ਰਹਿਮੰਡੀ ਚੇਤਨਾ ਦਾ ਪ੍ਰਮਾਣ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਪ੍ਰਕ੍ਰਿਤੀ ਚਿਤਰਣ ਤੇ ਪ੍ਰਕ੍ਰਿਤੀ ਪ੍ਰਤੀ ਸਤਿਕਾਰ ਜਿਹੇ ਮਸਲੇ ਗੁਰੂ ਨਾਨਕ ਬਾਣੀ ਵਿਚ ਸ਼ਿੱਦਤ ਨਾਲ ਪ੍ਰਕਾਸ਼ਮਾਨ ਹੋਏ ਜੇਕਰ ਅਸੀਂ ਮੁਢਲੇ ਮਨੁੱਖ ਨੂੰ ਦੇਖੀਏ, ਜਿਸਨੇ ਵੇਦਾਂ ਵਰਗਾਂ ਸਾਹਿਤ ਰਚਿਆ, ਤਦ ਪਤਾ ਚਲਦਾ ਹੈ ਕਿ ਉਹ ਪ੍ਰਕ੍ਰਿਤੀ ਤੋਂ ਬਹੁਤ ਹੀ ਅਧਿਕ ਪ੍ਰਭਾਵਤ ਹੋਇਆ। ਪ੍ਰਕ੍ਰਿਤੀ ਅੱਗੇ ਝੁਕਦਾ ਸੀ, ਪ੍ਰਕ੍ਰਿਤੀ ਦੀਆਂ ਵੱਖ-ਵੱਖ ਸ਼ਕਤੀਆਂ ਨੂੰ ਦੇਵਤਾ ਮੰਨ ਕੇ ਉਹ ਪੂਜਾ ਕਰਨ ਲੱਗ ਪਿਆ ਸੀ। ਫਿਰ ਉਸਨੇ ਦੇਵਤਾ ਪਿਛੇ ਮੂਲ-ਸ਼ਕਤੀ (ਬ੍ਰਹਮ) ਦੀ ਕਲਪਨਾ ਕੀਤੀ ਅਤੇ ਉਸਦੀ ਉਪਾਸਨਾ ਬਾਰੇ ਸੋਚਿਆ ਇਸ ਤਰ੍ਹਾਂ ਇਸ ਸਿਲਸਿਲੇ ਤਹਿਤ ਕੁਦਰਤੀ ਸੌਂਦਰਯ ਤੋਂ ਪ੍ਰਭਾਵਤ ਹੋ ਕੇ ਸਾਰੀ ਕੁਦਰਤ ਨੂੰ ਸ਼ਾਸਨ ਤੇ ਨਿਯੰਤਰਣ ਦੀ ਲੜੀ ਵਿਚ ਪਰੋਈ ਰੱਖਣ ਵਾਲੀ ਮੂਲ ਸ਼ਕਤੀ ਦੀ ਖੋਜ ਬਾਰੇ ਤਤਪਰ ਹੋਇਆ। ਗੁਰੂ ਜੀ ਇਸ ਬਾਰੇ ਫੁਰਮਾਉਂਦੇ ਹਨ।

*ਆਪੀਨੈ ਆਪੁ ਸਾਜਿਓ ਅਪੀਨੈ ਰਚਿਓ ਨਾਉ ॥*
*ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*[7]

ਗੁਰੂ ਸਾਹਿਬ ਦਾ ਉਪਰੋਕਤ ਫਰਮਾਨ ਕੁਦਰਤ ਦੇ ਚੰਗੇਰੇ ਸੁਭਾ ਤੇ ਸਰੂਪ ਰਾਹੀਂ ਪਰਮ ਸਤ ਦੀ ਹੋਂਦ ਦਾ ਵਿਸ਼ਵਾਸ ਦ੍ਰਿੜ ਕਰਵਾਉਂਦਾ ਹੈ ਆਦਿ ਜੁਗਾਦਿ ਤੋਂ ਮਨੁੱਖ ਪ੍ਰਕ੍ਰਿਤੀ ਦੀ ਖੂਬਸੂਰਤੀ ਤੋਂ ਪ੍ਰਭਾਵਤ ਵੀ ਹੁੰਦਾ ਰਿਹਾ ਹੈ ਅਤੇ ਉਸਦੇ ਵਿਕਰਾਲ ਰੂਪ ਤੋਂ ਭੈ-ਭੀਤ ਵੀ ਹੁੰਦਾ ਰਿਹਾ ਹੈ। ਇਸੇ ਕਾਰਨ ਕੁਦਰਤ ਨੂੰ ਦੇਵਤਿਆਂ ਵਾਂਗ ਪੂਜਣ ਲੱਗਾ। ਕੁਦਰਤ ਨੇ ਆਪਣੇ ਸਰੂਪ ਤੇ ਕਾਰਜ ਕਾਰਨ ਮਨੁੱਖ ਦੇ ਮਨ ਵਿਚ ਜੋ ਭੈਅ ਪੈਦਾ ਕੀਤਾ। ਇਹੀ ਉਸ ਮੂਲ ਸ਼ਕਤੀ ਦੀ ਸ਼ਰਣ ਵਿਚ ਜਾਣ ਦਾ ਵਸੀਲਾ ਵੀ ਬਣਿਆ ਤੇ ਮਨੁੱਖ ਕੁਦਰਤ ਨੂੰ ਨਤਮਸਤਕ ਵੀ ਹੁੰਦਾ ਰਿਹਾ। ਇਸ ਲਈ ਇਸ ਭੈਅ ਦਾ ਪ੍ਰਭਾਵ ਵੀ ਮਨੁੱਖ ਲਈ ਚੰਗਾ ਅਸਰ ਛੱਡਦਾ ਹੈ। ਗੁਰੂ ਜੀ ਅਨੁਸਾਰ

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥*[8]

ਉਪਰੋਕਤ ਵਿਚਾਰ ਚਰਚਾ ਤੋਂ ਪਤਾ ਲਗਦਾ ਹੈ ਕਿ ਮਨੁੱਖ ਡਰ ਅਧੀਨ ਕੁਦਰਤ ਨੂੰ ਪਿਆਰਦਾ ਘੱਟ ਤੇ ਸਤਿਕਾਰਦਾ ਜਿਆਦਾ ਸੀ। ਪੰਜਾਬੀ ਸਭਿਆਚਾਰ ਵਿਚ ਵੀ ਬਹੁਤ ਸਾਰੇ ਦਰਖਤਾਂ ਜਿਵੇ, ਪਿੱਪਲ, ਬੋਹੜ, ਬੇਰੀਆਂ, ਤੁਲਸੀ ਦੇ ਪੌਦੇ ਪੂਜੇ ਜਾਂਦੇ ਹਨ ਅਤੇ ਚੰਦਨ ਦੇ ਦਰੱਖਤ ਦੀ ਲੱਕੜ ਪੂਜਾ ਲਈ ਪਵਿਤਰ ਮੰਨੀ ਜਾਂਦੀ ਹੈ। ਇਨ੍ਹਾਂ ਦਰਖਤਾਂ, ਪੌਦਿਆਂ ਨੂੰ ਪੂਜਣ ਦਾ ਅਸਲ ਕਾਰਨ ਇਨ੍ਹਾਂ ਦੀ ਗੁਣਵੱਤਾ ਹੈ। ਪਿੱਪਲ ਦਾ ਰੁੱਖ ਜਿਵੇਂ ਸਭ ਤੋਂ ਵੱਧ ਮਾਤਰਾ ਵਿਚ ਆਕਸੀਜਨ ਦਿੰਦਾ ਹੈ।

ਅੱਜ ਪ੍ਰਕ੍ਰਿਤੀ ਨੂੰ ਪੂਜਣਾ, ਸਮੇਂ ਦੀ ਲੋੜ ਬਣ ਗਈ ਹੈ ਵਿਸ਼ਵੀ ਪੱਧਰ 'ਤੇ ਪ੍ਰਕ੍ਰਿਤੀ ਨੂੰ ਬਚਾਉਣ ਲਈ ਨਿਯਮ ਬਣਾਏ ਜਾ ਰਹੇ ਹਨ ਕਿਉਂਕਿ ਤਕਨਾਲੋਜੀ ਦੇ ਦੌਰ ਵਿਚ ਜੇਕਰ ਪ੍ਰਕ੍ਰਿਤੀ ਸੁਰੱਖਿਅਤ ਰਹੇਗੀ ਤਾਂ ਹੀ ਮਨੁੱਖ ਸੁਰੱਖਿਅਤ ਰਹਿ ਸਕਦਾ ਹੈ, ਗੁਰੂ ਸਾਹਿਬ ਦੀਆਂ ਸਤਰਾਂ,

*ਪਵਣ ਗੁਰੂ ਪਾਣੀ ਪਿਤਾ ਮਾਤਾਂ ਧਰਤਿ ਮਹਤੁ ॥*[9]
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥*

ਹਵਾ ਗੁਰੂ ਹੈ ਪਾਣੀ ਪਿਤਾ ਤੇ ਧਰਤੀ ਵੱਡੀ ਮਾਤਾ ਹੈ, ਦਿਨ ਤੇ ਰਾਤ ਦੋਵੇ ਖਿਡਾਵੀ ਤੇ ਖਿਡਾਵਾ ਹਨ, ਜਿਸ ਵਿਚ ਸਾਰਾ ਸੰਸਾਰ ਖੇਡ ਰਿਹਾ ਹੈ। ਦਸੱਦਿਆ ਪ੍ਰਕ੍ਰਿਤੀ ਨੂੰ ਪਿਆਰ ਤੇ ਸਤਿਕਾਰ ਕਰਨ ਦਾ ਸੰਦੇਸ਼ ਦਿੱਤਾ ਹੈ। ਮਨੁੱਖੀ ਜੀਵਨ ਨੂੰ ਜਿਨ੍ਹਾਂ ਆਦਰਸ਼ਾਂ ਤੇ ਢਾਲਣ ਦੀ ਲੋੜ ਸੀ ਉਨ੍ਹਾਂ ਵਿਚੋਂ ਕਿਰਤ ਸਭਿਆਚਾਰ ਨੂੰ ਗੁਰੂ ਸਾਹਿਬ ਨੇ ਬਹੁਤ ਹੀ ਉਤਸਾਹਿਤ ਕੀਤਾ। 'ਕਿਰਤ ਸ਼ਬਦ ਸੰਸਕ੍ਰਿਤ ਦੇ ਸ਼ਬਦ ਕ੍ਰਿਤਯ ਤੋਂ ਬਣਿਆ ਹੈ। ਇਸਦੇ ਪ੍ਰਚੱਲਤ ਅਰਥ ਹਨ। 'ਮਿਹਨਤ' ਜਾਂ 'ਘਾਲ'।[10] ਕਿਰਤ ਸ਼ਬਦ ਸਿਰਫ਼ ਰੋਜੀ ਕਮਾਉਣ ਦੀ ਭਾਵਨਾ ਹੀ ਨਹੀਂ ਸਗੋਂ ਇਸ ਵਿਚ ਮਨੁੱਖ ਦੀ ਮਨੁੱਖ ਵਜੋਂ ਸਿਰਜਣ-ਸ਼ਕਤੀ ਦਾ ਸਮਾਜਕ ਪ੍ਰਗਟਾਵਾ ਕੀਤਾ ਜਾਂਦਾ ਹੈ। 'ਕਿਰਤ' ਸ਼ਬਦ ਆਰਥਿਕ ਪਹਿਲੂ ਨਾਲ ਹੀ ਜੁੜਿਆ ਹੋਇਆ ਨਹੀਂ। ਗੁਰਬਾਨੀ ਵਿਚ 'ਘਾਲ' ਕਰਨ ਦਾ ਅਰਥ ਸਿਰਫ਼ ਆਪਣੀ ਜੇਬ ਵਿਚ ਪੈਸੇ ਭਰਨਾ ਨਹੀਂ ਸਗੋਂ ਕਿਰਤ ਦੇ ਇਕ ਸਮਾਜਕ ਅਤੇ ਨੈਤਿਕ ਰੋਲ ਨੂੰ ਵੀ ਗੁਰਬਾਣੀ ਸਿਧਾਂਤਕ ਅਤੇ ਧਾਰਮਿਕ ਪ੍ਰਵਾਨਗੀ ਦਿੰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ।

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥*[11]

ਗੁਰੂ ਗ੍ਰੰਥ ਸਾਹਿਬ ਵਿਚ ਜਿੰਨ੍ਹਾਂ ਮਹਾਂ-ਪੁਰਸ਼ਾਂ ਦੀ ਬਾਣੀ ਦਰਜ ਹੈ ਉਨ੍ਹਾਂ ਵਿਚੋਂ ਬਹੁਤੇ ਕਿਰਤੀ ਵਰਗ ਨਾਲ ਸੰਬੰਧਿਤ ਸਨ। ਇਨ੍ਹਾਂ ਮਹਾਂਪੁਰਸ਼ਾਂ ਨੇ ਕਿਰਤ-ਸੰਬੰਧੀ ਸਿਰਫ ਬਾਣੀ ਹੀ ਨਹੀਂ ਰਚੀ ਬਲਕਿ ਆਪਣੇ ਜੀਵਨ-ਕਾਲ ਦੌਰਾਨ ਕਿਰਤ ਦਾ ਆਪਣੇ ਸਮਾਜਿਕ ਅਮਲਾਂ ਨਾਲ ਸੰਦੇਸ਼ ਵੀ ਦਿੱਤਾ ਹੈ। ਗੁਰੂ ਨਾਨਕ ਨੇ ਸਾਰੀ ਉਮਰ ਲੋਕਾਂ ਵਿਚ ਗਿਆਨ ਵੰਡਣ ਲਈ ਉਦਾਸੀਆਂ ਰਾਹੀਂ "ਬਾਬੇ ਤਾਰੇ ਚਾਰ ਚੱਕ ਨੌਂਅ ਖੰਡ ਪ੍ਰਿਥਮੀ ਸੱਚ ਢੋਆ" ਦਾ ਪਰਉਪਕਾਰ ਕੀਤਾ। ਬਚਪਨ ਵਿਚ ਮੱਝਾ ਚਾਰੀਆ। ਜਵਾਨੀ ਵਿਚ ਮੋਦੀਖਾਨੇ ਦੀ ਸੇਵਾ ਸੰਭਾਲੀ ਅਤੇ ਉਸ ਵਿਚੋਂ ਹੋਣ ਵਾਲੀ ਕਿਰਤ ਨਾਲ ਲੰਗਰ ਦੀ ਸੰਸਥਾ ਦਾ ਆਰੰਭ ਕੀਤਾ। ਅੰਤਿਮ ਉਮਰ ਵਿਚ ਕਰਤਾਰਪੁਰ ਆ ਕੇ 'ਭੇਖ ਉਦਾਸੀ ਸਗਲ ਉਤਾਰ' ਕਰਕੇ ਕਿਸਾਨੀ ਦਾ ਕਿੱਤਾ ਅਪਣਾਇਆ। ਗੁਰੂ ਅੰਗਦ ਦੇਵ ਜੀ ਨੇ ਬਾਣ ਵੱਟਿਆ ਅਤੇ ਵੇਚ ਕੇ ਗੁਜ਼ਾਰਾ ਕੀਤਾ। ਮਾਸ ਵੇਚਣ ਨੂੰ ਰੋਜੀ ਦਾ ਆਧਾਰ ਬਣਾਇਆ। ਧੰਨਾ ਜੀ ਨੇ ਕਿਸਾਨੀ ਦਾ ਧੰਦਾ ਅਪਣਾਇਆ। ਰਵਿਦਾਸ ਜੀ ਨੇ ਚੰਮ ਦਾ ਕੰਮ ਕੀਤਾ। ਸੈਵ ਜੀ ਨੇ ਨਾਈਆਂ ਵਾਲੇ ਕੰਮ ਸਮਾਜ ਲਈ ਕੀਤੇ ਕਬੀਰ ਜੀ ਨੇ ਜੁਲਾਹੇ ਦਾ ਪੇਸ਼ਾ ਅਪਣਾਇਆ। ਨਾਮਦੇਵ ਜੀ ਨੇ ਛੀਂਬਿਆਂ ਵਾਲੇ ਕੰਮ ਸਾਰੀ ਉਮਰ ਕੀਤੇ। ਇਉਂ ਤਕਰੀਬਨ ਸਾਰੇ ਮਹਾਂਪੁਰਸ਼ ਸਮਾਜ ਵਲੋਂ ਕੰਮੀਂ/ਕਮੀਣ ਅਤੇ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਨਾਲ ਸਬੰਧਤ ਸਨ। ਸਾਰੇ ਹੀ ਪਦ ਹੱਥੀ ਕਿਰਤ ਕਰਦੇ ਰਹੇ ਅਤੇ ਕਿਰਤੀਆਂ ਨਾਲ ਗੁਰੂ ਸਾਹਿਬ ਦੀ ਬਾਣੀ ਹਮੇਸ਼ਾ ਹੀ ਆਪਣੀ ਸਾਂਝ ਨੂੰ ਠੋਕ ਵਜਾ ਕੇ ਪ੍ਰਗਟ ਕਰਦੀ ਰਹੀ ਹੈ।

*ਨੀਚਾ ਅੰਦਰਿ ਨੀਚੁ ਜਾਤਿ ਨੀਚੀ ਹੂੰ ਅਤਿ ਨੀਚੁ*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆਹ ਸਿਉ ਕਿਆ ਰੀਸ ॥*[12]

ਇਨਾਂ ਹੀ ਨਹੀਂ ਗੁਰਬਾਣੀ ਨੇ ਪਰਾਇਆ ਹੱਕ ਖਾਣ ਵਾਲੇ ਅਮੀਰਾਂ, ਰਾਜਿਆਂ, ਕਾਜੀਆਂ, ਬ੍ਰਾਹਮਣਾਂ ਅਤੇ ਅਹਿਲਕਾਰਾਂ ਨੂੰ ਹਮੇਸ਼ਾ ਵੰਗਾਰਿਆ। ਉਨ੍ਹਾਂ ਦਾ ਡਟ ਕੇ ਵਿਰੋਧ ਕੀਤਾ।

ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਅਧਿਆਤਮਕ ਦ੍ਰਿਸ਼ਟੀ ਦੇ ਨਾਲ ਨਾਲ ਕਾਰਲ ਮਾਰਕਸ ਵਲੋਂ ਕਿਰਤ ਅਤੇ ਕਿਰਤੀਆਂ ਲਈ ਦਿੱਤੇ ਵਿਸ਼ਵ ਪੱਧਰ ਦੇ ਸੰਦੇਸ਼, ਗਿਆਨ ਅਤੇ ਰਹਿਨੁਮਾਈ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ।

"ਸੁੱਚੀ ਕਿਰਤ ਦਾ ਕੋਈ ਵੀ ਅਧਿਐਨ ਕਾਰਲ ਮਾਰਕਸ ਦੀ ਸਮਾਜਵਾਦੀ ਕਿਰਤ ਤੇ ਵਿਚਾਰ ਨੂੰ ਵਾਚਣ ਤੋਂ ਬਿਨਾਂ ਸੰਪੂਰਣ ਨਹੀਂ ਹੋ ਸਕਦਾ। ਸਾਡੇ ਚਿੰਤਕ ਉਸਨੂੰ ਵਿਗਿਆਨਕ ਸਮਾਜਵਾਦ ਦਾ ਸੰਸਥਾਪਕ ਦੱਸਦੇ ਹਨ ਪਰ ਉਹ ਅਧਿਆਤਮਿਕ ਸਮਾਜਵਾਦ ਦਾ ਵੀ ਸਮਰਥਕ ਹੈ। ਉਸਨੂੰ ਗਿਆਨ ਸੀ ਕਿ ਕ੍ਰਾਂਤੀ ਦੀ ਜਵਾਲਾਂ ਤੋਂ ਬਿਨ੍ਹਾਂ ਸੁੱਚੀ ਕਿਰਤ ਦਾ ਸਮਾਜਕ ਅਮਲ ਲਾਗੂ ਨਹੀਂ ਕੀਤਾ ਜਾ ਸਕੇਗਾ। ਉਸਨੇ ਕਿਰਤ ਦੀ ਜੈ ਜੈ ਕਾਰ ਬੁਲਾਈ ਹਥੌੜੇ ਤੇ ਦਾਤੀ ਨੂੰ ਪਰਨਾਮ ਕੀਤਾ ਤੇ ਮਨੁੱਖੀ ਭਰਾਤੀਅਤਾ ਦੇ ਮਹਾਨ ਸੰਕਲਪ ਵਿਚੋਂ ਉਸਾਰੂ ਮਨੁੱਖੀ ਕਰਮ ਨੂੰ ਕ੍ਰਾਂਤੀਕਾਰੀ ਢੰਗ ਨਾਲ ਸੰਗਠਿਤ ਕਰਨ ਦਾ ਰਾਹ ਦੱਸਿਆ,[13] "ਕਿਰਤ ਦੇ ਮਹੱਤਵ ਨੂੰ ਸਪਸ਼ਟ ਕਰਦਿਆਂ ਮਾਰਕਸ ਲਿਖਦਾ ਹੈ 'ਕਿਰਤ ਕੁੱਲ ਦੌਲਤ ਅਤੇ ਸਭਿਆਚਾਰ ਦਾ ਸੋਮਾ ਹੈ।'[14] ਏਂਗਲਜ ਬਾਂਦਰ ਤੋਂ ਮਨੁੱਖ ਬਣਨ ਤੀਕ

ਦੀ ਪ੍ਰਕ੍ਰਿਆ ਵਿਚ ਕਿਰਤ ਵੱਲੋਂ ਨਿਭਾਏ ਇਤਿਹਾਸਕ ਰੋਲ ਦਾ ਜ਼ਿਕਰ ਕਰਦਿਆ ਲਿਖਦਾ ਹੈ',

*'ਕਿਰਤ ਨੇ ਖ਼ੁਦ ਮਨੁੱਖ ਨੂੰ ਪੈਦਾ ਕੀਤਾ।'*[15]

ਕਿਰਤ ਦੇ ਮਹੱਤਵ ਤੇ ਜ਼ੋਰ ਤੇ ਕਿਰਤ ਦੇ ਸ਼ੋਸ਼ਣ ਦੀ ਰੋਕਥਾਮ ਲਈ ਜੋ ਸਿਧਾਂਤ ਜਾਂ ਵਿਚਾਰਧਾਰਾਵਾਂ ਪੂਰੇ ਵਿਸ਼ਵ ਅੰਦਰ ਚੇਤਨਾ ਭਰਨ ਲਈ ਅੱਜ ਦਾਰਸ਼ਨਿਕਾਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ। ਗੁਰੂ ਨਾਨਕ ਬਾਣੀ ਨੇ ਕਿਰਤ ਪ੍ਰਤੀ ਜਾਗਰੂਕਤਾ ਤੇ ਕਿਰਤ ਦੇ ਜ਼ਰੀਏ ਇਕਲਾਬ ਦੀ ਗੱਲ ਬਹੁਤ ਪਹਿਲਾਂ ਹੀ ਸਮਝਾ ਦਿੱਤੀ ਸੀ।

ਨੈਤਿਕਤਾ ਗੁਰੂ ਨਾਨਕ ਬਾਣੀ ਦੀ ਮੁੱਖ ਸੁਰ ਰਹੀ ਹੈ। ਗੁਰੂ ਸਾਹਿਬ ਦੇ ਸਮੇਂ ਦੇ ਸਮਾਜ ਵਿਚ ਸਭ ਪਾਸੇ ਝੂਠ ਪਸਰਿਆ ਹੋਇਆ ਸੀ ਤੇ ਹੰਕਾਰ ਦਾ ਬੋਲਬਾਲਾ ਸੀ। ਹੱਕ ਸੱਚ ਕਿਧਰੇ ਪਰ ਲਾ ਕੇ ਉਡ ਗਏ ਸਨ। ਇਹ ਸਮਾਜ ਗੁਰੂ ਸਾਹਿਬ ਦੇ ਅਦਰਸ਼ਾ ਤੋਂ ਕਿਤੇ ਨੀਵਾ ਸਮਾਜ ਸੀ। ਭਾਰਤੀ ਰਾਜ ਪ੍ਰਬੰਧ ਦਾ ਸਮੁੱਚਾ ਵਰਤਾਰਾ ਝੂਠ ਅਤੇ ਹਉਮੈ ਦੇ ਆਸਰੇ ਹੀ ਚਲ ਰਿਹਾ ਸੀ। ਜਿਨ੍ਹਾਂ ਵਿਚ ਗੁਰੂ ਜੀ ਨੇ ਕਲਯੁੱਗ ਦੇ ਕਸਾਈ ਰਾਜਿਆਂ ਤੇ ਕੂੜ ਦੀ ਮਸਿਆ ਦਾ ਉਲੇਖ ਕਰਦੇ ਹੋਏ ਉਸ ਸਮੇਂ ਦੇ ਮਨੁੱਖ ਦੀ ਸੰਕਟ ਗ੍ਰਸਤ ਬੇਚੈਨ ਅਵਸਥਾ ਦਾ ਚਿਤਰਨ ਵੀ ਕੀਤਾ ਹੈ ਅਤੇ ਮਾਨਵਤਾ ਦੇ ਸਾਹਮਣੇ ਪ੍ਰਸ਼ਨ ਉਠਾਇਆ ਹੈ ਕਿ ਅਜਿਹੀ ਸਥਿਤੀ ਵਿਚੋਂ ਸਮਾਜ ਦੀ ਗਤੀ ਕਿਸ ਵਿਧੀ ਦੁਆਰਾ ਹੋ ਸਕਦੀ ਹੈ। ਵਾਰ ਮਾਝ ਦੀਆਂ ਉਹ ਸਤਰ੍ਹਾਂ ਇਸ ਪ੍ਰਕਾਰ ਹਨ।

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨਾ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*[16]

ਇਸ ਹਨੇਰੇ ਵਿਚੋਂ ਕੋਈ ਰਸਤਾ ਲੱਭਣ ਲਈ ਬੁੱਧੀ ਦੀ ਲੋੜ, ਸੀ। ਪਰ ਉਸ ਵੇਲੇ ਦੀ ਗਿਆਨ ਵਿਹੂਣੀ ਪਰਜਾ ਦੀ ਹਾਲਤ ਇਕ ਨੇਤਰਹੀਣ ਮਨੁੱਖ ਵਰਗੀ ਸੀ। ਗੁਰੂ ਸਾਹਿਬ ਆਪਣੇ ਸਮੇਂ ਦੇ ਰਾਜਸੀ ਪੱਖ ਤੋਂ ਬਿਲਕੁਲ ਸੰਤੁਸ਼ਟ ਨਹੀਂ ਸੀ। ਉਨ੍ਹਾਂ ਨੇ ਰਾਜਨੀਤਿਕ ਜ਼ੁਲਮ ਅਤੇ ਅਨਿਆਂ ਦਾ ਸਾਧਾਰਨ ਰੂਪ ਵਿਚ ਵੀ ਤੇ ਵਿਸ਼ੇਸ਼ ਰੂਪ ਵਿਚ ਵੀ ਖੰਡਨ ਕੀਤਾ ਹੈ। ਸਾਧਾਰਨ ਰੂਪ ਵਿਚ ਰਾਜਿਆਂ ਨੂੰ ਕਸਾਈ, ਜਨਤਾ ਦਾ ਲਹੂ ਪੀਣ ਵਾਲੇ ਸ਼ੀਂਹ ਅਤੇ ਉਨ੍ਹਾਂ ਦੇ ਕਰਮਚਾਰੀਆਂ ਨੂੰ ਲੋਕਾਂ ਦੀਆਂ ਹੱਡੀਆਂ ਚਬਣ ਵਾਲੇ ਕੁੱਤੇ ਆਖਿਆ ਹੈ। ਇਥੋ ਤਕ ਕਿ ਰਾਜੇ ਅਤੇ ਦਰਬਾਰੀਆਂ ਨੂੰ ਲੋਭ ਤੇ ਪਾਪ ਦੇ ਪ੍ਰਤੀਕ, ਸਰਦਾਰਾਂ ਨੂੰ ਝੂਠ ਦੇ ਚਿੰਨ੍ਹ, ਉਨ੍ਹਾਂ ਦੇ ਸਹਾਇਕਾਂ ਨੂੰ ਕਾਮ ਦੇ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ। ਇਹ ਤੁਕਾਂ ਅਜਿਹੀ ਅਵਸਥਾ ਵੱਲ ਵੀ ਸੰਕੇਤ ਕਰਦੀਆਂ ਹਨ।

*ਲਬੁ ਪਾਪ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰੁ*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*[17]

ਮਾਨਸਿਕ ਤੇ ਨੈਤਿਕ ਪੱਧਰ ਉੱਤੇ ਉਸ ਸਮੇਂ ਦੇ ਵਿਅਕਤੀ ਅਤੇ ਸਮਾਜਕ ਸੰਸਥਾਵਾਂ ਨੂੰ ਕਰਮ-ਕਾਂਡ, ਵਹਿਮ-ਪ੍ਰਸਤੀ, ਠੱਗੀ-ਚੋਰੀ ਆਦਿ ਨੇ ਗ੍ਰਸਿਆ ਹੋਇਆ ਸੀ। ਆਤਮਕ ਪੱਧਰ ਦੀਆਂ ਉਸ ਸਮੇਂ ਦੀਆਂ ਤਿੰਨ ਮਹਾਨ ਧਾਰਮਿਕ ਸੰਸਥਾਵਾਂ, ਇਸਲਾਮ ਦਾ ਪ੍ਰਤੀਕ ਕਾਜੀ, ਬ੍ਰਾਹਮਣ ਵਾਦ ਜਿਸਦਾ ਪ੍ਰਤੀਕ ਪੰਡਿਤ ਜਾਂ ਬ੍ਰਾਹਮਣ ਅਤੇ ਜੋਗਮਤਿ ਜਿਸਦਾ ਚਿੰਨ੍ਹ ਜੋਗੀ ਹੈ। ਪਰ ਇਹ ਤਿੰਨੇ ਸੰਸਥਾਵਾਂ ਆਤਮਕ ਉਨਤੀ ਜਾਂ ਆਤਮਿਕ ਆਰੋਗਤਾ ਦੀ ਥਾਂ ਆਤਮਿਕ ਬਿਮਾਰੀ ਬਣੀਆਂ ਹੋਈਆਂ ਸਨ ਕਿਉਂਕਿ ਇਨ੍ਹਾਂ ਵਿਚ ਵੀ ਝੂਠ ਪਖੰਡ ਅਤੇ ਆਮ ਜਨਤਾ ਨੂੰ ਠੱਗਣ ਦਾ ਵਿਚਾਰ ਪਸਰ ਚੁਕਿਆ ਸੀ। ਵਰਤਮਾਨ ਮਨੁੱਖ ਅਜੇ ਵੀ ਅਜਿਹੀਆਂ ਅਲਾਤਮਾ ਤੋਂ ਮੁਕਤ ਨਹੀਂ ਹੋਇਆ ਸਗੋਂ ਪੂੰਜੀਵਾਦੀ ਸਿਸਟਮ ਵਿਚ ਜੀਅ ਰਿਹਾ ਮਨੁੱਖ ਨਿੱਕੇ ਨਿੱਕੇ ਲਾਲਚਾ ਵੱਸ ਆਪਣੀਆਂ ਇਖ਼ਲਾਕੀ ਕਦਰਾਂ ਕੀਮਤਾਂ ਗੁਆ ਰਿਹਾ ਹੈ। ਜਿਥੇ ਗੁਰੂ ਨਾਨਕ ਬਾਣੀ ਦੀ ਪ੍ਰਸੰਗਕਤਾ ਹੋਰ ਵੀ ਵੱਧ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਦੀ ਤਰਕ-ਯੁਕਤ, ਉਦਾਰਵਾਦੀ, ਮਾਨਵਵਾਦੀ ਅਤੇ ਲੋਕਤੰਤਰੀ ਸਿੱਖਿਆ ਨੇ ਸਹਿਜੇ-ਸਹਿਜੇ ਇਕ ਸੰਸਥਾ ਦਾ ਰੂਪ ਗ੍ਰਹਿਣ ਕਰ ਲਿਆ, ਜਿਹੜੀ ਬਾਅਦ ਵਿਚ ਸਿੱਖ ਧਰਮ ਦੇ ਨਾ ਨਾਲ ਪ੍ਰਸਿੱਧ ਹੋਈ। ਸਿੱਖ-ਦਰਸ਼ਨ ਦਾ ਇਕ ਪ੍ਰਮੁੱਖ ਪਾਸਾਰ ਇਹ ਹੈ ਕਿ ਪਰਮਸੱਤਾ ਇਕ ਹੈ ਅਤੇ ਇਹ ਸਰਵ-ਵਿਆਪਕ ਹੈ। ਮਨੁੱਖ ਇਸ ਪਰਮ-ਪ੍ਰਕ੍ਰਿਤਕ ਸ਼ਕਤੀ ਦਾ ਇਕ ਅਤੀ ਛੋਟਾ ਜਿਹਾ

ਅੰਸ਼ ਹੈ। ਇਸ ਲਈ ਸਾਰੇ ਮਨੁੱਖ ਬਰਾਬਰ ਹਨ। ਇਸ ਦਰਸ਼ਨ ਅਨੁਸਾਰ ਮਨੁੱਖਾਂ ਵਿਚ ਨਜ਼ਰ ਆਉਂਦਾ ਅੰਤਰ ਬੁਨਿਆਦੀ ਨਹੀਂ ਹੈ ਜਾਂ ਇਹ ਮੂਲ ਸਰੋਤ ਨਾਲ ਸੰਬੰਧਿਤ ਨਹੀਂ ਹੈ। ਇਹ ਅੰਤਰ ਵਿਕਾਸ ਦੀ ਵੱਖਰੀ ਵੱਖਰੀ ਪ੍ਰਕ੍ਰਿਤੀ ਅਤੇ ਦਰਜੇ ਕਾਰਨ ਹੈ ਜਾਂ ਇਹ ਆਰਥਿਕ-ਰਾਜਨੀਤਿਕ, ਸਮਾਜ-ਸਭਿਆਚਾਰਕ ਅਤੇ ਭੂਗੋਲਿਕ ਵਾਤਾਵਰਣਕ ਤੱਤਾਂ ਦੀ ਲੱਖਾਂ ਸਾਲਾਂ ਦੀ ਅੰਤਰਕ੍ਰਿਆ ਨਾਲ ਸੰਬੰਧਤ ਹੈ। ਐਪਰ ਸਾਰੇ ਜੀਵਾਂ ਅਤੇ ਵਿਸ਼ੇਸ਼ ਕਰਕੇ ਮਨੁੱਖ ਜਾਤੀ ਦਾ ਨਿਕਾਸ ਤੇ ਵਿਕਾਸ ਇੱਕ ਤੱਤ/ਇਕ ਨੂਰ ਤੋਂ ਹੋਇਆ ਹੈ। ਗੁਰੂ ਸਾਹਿਬਾਨ ਨੇ ਆਪਣੀ ਕਾਵਿ ਸਿਰਜਣਾ ਵਿਚ ਜ਼ੋਰ ਦੇ ਕੇ ਕਿਹਾ ਹੈ ਕਿ ਵੱਖ ਵੱਖ ਅਕੀਦਿਆਂ ਤੇ ਵਰਗਾਂ ਦੇ ਮਨੁੱਖ ਬਾਹਰੀ ਦਿੱਖ ਦੇ ਵੱਖ ਹੋਣ ਦੇ ਬਾਵਜੂਦ ਉਨ੍ਹਾਂ ਅੰਦਰ ਸਾਂਝੇ ਤੇ ਇਕ ਸਮਾਨ ਮਨੁੱਖੀ ਤੱਤ ਮੌਜੂਦ ਹਨ। ਗੁਰੂ ਸਾਹਿਬਾਨ ਨੇ ਆਪਣੇ ਵਿਸ਼ਾਲ ਅਨੁਭਵ, ਅਭਿਆਸ, ਕਲਪਨਾ ਅਤੇ ਗਿਆਨ ਦੇ ਸਹਾਰੇ ਮਨੁੱਖਤਾ ਦੀ ਏਕਤਾ ਨੂੰ ਮਹਿਸੂਸ ਕੀਤਾ ਅਤੇ ਸਮੁੱਚੀ ਮਾਨਵਤਾ ਨੂੰ ਇੱਕ ਦ੍ਰਿਸ਼ਟੀ ਨਾਲ ਵੇਖਣ ਦੀ ਚੇਤਨਾ ਪ੍ਰਦਾਨ ਕੀਤੀ। ਇਸ ਪ੍ਰਕਾਰ ਉਹਨਾਂ ਸਿੱਖ ਮੱਤ ਦੀ ਮੂਲ ਭਾਵਨਾ ਮਨੁੱਖੀ ਬਰਾਬਰੀ ਤੇ ਏਕਤਾ ਦਾ ਐਲਾਨ ਕੀਤਾ "ਏਕੁ ਪਿਤਾ ਏਕਸੁ ਕੇ ਹਮ ਬਾਰਿਕ" "ਨ ਕੋ ਹਿੰਦੂ ਨ ਮੁਸਲਮਾਨ" ਅਤੇ "ਸਭ ਮਹਿ ਜੋਤਿ ਜੋਤਿ ਹੈ ਸੋਇ" ਤਿਸਦੇ ਚਾਨਣ ਸਭ ਮਹਿ ਚਾਨਣੁ ਹੋਇ।" ਇਨ੍ਹਾਂ ਐਲਾਨਾਂ ਦੇ ਅਰਥ ਇਹੀ ਹਨ ਕਿ ਮਨੁੱਖ ਨੂੰ ਜਾਤ, ਧਰਮ, ਰੰਗ, ਨਸਲ, ਲਿੰਗ, ਖੇਤਰ ਤੇ ਬੋਲੀ-ਭਾਸ਼ਾ ਵਿਸ਼ੇਸ਼ ਦੇ ਆਧਾਰ 'ਤੇ ਵੰਡਣਾ ਠੀਕ ਨਹੀਂ ਹੈ। ਉਨ੍ਹਾਂ ਮਨੁੱਖੀ ਸਰੀਰ ਨੂੰ ਕਾਇਨਾਤ/ਕੁਦਰਤ/ਬ੍ਰਹਿਮੰਡ ਦਾ ਇਕ ਮੰਦਰ ਕਹਿ ਕੇ ਇਸ ਦੇ ਸਤਿਕਾਰ ਨੂੰ ਦ੍ਰਿੜਾਇਆ ਹੈ। ਵਿਸ਼ਵ-ਵਿਆਪੀ ਵਰਤਾਰੇ ਨੂੰ ਦਰਪੇਸ਼ ਸਮਾਜਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਮੁੱਲਾਂ ਦਾ ਨਿਘਾਰ, ਨੈਤਿਕਤਾ ਵਿਚ ਗਿਰਾਵਟ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਗੁਰੂ ਨਾਨਕ ਬਾਣੀ ਵਿਚ ਪਿਆ ਹੈ।ਗੁਰੂ ਸਾਹਿਬ ਨੇ ਅਦਰਸ਼ ਮਨੁੱਖ ਤੇ ਅਦਰਸ਼ ਸਮਾਜ ਦੀ ਸਿਰਜਨਾ ਲਈ ਉਪਰੋਕਤ ਵਿਚਾਰੇ ਗਏ ਪੱਖਾਂ ਵਿਚੋਂ ਕਿਸੇ ਇੱਕ ਵੀ ਪੱਖ ਤੋਂ ਊਣੇ ਸਮਾਜ ਤੇ ਮਨੁੱਖ ਨੂੰ ਸੰਤੁਲਿਤ ਸਮਾਜ ਤੇ ਮਨੁੱਖ ਨਹੀਂ ਮੰਨਿਆ।

### ਹਵਾਲੇ ਤੇ ਟਿੱਪਣੀਆਂ


1. ਜਸਵਿੰਦਰ ਸਿੰਘ, **ਪੰਜਾਬੀ ਸਭਿਆਚਾਰ ਬਦਲਾਵ ਚੁਣੌਤੀਆਂ ਅਤੇ ਸੰਭਾਵਨਾਵਾਂ**, ਖੋਜ ਦਰਪਣ (ਲੋਕਧਾਰਾ ਵਿਸ਼ੇਸ਼ ਅੰਕ) ਪੰਨਾ 1.
2. ਸਰਬਜੋਤ ਸਿੰਘ, **ਵਿਸ਼ਵੀਕਰਨ**, **ਸਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ**, ਪੰਨਾ, 31.
3. **ਸ਼੍ਰੀ ਗੁਰੂ ਗ੍ਰੰਥ ਸਾਹਿਬ**, ਅੰਗ 1.
4. **ਉਹੀ**, ਅੰਗ 139.
5. **ਉਹੀ**, ਅੰਗ 420.
6. **ਉਹੀ**, ਅੰਗ 05.
7. **ਉਹੀ**, ਅੰਗ 463.
8. **ਉਹੀ**, ਅੰਗ 464.
9. **ਉਹੀ**, ਅੰਗ 08.
10. ਕਾਨ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਾਰ ਮਹਾਨਕੋਸ਼**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2006, ਪੰਨਾ 330.
11. **ਸ਼੍ਰੀ ਗੁਰੂ ਗ੍ਰੰਥ ਸਾਹਿਬ**, ਅੰਗ 1245.
12. **ਉਹੀ**, ਅੰਗ 15.
13. ਕਿਰਪਾਲ ਸਿੰਘ ਕਸੇਲ, **ਇੰਦ੍ਰ ਧਨੁਸ਼**, ਨਿਊ ਬੁੱਕ ਕੰਪਨੀ, ਜਲੰਧਰ 1965, ਪੰਨਾ 41.
14. ਕਾਰਲ ਮਾਰਕਸ, **ਇਤਿਹਾਸ ਪਦਾਰਥਵਾਦ**, ਪ੍ਰਗਤੀ ਪ੍ਰਕਾਸ਼ਨ, ਮਾਸਕੋ 1985 ਪੰਨਾ 47.
15. ਫ਼ਰੈਡਰਿਕ ਏਂਗਲਜ਼, **ਪ੍ਰਕ੍ਰਿਤੀ ਦਾ ਦਵੰਦਵਾਦ**, ਪ੍ਰਗਤੀ ਪ੍ਰਕਾਸ਼ਨ, ਮਾਸਕੋ, ਪੰਨਾ 47.
16. **ਸ਼੍ਰੀ ਗੁਰੂ ਗ੍ਰੰਥ ਸਾਹਿਬ**, ਅੰਗ 145
17. **ਉਹੀ**, ਅੰਗ 468.

# ਭਟ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰ ਪਰਮੇਸ਼ਰ' ਸਰੂਪ ਦਾ ਚਿਤਰਨ




ਡਾ. ਗੁਰਤੇਜ ਸਿੰਘ
ਠੀਕਰੀਵਾਲਾ
ਪੰਥ ਰਤਨ ਜਥੇਦਾਰ
ਗੁਰਚਰਨ ਸਿੰਘ ਟੌਹੜਾ
ਇੰਸਟੀਚਿਊਟ
ਬਹਾਦਰਗੜ੍ਹ
ਪਟਿਆਲਾ।
gsthikriwal@gmail.com
ਮੋ. : 94638-61316

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਨ ਦੀ ਉੱਤਮ ਵਡਿਆਈ ਹਿਤ ਭਟ ਬਾਣੀ ਦਰਜ ਹੈ। ਭਟ ਸਾਹਿਬਾਨ ਆਤਮਿਕ ਅਮੀਰੀ ਦੀ ਸਿਖਰ ਨੂੰ ਪਹੁੰਚੀਆਂ ਸ਼ਖ਼ਸੀਅਤਾਂ ਹਨ, ਜਿਨ੍ਹਾਂ ਹਿੱਸੇ ਗੁਰੂ ਮਹਿਮਾ ਦਾ ਗਾਇਨ ਆਇਆ ਹੈ। ਭਟ ਬਾਣੀ ਦੇ ਪ੍ਰਸੰਗ ਵਿਚ ਇਹਨਾਂ ਦੀ ਉੱਤਮ ਦੈਵੀ ਸ਼ਖ਼ਸੀਅਤ ਹੋਰ ਵੀ ਵਧੇਰੇ ਉਘੜ ਜਾਂਦੀ ਹੈ, ਜਦ ਇਹਨਾਂ ਦੁਆਰਾ ਕੀਤੀ ਗੁਰ ਵਡਿਆਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਦੀਵੀ ਸਥਾਨ ਪ੍ਰਾਪਤ ਹੋਇਆ। ਦਰਅਸਲ ਭਟ ਬਾਣੀ ਸਿੱਖੀ ਦੇ ਕਈ ਮੂਲ ਸਿਧਾਂਤਾਂ ਜਿਵੇਂ 'ਗੁਰੂ' 'ਗੁਰਜੋਤਿ ਦੀ ਏਕਤਾ' 'ਰਾਜ ਜੋਗ' ਆਦਿ ਬਾਰੇ ਜਿਗਿਆਸੂਆਂ ਦੀਆਂ ਕਈ ਭ੍ਰਾਂਤੀਆਂ ਅਤੇ ਦੁਬਿਧਾਵਾਂ ਨੂੰ ਦੂਰ ਕਰਦੀ ਹੈ ਅਤੇ ਇਹ ਪਾਵਨ ਬਾਣੀ ਗੁਰੂ ਸਾਹਿਬਾਨ ਪ੍ਰਤੀ ਰੂਹਾਨੀ ਪਿਆਰ ਅਤੇ ਸ਼ਰਧਾ ਦਾ ਮੁਜਸਮਾ ਹੈ।

**ਭਟ ਸਾਹਿਬਾਨ ਅਤੇ ਭਟ ਬਾਣੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਟ ਬਾਣੀਕਾਰ[1] ਆਪਣੇ ਖੇਤਰ ਮੁਜਬ ਉੱਤਮ ਤੇ ਪ੍ਰਤਿਭਾਸ਼ਾਲੀ ਗਵਈਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭੱਟਾਂ ਦੀ ਕਬਿਤ ਗਾਇਕੀ ਯਥਾਰਥ ਤੋਂ ਦੂਰ ਅਤੇ ਕੇਵਲ ਰੋਜ਼ਗਾਰ ਤਕ ਸੀਮਤ ਸੀ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਦੀ ਇਕ ਪਉੜੀ ਵਿਚ ਜਿਥੇ ਗੁਰੂ ਪ੍ਰਕਾਸ਼ ਹੋਣ ਦੀ ਪੂਰਬਲੀ ਯੁੱਗ ਗਰਦੀ ਦਾ ਜ਼ਿਕਰ ਕੀਤਾ ਹੈ, ਉੱਥੇ ਭੱਟਾਂ ਦੀ ਉਕਤ ਹਾਲਤ ਨੂੰ ਵੀ ਬਿਆਨ ਕੀਤਾ ਹੈ :

*ਪੜਦੇ ਭਟ ਕਵਿਤ ਕਰਿ ਕੂੜ ਕੁਸਤ ਮੁਖਹੁ ਆਲਾਹੀ ॥*[2]

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਭੱਟ ਬਾਣੀ ਉਚਾਰਣ ਕਰਨ ਵਾਲੇ ਭਟ ਸਾਹਿਬਾਨ ਕਲਸਾਹਰ ਜੀ, ਜਾਲਪ ਜੀ, ਕੀਰਤ ਜੀ, ਭਿਖਾ ਜੀ, ਸਲ੍ਹ ਜੀ, ਭਲ੍ਹ ਜੀ, ਨਲ੍ਹ ਜੀ, ਗਯੰਦ ਜੀ, ਮਥੁਰਾ ਜੀ, ਬਲ੍ਹ ਜੀ, ਹਰਿਬੰਸ ਜੀ ਸਨ। ਸੂਰਜ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਨੇ ਇਹਨਾਂ ਨੂੰ ਵੇਦਾਂ ਦੇ ਅਵਤਾਰ ਲਿਖਿਆ ਹੈ :

*ਇਕ ਇਕ ਵੇਦ ਚਤੁਰਵਪੁ ਧਾਰੇ ਪ੍ਰਗਟ ਨਾਮ ਤਿਨ ਕਹੋਂ ਅਸੰਸ*
*ਪੂਰਵ ਸਾਮਵੇਦ ਕੇ ਇਹ ਭੇ-ਮਥੁਰਾ ਜਾਲਪ ਬਲ ਹਰਿਬੰਸ*
*ਪੁਨ ਰਿਗਵੇਦ ਕਲਯ ਜਲ ਨਲ ਤ੍ਰੈ ਕਲਸਹਾਰ ਚੌਥੇ ਗਿਨਿ ਅੰਸ*
*ਭਏ ਯਜੁਰ ਕੇ ਟਲਯ ਧਲਯ ਪੁਨਿ ਜਲਯ ਭਲਯ ਉਪਜੇ ਦਿਜਬੰਸ*
*ਬਹੁਰ ਅਥਰਵਣ ਦਾਸਰੁ ਕੀਰਤਿ ਗਨਿ ਗਯੰਦ ਸਦਰੰਗ ਸੁਚਾਰ*
*ਕਮਲਾਸਨ ਕੋ ਭਿਖਾ ਨਾਮ ਸੁ ਇਹ ਸਭ ਤੇ ਭਾ ਅਧਿਕ ਉਦਾਰ*[3]

(ਗੁਪ੍ਰਸੂ ਰਾਸਿ 3, ਅ : 48)

ਭਾਈ ਸੰਤੋਖ ਸਿੰਘ ਜੀ ਦੇ ਉਕਤ ਹਵਾਲੇ ਤੋਂ ਭਟ ਸਾਹਿਬਾਨ ਦੀ

ਆਤਮਕ ਮਹਾਨਤਾ ਪ੍ਰਗਟ ਹੁੰਦੀ ਹੈ। ਇਸ ਲਈ ਭਟ ਬਾਣੀ ਦਾ ਬੋਧ ਨਿਰੋਲ ਆਤਮਕ ਮੰਡਲਾਂ ਤੋਂ ਹੀ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਟ ਸਾਹਿਬਾਨ ਦੇ 123 ਸਵੈਯੇ ਦਰਜ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਵਿਚ ਭਟ ਕਲਸਹਾਰ (ਕਲ, ਟਲ) ਜੀ ਨੇ 10 ਸਵੈਯੇ ਉਚਾਰਨ ਕੀਤੇ ਹਨ। ਪੰਜਵੇ ਪਾਤਸ਼ਾਹ ਜੀ ਨੇ ਆਦਿ ਗ੍ਰੰਥ ਜੀ ਦੀ ਸੰਪਾਦਨਾ ਦੇ ਪਵਿਤਰ ਕਾਰਜ ਵੇਲੇ ਭਟ ਸਾਹਿਬਾਨ ਦੁਆਰਾ ਉਚਾਰਨ ਕੀਤੀ ਗੁਰ ਮਹਿਮਾ ਨੂੰ ਅਗਾਧ ਬੋਧ ਗਰੰਥ ਵਿਚ ਦਰਜ ਕੀਤਾ।

ਭਟ ਬਾਣੀ ਨੂੰ ਆਦਿ ਗ੍ਰੰਥ ਜੀ ਵਿਚ ਦਰਜ ਕਰਨਾ ਨਿਰੋਲ ਅਧਿਆਤਮਕ ਪ੍ਰਕਿਰਤੀ ਜਾਂ ਮੰਡਲ ਦੀ ਪਹੁੰਚ ਤੋਂ ਹੈ। ਇਸ ਨੂੰ ਮਨੁਖੀ ਨੈਤਿਕਤਾ ਜਾਂ ਸਦਾਚਾਰ ਦੇ ਕਿਸੇ ਬਝਵੇਂ ਨਿਯਮਾਂ ਦੇ ਪੈਮਾਨੇ ਦੁਆਰਾ ਨਹੀਂ ਸਮਝਿਆ ਜਾ ਸਕਦਾ। ਆਤਮਕ ਮੰਡਲ ਦੀ ਇਹ ਬਾਣੀ ਹਰ ਤਰ੍ਹਾਂ ਦੇ ਮਨੁਖੀ ਸਦਾਚਾਰ ਦੇ ਘੇਰੇ ਤੋਂ ਮੁਕਤ ਹੈ। ਪ੍ਰੋ. ਪੂਰਨ ਸਿੰਘ ਜੀ ਦੇ ਸ਼ਬਦਾਂ ਵਿਚ ਮਹਾਂਪੁਰਖ ਆਪਣਾ ਸਦਾਚਾਰ ਆਪਣੇ ਨਾਲ ਲੈ ਕੇ ਆਉਂਦੇ ਹਨ।[4] ਉਹਨਾਂ ਨੂੰ ਕਿਸੇ ਦੁਨਿਆਵੀ ਪੈਮਾਨਿਆਂ ਨਾਲ ਨਾ ਤਾਂ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਅਜਿਹੇ ਯਤਨ ਕਿਸੇ ਦਰੁਸਤ ਸਿਟੇ ਉਪਰ ਪਹੁੰਚਾ ਸਕਦੇ ਹਨ। ਹੇਠ ਲਿਖ ਪ੍ਰਮੁਖ ਨੁਕਤਿਆਂ ਨਾਲ ਭਟ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰੂ ਸਰੂਪ' ਦੇ ਚਿਤਰਣ ਅਤੇ ਮਹਿਮਾ ਦੇ ਸਰੋਕਾਰਾਂ ਨੂੰ ਸਮਝਿਆ ਜਾ ਸਕਦਾ ਹੈ।

**ਆਤਮਕ ਚਿਤਰਣ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾ ਤਾਂ ਇਤਿਹਾਸਕ ਗ੍ਰੰਥ ਹਨ ਤੇ ਨਾ ਹੀ ਇਸ ਵਿਚ ਦਰਜ ਬਾਣੀ ਇਤਿਹਾਸ ਦਾ ਵਿਸ਼ਾ ਹੈ। ਬਾਣੀ ਨਿਰੋਲ ਆਤਮਕ ਮੰਡਲ ਤੋਂ ਮਨੁਖ ਦੇ ਰਬੀ ਪਿਆਰ ਨੂੰ ਬਣਾਈ ਰਖਣ ਹਿਤ ਮਨੁਖਤਾ ਉਪਰ ਅਮੁਲ ਬਖਸ਼ਿਸ਼ ਹੈ। ਭਟ ਬਾਣੀ ਇਸੇ ਮੰਡਲ ਦੀ ਹੀ ਬਾਣੀ ਹੈ। ਭਟ ਬਾਣੀ ਬਾਰੇ ਗਲ ਕਰਨ ਤੋਂ ਪਹਿਲਾਂ ਇਥੇ ਪ੍ਰੋ. ਪੂਰਨ ਸਿੰਘ ਜੀ ਦਾ ਇਕ ਹਵਾਲਾ ਦੇਣਾ ਯੋਗ ਹੋਵੇਗਾ ਜਿਸ ਵਿਚ ਉਹ ਗੁਰੂ ਦੇ ਪਿਆਰਿਆਂ ਅਤੇ ਸਤਿਕਾਰਿਆਂ ਦੁਆਰਾ ਗੁਰੂ ਸਾਹਿਬਾਨ ਦੇ ਜੀਵਨ ਚਿਤਰਣ ਦੇ ਰੂਹਾਨੀ ਅਭਿਆਸ ਦਾ ਜ਼ਿਕਰ ਕਰਦੇ ਹਨ :

> ਭਾਈ ਨੰਦ ਲਾਲ ਜੀ ਨੇ ਇਸ ਆਸੇ ਕਰਕੇ ਸੱਚੇ ਪਾਤਸ਼ਾਹ ਕਲਗੀਆਂ ਵਾਲੇ ਦਾ ਜੀਵਨ ਚਰਿੱਤ੍ਰ ਕਵਿਤਾ ਵਿਚ ਲਿਖਿਆ ਹੈ, ਹੋਰ ਕੋਈ ਤਰਜ਼ ਤ੍ਰੀਕਾ ਇਹੋ ਜਿਹੇ ਆਲਮਗੀਰ ਪਿਆਰ ਦਾ ਇਤਹਾਸ ਲਿਖਣ ਲਈ ਹੋ ਨਹੀਂ ਸਕਦਾ, ਹਾਂ ਜੀ ਦੂਸਰੀ ਪਾਤਸ਼ਾਹੀ ਨੇ ਸੱਚੇ ਸਾਈ ਸਤਿਗੁਰੂ ਨਾਨਕ ਜੀ ਦਾ ਜੀਵਨ ਚਰਿੱਤ੍ਰ ਆਪਣੀ ਬਾਣੀ ਵਿਚ ਲਿਖਿਆ ਹੈ। ਗੁਰੂ ਅੰਗਦ ਜੀ ਜੈਸਾ ਬਾਬਾ ਜੀ ਨੂੰ ਪਿਆਰ ਕਰਨ ਵਾਲਾ ਨਾਂ ਕੋਈ ਹੋਰ ਹੋਣਾ ਹੈ ਤੇ ਨਾਂ ਹੋਇਆ ਹੈ ਤੇ ਓਹਨਾਂ ਨੇ ਜੋ ਸ਼ਬਦ ਆਪਣੇ ਪਯਾਰ ਵਿਚ ਕਹੇ ਹਨ ਓਹ ਬਾਬਾ ਜੀ ਦਾ ਅੱਖਰਾਂ ਵਿਚ ਆਯਾ ਅਰਸ਼ੀ ਉਨਰ ਦੇ ਰੰਗਾਂ ਵਿਚ ਚਿੱਤ੍ਰਿਆ ਜੀਵਨ ਚਰਿੱਤ੍ਰ ਹੈ।[5]

ਇਸੇ ਰੌਸ਼ਨੀ ਵਿਚ ਭਟ ਸਾਹਿਬਾਨ ਗੁਰੂ ਸਾਹਿਬਾਨ ਦਾ ਜਸ ਰੂਪੀ ਚਿਤਰਣ ਕਰ ਰਹੇ ਹਨ। ਧਰਮ ਦੇ ਖੇਤਰ ਵਿਚ ਸ਼ੁਧ ਟੀਚੇ ਤੇ ਪਹੁੰਚਣ ਲਈ ਗੁਰੂ ਸਾਹਿਬਾਨ ਦਾ ਚਿਤਰਣ ਇਤਿਹਾਸਕ ਸ਼ਖ਼ਸੀਅਤਾਂ ਵਾਂਗ ਕਰਨਾ ਅਨੁਚਿਤ ਵੀ ਹੈ ਅਤੇ 'ਗੁਰੂ' ਦੀ ਅਗੰਮੀ ਤੇ ਦੈਵੀ ਸ਼ਖ਼ਸੀਅਤ ਨਾਲ ਅਨਿਆਂ ਵੀ ਹੈ। ਜਦ ਕਿ ਭਟ ਬਾਣੀ ਵਿਚ ਗੁਰੂ ਸਾਹਿਬ ਦਾ ਚਿਤਰਣ ਆਤਮਕ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ। ਇਸੇ ਪ੍ਰਸੰਗ ਵਿਚ ਭਟ ਬਾਣੀ ਦੀ ਸਦੀਵੀ ਸਾਰਥਕਤਾ ਹੈ ਜੋ ਧਰਮ ਅਭਿਲਾਸ਼ੀਆਂ ਲਈ ਭਰਪੂਰ ਲਾਹੇਵੰਦ ਹੈ।

**'ਗੁਰੂ' ਪਦ ਤੇ ਪਦਵੀ** : ਭਟ ਬਾਣੀ ਦਾ ਕੇਂਦਰੀ ਵਿਸ਼ਾ ਗੁਰੂ ਦੀ ਪਦਵੀ ਨੂੰ ਪਰਿਭਾਸ਼ਿਤ ਕਰਨਾ ਹੈ। ਇਥੇ ਇਕ ਵਿਚਾਰ ਜ਼ਰੂਰੀ ਹੈ ਕਿ ਭਟ ਸਾਹਿਬਾਨ ਜਿਸ ਗੁਰੂ ਜਾਂ ਸਤਿਗੁਰੂ ਨਾਨਕ ਦੇਵ ਜੀ ਦਾ ਆਪ ਅਤੇ ਹੋਰਾਂ ਵਲੋਂ ਜਸ ਗਾਇਨ ਕਰਨ ਦਾ ਸੰਦੇਸ਼ ਦੇ ਰਹੇ ਹਨ, ਉਸ 'ਗੁਰੂ' ਦੀ ਪਦਵੀ ਕੀ ਹੈ? ਇਸ ਮਸਲੇ ਦਾ ਸਰਵਥਾ ਉਤਰ ਹੀ ਭਟ ਬਾਣੀ ਦੀ ਵਿਲਖਣਤਾ ਹੈ। ਭਾਈ ਗੁਰਦਾਸ ਜੀ ਦੇ ***ਜਗਤੁ ਗੁਰੂ ਗੁਰੁ ਨਾਨਕ ਦੇਉ*** ਅਤੇ ***ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ***[7] ਦੇ ਵਚਨਾਂ ਅਨੁਸਾਰ ਸ੍ਰੀ ਗੁਰੂ ਸਾਹਿਬ ਕਿਸੇ ਇਕ ਕੁਲ, ਜਾਤ ਜਾਂ ਦੇਸ ਦੇ ਗੁਰੂ ਨਹੀਂ ਹਨ ਅਤੇ ਨਾ ਹੀ ਉਹਨਾਂ ਨੇ ਆਪ ਆਪਣੀ ਸਾਧਨਾ ਦੁਆਰਾ ਗੁਰੂ ਪਦਵੀ ਹਾਸਿਲ ਕੀਤੀ ਹੈ। ਇਸੇ

ਪ੍ਰਸੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭਟ ਬਾਣੀ ਸਿਖ ਧਰਮ ਦਰਸ਼ਨ ਦੇ ਅਹਿਮ ਅੰਗ 'ਪਰਮ ਗੁਰੂ ਨਾਨਕ' ਦੀ ਵਿਲਖਣ ਤੇ ਸ਼੍ਰੋਮਣੀ ਹਸਤੀ ਦਾ ਪ੍ਰਮਾਣ ਹੈ। ਭਟ ਬਾਣੀ ਵਿਚਲੀ ਗੁਰੂ ਮਹਿਮਾ ਤੋਂ ਗਿਆਤ ਹੁੰਦਾ ਹੈ ਕਿ ਗੁਰੂ ਦਾ ਇਕੋ ਇਕ ਵਾਸਤਾ ਪਰਮ ਹਸਤੀ ਅਕਾਲ ਪੁਰਖ ਨਾਲ ਅਭੇਦਤਾ ਹੈ। ਗੁਰਬਾਣੀ ਨਾਲ ਭਟ ਬਾਣੀ ਦਾ ਅੰਕਤ ਹੋਣਾ ਸਦੀਵ ਕਾਲ ਇਸ ਵਿਚਾਰ ਲਈ ਮਾਰਗ ਦਰਸ਼ਨ ਕਰਦਾ ਹੈ। ਇਸ ਪ੍ਰਮਾਣਿਕ ਗਵਾਹੀ ਤੋਂ ਬਿਨਾ ਸਿਖੀ ਵਿਚ 'ਗੁਰੂ' ਦੀ ਸ਼ਖ਼ਸੀਅਤ ਨਿਰੋਲ ਦੂਸਰੇ ਇਤਿਹਾਸਕ ਸ੍ਰੋਤਾਂ ਵਿਚ ਚਿਤਰੀ ਗਈ ਹੈ, ਜਿਨ੍ਹਾਂ ਉਪਰ ਕਦੇ ਵੀ ਸ਼ੰਕਾ ਦਾ ਖਦਸਾ ਪੈਦਾ ਹੋ ਸਕਦਾ ਹੈ, ਜੋ ਗੁਰੂ ਸ਼ਖ਼ਸੀਅਤ ਲਈ ਅਨਿਆਇ ਹੋਵੇਗਾ। ਭਟ ਕਲ ਜੀ ਗੁਰੂ ਸਾਹਿਬ ਦਾ ਨਿਰਗੁਣ ਤੇ ਸਰਗੁਣ ਸਰੂਪ ਸਮ ਜਾਣਕੇ ਜਸ ਗਾ ਰਹੇ ਹਨ। *ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥*[8]

ਜਨਮ ਸਾਖੀਆਂ ਵਿਚ ਗੁਰੂ ਸਾਹਿਬ ਲਈ 'ਗੁਰ ਪਰਮੇਸ਼ਰ' ਪਦ ਵਰਤਿਆ ਗਿਆ ਹੈ। ਭਟ ਸਾਹਿਬਾਨ ਗੁਰੂ ਸਾਹਿਬਾਨ ਨੂੰ ਇਸੇ ਰੌਸ਼ਨੀ ਵਿਚ ਸੰਬੋਧਤ ਹੋ ਰਹੇ ਹਨ ਤੇ ਇਸੇ ਪ੍ਰਸੰਗ ਵਿਚ ਗੁਰੂ ਸਾਹਿਬਾਨ ਦੀ ਅਮੁਲ ਮਹਿਮਾ ਕਰ ਰਹੇ ਹਨ। ਸਿਖ ਧਰਮ ਵਿਚ 'ਗੁਰੂ' ਦੀ ਪਦ ਤੇ ਪਦਵੀ ਨੂੰ ਪਰਿਭਾਸ਼ਿਤ ਕਰਨ ਤੇ ਉਸ ਦੇ 'ਗੁਰ ਪਰਮੇਸ਼ਰ' ਸਰੂਪ ਦੇ ਸਦੈਵ ਲਛਣ ਤੇ ਅਸੀਮ ਹਸਤੀ ਦਾ ਵਰਨਣ ਕਰਨਾ ਭਟ ਬਾਣੀ ਦਾ ਕੇਂਦਰੀ ਵਿਸ਼ਾ ਹੈ। ਗੁਰੂ ਜੀ ਦਾ ਅਨੰਤ ਸੁਖਾਂ ਦਾ ਸਾਗਰ ਹੋਣ ਸੰਬੰਧੀ ਭਟ ਬਾਣੀ ਦਾ ਸੰਦੇਸ਼ ਸ੍ਰੀ ਗੁਰੂ ਸਾਹਿਬ ਦੇ ਚਰਿਤਰ ਵਿਚੋਂ ਪ੍ਰਤਖ ਰੂਪਮਾਨ ਹੁੰਦਾ ਹੈ ਕਿ ਮਹਾਂ ਦੁਖੀ, ਕੁਸ਼ਟੀ ਲੋਕ ਆਪ ਦੇ ਦਰਸ਼ਨ ਪਾ ਕੇ ਸੁਖੀ ਹੋ ਗਏ। ਵਡੇ-ਵਡੇ ਪਾਪੀ, ਰਾਖਸ਼, ਸਜਣ ਠਗ, ਭੂਮੀਆ ਚੋਰ ਆਪ ਦੀ ਸ਼ਰਨ ਆ ਕੇ ਪਵਿਤਰ ਹੋ ਗਏ। ਵਡੇ ਵਡੇ ਨਾਸਤਕ ਸਿਮਰਨ ਭਜਨ ਵਿਚ ਰੰਗੇ ਗਏ। ਗੁਣਾਂ ਜਾਂ ਕੌਤਕਾਂ ਨੂੰ ਵੇਖ ਕੇ ਖਿਚ ਪੈਂਦੀ ਹੈ ਤਾਂ ਨੇੜੇ ਹੋ ਕੇ ਜਦ ਦੇਖਦੇ ਹਨ ਤਾਂ ਉਹਨਾਂ ਤੇ ਗੁਣਾਂ ਦਾ ਪ੍ਰਭਾਵ ਪੈਂਦਾ ਹੈ ਜਿਸ ਤੋਂ ਮੁਤਾਸਰ ਹੋ ਕੇ ਓਹ ਜਸ ਕਰਦੇ ਹਨ। ਵਾਹ ਵਾਹ ! ਕਰ ਉਠਦੇ ਹਨ।

ਗੁਰਬਾਣੀ, ਜਨਮ ਸਾਖੀਆਂ ਵਿਚਲੇ ਹਵਾਲਿਆਂ ਤੋਂ ਪ੍ਰਾਪਤ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੈਵੀ ਘਟਨਾਵਾਂ ਖਾਸ ਕਰਕੇ 'ਵੇਈਂ' ਪ੍ਰਵੇਸ਼ ਵਾਲੀ ਘਟਨਾ ਅਨੁਸਾਰ ਅਕਾਲ ਪੁਰਖ ਦੀ ਦਰਗਾਹ ਵਿਚ ਅਕਾਲ ਪੁਰਖ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਵਿਚਕਾਰ ਹੋਏ ਵਾਰਤਾਲਾਪ ਦੀ ਭਟ ਬਾਣੀ ਪੂਰਨ ਪ੍ਰੋੜਤਾ ਕਰਦੀ ਹੈ ਤੇ ਅਕਾਲ ਪੁਰਖ ਦੁਆਰਾ ਸ੍ਰੀ ਗੁਰੂ ਸਾਹਿਬ ਜੀ ਨੂੰ ਕੀਤੀ ਬਖਸ਼ਿਸ਼ ਨੂੰ ਕਾਵਿ ਪ੍ਰਤਿਭਾ ਰਾਹੀਂ ਪੇਸ਼ ਕੀਤਾ ਗਿਆ ਹੈ। *ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥*[9] ਵੰਨਗੀ ਵਜੋਂ ਜਨਮ ਸਾਖੀ ਦਾ ਇਕ ਹਵਾਲਾ :

> ਏ ਨਾਨਕ ! ਤੂੰ ਮੈ ਮੁਕਤਾ ਕੀਆ। ਜਿ ਕੋਈ ਤੁਮ ਕੰਉ ਦੇਖਹਿਗਾ ਸਿ ਮੁਕਤੇ ਕੀਏ। ਜਿ ਤੁਮ ਕੰਉ ਸੁਣਹਿਗੇ ਸੇ ਮੈ ਮੁਕਤੇ ਕੀਏ। ਜਿ ਤੇਰਾ ਨਾਮ ਲੇਹਿਗੇ ਸੇ ਮੈ ਮੁਕਤੇ ਜਿਨ ਕੰਉ ਤੂ ਬਖਸੰਹਿਗਾ ਤਿਨ ਕਉ ਮੈ ਬਖਸਉਗਾ, ਤੂ ਮੈ ਨਿਹਾਲ ਕੀਆ ਹੈ। ਅਰ ਜਿ ਤੇਰਾ ਨਾਮੁ ਲੇਹਿਗੇ ਤੇ ਮੈ ਨਿਹਾਲ ਕੀਏ ਹੈ।[10]

ਭਟ ਬਾਣੀ ਜਿਥੇ 'ਗੁਰੂ' ਨੂੰ ਨਿਰਗੁਣ ਸਰਗੁਣ ਅਕਾਲ ਪੁਰਖ ਨਾਲ ਪੂਰਨ ਅਭੇਦ ਦਰਸਾਉਂਦੀ ਹੈ ਉਥੇ ਵਖ-ਵਖ ਜਾਮਿਆਂ ਵਿਚ ਪ੍ਰਗਟ ਹੋਏ ਗੁਰੂ ਸਾਹਿਬਾਨ ਦੇ ਇਤਿਹਾਸਕ ਸੀਮਾਂ ਜਾਂ ਬੰਧਨ ਰਹਿਤ 'ਅਕਾਲ ਰੂਪ' ਦਾ ਪ੍ਰਮਾਣ ਵੀ ਹੈ ।

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ** : ਭਟ ਬਾਣੀ ਵਿਚ ਗੁਰੂ ਸਾਹਿਬਾਨ ਦੀ ਵਡਿਆਈ ਕਿਸੇ ਇਤਿਹਾਸਿਕ ਕਾਲ ਕ੍ਰਮ ਤਕ ਸੀਮਤ ਨਹੀ ਤੇ ਨਾ ਹੀ ਉਸ ਵਿਚ ਗੁਰੂ ਸਾਹਿਬਾਨ ਨੂੰ ਇਤਿਹਾਸਕ ਮਹਾਂਪੁਰਖਾਂ ਵਜੋਂ ਵਡਿਆਇਆ ਗਿਆ ਹੈ। ਭਟ ਸਾਹਿਬਾਨ ਨੇ ਗੁਰੂ ਸਾਹਿਬਾਨ ਨੂੰ ਸਮੇਂ ਸਥਾਨ ਤੋਂ ਪਰ੍ਹੇ ਨਿਰੋਲ ਦਿਬ ਦ੍ਰਿਸ਼ਟੀ ਦੀ ਲਿਹਾਜ ਤੋਂ ਵਡਿਆਇਆ ਹੈ। ਇਉਂ ਗੁਰਬਾਣੀ ਦੇ ਆਦੇਸ਼ *ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ*[11] ਦਾ ਭਟ ਸਾਹਿਬਾਨ ਆਪਣੀ ਬਾਣੀ ਵਿਚ ਵਖਿਆਨ ਕਰ ਰਹੇ ਹਨ ਤੇ ਸੰਦੇਸ਼ ਦੇ ਰਹੇ ਹਨ ਕਿ ਦਰਅਸਲ ਵਖ-ਵਖ ਯੁਗਾਂ (ਸਤਯੁਗ, ਤਰੇਤੈ, ਦੁਆਪਰ ਅਤੇ ਕਲਯੁਗ) ਵਿਚ ਲੋਕ ਕਲਿਆਣ ਹਿਤ ਹੋਏ ਅਵਤਾਰਾਂ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹੀ ਸਨ :

*ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥*
*ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥* [12]

ਗੁਰਮਤਿ ਦੇ ਮਹਾਨ ਸਿਧਾਂਤਾਂ ਵਿਚ 'ਮਨੁਖੀ ਸਮਾਨਤਾ' ਜਾਂ 'ਮਨੁਖੀ ਏਕਤਾ' ਦਾ ਸਿਧਾਂਤ ਸਿਖ ਅਮਲਾਂ ਵਿਚ ਭਰਪੂਰ ਉਜਾਗਰ ਹੋਇਆ ਹੈ। ਸਭ ਤੋਂ ਵਡੇ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਇਲਾਹੀ ਮਿਸ਼ਨ ਅਨੁਸਾਰ ਬਿਨਾ ਕਿਸੇ ਭੇਦ ਭਾਵ ਸਮੁਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲਿਆ ਅਤੇ ਹਰ ਪ੍ਰਾਣੀ ਮਾਤਰ ਨੂੰ ਅਕਾਲ ਪੁਰਖ ਦੀ ਬੰਦਗੀ ਦਾ ਅਧਿਕਾਰ ਹੋਣ ਦਾ ਉਪਦੇਸ਼ ਦਿਤਾ। ਭਟ ਬਾਣੀ ਵਿਚ ਵੀ ਗੁਰਮਤਿ ਦਾ ਚਹੁੰ ਵਰਨਾ ਨੂੰ ਸਾਂਝਾ ਉਪਦੇਸ਼ ਵਾਲਾ ਸੰਦੇਸ਼ ਦ੍ਰਿੜ ਕਰਵਾਇਆ ਗਿਆ ਹੈ। *ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ* ਦਾ ਵਚਨ ਗੁਰੂ ਸਾਹਿਬ ਦੀ ਸਰਬ ਸ਼ਾਂਝੀ ਕੀਰਤੀ ਦਾ ਪ੍ਰਮਾਣ ਹੈ। ਜੋਗੀਆਂ, ਵਿਦਵਾਨਾਂ, ਧੀਰਜਵਾਨਾਂ ਆਦਿ ਦੁਆਰਾ ਗੁਰੂ ਸਾਹਿਬ ਦੇ ਜਸ ਨੂੰ ਗਾਉਣਾ ਜਿਥੇ ਗੁਰੂ ਦੀ ਅਸੀਮ ਅਤੇ ਅਨੰਤ ਦੈਵੀ ਸ਼ਖ਼ਸੀਅਤ ਵਲ ਸੰਕੇਤ ਹੈ ਉਥੇ ਗੁਰੂ ਜਸ ਲਈ ਮਨੁਖਤਾ ਦੇ ਪਧਰ ਦੇ ਕਿਸੇ ਵੀ ਭੇਦ ਭਾਵ, ਊਚ ਨੀਚ ਜਾਂ ਜਾਤ ਪਾਤ ਵਾਲੇ ਵਿਤਕਰੇ ਦਾ ਨਿਖੇਧ ਵੀ ਹੈ। *ਉਧੌ ਅਕ੍ਰੂਰ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ* [13] ਦੇ ਵਚਨ ਰਾਹੀਂ ਗੁਰੂ ਸਾਹਿਬ ਦੀ ਕੀਰਤੀ ਦੀ ਬ੍ਰਹਿਮੰਡੀ ਵਿਸ਼ਾਲਤਾ ਪ੍ਰਗਟ ਕੀਤੀ ਗਈ ਹੈ। ਇਸੇ ਸਿਧਾਂਤ ਦੇ ਪ੍ਰਸੰਗ ਵਿਚ ਭਟ ਬਾਣੀ ਵਿਚ ਗੁਰੂ ਜਸ ਗਾਉਣ ਵਾਲੇ ਮਹਾਂਪੁਰਖਾਂ ਦੇ ਨਾਮ ਵੀ ਦਿਤੇ ਹਨ ਅਤੇ ਸਧਾਰਨ ਮਨੁਖਾ ਦੇ ਵੀ।

**ਹਿੰਦੂ ਦੇਵਤਿਆਂ, ਰਾਜਿਆਂ ਅਤੇ ਭਗਤ ਸਾਹਿਬਾਨ ਦੁਆਰਾ ਗੁਰੂ ਸਾਹਿਬ ਜੀ ਦਾ ਗਾਇਨ**[14] : ਭਟ ਸਾਹਿਬਾਨ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਦੇ ਦਰਸਾਏ ਗਏ ਭਾਰਤੀ ਰਿਸ਼ੀ, ਮੁਨੀ, ਅਵਤਾਰ ਆਦਿ ਪਿਛੇ ਵੀ ਇਕ ਸਰੋਕਾਰ ਗਤੀਸ਼ੀਲ ਹੈ ਕਿ ਇਹ ਸਾਰੇ ਭਾਰਤੀ ਧਰਮ ਪਰੰਪਰਾ ਦੇ ਹਨ। ਕੋਈ ਵੀ ਸਾਮੀ ਨਹੀਂ। ਸਾਮੀ ਪਰੰਪਰਾ ਵਿਚ ਮੁਹੰਮਦ ਸਾਹਿਬ ਤੋਂ ਪਿਛੋਂ ਕਿਸੇ ਵੀ ਪੈਗੰਬਰ ਦੀ ਆਮਦ ਨੂੰ ਸਵੀਕਾਰ ਨਹੀਂ ਕੀਤਾ ਗਿਆ। ਭਟ ਕਲ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਰਬ ਰੂਪਤਾ ਵਿਚ ਵਰਨਣ ਕੀਤਾ ਹੈ। ਜਪੁ ਜੀ ਸਾਹਿਬ ਵਿਚ ਸ੍ਰੀ ਗੁਰੂ ਜੀ ਨੇ *ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ* [15] ਦੇ ਫੁਰਮਾਣ ਰਾਹੀਂ ਸਰਬ ਰੂਪ ਸਤਿਗੁਰੂ ਜੀ ਨੂੰ ਵਰਨਣ ਕੀਤਾ ਹੈ ਕਿ ਗੁਰੂ ਹੀ ਸ਼ਿਵ ਹੈ, ਗੁਰੂ ਹੀ ਬਰਮਾ ਹੈ, ਗੁਰੂ ਹੀ ਗੋਰਖ ਹੈ, ਗੁਰੂ ਹੀ ਸ੍ਰਿਸ਼ਟੀ ਰਖ੍ਯਕ ਵਿਸ਼ਨੂੰ ਹੈ ਅਤੇ ਗੁਰੂ ਹੀ ਪਾਰਬਤੀ ਮਾਈ ਹੈ। ਭਾਵ ਸਭਨੀ ਥੋਕੀ ਗੁਰੂ ਹੀ ਗੁਰੂ ਹੈ। ਸ੍ਰੀ ਗੁਰੂ ਰਾਮਦਾਸ ਜੀ ਸੋਰਠਿ ਰਾਗ ਵਿਚ ਅਕਾਲ ਪੁਰਖ ਵਾਹਿਗੁਰੂ ਜੀ ਨੂੰ ਸਰਬ ਰੂਪ ਕਰਕੇ ਇਉਂ ਵਰਨਣ ਕਰਦੇ ਹਨ-*ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥ ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ ॥*[16] ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਣ ਕਰਦੇ ਹਨ-*ਆਪੇ ਗੋਪੀ ਆਪੇ ਕਾਨਾ ॥ ਆਪੇ ਗਊ ਚਰਾਵੈ ਬਾਨਾ ॥*[17] ਇਹਨਾਂ ਵਚਨਾਂ ਦੇ ਗਿਆਨ ਅਤੇ ਭਗਤੀ ਦੇ ਦੋ ਪਖ ਪ੍ਰਗਟ ਹੁੰਦੇ ਹਨ। ਪੂਰਨ ਗਿਆਨ ਦਸ਼ਾ ਵਿਚ ਪਰਮਾਤਮਾ ਆਤਮਾ ਦੀ ਏਕਤਾ ਵਿਚ ਹਰ ਪਾਸੇ ਹਰ ਵਸਤੂ ਵਿਚ ਅਪਨਾ ਪਿਆਰਾ ਦਿਸਦਾ ਹੈ। ਭਗਤੀ ਪਖ ਵਿਚ ਆਪਣੇ ਇਸ਼ਟ ਵਿਚ ਸਾਰਿਆਂ ਨੂੰ ਦੇਖਣਾ ਜਿਵੇਂ ਦੀਵਾ, ਬਿਜਲੀ ਅਤੇ ਅਗਨੀ ਆਦਿ ਸਭ ਸੂਰਜ ਵਿਚ ਹੈ। ਭਟ ਕਲ ਜੀ ਅਨੁਸਾਰ ਕਪਿਲ ਰਿਸ਼ੀ ਜੋ ਸਾਂਖ ਦਰਸ਼ਨ ਦੇ ਕਰਤਾ ਹਨ, ਵੀ ਸ੍ਰੀ ਗੁਰੂ ਸਾਹਿਬ ਦੇ ਗੁਣ ਗਾ ਰਹੇ ਹਨ। ਇਸ ਤਰ੍ਹਾਂ ਭਟ ਜੀ ਗੁਰ ਵਾਕ *ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਏਕੋ ਵੇਸ ਅਨੇਕ ॥*[18] ਦੇ ਪ੍ਰਸੰਗ ਵਿਚ ਕਪਲਿ ਰਿਸ਼ੀ ਅਤੇ ਗੌਤਮ ਰਿਸ਼ੀ ਦੁਆਰਾ ਸ੍ਰੀ ਗੁਰੂ ਜੀ ਦੇ ਗੁਣ ਗਾਉਣ ਦਾ ਜ਼ਿਕਰ ਕਰਦੇ ਹਨ।

*ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥* [19]
*ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥* [20]

ਸਵਾਲ ਪੈਦਾ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਲਯੁਗ ਵਿਚ ਪ੍ਰਗਟ ਹੋਏ ਹਨ ਜਦ ਕਿ ਉਹਨਾਂ ਦਾ ਜਸ ਗਾਉਣ ਵਾਲੇ ਸਤਯੁਗ, ਤ੍ਰੇਤਾ, ਦੁਆਪਰ, ਕਲਯੁਗ ਦੇ ਵਖ-ਵਖ ਸਮਿਆਂ ਵਿਚ ਹੋਏ ਹਨ ਜਾਂ ਇਸ ਤਰ੍ਹਾਂ ਵੀ ਕਹਿ ਸਕਦਾ ਹਾਂ ਕਿ ਸ੍ਰੀ ਗੁਰੂ ਦਾ ਜਸ ਗਾਇਨ ਕਰਨ ਵਾਲੇ ਮਹਾਂਪੁਰਸ਼

ਇਤਿਹਾਸਕ ਕਾਲ ਕ੍ਰਮ ਅਨੁਸਾਰ ਉਹਨਾਂ ਤੋਂ ਪਹਿਲਾਂ ਹੋਏ ਹਨ ਤਾਂ ਫਿਰ ਉਹ ਸ੍ਰੀ ਗੁਰੂ ਸਾਹਿਬ ਜੀ ਦਾ ਜਸ ਕਿਸ ਤਰ੍ਹਾਂ ਗਾਂਵਦੇ ਹਨ ? ਇਸ ਦਾ ਉਤਰ ਇਹ ਹੈ ਕਿ ਭਟ ਸਾਹਿਬਾਨ ਆਤਮਕ ਤੌਰ 'ਤੇ ਪਹੁੰਚੇ ਹੋਏ ਮਹਾਂਪੁਰਸ਼ ਹਨ, ਜਿਸ ਤਰ੍ਹਾਂ ਉਹ ਗੁਰੂ ਸਾਹਿਬ ਜੀ ਨੂੰ ਦੇਖ ਰਹੇ ਹਨ, ਓਹਦੇ ਅਨੁਸਾਰ ਜਸ ਕਰਦਿਆਂ ਨੂੰ ਵੀ ਦੇਖ ਰਹੇ ਹਨ। ਆਤਮ ਅਨੁਭਵੀ ਪੁਰਸ਼ਾਂ ਨੂੰ ਦੇਸ ਕਾਲ ਦੀ ਹਦ ਤੋਂ ਪਾਰ ਦਿਸਦਾ ਹੈ। ਉਹਨਾਂ ਵਾਸਤੇ ਪਿਛਲਾ ਤੇ ਅਗਲਾ ਸਮਾਂ ਸਭੇ ਵਰਤਮਾਨ ਹੈ, ਆਤਮ ਸਚ ਹੈ, ਤਿੰਨਾਂ ਸਮਿਆਂ ਦੇ ਗੇੜ ਤੋਂ ਪਾਰ ਹੈ। ਸੋ ਪਰਮਾਤਮ ਮੰਡਲ ਵਿਚ ਵਿਥ ਵਲਿਥ ਕੁਛ ਨਹੀਂ। ਇਸੇ ਲਈ ਅਗੇ ਚਲ ਕੇ ਆਪ ਜੀ ਨੇ ਸਪਸ਼ਟ ਕੀਤਾ ਹੈ ਕਿ :-

*ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥*
*ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹੁ ਧੁਰੁ ॥*
*ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥*
*ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥* [21]

ਸੋ ਅਕਾਲ ਆਦੇਸ ਦੇ ਅਨੁਭਵੀ ਪੁਰਖਾਂ ਦਾ ਕਹਿਣਾ ਯਥਾਰਥ ਹੈ ਓਹ ਆਪ ਡਿਠੇ ਹਾਲ ਪ੍ਰਗਟ ਕਰ ਰਹੇ ਹਨ, ਇਸੇ ਲਈ ਯੁਗਾਂ ਜਾਂ ਸਮਿਆਂ ਦਾ ਵਿਚਾਰ ਉਨ੍ਹਾਂ ਦੇ ਮੰਡਲਾਂ ਵਿਚ ਨਹੀਂ ਹੈ ਜਿਵੇਂ ਸੂਰਜ ਵਿਚ ਰਾਤ ਦਿਨ ਦਾ ਅੰਤ ਨਹੀਂ। *ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥* ਦੇ ਵਚਨ ਰਾਹੀ ਭਟ ਜੀ ਆਪ ਹੀ ਇਸ ਪ੍ਰਸ਼ਨ ਦਾ ਉਤਰ ਪ੍ਰਗਟ ਕਰ ਰਹੇ ਹਨ ।

**ਗੁਰ ਜੋਤਿ ਦੀ ਏਕਤਾ** : ਸਿਖ ਧਰਮ ਦਰਸ਼ਨ ਦੇ ਸਰਵੋਤਮ ਸਿਧਾਂਤਾਂ ਵਿਚ 'ਜੋਤਿ ਤੇ ਜੁਗਤਿ' ਦੀ ਏਕਤਾ ਹੈ। ਇਹ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਦੈਵੀ ਮਿਸ਼ਨ ਦੀ ਪ੍ਰਾਪਤੀ ਹਿਤ ਗੁਰੂ ਸਾਹਿਬਾਨ ਦੇ ਵਖ-ਵਖ 10 ਜਾਮਿਆਂ ਦੀ ਆਤਮਕ ਜੋਤਿ ਤੇ ਜੁਗਤਿ ਦੀ ਮੁਕੰਮਲ ਤੇ ਸੰਪੂਰਨ ਏਕਤਾ ਦਾ ਜਾਮਨ ਹੈ। ਗੁਰਬਾਣੀ ਵਿਚ ਪਹਿਲਾਂ ਹੀ *ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ* [22] ਦੇ ਫੁਰਮਾਨ ਰਾਹੀਂ ਇਸ ਸਿਧਾਂਤ ਨੂੰ ਦ੍ਰਿੜਾਇਆ ਗਿਆ ਹੈ। ਭਟ ਬਾਣੀ ਵਿਚ ਇਹ ਸਿਧਾਂਤ ਪੇਸ਼ ਕਰਦਿਆਂ ਗਿਆਤ ਕਰਵਾਇਆ ਗਿਆ ਹੈ ਸਰਬ ਕਾਲੀ ਅਤੇ ਕਾਲ ਰਹਿਤ ਅਕਾਲ ਪੁਰਖ ਤੋਂ ਬਖਸ਼ਿਸ਼ ਪ੍ਰਾਪਤ ਤੇ ਦਰਗਾਹੀ ਪ੍ਰਮਣਿਤ ਅਰਥਾਤ ਪ੍ਰਾਮਾਣਿਕ ਗੁਰੂ ਨਾਨਕ ਦੇਵ ਜੀ ਹੀ ਅਗੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਕਹਾਏ :

*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥* [23]

ਰਾਜ ਯੋਗ, ਸਹਜ ਜੋਗ ਅਤੇ ਅਬਿਚਲ ਰਾਜ, : ਭਟ ਸਾਹਿਬਾਨ ਨੇ ਗੁਰੂ ਮਹਿਮਾ ਦਾ ਗਾਇਨ ਕਰਦਿਆਂ ਅਜਿਹੀ ਸੰਕੇਤਾਵਲੀ ਦਾ ਚਿਤਰਣ ਕੀਤਾ ਹੈ ਜਿਹੜੀ ਗੁਰੂ ਸਾਹਿਬਾਨ ਦੇ ਦੀਨ ਤੇ ਦੁਨੀ ਜਾਂ ਲੋਕ ਪਰਲੋਕ ਦੇ ਦੋ ਧਾਰਵੀ ਇਕ ਆਦਰਸ਼ੀ ਸਿਧਾਂਤ ਨੂੰ ਪ੍ਰਗਟ ਕਰਦੀ ਹੈ। ਗੁਰੂ ਸਾਹਿਬ ਲਈ 'ਰਾਜ ਯੋਗ' ਮਾਨਣ ਦਾ ਵਿਸ਼ੇਸ਼ਣ ਸਿੱਖ ਧਰਮ ਵਿਚਲੇ ਮੀਰੀ ਪੀਰੀ[24] ਦੇ ਸਿਧਾਂਤ ਦੀ ਹੀ ਕੜੀ ਹੈ। 'ਰਾਜ ਯੋਗ' ਦੇ ਦੋ ਪਖ ਉਘੜਦੇ ਹਨ ਇਕ ਤਾਂ ਰਾਜ ਵਿਚ ਜੋਗ ਅਤੇ ਦੂਸਰਾ ਸਹਿਜ ਜੋਗ। ਸ੍ਰੀ ਗੁਰੂ ਸਾਹਿਬ ਨੇ ਸੰਸਾਰਕ ਰਾਜ ਵਿਚ ਰਹਿ ਕੇ ਵਾਹਿਗੁਰੂ ਮਿਲਾਪ ਦੇ ਅਨੰਦ ਨੂੰ ਭੋਗਿਆ। ਪਰ ਵੈਰ ਦੇ ਮੰਡਲ ਵਿਚ ਰਹਿ ਕੇ ਦਿਲੋਂ ਨਿਰਵੈਰ ਹੀ ਰਹੇ। ਯੋਗ ਦੇ ਮੰਨੇ ਪ੍ਰਮੰਨੇ ਪ੍ਰਧਾਨ ਸਨਕਾਦਿਕ ਯੋਗ ਸਤਿਗੁਰੂ ਜੀ ਦੇ ਗੁਣ ਗਾ ਰਹੇ ਹਨ ਅਤੇ ਪ੍ਰਸਿਧ ਧਰਮੀ ਰਾਜਾ ਜਨਕ ਗ੍ਰਿਹਸਤ ਨਿਰਬਾਨ ਨੂੰ ਵੇਖ ਵੇਖ ਕੇ ਧੰਨ ਧੰਨ ਕਰ ਰਿਹਾ ਹੈ :

*ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥*
*ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰ ॥*
*ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥* [25]

ਸੋ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਜ ਜੋਗ ਦੇ ਸੰਤੁਲਿਤ ਪ੍ਰਧਾਨ ਮਾਰਗ ਦਾ ਕ੍ਰਿਸ਼ਮਾ ਹੈ ਕਿ ਉਹਨਾਂ ਨੂੰ ਜੋਗੀ ਵੀ ਅਤੇ ਰਾਜੇ ਵੀ ਗਾ ਰਹੇ ਹਨ। ਇਸ ਮੁਕੰਮਲ ਸੰਤੁਲਨ ਦਾ ਇਕੋ ਇਕ ਕਾਰਨ ਇਹ ਹੈ ਸਤਿਗੁਰੂ ਜੀ ਦਾ ਅਬਿਨਾਸੀ ਤੇ ਨਾ ਟਲਣ ਵਾਲਾ ਰਾਜ ਅਕਾਲ ਪੁਰਖ ਨੇ ਅਪਨੇ ਹੁਕਮ ਨਾਲ ਸਥਾਪਿਤ ਕੀਤਾ ਹੈ। *ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥* [26]

ਸੋ ਭਟ ਬਾਣੀ ਦੇ ਸਮੁਚੇ ਪਾਠ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰ ਪਰਮੇਸ਼ਰ' ਸਰੂਪ ਬਾਰੇ ਜੋ

ਸੰਦੇਸ਼ ਮਿਲਦਾ ਉਹ ਇਸ ਤਰਾਂ ਬਿਆਨ ਕੀਤਾ ਜਾ ਸਕਦਾ ਹੈ :

1. ਭਟ ਬਾਣੀ ਨਿਰੋਲ ਆਤਮ ਮੰਡਲ ਖੇਤਰ ਦੀ ਹੈ।
2. ਗੁਰੂ ਸਾਹਿਬਾਨ ਪਾਰਬ੍ਰਹਮ ਪਰਮੇਸ਼ਰ ਦਾ ਗੁਰ ਪਰਮੇਸ਼ਰ ਸਰੂਪ ਹਨ।
3. ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਸਰਗੁਣ ਤੇ ਨਿਰਗੁਣ ਸਰੂਪ ਵਜੋਂ ਬਿਰਾਜਮਾਨ ਹਨ ਅਤੇ ਉਹਨਾਂ ਦੀ ਅਕਾਲ ਤੇ ਅਨੰਤ ਜੁਗ ਰਹਿਤ ਦੈਵੀ ਸ਼ਖ਼ਸੀਅਤ ਨੂੰ ਸਾਰੇ ਜੁਗਾਂ ਵਿਚ ਗਾਇਆ ਜਾ ਰਿਹਾ ਹੈ।
4. ਗੁਰੂ ਜੋਤਿ ਦੀ ਏਕਤਾ
5. ਹਰ ਪ੍ਰਾਣੀ ਮਾਤਰ ਸ੍ਰੀ ਗੁਰੂ ਸਾਹਿਬ ਨੂੰ ਗਾ ਰਿਹਾ ਹੈ।
6. ਸ੍ਰੀ ਗੁਰੂ ਸਾਹਿਬ ਦੇ ਅਬਿਚਲ ਰਾਜ ਵਿਚ ਰਾਜ ਅਤੇ ਜੋਗ ਦਾ ਖ਼ੂਬਸੂਰਤ ਸੁਮੇਲ ਹੈ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੋਫੈਸਰ ਸਾਹਿਬ ਸਿੰਘ ਜੀ ਅਨੁਸਾਰ ਇਹਨਾਂ ਦੀ ਗਿਣਤੀ 11 ਹੈ। ਕੁਝ ਕੁ ਵਿਦਵਾਨਾਂ ਨੇ ਗਿਣਤੀ 17 ਵੀ ਲਿਖੀ ਹੈ।
2. **ਵਾਰਾਂ ਭਾਈ ਗੁਰਦਾਸ**, 15/6
3. **ਮਹਾਨ ਕੋਸ਼**, ਪੰਨਾ 904
4. **ਖਾਲਸਾ ਸਮਾਚਾਰ** 18 ਜਨਵਰੀ 1917, ਪੰਨਾ 4
5. **ਖਾਲਸਾ ਸਮਾਚਾਰ**, 4 ਜਨਵਰੀ 1917, ਪੰਨਾ 5
6. **ਵਾਰਾਂ ਭਾਈ ਗੁਰਦਾਸ**, 24/2
7. **ਵਾਰਾਂ ਭਾਈ ਗੁਰਦਾਸ**, 1/23
8. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1390
9. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1389
10. ਸ੍ਰੀ ਮਿਹਰਬਾਨ ਜੀ ਸੋਢੀ, **ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ**, ਪੰਨਾ 88
11. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 750
12. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1390
13. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1389
14. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਵਿਚ ਸ਼ਾਮਿਲ ਹਨ; ਇੰਦ੍ਰਾਦਿ, ਪ੍ਰਹਿਲਾਦ, ਜਨਕਾਦਿ, ਸਨਕਾਦਿ, ਬ੍ਰਹਮਾ, ਧ੍ਰੋਮੁ, ਕਪਿਲਾਦਿ, ਜਮਦਗਨਿ, ਅਕ੍ਰੂਰੁ, ਬਿਦਰੁ, ਬ੍ਰਹਮਾਦਿਕ, ਸੇਸੁ, ਮਹਾਦੇਉ, ਸੁਖਦੇਉ, ਪਰੀਖ੍ਯਤ, ਗੌਤਮ ਰਿਸ਼ੀ, ਨਾਗਾਦਿ, ਬ੍ਯਾਸ, ਮਾਧਾਂਤਾ, ਬਲਿਰਾਉ, ਦੂਰਬਾ, ਪਰੂਰਉ, ਅੰਗਰੈ, ਨੌ ਨਾਥ, ਭਰਥਰੀ, ਅਤੇ ਭਗਤ ਸਾਹਿਬਾਨ ਰਵਿਦਾਸ ਜੀ, ਜੈ ਦੇਵ ਜੀ, ਤ੍ਰਿਲੋਚਨ ਜੀ, ਨਾਮਦੇਵ ਜੀ, ਕਬੀਰ ਜੀ, ਬੇਣੀ ਜੀ।
15. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 2
16. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 606
17. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1083
18. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 12
19. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1389
20. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1389
21. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1406
22. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 966
23. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1390
24. ਮੀਰੀ-ਪੀਰੀ, ਸੰਤ ਸਿਪਾਹੀ, ਦੇਗ-ਤੇਗ, ਭਗਤੀ-ਸ਼ਕਤੀ ਆਦਿ ਸਮਾਨ-ਅਰਥੀ ਇਕ ਆਦਰਸ਼ ਵਾਲੇ ਦੋ ਧਾਰਾਵੀ ਸੰਕਲਪ ਧਰਮ ਅਤੇ ਰਾਜਨੀਤੀ ਦੇ ਖ਼ੂਬਸੂਰਤ ਸੁਮੇਲ ਦੇ ਲਖਾਇਕ ਹਨ। ਇਹਨਾਂ ਸੰਕਲਪਾਂ ਦੀ ਸਿਰਜਣਾ ਪਿਛੇ ਪੂਰਵ ਸਿਖ ਧਰਮ, ਧਰਮ ਅਤੇ ਰਾਜਨੀਤੀ ਦੇ ਆਪਸੀ ਘਾਤਕ ਅਸੰਤੁਲਨ ਦੀ ਵਿਦਮਾਨਤਾ

ਸੀ, ਲਿਹਾਜੇ ਧਰਮ, ਰਾਜ ਸ਼ਕਤੀ ਦਾ ਪਿਛਲੱਗ ਅਤੇ ਨਿਤਾਣਾ ਬਣ ਕੇ ਰਹਿ ਗਿਆ ਸੀ। ਮੀਰ ਪੀਰ ਉਤੇ ਭਾਰੂ ਬਣ ਗਿਆ ਸੀ। ਸਮਕਾਲੀ ਧਰਮ ਦੀ ਦੁਰਗਤੀ ਨੂੰ ਵਖ-ਵਖ ਪਹਿਲੂਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ 'ਬਾਬਰ ਬਾਣੀ' ਵਿਚ ਉਲਿਖਤ ਕੀਤਾ ਗਿਆ ਹੈ। ਅਜੋਕੇ ਦੌਰ ਵਿਚ ਰੀਸੋ-ਰੀਸ ਗ੍ਰਹਿਣ ਕੀਤੀ ਜਾ ਰਹੀ ਪਛਮ ਦੀ ਧਰਮ ਨਿਰਪਖਤਾ ਅਤੇ ਵਿਸ਼ਵ ਰਾਜਨੀਤੀ ਵਿਚ ਆ ਰਹੇ ਪਰਿਵਰਤਨ ਦੇ ਪ੍ਰਸੰਗ ਵਿਚ ਮੀਰੀ-ਪੀਰੀ ਦੇ ਸਿਖ ਸਿਧਾਂਤ ਨੂੰ ਪਛਾਣਨ ਅਤੇ ਜਾਣਨ ਦੀ ਲੋੜ ਹੈ। 'ਅਸੁਰ ਸੰਘਾਰਬੇ ਕੋ, ਦੁਰਜਨ ਕੇ ਮਾਰਬੇ ਕੋ, ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ' ਦੇ ਸ਼ਬਦ ਦਸਮ ਗੁਰੂ ਦੇ ਦਰਬਾਰੀ ਕਵੀ ਸੈਨਾਪਤਿ ਨੇ ਖਾਲਸਾ ਦੇ ਉਥਾਨ ਬਾਬਤ ਆਪਣੇ ਗ੍ਰੰਥ 'ਸ੍ਰੀ ਗੁਰ ਸੋਭਾ' ਵਿਚ ਅੰਕਿਤ ਕੀਤੇ ਹਨ। ਉਕਤ ਸ਼ਬਦ ਬਚਿਤਰ ਨਾਟਕ ਵਿਚਲੇ 'ਧਰਮ ਚਲਾਵਨ, ਸੰਤ ਉਬਾਰਨ, ਦੁਸਟ ਸਭਨ ਕੋ ਮੂਲ ਉਪਾਰਨ' ਗੁਰ-ਆਦਰਸ਼ ਦੀ ਭਾਵਨਾ ਦੇ ਅਨੁਸਾਰੀ ਹਨ। ਇਸ ਆਦਰਸ਼ ਦੀ ਪ੍ਰਾਪਤੀ ਲਈ ਰਾਜਸੀ ਤੌਰ 'ਤੇ ਮੁਗਲ ਹਕੂਮਤ ਅੜਿਕਾ ਬਣ ਰਹੀ ਸੀ ਅਤੇ ਧਾਰਮਿਕ ਤੌਰ 'ਤੇ ਭਾਰਤੀ ਲੋਕਾਂ ਅਤੇ ਸਮਾਜ ਵਿਚਲੀ ਸਮਰੱਥਾ ਬਹੁਤ ਨਿਗੂਣੀ ਸੀ। ਤਾਂ ਭਲੇ ਹੀ ਖ਼ਾਲਸਾ ਦੀ ਸਿਰਜਣਾ ਦੇ ਅਵਸਰ ਵੇਲੇ ਦੋ ਮਹਾਨ ਕਾਰਜਾਂ ਨੂੰ ਰੂਪਮਾਨ ਕੀਤਾ ਜਾ ਰਿਹਾ ਸੀ। ਇਕ ਤਾਂ ਸਿਖਾਂ ਨੂੰ ਖ਼ਾਲਸਾ ਦਾ ਅੰਤਿਮ ਰੂਪ ਪ੍ਰਦਾਨ ਕਰਕੇ ਵਿਲਖਣ ਧਾਰਮਿਕ ਪਛਾਣ ਅਤੇ ਹੋਂਦ ਮੁਹਈਆ ਕਰਨੀ ਅਤੇ ਦੂਸਰਾ ਕਾਰਜ ਸੀ ਗੁਰਮਤਿ ਦੇ ਆਦਰਸ਼ਾਂ ਨਾਲ ਸਮੇਂ-ਸਮੇਂ 'ਤੇ ਟਕਰਾ ਰਹੀ ਸਮਕਾਲੀ ਹਕੂਮਤ ਦੀਆਂ ਜੜ੍ਹਾਂ ਉਖੇੜਨ ਲਈ ਸਿਖ ਲਹਿਰ ਨੂੰ ਫੌਜੀ ਰੂਪ ਦੇਣਾ। ਖ਼ਾਲਸਾ ਸਿਖ ਧਰਮ ਦਾ ਸਿਖਰ ਹੈ। ਖਾਲਸੇ ਦੀ ਸਾਜਨਾ ਦਾ ਪੈਂਤੜਾ 'ਆਪੇ ਗੁਰ ਚੇਲਾ' ਅਨੁਸਾਰ ਪੰਚ ਪ੍ਰਧਾਨੀ ਪ੍ਰਬੰਧ ਵਾਲਾ ਹੈ। ਜੋ ਇਕ ਸੰਤੁਲਿਤ ਰਾਜਨੀਤਿਕ ਆਦਰਸ਼ ਦਾ ਵੀ ਸੂਚਕ ਹੈ। ਸੋ ਭਟ ਬਾਣੀ ਵਿਚ ਸਹਿਜੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਰਾਜ ਯੋਗ' ਨੂੰ ਮਾਨਣ ਅਤੇ ਅਜਿਹਾ ਮਾਰਗ ਚਲਾਉਣ ਹਿਤ ਵਡਿਆਇਆ ਗਿਆ ਹੈ।

25. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1390
26. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 1390

# ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਮਨੁੱਖੀ ਸਹਿ-ਹੋਂਦ




ਸਤਵਿੰਦਰ ਸਿੰਘ ਫੂਲਪੁਰ
ਸੰਪਾਦਕ :
**ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ**,
ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।
singhsatwinder79@yahoo.in
ਮੋ. : 99144-19484

ਸਹਿ-ਹੋਂਦ (Co-existences) ਦਾ ਅਰਥ ਹੈ--ਦੂਸਰੇ ਦੀ ਹੋਂਦ ਨੂੰ ਸਵੀਕਾਰ ਕਰਨਾ, ਖ਼ਾਸਕਰ ਉਨ੍ਹਾਂ ਲੋਕਾਂ ਦੀ ਜਿਨ੍ਹਾਂ ਦਾ ਧਰਮ-ਵਿਸ਼ਵਾਸ, ਰੰਗ, ਭਾਸ਼ਾ ਅਤੇ ਸੱਭਿਆਚਾਰ ਸਾਡੇ ਨਾਲੋਂ ਵੱਖਰਾ ਹੋਵੇ। ਭਰਾਤਰੀ ਭਾਵ, ਮਾਨਵਤਾਵਾਦ, ਸਰਬ-ਸਾਂਝੀਵਾਲਤਾ ਵੀ ਇਸੇ ਭਾਵ ਨੂੰ ਪ੍ਰਗਟ ਕਰਨ ਵਾਲੇ ਸ਼ਬਦ ਹਨ। ਅਸੀਂ ਵੇਖਦੇ ਹਾਂ ਕਿ ਧਰਮਾਂ ਦੇ ਇਤਿਹਾਸ ਵਿਚ ਸ਼ੁਰੂ ਤੋਂ ਹੀ ਸਹਿ-ਹੋਂਦ ਦੀ ਘਾਟ ਰਹੀ ਹੈ। ਇਸੇ ਸਹਿ-ਹੋਂਦ ਦੀ ਘਾਟ ਕਾਰਨ ਆਰੀਆਂ ਨੇ ਦਰਾਵਿੜਾਂ ਉੱਪਰ ਅੰਤਾਂ ਦੇ ਕਹਿਰ ਢਾਏ। ਬੁੱਧ, ਜੈਨ ਧਰਮ ਦੇ ਪੈਰੋਕਾਰਾਂ ਨੂੰ ਅਸਹਿ-ਹੋਂਦ ਦਾ ਸ਼ਿਕਾਰ ਹੋ ਭਾਰਤ ਤੋਂ ਬਾਹਰ ਨਿਕਲਣਾ ਪਿਆ। ਇਸਲਾਮ ਦੇ ਪੈਰੋਕਾਰਾਂ ਨੇ ਦਾਰੁਲ-ਇਸਲਾਮ ਦਾ ਨਾਹਰਾ ਲਾ ਦੂਜਿਆਂ ਨੂੰ ਕਾਫ਼ਰ ਜਾਣ ਅੰਤਾਂ ਦੇ ਜ਼ੁਲਮ ਕੀਤੇ। ਇਸ ਤੋਂ ਇਲਾਵਾ ਇਕ ਧਰਮ ਦੀਆਂ ਵੱਖ-ਵੱਖ ਸ਼ਾਖ਼ਾਵਾਂ ਦੁਆਰਾ ਆਪਣੇ ਆਪ ਨੂੰ ਧਰਮ ਦੀ ਅਸਲ ਸ਼ਾਖ ਦੱਸ ਕੇ ਦੂਸਰਿਆਂ ਨਾਲ ਝਗੜੇ ਧਰਮਾਂ ਵਿਚ ਅੰਦਰੂਨੀ ਸਹਿਹੋਂਦ ਦੀ ਸਮੱਸਿਆ ਪੈਦਾ ਕਰਦੇ ਹਨ।[1]

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਆਗਮਨ ਸਮੇਂ ਸਹਿ-ਹੋਂਦ ਦੀ ਸਮੱਸਿਆ ਕਾਰਨ ਜੋ ਦੇਸ਼ ਦੇ ਹਾਲਾਤ ਸਨ, ਉਸ ਬਾਰੇ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਬਿਆਨ ਕਰਦੇ ਹੋਏ ਫੁਰਮਾਉਂਦੇ ਹਨ:

*-ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ ॥*
*ਉਠੇ ਗਿਲਾਨਿ ਜਗਤਿ ਵਿਚਿ ਵਰਤੈ ਪਾਪ ਭ੍ਰਿਸਟਿ ਸੰਸਾਰਾ ॥*
*ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ॥*
(ਵਾਰ 1:17)

*-ਠਾਕੁਰ ਦੁਆਰੇ ਢਾਹਿ ਕੈ ਤਿਹ ਠਉੜੀ ਮਾਸੀਤਿ ਉਸਾਰਾ ॥*
*ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ॥* (ਵਾਰ 1:20)
*-ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ ॥*
*ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ ॥*
*ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ ॥*
*ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ ॥*
*ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਹ ਭੁਲਾਣੇ ॥*
*ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ ॥*
*ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ ॥*
(ਵਾਰ 1:21)

ਵਰਤਮਾਨ ਸਮੇਂ ਵਿਸ਼ਵੀਕਰਨ ਦੇ ਯੁੱਗ ਵਿਚ ਜਿੱਥੇ ਵੱਖ-ਵੱਖ ਸੱਭਿਆਚਾਰਾਂ, ਧਰਮਾਂ ਤੇ ਅਕੀਦਿਆਂ ਦੇ ਲੋਕਾਂ ਨੂੰ ਆਪਸ ਵਿਚ ਇਕੱਠੇ

ਬੈਠਣ ਦਾ ਮੌਕਾ ਮਿਲਿਆ ਹੈ, ਉੱਥੇ ਇਸ ਦੇ ਨਾਲ-ਨਾਲ ਇਕ ਦੂਸਰੇ ਦੇ ਅਕੀਦਿਆਂ ਪ੍ਰਤੀ ਅਸਹਿ-ਹੋਂਦ ਦੀ ਸਮੱਸਿਆ ਉਸੇ ਤਰ੍ਹਾਂ ਬਰਕਰਾਰ ਹੈ। ਕਿਸੇ ਦੂਸਰੇ ਧਰਮ ਦੇ ਵਿਅਕਤੀਆਂ ਦੇ ਨਾਮ ਉੱਪਰ ਰੱਖੇ ਸੜਕਾਂ, ਇਮਾਰਤਾਂ, ਸਟੇਸ਼ਨਾਂ, ਸੰਸਥਾਵਾਂ ਆਦਿ ਦੇ ਨਾਮ ਤਬਦੀਲ ਕਰ ਕੇ ਉਨ੍ਹਾਂ ਉੱਪਰ ਆਪਣੀ ਪਾਹ ਚਾੜ ਲੈਣੀ ਵੀ ਠਾਕੁਰ ਦੁਆਰੇ ਢਾਹਿ ਕੇ ਤਿਹ ਠਉੜੀ ਮਾਸੀਤ ਉਸਾਰਾ ਦਾ ਹੀ ਬਦਲਿਆ ਰੂਪ ਹੈ, ਜੋ ਸਹਿ-ਹੋਂਦ ਦੇ ਰਸਤੇ ਵਿਚ ਆਉਣ ਵਾਲੀ ਵੱਡੀ ਸਮੱਸਿਆ ਹੈ। ਸਹਿ-ਹੋਂਦ ਸੰਬੰਧੀ ਇਨ੍ਹਾਂ ਸਮੱਸਿਆਵਾ ਦੇ ਮੁੱਖ ਕਾਰਨ ਹਨ-- ਆਪਣੇ ਧਰਮ, ਆਪਣੇ ਇਸ਼ਟ, ਆਪਣੀ ਭਾਸ਼ਾ ਅਤੇ ਆਪਣੇ ਵਿਸ਼ਵਾਸਾਂ ਨੂੰ ਸਰਬ-ਸ੍ਰੇਸ਼ਟ ਜਾਣ ਕੇ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਵੱਖਰਾ ਅਤੇ ਵਿਸ਼ੇਸ਼ ਸਮਝਣਾ ਤੇ ਦੂਸਰਿਆਂ ਨੂੰ ਨਖਿੱਧ ਜਾਣਨਾ। ਆਪਣੇ ਦੇਸ਼ ਦੇ ਸੱਭਿਆਚਾਰ ਨੂੰ ਉੱਤਮ ਸਮਝ ਕੇ ਦੂਸਰਿਆਂ ਨਾਲ ਨਫ਼ਰਤ ਕਰਨਾ।

ਇਸ ਨਫ਼ਰਤ ਦਾ ਕਾਰਨ ਦੂਸਰੇ ਧਰਮਾਂ ਦੇ ਸਿਧਾਂਤਾਂ/ਅਕੀਦਿਆਂ ਪ੍ਰਤੀ ਅਗਿਆਨਤਾ ਵਿੱਚੋਂ ਪ੍ਰਗਟੀ ਸ੍ਵੈ-ਹਉਮੈਂ ਹੁੰਦੀ ਹੈ, ਜੋ ਆਪਣੇ ਤੋਂ ਸਿਵਾ ਕਿਸੇ ਦੂਸਰੇ ਦੀ ਹੋਂਦ ਨੂੰ ਸਹਿਣ ਕਰਨ ਲਈ ਤਿਆਰ ਨਹੀਂ ਹੁੰਦੀ।

ਇਸ ਨਫ਼ਰਤ ਪਿੱਛੇ ਕਾਰਜਸ਼ੀਲ ਮਨੋਬਿਰਤੀ ਨੂੰ ਧਰਮਾਂ ਦੇ ਫ਼ਲਸਫ਼ੇ ਵਿੱਚੋਂ ਤਲਾਸ਼ਿਆ ਜਾ ਸਕਦਾ ਹੈ। ਇਸ ਧਰਤੀ ਦਾ ਹਰੇਕ ਆਸਤਕ ਪ੍ਰਾਣੀ ਕਿਸੇ ਨਾ ਕਿਸੇ ਧਰਮ ਅਕੀਦੇ ਨਾਲ ਜੁੜਿਆ ਹੋਇਆ ਹੈ। ਕਿਸੇ ਅਕੀਦੇ ਦੇ ਲੋਕਾਂ ਦਾ ਦੂਸਰਿਆਂ ਪ੍ਰਤੀ ਵਿਵਹਾਰ ਇਸ ਗੱਲ ਉੱਪਰ ਨਿਰਭਰ ਕਰਦਾ ਹੈ ਕਿ ਉਹ ਲੋਕ ਜਿਸ ਧਰਮ ਨੂੰ ਮੰਨਦੇ ਹਨ, ਉਸ ਧਰਮ ਦਾ ਮਨੁੱਖਤਾ ਪ੍ਰਤੀ ਨਜ਼ਰੀਆ ਕੀ ਹੈ? ਉਸ ਧਰਮ ਨੇ ਉਨ੍ਹਾਂ ਨੂੰ ਕਿਹੋ ਜਿਹੀ ਸਿੱਖਿਆ ਦਿੱਤੀ ਹੈ? ਜੇਕਰ ਕਿਸੇ ਧਰਮ ਨੇ ਆਪਣੇ ਪੈਰੋਕਾਰਾਂ ਵਿਚ ਸਿਰਫ ਕੌਮੀਅਤ ਦੀ ਭਾਵਨਾ ਹੀ ਭਰੀ ਹੈ, ਉਨ੍ਹਾਂ ਅੰਦਰ ਮਨੁੱਖਤਾਵਾਦੀ ਭਾਵਨਾ ਨਹੀਂ, ਤਾਂ ਨਿਸ਼ਚਿਤ ਹੀ ਉਹ ਲੋਕ ਆਪਣੀ ਕੌਮ ਤੋਂ ਬਗ਼ੈਰ ਦੂਸਰਿਆਂ ਦੀ ਹੋਂਦ ਨੂੰ ਬਰਦਾਸ਼ਤ ਨਹੀਂ ਕਰਨਗੇ, ਦੂਸਰਿਆਂ ਦੀ ਤਰੱਕੀ ਸਹਿਣ ਨਹੀਂ ਕਰਨਗੇ। ਜਿਨ੍ਹਾਂ ਦਾ ਧਰਮ, ਵਿਸ਼ਵਾਸ, ਰੰਗ, ਭਾਸ਼ਾ, ਸੱਭਿਆਚਾਰ ਅਤੇ ਰਸਮ-ਰਿਵਾਜ਼ ਉਨ੍ਹਾਂ ਨਾਲੋਂ ਵੱਖਰੇ ਹਨ।

ਕੌਮਾਂਤਰੀ ਪੱਧਰ ’ਤੇ ਅੱਜ ਮਨੁੱਖੀ ਸਹਿ-ਹੋਂਦ ਦੀ ਘਾਟ ਕਾਰਨ ਹੀ ਵਿਦੇਸ਼ਾਂ ਵਿਚ ਨਸਲੀ ਹਮਲੇ ਹੋ ਰਹੇ ਹਨ। ਪਿੱਛੇ ਜਿਹੇ ਅਫ਼ਗਾਨਿਸਤਾਨ ਵਿਚ ਸਿਖਾਂ ਉੱਪਰ ਜੋ ਵਾਪਰਿਆ ਹੈ ਅਤੇ ਖਾਸ ਕਰ ਭਾਰਤ ਅੰਦਰ ਜੋ ਦੂਸਰੇ ਅਕੀਦੇ ਦੇ ਲੋਕਾਂ ਨੂੰ ਘੇਰ-ਘੇਰ ਕੇ ਸਾੜਨ, ਮਾਰਨ ਦੀਆਂ ਕਾਰਵਾਈਆਂ ਨਿੱਤ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ; ਇਨ੍ਹਾਂ ਸਭ ਦਾ ਮੁੱਖ ਕਾਰਨ ਮਨੁੱਖਤਾਵਾਦੀ ਸੋਚ ਦੀ ਅਣਹੋਂਦ ਹੀ ਹੈ।[2] ਮਨੁੱਖਤਾਵਾਦੀ ਭਾਵਨਾ ਦੀ ਅਣਹੋਂਦ ਹਮੇਸ਼ਾ ਦੇਸ਼ ਤੇ ਸਮਾਜ ਲਈ ਵੱਡੀ ਘਾਤਕ ਸਿੱਧ ਹੁੰਦੀ ਹੈ। ਇਸ ਦਾ ਹੱਲ ਅਨੇਕਤਾ ਵਿਚ ਏਕਤਾ ਨੂੰ ਸਵੀਕਾਰ ਕਰਨ ਵਾਲੀ ਮਨੁੱਖਤਾਵਾਦੀ ਸੋਚ ਨੂੰ ਅਪਣਾਅ ਕੇ ਹੀ ਸੰਭਵ ਹੋ ਸਕਦਾ ਹੈ।

ਧਰਮਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਮਨੁੱਖਤਾਵਾਦੀ ਬਣਨ ਦੀ ਸਿੱਖਿਆ ਦਿੱਤੀ, ਕਿਉਂਕਿ ਦੂਸਰੇ ਦੀ ਹੋਂਦ ਨੂੰ ਸਵੀਕਾਰਨ ਲਈ ਮਨੁੱਖਤਾਵਾਦੀ ਹੋਣਾ ਜ਼ਰੂਰੀ ਹੈ। ਮਨੁੱਖਤਾਵਾਦੀ ਹੋਣ ਲਈ ਭਰਾਤਰੀ-ਭਾਵ ਦਾ ਅਹਿਸਾਸ ਚਾਹੀਦਾ ਹੈ। ਭਰਾਤਰੀ-ਭਾਵ ਦੇ ਅਹਿਸਾਸ ਲਈ ਏਕੁ ਪਿਤਾ ਏਕਸ ਕੇ ਹਮ ਬਾਰਿਕ ਦਾ ਅਹਿਸਾਸ ਹੋਣਾ ਲਾਜ਼ਮੀ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥[3] ਦੇ ਉਪਦੇਸ਼ ਰਾਹੀਂ ਦ੍ਰਿੜ੍ਹ ਕਰਵਾਇਆ।[4]

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਤੋਂ ਪਹਿਲਾਂ ਦੇਸ਼ ਅੰਦਰ ਪ੍ਰਚਲਿਤ ਇਸਟ ਅਨੇਕਤਾ (ਬਹੁਈਸ਼ਵਰਵਾਦ) ਮਨੁੱਖਤਾ ਅੰਦਰ ਵੰਡੀਆਂ ਪਾਉਣ ਦਾ ਕਾਰਨ ਬਣਦੀ ਰਹੀ ਸੀ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧ਓ ਦੇ ਮਾਧਿਅਮ ਰਾਹੀਂ ਮਨੁੱਖਤਾ ਅੰਦਰ ਇਸ਼ਟ-ਏਕਤਾ ਦਾ ਭਾਵ ਜਗਾਇਆ। ਇਹ ਇਸ਼ਟ-ਏਕਤਾ ਮਨੁੱਖੀ-ਏਕਤਾ ਦਾ ਪ੍ਰਤੀਕ ਹੈ ਜੋ ਮਨੁੱਖਾਂ ਅੰਦਰ ਆਪਸੀ ਪ੍ਰੇਮ-ਪਿਆਰ, ਸਹਿਣਸ਼ੀਲਤਾ, ਸਮਾਜਿਕ ਭਾਈਚਾਰਾ ਪੈਦਾ ਕਰਦੀ ਹੈ। ਇਹ ਅਜਿਹਾ ਆਦਰਸ਼ ਹੈ, ਜਿਸ ਤੋਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਸਮੁੱਚੀ ਮਨੁੱਖਤਾ ਅਥਵਾ ਸਾਰੇ ਜੀਅ ਉਸ ਇੱਕੋ ਪਰਮਾਤਮਾ ਦੀ ਸੰਤਾਨ ਹਨ। ਇਹ ਸੰਦੇਸ਼ ਦੇ ਕੇ ਸਮੁੱਚੀ ਮਨੁੱਖਤਾ ਨੂੰ ਇਹ ਦੱਸਿਆ ਕਿ ਵੱਖ-ਵੱਖ

ਧਰਮ, ਅਕੀਦੇ ਮਨੁੱਖਤਾ ਰੂਪੀ ਮਾਲਾ ਦੇ ਮਣਕੇ ਹਨ, ਇਨ੍ਹਾਂ ਮਣਕਿਆਂ ਅੰਦਰ ਸੂਤਰ ਇੱਕ ਪਰਮਾਤਮਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ 'ਮੂਲ ਮੰਤਰ' ਰਾਹੀਂ ਪਰਮਾਤਮਾ ਦੇ ਗੁਣਾਂ ਬਾਰੇ ਦੱਸਦਿਆਂ ਕਿਹਾ ਕਿ ਉਹ ਇੱਕ ਹੈ, ਉਹੋ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ, ਪਾਲਣ ਵਾਲਾ ਅਤੇ ਲੈਅ ਕਰਨ ਵਾਲਾ ਹੈ। ਉਹ ਸਤ ਸਰੂਪ, ਨਿਰਭਉ, ਨਿਰਵੈਰ ਹੈ। ਇਨ੍ਹਾਂ ਗੁਣਾਂ ਨੂੰ ਯਾਦ ਕਰ ਕੇ ਹਿਰਦੇ ਵਿਚ ਧਾਰਨ ਕਰਨ ਨਾਲ ਨਿਰਭਉ ਤੇ ਨਿਰਵੈਰ ਜਿਹੇ ਸ਼ੁਭ ਗੁਣਾਂ ਦੇ ਧਾਰਨੀ ਹੋ ਜਾਈਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਬਾਣੀ ਅੰਦਰ ਮਨੁੱਖ ਨੂੰ ਇਹ ਨਿਸ਼ਚਾ ਕਰਵਾਇਆ ਹੈ ਕਿ ਪਰਮਾਤਮਾ ਇੱਕ ਹੈ, ਲੋਕ ਉਸ ਨੂੰ ਕਿਸੇ ਵੀ ਨਾਮ ਨਾਲ ਯਾਦ ਕਰ ਸਕਦੇ ਹਨ। ਪਰ ਇਨ੍ਹਾਂ ਨਾਵਾਂ ਵਿਚ ਜੋ ਸਾਂਝਾ ਤੱਤ ਸਾਰੀ ਮਨੁੱਖਤਾ ਨੂੰ ਏਕਤਾ ਦੇ ਸੂਤਰ ਵਿਚ ਪਰੋਂਦਾ ਹੈ, ਉਹ ਹੈ-- ਉਸ ਦੇ ਹੁਕਮ ਦੀ ਏਕਤਾ। ਜੋ ਉਸ ਦੇ ਹੁਕਮ ਦੀ ਪਛਾਣ ਕਰ ਲੈਂਦਾ ਹੈ, ਉਹ ਉਸ ਦੇ ਵੱਖ-ਵੱਖ ਨਾਵਾਂ ਨੂੰ ਮਨੁੱਖਤਾ ਵਿਚ ਵੰਡੀਆਂ ਪਾਉਣ ਦਾ ਕਾਰਨ ਨਹੀਂ ਸਮਝਦਾ, ਸਗੋਂ ਉਸ ਹੁਕਮ ਨੂੰ ਮੰਨਣ ਦੇ ਭਿੰਨ-ਭਿੰਨ ਸਾਧਨ ਸਮਝ ਕੇ ਸ੍ਵੈ-ਹਉਮੈਂ ਤੋਂ ਉੱਪਰ ਉੱਠ ਕੇ ਸਭ ਦਾ ਸਤਿਕਾਰ ਕਰਦਾ ਹੈ।[5] ਇਸ ਲਈ ਵੱਖ-ਵੱਖ ਧਰਮਾਂ ਵਿਚ ਇਸ਼ਟ ਨੂੰ ਕਿਸੇ ਵੀ ਨਾਂ ਨਾਲ ਸੰਬੋਧਨ ਕੀਤਾ ਜਾ ਸਕਦਾ ਹੈ, ਪਰ ਸਾਰੇ ਸੰਸਾਰ ਅਥਵਾ ਬ੍ਰਹਿਮੰਡ ਨੂੰ ਚਲਾਉਣ ਵਾਲੀ ਪਰਮ-ਸੱਤਾ ਇੱਕੋ ਹੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖ ਦਿਖਾਈ॥[6] ਰਾਹੀਂ ਦੱਸਿਆ ਕਿ ਸਮੱਸਤ ਕਾਇਨਾਤ ਇਕ ਨਿਰੰਕਾਰ ਦੇ ਅੰਦਰ ਸਮਾਈ ਹੋਈ ਹੈ ਅਤੇ ਉਹ ਇਕ ਨਿਰੰਕਾਰ ਸਭ ਦੇ ਅੰਦਰ ਸਮਾਇਆ ਹੋਇਆ ਹੈ। ਇਸ ਇੱਕ ਪੰਕਤੀ ਅੰਦਰ ਗੁਰਮਤਿ ਦੇ ਨਿਆਰੇਪਨ ਵਾਲਾ ਫ਼ਲਸਫ਼ਾ ਸਮੋਇਆ ਹੋਇਆ ਹੈ। ਪਰਮਾਤਮਾ ਨੂੰ ਇੱਕ One God ਤਾਂ ਕਈ ਹੋਰਾਂ ਨੇ ਵੀ ਸਵੀਕਾਰਿਆ ਹੈ, ਪ੍ਰੰਤੂ ਇਹ ਵਿਚਾਰਧਾਰਾ ਕਿ ਸਮੱਸਤ ਕਾਇਨਾਤ ਖੰਡ, ਮੰਡਲ, ਵਰਭੰਡ, ਸਗਲੇ ਜੀਅ ਜੰਤ, ਸਾਰੀਆਂ ਮਨੁੱਖੀ ਜਾਤੀਆਂ ਇੱਕ ਪਰਮਾਤਮਾ ਵਿੱਚੋਂ ਪੈਦਾ ਹੋਈਆਂ ਹਨ ਅਤੇ ਉਹ ਇਕ ਪਰਮਾਤਮਾ ਇਨ੍ਹਾਂ ਸਾਰਿਆਂ ਅੰਦਰ ਸਮਾਇਆ ਹੋਇਆ ਹੈ, ਇਹ ਨਾਨਕ ਨਿਰਮਲ ਪੰਥ ਦੀ ਨਿਰੋਈ ਵਿਚਾਰਧਾਰਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਮਝਾਇਆ ਹੈ ਕਿ ਹਰੇਕ ਮਨੁੱਖ ਦੇ ਅੰਦਰ ਉਸ ਪਰਮਾਤਮਾ ਦੀ ਜੋਤ ਵਿਦਮਾਨ ਹੈ:

*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥* (ਪੰਨਾ 663)

'ਪਟੀ' ਬਾਣੀ ਅੰਦਰ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਏਕਤਾ ਅਤੇ ਸਰਬ-ਵਿਆਪਕਤਾ ਬਾਰੇ ਫੁਰਮਾਉਂਦੇ ਹਨ:

*-ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥* (ਪੰਨਾ 432)
*-ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥* (ਪੰਨਾ 442)
*-ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥* (ਪੰਨਾ 433)
*-ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ ॥* (ਪੰਨਾ 434)

ਗੁਰੂ ਸਾਹਿਬ ਨੇ ਪਰਮਾਤਮਾ ਦੀ ਏਕਤਾ ਅਤੇ ਸਰਬ-ਵਿਆਪਕਤਾ ਦਾ ਗਿਆਨ ਕਰਾਉਂਦਿਆਂ ਦੱਸਿਆ ਹੈ ਕਿ ਉਹ ਪਰਮਾਤਮਾ ਸਾਡੇ ਨੇੜੇ, ਭਾਵ ਕਿ ਸਾਡੇ ਅੰਦਰ ਹੈ ਤੇ ਉਹ ਸਾਰੀ ਸ੍ਰਿਸ਼ਟੀ ਅੰਦਰ ਵੀ ਰਮਿਆ ਹੋਇਆ ਹੈ। ਉਹ ਇੱਕੋ ਹੀ ਸ੍ਰਿਸ਼ਟੀ ਕਰਤਾ ਹੈ, ਇਸ ਲਈ ਉਸ ਦਾ ਸਿਮਰਨ ਕਰ ਕੇ ਉਸੇ ਵਿਚ ਅਭੇਦ ਹੋਣਾ ਚਾਹੀਦਾ ਹੈ:

*ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥*
*ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥* (ਪੰਨਾ 930)

'ਮਾਰੂ ਸੋਲਹਿਆਂ' ਅੰਦਰ ਗੁਰੂ ਸਾਹਿਬ ਨੇ ਬ੍ਰਹਿਮੰਡ ਦੇ ਸਮੁੱਚੇ ਪਸਾਰੇ ਨੂੰ ਉਸ ਸਾਚੇ (ਪਰਮਾਤਮਾ) ਦੇ ਸਰਗੁਣ ਸਰੂਪ ਵਿਚ ਚਿਤਰਿਆ ਹੈ। ਪੂਰਾ ਦ੍ਰਿਸ਼ਟਮਾਨ ਜਗਤ ਅਤੇ ਸਗਲੇ ਜੀਅ, ਜੰਤ, ਪਉਣ, ਪਾਣੀ, ਅਗਨੀ, ਸੂਰਜ, ਚੰਦ, ਪੁਰਖ, ਨਾਰੀ, ਭਵਰ, ਫੁੱਲ, ਫ਼ਲ, ਦਰੱਖ਼ਤ, ਜਲ, ਥਲ, ਸਾਗਰ, ਮਛ, ਕਛ, ਦਿਨ, ਰਾਤ ਆਦਿ ਉਹ ਆਪ ਹੀ ਹੈ:

*ਆਪੇ ਪਉਣੁ ਪਾਣੀ ਬੈਸੰਤਰੁ . . .*

*ਆਪੇ ਸਸਿ ਸੂਰਾ ਪੂਰੋ ਪੂਰਾ ॥*
*ਆਪੇ ਪੁਰਖੁ ਆਪੇ ਹੀ ਨਾਰੀ . . .*
*ਆਪੇ ਭਵਰੁ ਫੁਲੁ ਫਲੁ ਤਰਵਰੁ ॥*
*ਆਪੇ ਜਲੁ ਥਲੁ ਸਾਗਰੁ ਸਰਵਰੁ ॥*
*ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥* *(ਪੰਨਾ 1020)*

ਗੁਰੂ ਜੀ ਅਨੁਸਾਰ ਜਗਤ ਦਾ ਰਚਨਹਾਰ ਪਰਮਾਤਮਾ ਆਪ ਹੀ ਸਭ ਜੀਵਾਂ ਵਿਚ ਬੋਲ ਰਿਹਾ ਹੈ ਆਪ ਹੀ ਉਹ ਸੁਣ ਰਿਹਾ ਹੈ, ਕਿਉਂਕਿ ਸਾਰੇ ਜੀਵਾਂ ਵਿਚ ਉਸੇ ਦੀ ਜੋਤ ਮੌਜੂਦ ਹੈ:

*ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥* *(ਪੰਨਾ 1021)*

ਜਦੋਂ ਮਨੁੱਖਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਵੇ ਕਿ ਅਸੀਂ ਸਾਰੇ ਜੀਅ ਇੱਕੋ ਪਰਮਾਤਮਾ ਦੀ ਅੰਸ਼ ਹਾਂ ਤਾਂ ਉਨ੍ਹਾਂ ਵਿਚ ਪਰਸਪਰ ਵੈਰ-ਵਿਰੋਧ, ਧੜ੍ਹੇਬੰਦੀ ਤੇ ਨਫ਼ਰਤ ਆਦਿ ਦਾ ਕੋਈ ਸਵਾਲ ਹੀ ਨਹੀਂ ਰਹਿੰਦਾ। ਦੂਸਰਿਆਂ ਪ੍ਰਤੀ ਈਰਖਾ, ਨਫ਼ਰਤ, ਵੈਰ-ਵਿਰੋਧ ਉਦੋਂ ਪੈਦਾ ਹੁੰਦਾ ਹੈ ਜਦੋਂ ਅਸੀਂ ਦੂਸਰਿਆਂ ਨੂੰ ਬੇਗਾਨਾ ਸਮਝਦੇ ਹਾਂ। ਗੁਰੂ ਸਾਹਿਬ ਨੇ ਫੁਰਮਾਇਆ:

*ਬੁਰਾ ਭਲਾ ਕਹੁ ਕਿਸ ਨੋ ਕਹੀਐ ॥*
*ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥* *(ਪੰਨਾ 353)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਅਨੁਸਾਰ ਮਨੁੱਖਾਂ ਅੰਦਰ ਨਫ਼ਰਤ, ਝਗੜੇ ਤੇ ਵਖਰੇਵੇਂ ਆਦਿ ਮਨੁੱਖੀ ਬੌਧਿਕਤਾ ਦੇ ਬੜੇ ਹੇਠਲੇ ਧਰਾਤਲ ਦੀਆਂ ਗੱਲਾਂ ਹਨ। ਇਸ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਆਪਣੀ ਬਾਣੀ ਅੰਦਰ ਮਨੁੱਖ ਦਾ ਬੌਧਿਕ ਪੱਧਰ ਉੱਚਾ ਚੁੱਕ ਕੇ ਉਸ ਨੂੰ ਅਧਿਆਤਮਿਕ ਮੰਡਲ ਦਾ ਵਾਸੀ ਬਣਨ ਵੱਲ ਪ੍ਰੇਰਿਤ ਕਰਦੇ ਹਨ। 'ਜਪੁ' ਬਾਣੀ ਅੰਦਰ ਵਰਣਿਤ ਅਧਿਆਤਮਿਕ ਵਿਕਾਸ ਦੀਆਂ ਪੰਜ ਅਸਵਥਾਵਾਂ ਵਿੱਚੋਂ ਜਗਿਆਸੂ ਜਦੋਂ 'ਧਰਮ ਖੰਡ' ਅਤੇ 'ਗਿਆਨ ਖੰਡ' ਨੂੰ ਪਾਰ ਕਰ ਕੇ 'ਸਰਮ ਖੰਡ' (Realm of Converson) ਵਿਚ ਪਹੁੰਚਦਾ ਹੈ ਤਾਂ ਉਸ ਦੀ ਸੁਰਤ, ਮਤ, ਮਨ ਅਤੇ ਬੁੱਧੀ ਨਵੇਂ ਸਿਰੇ ਤੋਂ ਘੜੀ ਜਾਂਦੀ ਹੈ। ਇਸ ਨਵੀਂ ਘਾੜਤ ਰਾਹੀਂ ਫਿਰ 'ਕਰਮ ਖੰਡ' ਵਿਚ ਪਹੁੰਚ ਕੇ ਤਿਥੇ ਹੋਰੁ ਨ ਕੋਈ ਹੋਰੁ ਦਾ ਪ੍ਰਤੱਖੀਕਰਣ ਹੋ ਜਾਂਦਾ ਹੈ। ਇਹੋ ਭਗਤ ਰਵਿਦਾਸ ਜੀ ਦੇ ਬੇਗਮ ਪੁਰੇ ਦੀ ਅਵਸਥਾ ਹੈ ਜਿੱਥੇ ਦੋਮ ਨ ਸੇਮ ਏਕ ਸੋ ਆਹੀ ਦਾ ਗਿਆਨ ਹੋ ਜਾਂਦਾ ਹੈ। ਇਸ ਅਵਸਥਾ ਵਿਚ ਪਹੁੰਚ ਕੇ ਜਗਿਆਸੂ ਨੂੰ ਜੋ ਦੀਸੈ ਸੋ ਰੇਤਾ ਰੂਪੁ ਨਜ਼ਰੀ ਆਉਣ ਲਗਦਾ ਹੈ। ਉਸ ਨੂੰ ਆਪਣੀ ਅਤੇ ਦੂਸਰਿਆਂ ਦੀ ਹੋਂਦ ਵਿਚ ਕੋਈ ਫ਼ਰਕ ਨਹੀਂ ਦਿਸਦਾ।

ਇਸ ਅਵਸਥਾ ਦੇ ਮਾਲਕ ਬਣਾਉਣ ਲਈ ਗੁਰੂ ਸਾਹਿਬ ਨੇ ਸਾਨੂੰ ਅੰਮ੍ਰਿਤ ਵੇਲਾ, ਸਿਮਰਨ, ਨਿੱਤਨੇਮ, ਸੇਵਾ ਆਦਿ ਬਹੁਮੁੱਲੀਆਂ ਨਿਆਮਤਾ ਨਾਲ ਨਿਵਾਜਿਆਂ ਹੈ। ਜਿਸ ਦੇ ਮੰਨ ਅੰਦਰ ਭਿੰਨੀ ਰੈਣ ਉੱਠ ਕੇ ਪ੍ਰਭੂ ਦੇ ਨਾਮ ਨਾਲ ਜੁੜਨ ਦਾ ਚਾਓ ਪੈਦਾ ਹੁੰਦਾ ਹੋਵੇ; ਉਹ ਅਕਾਲ ਪੁਰਖ ਦੀ ਸਾਜੀ ਕੁਦਰਤ ਅਤੇ ਉਸ ਦੇ ਜੀਵਾਂ ਨਾਲ ਨਫ਼ਰਤ ਕਿਵੇਂ ਕਰ ਸਕਦਾ ਹੈ? ਸੇਵਾ ਕਰ ਕੇ ਜਦੋਂ ਗੁਰੂ ਨਾਨਕ ਬਾਣੀ ਦਾ ਮਨੁੱਖ ਭਾਈ ਘਨ੍ਹੱਈਆ ਜੀ ਵਾਲੀ ਅਵਸਥਾ ਦਾ ਮਾਲਕ ਬਣ ਜਾਵੇ ਤਾਂ ਉਹ ਇਕ ਪਰਮਾਤਮਾ ਦੇ ਸਾਜੇ ਬੰਦਿਆਂ ਵਿਚ ਫ਼ਰਕ ਕਿਵੇਂ ਵੇਖ ਸਕਦਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਮਨੁੱਖ ਅਧਿਆਤਮਿਕ ਤੌਰ 'ਤੇ ਜਾਤ-ਪਾਤ ਤੇ ਧਰਮ-ਵਰਨ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਮਨੁੱਖ ਨੂੰ ਕੇਵਲ ਮਨੁੱਖ ਸਮਝ ਕੇ ਸਾਰਿਆਂ ਦੀ ਹੋਂਦ ਸਵੀਕਾਰਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾ ਆਪਣੀ ਬਾਣੀ ਵਿਚ ਅਤੇ ਨਾ ਹੀ ਆਪਣੇ ਜੀਵਨ ਵਿਚ ਕਿਸੇ ਧਰਮ, ਵਰਨ, ਮਨੁੱਖੀ ਜਾਤ-ਪਾਤ ਦੀ ਵੰਡ ਨੂੰ ਸਵੀਕਾਰ ਕੀਤਾ ਹੈ। ਉਨ੍ਹਾਂ ਨੇ ਸਭ ਨੂੰ ਇੱਕੋ ਪਰਮਾਤਮਾ ਦੇ ਜੀਵ ਦੱਸ ਕੇ ਮਨੁੱਖੀ-ਏਕਤਾ, ਮਨੁੱਖੀ-ਬਰਾਬਰਤਾ, ਮਨੁੱਖੀ-ਸਦਭਾਵਨਾ ਦਾ ਉਪਦੇਸ਼ ਦਿੱਤਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਾਰੀ ਬਾਣੀ ਮਨੁੱਖੀ ਸਦਭਾਵਨਾ ਲਈ ਪ੍ਰੇਰਨਾ-ਸਰੋਤ ਹੈ। ਸਮਾਜ ਅੰਦਰ ਫ਼ੈਲੀ ਜਾਤ-ਪਾਤ ਬਾਰੇ ਗੁਰੂ ਸਾਹਿਬ ਜੀ ਦਾ ਵਿਚਾਰ ਸੀ:

*-ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥* *(ਪੰਨਾ 1330)*
*-ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥*

*ਮਹੁਰਾ ਹੋਵੈ ਹਥਿ ਮਰੀਐ ਚਖੀਐ ॥* *(ਪੰਨਾ 142)*

*-ਫਕੜ ਜਾਤੀ ਫਕੜੁ ਨਾਉ ॥*

*ਸਭਨਾ ਜੀਆ ਇਕਾ ਛਾਉ ॥* *(ਪੰਨਾ 83)*

ਬਾਬਰ ਦੇ ਹਮਲੇ ਸਮੇਂ ਉਚਾਰਨ ਕੀਤੇ ਸ਼ਬਦਾਂ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮਨੁੱਖਤਾ ਪ੍ਰਤੀ ਪਿਆਰ, ਅਤੇ ਹਮਦਰਦੀ ਦੀ ਆਦਰਸ਼ਕ ਮਿਸਾਲ ਵੇਖਣ ਨੂੰ ਮਿਲਦੀ ਹੈ। ਗੁਰੂ ਜੀ ਨੇ ਬਾਬਰ ਦੇ ਹਮਲੇ ਨੂੰ 'ਪਾਪ ਕੀ ਜੰਞ' ਕਿਹਾ, ਮਨੁੱਖਤਾ ਉੱਪਰ ਹੋਏ ਜ਼ੁਲਮ-ਓ-ਸਿਤਮ ਨੂੰ ਵੇਖ ਕੇ ਅਕਾਲ ਪੁਰਖ ਨੂੰ ਕਿਹਾ:

*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥* *(ਪੰਨਾ 360)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਮੰਤਵ ਧਰਮ ਦੀ ਅਸਲ ਭਾਵਨਾ ਨੂੰ ਪ੍ਰਗਟ ਕਰਨਾ ਸੀ; ਇਸ ਲਈ ਉਨ੍ਹਾਂ ਨੇ ਦੂਸਰੇ ਧਰਮ ਅਕੀਦਿਆਂ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਹੋਂਦ ਨੂੰ ਕੇਵਲ ਸਵੀਕਾਰਿਆ ਹੀ ਨਹੀਂ, ਸਗੋਂ ਉਸ ਨੂੰ ਸੰਵਾਰਨ ਦਾ ਕੰਮ ਕੀਤਾ ਹੈ। ਉਦਾਹਰਨ ਵਜੋਂ ਮੁਸਲਮਾਨ ਨੂੰ ਕਿਹਾ ਹੈ ਕਿ ਤੈਨੂੰ ਤੇਰਾ ਧਰਮ ਮੁਬਾਰਕ ਹੈ, ਪਰ ਤੇਰਾ ਅਸਲ ਸਰੂਪ ਇਹ ਹੈ ਕਿ ਜੇਕਰ ਤੂੰ ਇਹੋ ਜਿਹੇ ਸਦਾਚਾਰਕ ਗੁਣਾਂ ਦਾ ਮਾਲਕ ਬਣ ਜਾਵੇਂ ਤਾਂ ਇਸਲਾਮਿਕ ਧਰਮ ਹੀ ਤੇਰੇ ਲਈ ਕਲਿਆਣ ਦਾ ਸਾਧਨ ਹੈ:

*ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥*

*ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥*

*ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥*

*ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥*

*ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥* *(ਪੰਨਾ 141)*

ਗੁਰੂ ਸਾਹਿਬ ਬ੍ਰਾਹਮਣ ਨੂੰ ਉਪਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਜੇਕਰ ਤੂੰ ਬ੍ਰਾਹਮਣ ਹੈ ਤਾਂ ਜੀ ਸਦਕੇ, ਪਰ ਜੇਕਰ ਤੂੰ ਇਹੋ ਜਿਹੇ ਕਿਰਦਾਰ ਦਾ ਮਾਲਕ ਬਣ ਜਾਵੇਂ:

*-ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥*

*ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥*

*ਸੋਈ ਬ੍ਰਹਮਣੁ ਪੂਜਣ ਜੁਗਤੁ ॥* *(ਪੰਨਾ 1411)*

ਤਾਂ ਤੂੰ ਪੂਜਣਯੋਗ ਹੋ ਜਾਵੇਂ।

ਇਸੇ ਤਰ੍ਹਾਂ ਜੋਗੀ ਨੂੰ ਕਿਹਾ:

*-ਸੋ ਜੋਗੀ ਜੋ ਜੁਗਤਿ ਪਛਾਣੈ॥ ਗੁਰ ਪਰਸਾਦੀ ਏਕੋ ਜਾਣੈ ॥* *(ਪੰਨਾ 662)*

*-ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥*

*ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥*

*ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥* *(ਪੰਨਾ 940)*

ਸੰਨਿਆਸ ਧਾਰਨ ਕਰਨ ਵਾਲੇ ਸੰਨਿਆਸੀ ਨੂੰ ਕਿਹਾ:

*ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥*

*ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥* *(ਪੰਨਾ 1013)*

ਇਸ ਤਰ੍ਹਾਂ ਇਨ੍ਹਾਂ ਸਾਰਿਆਂ ਵਿਚ ਕੋਈ ਊਣਤਾਈ ਦੇਖ ਕੇ ਨਫ਼ਰਤ ਜ਼ਾਹਿਰ ਨਹੀਂ ਕੀਤੀ, ਸਗੋਂ ਉਨ੍ਹਾਂ ਵਿਚਲੀਆਂ ਊਣਤਾਈਆਂ ਨੂੰ ਸੋਧ ਕੇ ਆਦਰਸ਼ਕ ਆਚਰਨ ਦੇ ਧਾਰਨੀ ਬਣਨ ਦੀ ਪ੍ਰੇਰਨਾ ਕੀਤੀ ਹੈ।

ਵਿਸ਼ਵੀਕਰਨ ਦੇ ਯੁੱਗ ਵਿਚ ਸਮੁੱਚੇ ਵਿਸ਼ਵ ਦੇ ਪਿੰਡ ਬਣ ਜਾਣ ਕਾਰਨ ਅਸੀਂ ਦੇਖਦੇ ਹਾਂ ਕਿ ਤਕਰੀਬਨ ਹਰ ਦੇਸ਼ ਵਿਚ ਵੱਖ-ਵੱਖ ਧਰਮਾਂ, ਭਾਸ਼ਾਵਾਂ, ਸੱਭਿਆਚਾਰਾਂ ਦੇ ਲੋਕ ਰਹਿ ਰਹੇ ਹਨ। ਅਜਿਹੇ ਸਮੇਂ ਆਪਸੀ ਸਹਿ-ਹੋਂਦ ਬਣਾਈ ਰੱਖਣ ਲਈ ਇਕ ਸੁਆਲ ਪੈਦਾ ਹੁੰਦਾ ਹੈ ਕਿ ਬਹੁ-ਧਰਮੀ ਅਤੇ ਬਹੁਭਾਂਤੀ ਸੱਭਿਆਚਾਰ ਵਾਲੇ ਦੇਸ਼ਾਂ ਵਿਚ ਰਾਜੇ ਦਾ ਫ਼ਰਜ਼ ਕਿਹੋ ਜਿਹਾ ਹੋਵੇ। ਇਸ ਸਵਾਲ ਦਾ ਉੱਤਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਇੱਕੋ ਪੰਕਤੀ *ਰਾਜੇ ਚੁਲੀ ਨਿਆਂਵ ਕੀ*[7] ਵਿੱਚੋਂ ਲੱਭਿਆ ਜਾ

ਸਕਦਾ ਹੈ। ਦੇਸ਼ ਦੀ ਰਾਜਨੀਤਕ ਪ੍ਰਣਾਲੀ ਜਿਸ ਕਿਸਮ ਦੀ ਵੀ ਹੋਵੇ, ਰਾਜੇ ਦਾ ਫ਼ਰਜ਼ ਬਣਦਾ ਹੈ ਆਪਣੇ ਨਿੱਜ ਧਰਮ ਤੋਂ ਉੱਪਰ ਉੱਠ ਕੇ ਆਪਣੀ ਪਰਜਾ ਨਾਲ ਨਿਆਂ ਕਰੇ। ਹਰ ਪ੍ਰਕਾਰ ਦਾ ਨਿਆਂ ਭਾਵ ਧਾਰਮਿਕ ਨਿਆਂ, ਸਮਾਜਿਕ ਨਿਆਂ, ਆਰਥਿਕ ਨਿਆਂ ਆਦਿ ਸਭ ਲਈ ਬਰਾਬਰ ਹੋਵੇ। ਜੇਕਰ ਨਿਆਂ ਸਹਿ-ਹੋਂਦ ਵਾਲਾ ਹੋਵੇ ਤਾਂ ਪਰਜਾ ਵਿਚ ਅਰਾਜਕਤਾ, ਬੇਭਰੋਸਗੀ ਅਤੇ ਅਵਿਸ਼ਵਾਸ ਵਾਲਾ ਮਾਹੌਲ ਪੈਦਾ ਨਹੀਂ ਹੋਵੇਗਾ, ਪਰੰਤੂ ਇਸ ਦੇ ਉਲਟ ਜਿਸ ਦੇਸ਼ ਦਾ ਰਾਜਾ ਹੀ ਆਪਣੇ ਦੇਸ਼ ਵਿਚਲੀਆਂ ਘੱਟ-ਗਿਣਤੀਆਂ ਦੀ ਧਰਮ ਦੇ ਨਾਂ 'ਤੇ ਨਸਲਕੁਸ਼ੀ ਕਰਾਉਣ ਦਾ ਕਾਰਨ ਬਣ ਜਾਵੇ, ਉੱਥੇ ਸਹਿ-ਹੋਂਦ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਹੋ ਜਾਂਦੀ ਹੈ।

ਸੋ ਸਹਿ-ਹੋਂਦ ਸਥਾਪਿਤ ਕਰਨ ਲਈ ਧਰਮਾਂ ਵਿਚ ਪਾਏ ਭੁਲੇਖਿਆਂ ਨੂੰ ਦੂਰ ਕਰ ਕੇ ਦੂਸਰਿਆਂ ਦੇ ਆਸ਼ੇ ਨੂੰ ਸਮਝਣ ਅਤੇ ਧਰਮ ਦੀ ਅਸਲੀ ਰੂਹ ਨੂੰ ਜਾਣਨ ਲਈ ਅੰਤਰਮਤ ਸੂਝ (Interfaith understanding) ਬਹੁਤ ਜ਼ਰੂਰੀ ਹੈ। ਅੰਤਰਮਤ ਸੂਝ ਲਈ ਜਿੱਥੇ ਹੋਰ ਕਈ ਤਰੀਕੇ ਸੰਭਵ ਹੋ ਸਕਦੇ ਹਨ, ਉੱਥੇ ਅੰਤਰਮਤ ਸੰਵਾਦ (Interfaith Dialogue) ਸਭ ਤੋਂ ਜ਼ਿਆਦਾ ਕਾਰਗਰ ਸਿੱਧ ਹੋ ਕੇ ਕੋਈ ਰੌਸ਼ਨੀ ਦੀ ਕਿਰਨ ਦਿਖਾ ਸਕਦਾ ਹੈ। ਇਸ ਸੰਬੰਧ ਵਿਚ Dr. Hanskung ਲਿਖਦੇ ਹਨ

> There will be no peace among the nations without peace among the religions. There will be no peace among the religions without dialogue among the religions.[8]

Dr. Hans ਦੇ ਇਸ ਕਥਨ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਹਿ-ਹੋਂਦ ਲਈ ਦਰਸਾਈ ਗਈ ਅੰਤਰਮਤ ਸੂਝ ਅਤੇ ਅੰਤਰਮਤ ਸੰਵਾਦ ਦਾ ਤੱਤਸਾਰ ਸਮੋਇਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਪੰਕਤੀ ***ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥***[9] ਅੰਤਰਮਤ ਸੂਝ ਅਤੇ ਅੰਤਰਮਤ ਸੰਵਾਦ ਦਾ ਕੇਂਦਰੀ ਧੁਰਾ ਮੰਨੀ ਜਾ ਸਕਦੀ ਹੈ। ਇਸ ਵਿਚ ਇਕ ਖਾਸ ਨੁਕਤਾ ਧਿਆਨ ਦੇਣ ਯੋਗ ਇਹ ਹੈ ਕਿ ਅੱਜ ਚਾਹੇ ਧਰਮਾਂ ਦੀ ਗੱਲ ਲੈ ਲਵੋ, ਚਾਹੇ ਕੋਈ ਹੋਰ ਮਸਲਾ ਹਰ ਮਨੁੱਖ ਆਪਣੀ ਗੱਲ ਦੱਸਣ ਦੀ ਕੋਸ਼ਿਸ ਕਰਦਾ ਹੈ, ਦੂਸਰੇ ਦੀ ਸੁਣਨ ਲਈ ਕੋਈ ਤਿਆਰ ਨਹੀਂ, ਪਰ ਗੁਰੂ ਸਾਹਿਬ ਨੇ ਪਹਿਲੇ ਦੂਸਰੇ ਦੀ ਗੱਲ (ਵਿਚਾਰਧਾਰਾ) ਸੁਣਨ ਅਤੇ ਫਿਰ ਆਪਣੀ ਗੱਲ ਕਹਿਣ ਦੀ ਗੱਲ ਕੀਤੀ ਹੈ। ਜਿਸ ਦਿਨ ਸਾਨੂੰ ਦੂਸਰੇ ਦੀ ਗੱਲ ਸੁਣਨ ਦੀ ਜਾਚ ਆ ਗਈ, ਉਸ ਦਿਨ ਅਸੀਂ ਦੂਸਰੇ ਦੀ ਹੋਂਦ ਨੂੰ ਵੀ ਸਵੀਕਾਰ ਕਰ ਲਵਾਂਗੇ। ਫਿਰ ਦੇਸ਼ਾਂ, ਕੌਮਾਂ ਅਤੇ ਧਰਮਾਂ ਵਿਚ ਜੋ ਅੱਜ ਸਹਿ-ਹੋਂਦ (Co-existence) ਦੀ ਸਮੱਸਿਆ ਸਮੁੱਚੇ ਵਿਸ਼ਵ ਲਈ ਖ਼ਤਰਾ ਬਣੀ ਹੋਈ ਹੈ, ਉਸ ਦੇ ਸਾਰਥਿਕ ਸਿੱਟੇ ਜ਼ਰੂਰ ਸਾਹਮਣੇ ਆਉਣਗੇ। ਸਹਿ-ਹੋਂਦ ਦਾ ਦੂਸਰਾ ਨੁਕਤਾ ਇਹ ਹੈ ਕਿ ਅੰਤਰਮਤ ਸੂਝ (Interfaith understanding) ਲਈ ਅੰਤਰਮਤ ਸੰਵਾਦ (Interfaith Dialogue) ਕਿਹੋ ਜਿਹਾ ਹੋਵੇ ਇਸ ਨੁਕਤੇ ਦਾ ਨਚੋੜ ਇਕ ਪੰਕਤੀ; ***ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ***[10] ਵਿੱਚੋਂ ਲੱਭਿਆ ਜਾ ਸਕਦਾ ਹੈ। ਜੇਕਰ ਸਾਰੇ ਧਰਮਾਂ ਦਾ ਆਸ਼ਾ ਪ੍ਰਭੂ ਮਿਲਾਪ ਅਤੇ ਮਨੁੱਖੀ ਕਲਿਆਣ ਹੈ ਤਾਂ ਉਨ੍ਹਾਂ ਵਿਚ ਕੁਝ ਸਾਂਝੇ ਗੁਣ ਵੀ ਲਾਜ਼ਮੀ ਹੋਣਗੇ। ਜੋ ਸ਼ੁਭ ਗੁਣ ਮੇਰੇ ਧਰਮ ਵਿਚ ਹਨ ਅਤੇ ਜੇਕਰ ਉਹੀ ਸ਼ੁਭ ਗੁਣ ਦੂਸਰੇ ਦੇ ਧਰਮ ਵਿਚ ਵੀ ਹਨ ਤਾਂ ਉਨ੍ਹਾਂ ਨਾਲ ਸਾਂਝ ਕਰਨ ਦੀ ਬਜਾਏ ਨਫ਼ਰਤ ਕਿਉਂ? ਜੇਕਰ ਸ੍ਵੈ-ਹਉਮੈਂ ਤੋਂ ਉੱਪਰ ਉੱਠ ਕੇ ਦੂਸਰੇ ਸਾਰੇ ਧਰਮਾਂ ਵਿਚਲੇ ਸਰਬ ਭੌਮਿਕ (Universal) ਤੱਤਾਂ[11] ਨੂੰ ਪਛਾਣ ਕੇ ਉਨ੍ਹਾਂ ਦਾ ਮੰਥਨ ਕੀਤਾ ਜਾਵੇ, ਤਾਂ ਉਹ ਜ਼ਰੂਰ ਹੀ ਮਨੁੱਖੀ ਸਮਾਜ ਵਿਚ ਏਕਤਾ ਅਤੇ ਸਹਿ-ਹੋਂਦ ਸਥਾਪਿਤ ਕਰਾਉਣ ਲਈ ਕਾਰਗਰ ਸਿੱਧ ਹੋ ਸਕਦੇ ਹਨ।

ਜਦੋਂ ਮਨੁੱਖ ਨੂੰ ਇਸ਼ਟ ਏਕਤਾ ਦਾ ਅਹਿਸਾਸ ਹੋ ਜਾਵੇ ਤਾਂ ਫਿਰ ਮਨੁੱਖ ਆਪਣੇ ਮਨ ਵਿੱਚੋਂ ਊਚ-ਨੀਚ, ਜਾਤ-ਪਾਤ, ਵੈਰ-ਵਿਰੋਧ, ਨਫ਼ਰਤ ਨੂੰ ਖਤਮ ਕਰ ਕੇ ਆਪਣੇ ਅੰਦਰ ਸਰਬ-ਸਾਂਝੀਵਾਲਤਾ ਦਾ ਅਹਿਸਾਸ ਜਗਾਉਂਦਾ ਹੈ। ਫਿਰ ਉਹ ਕਿਸੇ ਵਿਸ਼ੇਸ਼ ਧਰਮ ਅਕੀਦੇ ਨਾਲ ਜੁੜਿਆ ਹੋਣ ਦੇ ਨਾਲ-ਨਾਲ ਪਹਿਲਾ ਮਨੁੱਖਤਾਵਾਦੀ ਹੁੰਦਾ ਹੈ। ਸਮੁੱਚੀ ਮਨੁੱਖਤਾ ਦਾ ਦਰਦ ਉਸ ਦਾ ਆਪਣਾ ਦਰਦ ਬਣ ਜਾਂਦਾ ਹੈ। ਜਦੋਂ ਮਨੁੱਖ ਦੇ ਅੰਦਰ ਮਨੁੱਖਤਾ ਦਾ ਦਰਦ ਪੈਦਾ ਹੋ ਜਾਵੇ ਤਾਂ ਉਹ

ਗੁਰੂ ਨਾਨਕ ਸਾਹਿਬ ਦੇ ਆਸ਼ਿਆਂ ਵਾਲਾ ਆਦਰਸ਼ਕ ਮਨੁੱਖ ਬਣ ਜਾਂਦਾ ਹੈ। 'ਸਿਖ' ਇਸ ਧਰਤੀ ਉੱਪਰ ਮਨੁੱਖੀ ਸਹਿ-ਹੋਂਦ ਵਾਲੇ ਮਨੁੱਖ ਦੀ ਆਦਰਸ਼ਕ ਮਿਸਾਲ ਹੈ।

ਸਿਖ ਰੋਜ਼ਾਨਾ ਅਰਦਾਸ ਵਿਚ ਜਿੱਥੇ ਜਹਾ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ ਦੀ ਜਾਚਨਾ ਕਰਦਾ ਹੈ, ਉੱਥੇ ਸਰਬੱਤ ਦੇ ਕਾਰਜ ਰਾਸ ਕਰਨੇ ਅਤੇ ਤੇਰੇ ਭਾਣੇ ਸਰਬੱਤ ਦਾ ਭਲਾ ਦੀ ਕਾਮਨਾ ਵੀ ਕਰਦਾ ਹੈ। ਇਸ ਲਈ ਸਿਖੀ ਜੀਵਨ ਜਾਚ 'ਪੰਥ-ਪ੍ਰਸਤੀ' ਅਤੇ 'ਮਨੁੱਖਤਾ-ਪ੍ਰਸਤੀ' ਦਾ ਸੁਮੇਲ ਹੈ। ਸਿਖ ਜਿੱਥੇ 'ਸਿਖ-ਪੰਥ' ਦਾ ਅੰਗ ਹੈ, ਉੱਥੇ ਉਹ ਬ੍ਰਹਿਮੰਡੀ ਵੀ ਹੈ। ਸਮੁੱਚੀ ਮਨੁੱਖਤਾ ਦਾ ਦਰਦ ਉਸ ਦਾ ਆਪਣਾ ਦਰਦ ਹੈ, ਕਿਉਂਕਿ ਗੁਰੂ ਸਾਹਿਬਾਨ ਨੇ ਸਮੁੱਚੀ ਮਨੁੱਖਤਾ ਨੂੰ ਉਸ ਦੇ ਕਲਾਵੇ ਵਿਚ ਕੀਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਨਾਨਕ ਨਿਰਮਲ ਪੰਥ ਦੀ ਗੁਲਜਾਰ ਅੰਦਰ ਨਿਰਮਲੇ, ਉਦਾਸੀ, ਵੱਖ-ਵੱਖ ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ, ਸੰਤ ਸਮਾਜ, ਮਿਸ਼ਨਰੀ ਵੀਰ ਆਦਿ ਇਹ ਸਭ ਗੁਰੂ ਨਾਨਕ ਵਿਚਾਰਧਾਰਾ ਦੀ ਖੁਸ਼ਬੋਈ ਬਿਖੇਰਨ ਵਾਲੇ ਫੁੱਲ ਹਨ। ਅਸੀਂ, ਭਰਾਤਰੀ ਭਾਵ ਨਾਲ ਇਕ-ਦੂਸਰੇ ਦਾ ਸਤਿਕਾਰ ਕਰਦਿਆਂ ਸਭਨਾਂ ਦੀ ਹੋਂਦ ਨੂੰ ਸਵੀਕਾਰ ਕਰੀਏ ਤਾਂ ਹੀ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨੁੱਖੀ ਸਹਿ-ਹੋਂਦ ਦੇ ਸੁਨੇਹੇ ਨੂੰ ਦੁਨੀਆ ਸਾਹਮਣੇ ਪਹੁੰਚਾ ਸਕਾਂਗੇ।

ਗੁਰੂ ਸਾਹਿਬ ਮਿਹਰ ਕਰਨ ਸਭ ਤੋਂ ਪਹਿਲਾਂ ਅਸੀਂ ਆਪ ਪੰਥਕ-ਏਕਤਾ ਇਤਫ਼ਾਕ ਲਈ ਪਰਮਾਤਮਾ ਅੱਗੇ ਅਰਦਾਸ ਕਰੀਏ। ਜੇਕਰ ਕਿਸੇ ਮਸਲੇ ਬਾਰੇ ਕੋਈ ਵਿਚਾਰਕ ਮੱਤ-ਭੇਦ ਵੀ ਹੋਵੇ ਤਾਂ ਉਸ ਨੂੰ--

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥*
*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥* *(ਪੰਨਾ 1185)*

ਦੀ ਗੁਰਮਤਿ ਜੁਗਤ ਅਨੁਸਾਰ ਹੱਲ ਕਰਨ ਦੀ ਗੁਰੂ ਸਾਹਿਬ ਸੁਮੱਤ ਬਖ਼ਸ਼ਣ।

## ਹਵਾਲੇ ਅਤੇ ਟਿੱਪਣੀਆਂ

1. ਸੁੰਨੀ-ਸ਼ੀਆ, ਦਿਗੰਬਰ-ਸ੍ਵੈਤਾਂਬਰ, ਹੀਨਯਾਨ-ਮਹਾਯਾਨ, ਕੈਥੋਲਿਕ-ਪ੍ਰੋਟੈਸਟੈਂਟ ਆਦਿ।
2. ਅੱਜ ਵੀ ਭਾਰਤ ਵਿਚ ਹਿੰਦੂ-ਹਿੰਦੀ-ਹਿੰਦੁਸਤਾਨ ਦਾ ਨਾਹਰਾ ਘੱਟ ਗਿਣਤੀਆਂ ਲਈ ਖ਼ਤਰਾ ਬਣਿਆ ਹੋਇਆ ਹੈ।
3. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 250
4. ਸ੍ਰੀ ਗੁਰੂ ਨਾਨਕ ਦੇਵ ਜੀ ਸਰਬ ਸਾਂਝੀਵਾਲਤਾ ਵਾਲੀ ਵਿਚਾਰਧਾਰਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੇ ਸਪਸ਼ਟ ਰੂਪ ਵਿਚ ਬਿਆਨ ਕੀਤਾ ਹੈ:
   -ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ . . .
   ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਪੰਨਾ 97)
   -ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ (ਪੰਨਾ 1299)
5. ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (ਪੰਨਾ 1)
6. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 907
7. **ਉਹੀ**, ਪੰਨਾ 1240
8. From: **Wikipedia**, the free encyclopedia.
9. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 661.
10. **ਉਹੀ**, ਪੰਨਾ 766.
11. ਏਕਤਾ, ਮਾਨਵੀ ਅਧਿਕਾਰ, ਮਨੁੱਖੀ ਆਜ਼ਾਦੀ, ਸ਼ਾਂਤ ਵਿਵਸਥਾ, ਵਿਸ਼ਵ ਭਾਈਚਾਰਾ ਆਦਿ।

◈

# ਸ੍ਰੀ ਗੁਰੂ ਨਾਨਕ ਦੇਵ ਜੀ : ਜੋਤਿ ਤੇ ਜੁਗਤਿ




ਡਾ. ਤੇਜਿੰਦਰ ਪਾਲ ਸਿੰਘ
ਸਹਾਇਕ ਪ੍ਰੋਫ਼ੈਸਰ
(ਧਰਮ ਅਧਿਐਨ),
ਯੂਨੀਵਰਸਿਟੀ ਕਾਲਜ
ਮੀਰਾਂਪੁਰ (ਪਟਿਆਲਾ)।
tejinderpalsingh29@
gmail.com
ਮੋ. : 9988004733

ਧਰਮਾਂ ਦਾ ਆਰੰਭ ਕਿਸੇ 'ਵਿਅਕਤੀਗਤ ਸ਼ਖਸੀਅਤ' ਦੁਆਰਾ ਹੁੰਦਾ ਹੈ, ਜਿਹੜੀ ਕਿਸੇ ਸਥਾਪਿਤ ਧਰਮ ਦੇ ਸੁਧਾਰ ਜਾਂ ਫਿਰ ਮੌਲਿਕ ਅਨੁਭਵ ਅਤੇ ਉਦੇਸ਼ ਲੈ ਕੇ ਪ੍ਰਗਟ ਹੁੰਦੀ ਹੈ। ਇਹ 'ਸ਼ਖਸੀਅਤ' ਅਸਾਧਾਰਨ ਹੋਣ ਕਾਰਨ ਲੋਕ-ਮਾਨਸਿਕਤਾ ਉਤੇ ਬਹੁਤ ਪ੍ਰਭਾਵ ਪਾਉਂਦੀ ਹੈ। ਧਾਰਮਿਕ ਚਿੰਤਨ ਵਿਚ ਇਸ 'ਸ਼ਖਸੀਅਤ' ਨੂੰ ਅਨੇਕ ਨਾਮ ਦਿਤੇ ਗਏ ਹਨ, ਜਿਵੇਂ ਮੈਕਸ ਵੈਬਰ ਇਸ ਨੂੰ 'ਕਰਿਜ਼ਮੈਟਿਕ' (Charismatic) ਕਹਿੰਦਾ ਹੈ, ਐਮਿਲ ਦੁਰਖੀਮ ਇਸ ਨੂੰ 'ਪਵਿੱਤਰ' (Sacred) ਦੀ ਸੰਗਿਆ ਦਿੰਦਾ ਹੈ ਅਤੇ ਰੁਡਾਲਫ ਆਟੋ ਇਸ ਨੂੰ 'ਪਾਵਨ' (Holy) ਵਜੋਂ ਸਵੀਕਾਰ ਕਰਦਾ ਹੈ। ਮੈਕਸ ਵੈਬਰ ਅਨੁਸਾਰ ਇਹ ਇਕ ਅਜਿਹੀ ਸ਼ਖਸੀਅਤ ਹੈ, ਜਿਸ ਨੂੰ ਸਾਧਾਰਨ ਲੋਕਾਂ ਨਾਲੋਂ ਵਖਰਾ ਦਰਸਾਇਆ ਜਾ ਸਕਦਾ ਹੈ। ਇਹ ਸ਼ਖਸੀਅਤ ਦੈਵੀ ਗੁਣਾਂ ਨਾਲ ਭਰਪੂਰ ਹੁੰਦੀ ਹੈ, ਜਿਸ ਕਾਰਨ ਇਸ ਨੂੰ ਆਗੂ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ।

ਉਕਤ ਸੰਦਰਭ ਵਿਚ ਹਰੇਕ ਧਰਮ ਦਾ ਆਪਣਾ ਆਗੂ ਹੁੰਦਾ ਹੈ, ਜਿਵੇਂ ਜੈਨ ਧਰਮ ਵਿਚ ਇਹ ਸਥਾਨ ਤੀਰਥੰਕਰ ਨੂੰ ਪ੍ਰਾਪਤ ਹੈ, ਹਿੰਦੂ ਧਰਮ ਵਿਚ ਅਵਤਾਰਾਂ ਦੀ ਮਾਣਤਾ ਹੈ, ਬੁਧ ਧਰਮ ਵਿਚ ਮਹਾਤਮਾ ਬੁਧ ਹਨ, ਸਾਮੀ ਪਰੰਪਰਾ ਵਿਚ ਪੈਗੰਬਰ ਹੋਏ ਹਨ, ਇਸੇ ਤਰ੍ਹਾਂ ਸਿੱਖ ਧਰਮ ਵਿਚ ਅਜਿਹਾ ਪਦ ਗੁਰੂ ਸਾਹਿਬਾਨ ਲਈ ਰਾਖਵਾਂ ਹੈ।

ਇਸ ਪਰਚੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰੂ' ਸਰੂਪ ਨੂੰ ਜਾਣਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ, ਜਿਸ ਦੇ ਅੰਤਰਗਤ ਗੁਰੂ ਸ਼ਬਦ ਦੇ ਅਰਥ, ਪਰਿਭਾਸ਼ਾ, ਸਰੂਪ ਆਦਿ ਜਾਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਬਾਰੇ ਵਿਚਾਰ ਕੀਤੀ ਹੈ। ਪਿਛਲੇ ਲੰਮੇ ਅਰਸੇ ਤੋਂ ਸ਼ਰਾਰਤ ਵਸ ਜਾਂ ਅਣਗਹਿਲੀ ਵਿਚ ਸਮਾਜ ਦੇ ਕਈ ਵਰਗਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਵਤਾਰ ਕਹਿ ਕੇ ਸੰਬੋਧਿਤ ਕੀਤਾ ਜਾ ਰਿਹਾ ਹੈ। ਇਸ ਗਲ ਨੂੰ ਮੁਖ ਰਖਦੇ ਹੋਏ ਸੰਖੇਪ ਮਾਤਰ ਵਿਚਾਰ ਵੀ ਪਰਚੇ ਵਿਚ ਦੇ ਕੇ ਨਿਖੇੜਾ ਕੀਤਾ ਹੈ ਕਿ ਗੁਰੂ ਸਾਹਿਬ ਅਵਤਾਰ ਨਹੀਂ ਸਨ। ਪਰਚੇ ਦੇ ਅੰਤਲੇ ਪੰਨਿਆਂ ਉਤੇ ਭਾਈ ਲਹਣਾ ਜੀ ਨੂੰ ਗੁਰਿਆਈ ਦੇਣ ਦਾ ਜ਼ਿਕਰ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੀ ਸੰਪੂਰਨਤਾ, ਭਾਵ ਖਾਲਸਾ ਸਿਰਜਣਾ ਬਾਰੇ ਟੂਕ ਮਾਤਰ ਜ਼ਿਕਰ ਕੀਤਾ ਹੈ। ਇਸ ਜਤਨ ਵਿਚ ਮੁਢਲੇ ਅਤੇ ਗੌਣ ਸਰੋਤਾਂ ਤੋਂ ਖੁਲੀ ਮਦਦ ਲਈ ਗਈ ਹੈ।

ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਇਸ ਦੇ ਸਿਧਾਂਤਕ ਅਤੇ ਵਿਹਾਰਕ ਪਖ ਦਾ ਮਹਤਵਪੂਰਨ ਅੰਗ 'ਗੁਰੂ' ਹੈ। ਇਸ ਤੋਂ ਬਿਨਾਂ ਸਿੱਖ ਧਰਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਿੱਖ ਧਰਮ ਦਾ ਸਮੁਚਾ ਦਰਸ਼ਨ, ਆਸਥਾ, ਇਤਿਹਾਸ, ਰਹਿਤ, ਸਭਿਆਚਾਰ, ਭਾਵ ਹਰੇਕ ਸੰਕਲਪ, ਸਿਧਾਂਤ ਅਤੇ ਵਿਹਾਰ ਗੁਰੂ 'ਤੇ ਹੀ ਅਧਾਰਿਤ ਹੈ। ਗੁਰਮਤਿ

ਅਨੁਸਾਰ 'ਗੁਰੂ', ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। 'ਗੁਰੂ' ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ। ਇਸੇ ਲਈ ਸਿੱਖ ਵਿਚਾਰਧਾਰਾ ਅਨੁਸਾਰ ਸਭ ਸ਼ਕਤੀਆਂ ਦਾ ਪ੍ਰਤੀਨਿਧ 'ਗੁਰੂ' ਹੀ ਹੈ।[1] 'ਗੁਰੂ' ਪਰਮਾਤਮਾ ਵਲੋਂ ਸੰਸਾਰ ਦੇ ਕਲਿਆਣ ਹਿਤ ਨਿਯਤ ਕੀਤਾ ਹੋਇਆ ਇਕ 'ਬਸੀਠ' (ਵਕੀਲ) ਹੈ, ਜਿਹੜਾ ਸੰਸਾਰ ਵਿਚ ਵਿਛੜਿਆਂ ਨੂੰ ਮਿਲਾਉਂਦਾ ਹੈ।[2] 'ਗੁਰੂ' ਰਬੀ ਅਜ਼ਮਤ ਹੋਣ ਕਾਰਨ, ਇਸ ਨੂੰ ਸਮਝਣਾ ਬਹੁਤ ਮੁਸ਼ਕਿਲ ਕਾਰਜ ਹੈ।

ਭਾਰਤੀ ਪਰੰਪਰਾ ਅਨੁਸਾਰ ਜਦੋਂ-ਜਦੋਂ ਧਰਤੀ ਉਤੇ ਧਰਮ ਦੀ ਹਾਨੀ ਹੁੰਦੀ ਹੈ, ਉਸ ਸਮੇਂ ਭਟਕੀ ਲੋਕਾਈ ਨੂੰ ਮੁੜ ਰਸਤਾ ਦਿਖਾ ਕੇ ਧਰਮ ਪ੍ਰਗਟ ਕਰਨ ਲਈ ਪਰਮਾਤਮਾ ਅਵਤਾਰ ਧਾਰਦਾ ਹੈ:

*ਯਦਾ ਯਦਾ ਹੀ ਧਰਮਸਯ ਗਲਾਨਿਰ ਭਵਤਿ ਭਾਰਤ ॥*

*ਅਭਯੁਤਥਾਨਮ ਧਰਮਸਯ ਤਦਾਤਮਾਨੰ ਸ੍ਰਜਾਮਯਹਮ ॥*[3]

ਬੇਸ਼ਕ ਅਵਤਾਰ ਪਰੰਪਰਾ ਸਨਾਤਨ ਧਰਮ ਵਿਚ ਪ੍ਰਚਲਤ ਹੈ। ਇਸੇ ਤਰ੍ਹਾਂ ਸਾਮੀ ਧਰਮ ਪਰੰਪਰਾ ਵਿਚ ਪੈਗੰਬਰ ਦੀ ਆਮਦ ਪ੍ਰਵਾਨ ਕੀਤੀ ਗਈ ਹੈ। ਪਰੰਤੂ ਗੁਰਮਤਿ ਦਾ ਦ੍ਰਿਸ਼ਟੀਕੋਣ ਪੂਰੀ ਤਰ੍ਹਾਂ ਵਖਰਾ ਹੈ। ਗੁਰਮਤਿ ਅਨੁਸਾਰ ਅਕਾਲਪੁਰਖ 'ਅਜੂਨੀ' ਹੈ, ਜਿਹੜਾ ਕੋਈ ਅਵਤਾਰ ਨਹੀਂ ਧਾਰਦਾ। ਅਜਿਹੇ ਸਮੇਂ ਜਦੋਂ ਲੋਕ ਧਰਮ ਦਾ ਰਾਹ ਛਡ ਦਿੰਦੇ ਹਨ, ਤਾਂ ਪਰਮਾਤਮਾ ਦੇ 'ਹੁਕਮ' ਵਿਚ 'ਗੁਰੂ' ਪ੍ਰਗਟ ਹੁੰਦਾ ਹੈ।

ਉਕਤ ਸੰਦਰਭ ਵਿਚ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਗਤ ਵਿਚ ਜਿਸ ਸਮੇਂ ਪਾਪ ਵਰਤ ਗਿਆ, ਦਇਆ ਮੁਕ ਗਈ ਅਤੇ ਧਰਮ ਦੀ ਹਾਨੀ ਹੋ ਗਈ[4] ਤਾਂ ਦਾਤਾਰ ਪ੍ਰਭੂ ਨੇ ਦੀਨ-ਦੁਖੀਆਂ ਦੀ ਪੁਕਾਰ ਸੁਣ ਕੇ ਗੁਰੂ ਨਾਨਕ ਦੇਵ ਜੀ ਨੂੰ ਧਰਤੀ ਉਤੇ ਭੇਜਿਆ :

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥*[5]

ਸ੍ਰੀ ਗੁਰੂ ਨਾਨਕ ਦੇਵ ਜੀ 'ਆਦਿ ਗੁਰੂ' ਦੇ ਰੂਪ ਵਿਚ 'ਪਾਰਬ੍ਰਹਮ ਪਰਮੇਸਰ' ਤੋਂ 'ਗੁਰ ਪਰਮੇਸਰ' ਹੋ ਕੇ ਅਵਤ੍ਰਿਤ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਸਮੁਚੇ ਵਿਸ਼ਵ ਦੀ ਇਕ ਸੰਪੂਰਨ ਤਬਦੀਲੀ ਦਾ ਸੂਚਕ ਹੈ, ਜਿਹੜਾ ਕਿਸੇ ਦੈਵੀ-ਘਟਨਾ ਤੋਂ ਘਟ ਨਹੀਂ। ਗੁਰੂ ਸਾਹਿਬ ਧਰਤੀ ਉਤੇ ਆਉਣ ਦੇ ਆਪਣੇ ਉਦੇਸ਼ ਬਾਰੇ ਦਸਦੇ ਹਨ ਕਿ ਉਹ ਰੱਬੀ-ਦਰਬਾਰ ਦੇ ਢਾਡੀ ਹਨ ਤੇ 'ਸਚ' ਦਾ ਪਾਸਾਰ ਕਰਨ ਜਗਤ ਵਿਚ ਆਏ ਹਨ।

ਸਿੱਖ ਧਰਮ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੁੰਦਾ ਹੈ। ਸਿੱਖ ਸਿਧਾਂਤ ਅਨੁਸਾਰ ਉਹ ਧੁਰੋਂ ਪਠਾਇ 'ਪੂਰੇ ਪੁਰਖ' ਸਨ। ਜਨਮਸਾਖੀ ਪਰੰਪਰਾ ਅਨੁਸਾਰ ਪਰਮੇਸਰ ਆਪ ਉਨ੍ਹਾਂ ਨੂੰ ਗੁਰੂ ਸਥਾਪਿਤ ਕਰਦਾ ਹੈ। ਵੇਈਂ ਨਦੀ ਦੀ ਦੈਵੀ ਘਟਨਾ ਵੇਲੇ ਤਾਂ ਗੁਰੂ ਸਾਹਿਬ ਸਿਰਫ਼ ਆਪਣਾ ਮਿਸ਼ਨ ਸ਼ੁਰੂ ਕਰਦੇ ਹਨ। ਇਥੇ ਇਕ ਗਲ ਸਪਸ਼ਟ ਕਰਨੀ ਬਣਦੀ ਹੈ ਕਿ ਬੇਸ਼ਕ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਸਮਕਾਲ ਵਿਚ ਵੀ ਕਈ ਹੋਰ ਪੀਰ/ਪੈਗੰਬਰ/ਰਿਸ਼ੀ/ਭਗਤ ਆਦਿ ਹੋਏ ਹਨ, ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਸਭ ਤੋਂ ਵਡੇ ਹਨ :

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*[6]

ਸਿੱਖ ਧਰਮ ਵਿਚ ਮਿਲਦੇ ਗੁਰੂ ਸਿਧਾਂਤ ਬਾਰੇ ਵਿਸਤ੍ਰਿਤ ਚਰਚਾ ਹੇਠ ਦਿਤੇ ਅਨੁਸਾਰ ਹੈ :

## 1.1 ਗੁਰੂ: ਅਰਥ

ਭਾਈ ਕਾਨ੍ਹ ਸਿੰਘ ਅਨੁਸਾਰ 'ਗੁਰੂ' ਪਦ ਦੇ ਅਰਥ ਹਨ: ਹਨੇਰਾ ਦੂਰ ਕਰਕੇ ਰੌਸ਼ਨੀ (ਪ੍ਰਕਾਸ਼) ਕਰਨ ਵਾਲਾ। ਭਾਈ ਸਾਹਿਬ ਅਨੁਸਾਰ, "ਗੁਰੂ ਸ਼ਬਦ ਗ੍ਰੀ (ਗ੍ਰ) ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਹਨ: ਨਿਗਲਣਾ ਅਤੇ ਸਮਝਾਉਣਾ। ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ।"[7] ਉਨ੍ਹਾਂ ਦਾ ਮਤ ਹੈ ਕਿ ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇਕੋ ਹੀ ਅਰਥ ਵਿਚ ਆਏ ਹਨ।[8] 'ਗੁਰੂ' ਪਦ ਦੇ ਅਰਥ ਸਿੱਖ ਪਰੰਪਰਾ ਅਨੁਸਾਰ ਹਨੇਰੇ ਤੋਂ ਪ੍ਰਕਾਸ਼ ਕਰਨ ਵਾਲਾ ਹੀ ਹਨ। ਇਸ ਪ੍ਰਥਾਇ ਗੁਰਬਾਣੀ ਵਿਚ ਅਨੇਕ ਥਾਈਂ ਪੁਸ਼ਟੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਵੇਂ ਸੈਂਕੜੇ ਚੰਦਰਮਾ ਚੜ੍ਹ ਜਾਣ, ਹਜਾਰਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਵੇ,

ਐਨੇ ਚਾਨਣ ਹੋਣ ਦੇ ਬਾਵਜੂਦ ਵੀ ਗੁਰੂ ਤੋਂ ਬਿਨਾਂ ਘੋਰ ਹਨੇਰਾ ਹੀ ਹੈ:

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*[9]

ਵਿਕਾਰਾਂ ਰੂਪੀ ਭੜਕਦੀ ਅਗਨੀ ਨੂੰ ਠੰਢੀ ਕਰ ਦੇਣ ਵਾਲੇ ਤੇ ਅਗਿਆਨ ਦਾ ਨਾਸ ਕਰ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਗੁਰੂ ਹੈ:

*ਬਲਤੋ ਜਲਤੌ ਤਉਕਿਆ ਗੁਰ ਚੰਦਨੁ ਸੀਤਲਾਇਓ ॥*
*ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥*[10]

ਭਟ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ ਚਿਰਾਗ (ਦੀਪਕ) ਰੂਪ ਵਿਚ ਦੇਖਦੇ ਹਨ:

*ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥*
*ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥*[11]

ਭਾਈ ਗੁਰਦਾਸ ਜੀ ਉਕਤ ਅਰਥਾਂ ਦੀ ਵਿਆਖਿਆ ਕਰਦੇ ਹਨ ਕਿ ਗੁਰਬਾਣੀ ਮੁਖੋਂ ਉਚਾਰਨ ਕਰਨ ਨਾਲ ਹਿਰਦੇ ਵਿਚੋਂ ਹਨੇਰਾ ਦੂਰ ਹੋ ਕੇ ਰੌਸ਼ਨੀ ਹੋ ਜਾਂਦੀ ਹੈ:

*ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ ॥*[12]

ਭਾਈ ਮਨੀ ਸਿੰਘ ਅਨੁਸਾਰ 'ਗੋ' ਨਾਮ ਅੰਧਕਾਰ ਦਾ ਹੈ, ਤੇ 'ਰੋ' ਨਾਮ ਪ੍ਰਕਾਸ਼ ਦਾ ਹੈ, ਜੋ ਐਸੇ ਜੜ੍ਹ ਅਨਿਤ ਦੇਹ ਨੂੰ ਪ੍ਰਕਾਸ਼ ਦੇ ਰਿਹਾ ਹੈ, ਓਸ ਦਾ ਨਾਮੁ ਵਾਹਿਗੁਰੂ ਹੈ।[13] ਭਾਈ ਸੰਤੋਖ ਸਿੰਘ ਵੀ 'ਗੁਰੂ' ਦੇ ਅਰਥ ਹਨੇਰਾ ਦੂਰ ਕਰ ਕੇ ਪ੍ਰਕਾਸ਼ ਕਰਨ ਵਾਲਾ ਕਰਦੇ ਹਨ:

*ਗੋ ਤਮ ਨਾਮ ਅਗਯਾਨ ਅਨਿਤ ॥ ਰੋ ਪਰਕਾਸ ਕਿਯੋ ਜਿਨ ਚਿਤੁ ॥*[14]

ਭਾਈ ਸੰਤੋਖ ਸਿੰਘ ਦਾ ਖਿਆਲ ਹੈ ਕਿ ਸਿੱਖ ਧਰਮ ਵਿਚ 'ਗੁਰੂ' ਅਤੇ 'ਵਾਹਿਗੁਰੂ' ਪਦ ਦੇ ਅਰਥ ਨਿਰਧਾਰਿਤ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਆਪ ਹੀ ਹਨ। ਦੂਜੇ ਸ਼ਬਦਾਂ ਵਿਚ ਗੁਰੂ ਸਾਹਿਬ ਵਲੋਂ ਪ੍ਰਦਾਨ ਕੀਤੇ 'ਗੁਰੂ' ਪਦ ਦੇ ਅਰਥ ਹੋਰ ਪਰੰਪਰਾਵਾਂ ਨਾਲੋਂ ਵਖਰੇ ਹਨ। 'ਗੁਰੂ' ਪਦ ਸਿੱਖ ਧਰਮ ਵਿਚ ਵਿਲਖਣ ਅਤੇ ਨਿਵੇਕਲੇ ਭਾਵ ਰਖਦਾ ਹੈ, ਜਿਸ ਨੂੰ ਗੁਰਬਾਣੀ ਰਾਹੀਂ ਹੀ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ।[15]

ਭਾਈ ਵੀਰ ਸਿੰਘ ਜੀ ਪਰੰਪਰਾ ਅਨੁਸਾਰ 'ਗੁਰੂ' ਪਦ ਦੀ ਵਿਆਖਿਆ ਕਰਦੇ ਹਨ। ਉਨ੍ਹਾਂ ਨੇ ਸੰਸਕ੍ਰਿਤ ਦੇ ਸਲੋਕ गुश्शबस्त्वन्धकारः स्याद्र 'रू' शब्द्रस्तन्निरोधकः अन्ध्कारनि रोधित्वात गुरू रित्यमिधीयते ਦੇ ਅਧਾਰ ਉਤੇ ਗੁਰੂ ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

> 'ਗੁ' ਦਾ ਅਰਥ ਹੈ ਅਨ੍ਹੇਰਾ ਤੇ 'ਰੂ' ਦਾ ਅਰਥ ਹੈ 'ਅਨ੍ਹੇਰੇ ਨੂੰ ਦੂਰ ਕਰਨ ਵਾਲਾ' (ਪ੍ਰਕਾਸ਼) ਤਾਂ ਤੇ ਅਨ੍ਹੇਰੇ ਨੂੰ ਜੋ ਦੂਰ ਕਰੇ ਉਸਨੂੰ ਗੁਰੂ ਆਖੀਦਾ ਹੈ।... 'ਗੁਰੂ' ਪਦ ਉਸ ਦਾ ਵਾਚਕ ਸਰੂਪ ਹੈ ਜੋ ਪ੍ਰਕਾਸ਼ ਕਰ ਦੇਣ ਵਾਲਾ ਹੈ। ਅਭਿਯਾਸੀਆਂ ਦੇ ਤਜ਼ਰਬੇ ਵਿਚ ਆਈ ਇਕ ਗਲ ਇਹ ਵੀ ਹੈ ਕਿ ਜਿਸ ਕਿਸੇ ਨੇ ਸਾਈਂ ਦੇ ਰਸ ਵਿਚ ਲਿਵ ਪਾਈ ਹੈ, ਉਸ ਨੂੰ ਐਉਂ ਭਾਸਦਾ ਹੈ ਕਿ ਮੈਂ ਅੰਧਕਾਰ ਵਿਚ ਸਾਂ, ਮੈਨੂੰ ਇਕ ਜਾਗ੍ਰਤ ਆ ਗਈ ਹੈ। ਇਕ ਪ੍ਰਕਾਸ਼ ਆਯਾ ਹੈ। ਸੋ, ਗੁਰੂ ਪਦ ਦਾ ਅਰਥ ਹੈ ਅੰਧਕਾਰ ਤੋਂ ਪ੍ਰਕਾਸ਼ ਦੇਣ ਵਾਲਾ, ਪ੍ਰਕਾਸ਼ ਸਰੂਪ।[16]

ਭਾਈ ਵੀਰ ਸਿੰਘ ਜੀ ਦਾ ਵਿਚਾਰ ਹੈ ਕਿ 'ਗੁਰੂ', ਸਿਖਯਾ ਦਾਤਾ ਅਤੇ ਗੁਰ ਮੰਤ੍ਰ ਦਾਤਾ (ਦੀਖਯਤ ਕਰਨ ਵਾਲਾ) ਵੀ ਹੈ।[17] ਉਨ੍ਹਾਂ ਅਨੁਸਾਰ, "ਗੁਰਸਿਖੀ ਵਿਚ ਇਹ ਪਦ (ਗੁਰੂ) ਦਸੋਂ ਗੁਰੂ ਸਾਹਿਬਾਨ ਵਾਸਤੇ ਮਖਸੂਸ (ਰਾਖਵਾਂ) ਹੈ। ਦਸੋਂ ਗੁਰੂ ਸਾਹਿਬ 'ਇਨਸਾਨ ਗੁਰੂ' ਨਹੀਂ, ਪਰ 'ਦੈਵ ਗੁਰੂ' ਮੰਨੇ ਗਏ ਹਨ। ਉਨ੍ਹਾਂ ਦਾ ਖਿਆਲ ਹੈ ਕਿ 'ਗੁਰੂ' ਕੇਵਲ ਉਸਤਾਦ ਮਾਤ੍ਰ ਯਾ ਦੀਖਯਾਦਾਤਾ ਮਾਤ੍ਰ ਨਹੀਂ, ਬਲਕਿ ਉਹ ਵਾਹਿਗੁਰੂ ਦੀ 'ਜਯੋਤੀ' ਹੈ।"[18]

ਗਿਆਨੀ ਬਦਨ ਸਿੰਘ 'ਗੁਰੂ' ਪ੍ਰਥਾਇ ਲਿਖਦੇ ਹਨ, "ਗੁਰੁ ਪੂਜਯ ਹੈ ਅਰੁ ਵਡਾ ਹੈ। ਯਾਂ ਤੇ ਸਿਧ ਹੂਆ ਪਰ ਪੁਰਖੁ ਹੀ ਗੁਰੂ ਰੂਪ ਧਾਰ ਕੇ ਸਭ ਕੋ ਮੁਕਤੀ ਕੇ ਮਾਰਗ ਕਾ ਉਪਦੇਸ ਕਰਤਾ ਹੈ।"[19]

ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ, "ਗੁਰੂ ਅਧਿਆਪਕ ਜਾਂ ਸਿੱਖਿਆ ਦਾਤਾ ਦਾ ਨਾਮ ਹੈ, ਜੋ ਸਬਦ-ਬ੍ਰਹਮ ਦਾ ਸਰੂਪ ਹੈ, ਜਿਸ ਦੇ ਵਿਅਕਤਿਤ੭ ਵਿਚ 'ਅਨੰਤ' ਵਿਦਮਾਨ ਹੈ।"[20]

## 1.2 ਗੁਰੂ: ਪਰਿਭਾਸ਼ਾ

'ਗੁਰੂ' ਨੂੰ ਪਰਿਭਾਸ਼ਿਤ ਕਰਨਾ ਬਹੁਤ ਬਿਖਮ ਕਾਰਜ ਹੈ, ਪਰੰਤੂ ਫਿਰ ਵੀ ਗੁਰਬਾਣੀ ਵਿਚਲੇ ਕੁਝ ਪ੍ਰਵਚਨਾਂ ਦੀ ਰੌਸ਼ਨੀ ਵਿਚ ਅਸੀਂ ਕੁਝ ਲਛਣ ਪਛਾਣ ਕੇ 'ਗੁਰੂ' ਨੂੰ ਪਰਿਭਾਸ਼ਿਤ ਕਰਨ ਦਾ ਜਤਨ ਕਰ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਅਨੁਸਾਰ ਉਹ ਸੁਜਾਨ ਪੁਰਖ ਗੁਰੂ ਹੈ ਜਿਹੜਾ ਸਾਰਿਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ:

*ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥* [21]

ਗੁਰੂ ਉਹ ਹੈ ਜਿਸ ਦਾ ਹਿਰਦਾ ਤਹਿ ਤਕ ਸਤਿ ਸਰੂਪ ਪਰਮਾਤਮਾ ਦੇ ਨਾਮ ਵਿਚ ਰਤਾ ਹੈ ਅਤੇ ਜਿਸ ਦੀ ਸੁਗੰਧ ਨਾਲ ਸੰਸਾਰਿਕ ਪ੍ਰਾਣੀਆਂ ਰੂਪੀ ਬਨਸਪਤੀ ਸੰਵਰ ਜਾਂਦੀ ਹੈ:

*ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ ॥*
*ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸ ਚਰਣ ਲਿਵ ਰਹੀਐ ॥* [22]

ਉਹ ਸਤਿਗੁਰੂ ਹੈ, ਜਿਸ ਨੂੰ ਸਤਿ ਪੁਰਖੁ ਵਾਹਿਗੁਰੂ ਦੀ ਪਛਾਣ ਹੋ ਗਈ ਹੈ, ਜਿਸ ਦੇ ਅੰਦਰ ਵਾਹਿਗੁਰੂ ਦਾ ਗਿਆਨ ਆ ਗਿਆ ਹੈ। ਉਸ ਦੀ ਸੰਗਤ ਕਰਨ ਵਾਲਾ ਸਿੱਖ ਆਪਣੀ ਸੰਸਾਰਕ ਯਾਤਰਾ, ਨਾਮ ਜਪ ਕੇ ਸਫਲਤਾ ਪੂਰਵਕ ਸੰਪੂਰਨ ਕਰ ਲੈਂਦਾ ਹੈ:

*ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸੁ ਕਾ ਨਾਉ ॥*
*ਤਿਸੁ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥* [23]

ਗੁਰੂ ਉਹ ਹੈ ਜਿਸ ਦੇ ਮਿਲਣ 'ਤੇ ਮਨ ਅਨੰਦਿਤ ਹੋ ਜਾਵੇ ਤੇ ਮਨ ਵਿਚੋਂ ਹਰ ਪ੍ਰਕਾਰ ਦੀ ਦ੍ਵੈਸ਼ ਖਤਮ ਹੋਣ ਨਾਲ ਪਰਮ ਪਦ ਦੀ ਪ੍ਰਾਪਤੀ ਹੋਵੇ:

*ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰ ਕਹੀਐ ॥*
*ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥* [24]

ਗੁਰਬਾਣੀ ਦੀ ਲੋਅ ਵਿਚ ਹੀ ਵਿਦਵਾਨਾਂ ਨੇ ਵੀ 'ਗੁਰੂ' ਪਦ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲੜੀ ਵਿਚ ਭਾਈ ਵੀਰ ਸਿੰਘ ਕਹਿੰਦੇ ਹਨ, "ਸਿੱਖ ਧਰਮ ਵਿਚ ਗੁਰੂ ਪਦ ਕੇਵਲ ਦਸੋਂ ਹੀ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਲਈ ਵਰਤਿਆ ਜਾਂਦਾ ਹੈ, ਕਿਸੇ ਹੋਰ ਵਾਸਤੇ ਨਹੀਂ।"[25]

ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ, ਜਿਹੜਾ ਮਨੁਖੀ ਜੀਵਨ ਨੂੰ ਊਰਜਾ ਦੇਣ ਵਾਲਾ ਕੇਂਦਰ ਹੈ, ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਗੁਰੂ ਨੂੰ ਉਹ ਮਨੁਖ ਹੀ ਸਮਝ ਸਕਦਾ ਹੈ, ਜਿਹੜਾ ਆਪਣੀ ਸਮੁਚੀ ਜ਼ਿੰਦਗੀ ਦੌਰਾਨ 'ਨਾਮ' ਦਾ ਅਭਿਆਸ ਕਰ ਕੇ ਸਿੱਖੀ ਦੀ ਰੂਹ ਨਾਲ ਇਕਮਿਕ ਹੋਇਆ ਹੋਵੇ।[26]

ਸ. ਕਪੂਰ ਸਿੰਘ ਦਾ ਵਿਚਾਰ ਹੈ ਕਿ, "ਗੁਰੂ ਉਹ ਦੈਵੀ ਪ੍ਰਕਾਸ਼ ਹੈ ਜਿਹੜਾ ਹਰ ਮਨੁਖੀ ਹਿਰਦੇ ਵਿਚ ਪ੍ਰਕਾਸ਼ਮਾਨ ਹੈ। ਇਹ ਪ੍ਰਕਾਸ਼ ਮਨੁਖ ਨੂੰ ਕਿਸੇ ਖਾਸ ਧਾਰਮਿਕ ਸਾਧਨਾ ਰਾਹੀਂ ਪ੍ਰਤਖ ਹੁੰਦਾ ਹੈ।"[27] ਪ੍ਰਿੰ. ਤੇਜਾ ਸਿੰਘ ਨੇ 'ਗੁਰੂ' ਨੂੰ ਸਿੱਖ ਦੇ ਅਧਿਆਤਮਕ ਜੀਵਨ ਦਾ ਚਾਲਕ, ਸ਼ਿਲਪੀ ਅਤੇ ਨਿਰਮਾਤਾ ਮੰਨਿਆ ਹੈ।[28] ਭਾਈ ਜੋਧ ਸਿੰਘ ਅਨੁਸਾਰ, "ਗੁਰੂ ਤੋਂ ਭਾਵ ਉਨ੍ਹਾਂ ਖਾਸ ਹਸਤੀਆਂ ਤੋਂ ਹੈ ਜੋ ਨਿਰੰਕਾਰ ਵਲੋਂ ਧਰਮ ਨੂੰ ਮੁੜ ਪਰਗਟ ਕਰਨ ਲਈ ਘਲੀਆਂ ਗਈਆਂ।" [29]

ਡਾ. ਤਾਰਨ ਸਿੰਘ ਅਨੁਸਾਰ, "ਅਕਾਲਪੁਰਖ ਆਪਣੀ ਵਿਸ਼ੇਸ਼ ਗਿਆਨ ਸ਼ਕਤੀ ਕਿਸੇ ਸਿਧ ਆਤਮਾ ਵਿਚ ਸੰਸਾਰ ਕਲਿਆਨ ਹਿਤ ਰਖਦਾ ਹੈ। ਇਹ ਆਤਮਾ ਮਨੁਖੀ ਸਰੀਰ ਵਿਚ ਗੁਰੂ ਅਖਵਾਂਦੀ ਹੈ, ਜਿਸ ਦਾ ਵਿਸ਼ੇਸ਼ ਬਲ 'ਬਾਣੀ' ਹੁੰਦੀ ਹੈ ਤੇ ਜਿਹੋ ਜਿਹੀ ਤੇ ਜਿਵੇਂ-ਜਿਵੇਂ ਉਸ ਨੂੰ ਬਾਣੀ ਅਕਾਲ ਪੁਰਖ ਵਲੋਂ ਪ੍ਰਾਪਤ ਹੁੰਦੀ ਹੈ, ਗੁਰੂ ਉਸ ਦਾ ਪਾਸਾਰ ਕਰਦਾ ਹੈ। ਸੋ, ਗੁਰੂ ਪਰਮਾਤਮਾ ਦਾ ਇਕ ਵਿਸ਼ੇਸ਼ ਸਰੂਪ ਹੈ।"[30]

## 1.3 ਗੁਰੂ: ਸਰੂਪ

'ਗੁਰੂ' ਸਦੀਵ ਕਾਲ ਰਹਿਣ ਵਾਲੀ ਹਸਤੀ ਦਾ ਨਾਮ ਹੈ, ਜਿਹੜਾ ਕਦੇ ਜਨਮਦਾ-ਮਰਦਾ ਨਹੀਂ। ਦੂਜੇ ਪਾਸੇ ਸਦਾ ਥਿਰ ਰਹਿਣ ਵਾਲੀ ਹੋਂਦ ਤਾਂ ਇਕੋ-ਇਕ ਵਾਹਿਗੁਰੂ ਦੀ ਹੈ। ਇਸ ਪਖੋਂ ਸਤਿਗੁਰੂ ਅਤੇ ਵਾਹਿਗੁਰੂ ਇਕੋ ਹੋਂਦ ਦੇ ਦੋ ਵਖ-ਵਖ ਨਾਮ ਤੇ ਰੂਪ ਹਨ। ਦੂਜੇ ਸ਼ਬਦਾਂ ਵਿਚ ਵਾਹਿਗੁਰੂ ਦੀ ਅਦ੍ਰਿਸ਼ਟ ਹੋਂਦ ਦਾ ਪ੍ਰਤਖ ਜਾਂ ਦ੍ਰਿਸ਼ਟਮਾਨ ਰੂਪ ਗੁਰੂ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਸਤਿਗੁਰੂ ਨੂੰ ਮਨੁਖੀ ਦੇਹ ਵਾਲਾ ਨਾ ਸਮਝਦੇ ਹੋਏ ਨਿਰੰਜਨ ਅਤੇ ਨਿਰੰਕਾਰ ਸਮਝਣਾ ਚਾਹੀਦਾ ਹੈ:

*ਦੂਜਾ ਨਹੀ ਜਾਨੈ ਕੋਇ ॥ ਸਤਿਗੁਰੁ ਨਿਰੰਜਨੁ ਸੋਇ ॥*
*ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥*[31]

ਗੁਰੂ ਦੀ ਪ੍ਰਤਖ ਦਿਸਦੀ ਹੋਂਦ ਰਾਹੀਂ ਵਾਹਿਗੁਰੂ ਨੇ ਆਪਣਾ ਹੁਕਮ ਵਰਤਾਇਆ ਹੋਇਆ ਹੈ:

*ਗੁਰ ਮਹਿ ਆਪੁ ਸਮੋਇ ਸਬਦ ਵਰਤਾਇਆ ॥*[32]

## 1.4 ਗੁਰੂ ਨਾਨਕ ਦੇਵ ਜੀ ਦਾ ਗੁਰੂ

ਗੁਰੂ ਨਾਨਕ ਦੇਵ ਜੀ 'ਆਦਿ ਗੁਰੂ' ਦੇ ਰੂਪ ਵਿਚ 'ਪਾਰਬ੍ਰਹਮ ਪਰਮੇਸਰ' ਤੋਂ 'ਗੁਰ ਪਰਮੇਸਰ' ਹੋ ਕੇ ਅਵਤ੍ਰਿਤ ਹੁੰਦੇ ਹਨ। ਇਤਿਹਾਸਿਕ ਦ੍ਰਿਸ਼ਟੀ ਤੋਂ ਸੰਸਾਰ ਵਿਚ ਜਿੰਨੇ ਵੀ ਅਵਤਾਰ, ਰਿਸ਼ੀ-ਮੁਨੀ, ਪੀਰ, ਪੈਗੰਬਰ, ਰਸੂਲ, ਮਹਾਂਪੁਰਖ ਆਦਿ ਹੋਏ ਹਨ, ਸਾਰੇ ਹੀ ਕਿਸੇ ਨਾ ਕਿਸੇ ਨੂੰ ਗੁਰੂ ਧਾਰ ਕੇ ਗਿਆਨ ਪ੍ਰਾਪਤ ਕਰਦੇ ਰਹੇ ਹਨ। ਇਸ ਦੇ ਵਿਪਰੀਤ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਦੀ ਕੋਈ ਲੋੜ ਨਹੀਂ ਪਈ, ਕਿਉਂਕਿ ਅਕਾਲਪੁਰਖ ਵਾਹਿਗੁਰੂ ਦੀ ਗੁਰੂ-ਸਰੂਪ ਜੋਤਿ ਹੀ ਮੂਰਤੀਮਾਨ ਹੋ ਕੇ 'ਨਾਨਕ' ਨਾਮ ਧਾਰ, ਮਾਤ ਲੋਕ ਵਿਚ ਪ੍ਰਗਟ ਹੋਈ।[33] ਪੁਰਾਤਨ ਜਨਮਸਾਖੀ ਨੇ ਇਸ ਦ੍ਰਿਸ਼ ਦਾ ਇਉਂ ਵਰਨਣ ਕੀਤਾ ਹੈ:

> ...ਆਗਿਆ ਪਰਮੇਸਰ ਕੀ ਹੋਈ, ਜੋ ਨਾਨਕ ਭਗਤੁ ਹਾਜਰੁ ਹੋਆ, ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲ ਮਿਲਿਆ। ਹੁਕਮੁ ਹੋਆ: 'ਨਾਨਕ! ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ, ਤੂ ਪੀਉ'। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਵਾਨੁ ਹੋਆ: 'ਨਾਨਕ ਮੈ ਤੇਰੇ ਨਾਲ ਹਾਂ। ਮੈ ਤੇਰੇ ਤਾਈ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੇਗਾ ਸੋ ਸਭ ਮੈ ਨਿਹਾਲੁ ਕੀਤੇ ਹੈਨਿ।... ਤਬਿ ਫਿਰਿ ਆਗਿਆ ਆਈ, ਹੁਕਮ ਹੋਆ: 'ਨਾਨਕੁ ਜਿਸੁ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ॥ ਜਿਸੁ ਉਪਰਿ ਤੇਰਾ ਕਰਮੁ, ਤਿਸੁ ਉਪਰਿ ਮੇਰਾ ਕਰਮੁ॥ ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ, ਅਰ ਤੇਰਾ ਨਾਉਂ ਗੁਰੂ ਪਰਮੇਸਰੁ': ਤਬ ਗੁਰੂ ਨਾਨਕ ਪੈਰੀ ਪਇਆ, ਸਿਰੁਪਾਉ ਦਰਗਾਹੋਂ ਬਾਬੇ ਨੂੰ ਮਿਲਿਆ।...[34]

ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰੂ' ਬਾਰੇ ਜਨਮਸਾਖੀ ਸਾਹਿਤ ਵਿਚੋਂ ਭਰਪੂਰ ਜਾਣਕਾਰੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ 'ਆਦਿ ਗੁਰੂ' ਕਿਵੇਂ ਹੋਏ?, ਉਨ੍ਹਾਂ ਨੂੰ 'ਗੁਰੂ' ਪਦ ਕਿਸ ਨੇ ਬਖਸ਼ਿਆ?, ਆਦਿ ਬਾਰੇ ਜਨਮਸਾਖੀਆਂ ਵਧੇਰੇ ਸਪਸ਼ਟ ਕਰਦੀਆਂ ਹਨ। ਸੋਢੀ ਹਰਿ ਜੀ ਕ੍ਰਿਤ ਜਨਮਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸਿਧਾਂ ਵਿਚ ਹੋਏ ਸੰਵਾਦ ਦੌਰਾਨ ਗੁਰੂ ਨਾਨਕ ਦੇਵ ਜੀ ਦੇ 'ਗੁਰੂ' ਬਾਰੇ ਸਿਧ ਪੁਛਦੇ ਹਨ:

*ਤੈਂ ਦਰਸਨੁ ਲੀਆ ਸੁ ਕਿਸੁ ਕਾ ਲੀਆ ਹੈ? ਅਰੁ ਤੂ ਸਿਖੁ ਕਿਸੁ ਕਾ ਹੂਆ ਹੈ?*[35]

ਜਵਾਬ ਵਜੋਂ ਗੁਰੂ ਨਾਨਕ ਦੇਵ ਜੀ ਉਤਰ ਦਿੰਦੇ ਹਨ:

*ਮੈ ਸਿਖੁ ਸਚੁ ਕਾ ਹੂਆ ਹੌਂ।*[36]

ਸ੍ਰੀ ਗੁਰੂ ਨਾਨਕ ਦੇਵ ਜੀ ਆਪ ਆਪਣੀ ਬਾਣੀ ਵਿਚ ਪਰਮਾਤਮਾ ਦੀ ਸਰਬ ਵਿਆਪਕ ਹਸਤੀ ਦਾ ਵਰਨਣ ਕਰਦੇ ਹੋਏ ਕਹਿੰਦੇ ਹਨ ਕਿ ਉਹ ਪਰਮਾਤਮਾ ਜਿਹੜਾ ਅਲਖ, ਨਿਰੰਜਨ, ਪ੍ਰਕਾਸ਼ ਰੂਪ, ਅਪਰੰਪਰ ਅਤੇ ਪਾਰਬ੍ਰਹਮ ਪਰਮੇਸਰ ਹੈ, ਉਨ੍ਹਾਂ ਨੂੰ ਗੁਰੂ ਰੂਪ ਵਿਚ ਪ੍ਰਾਪਤ ਹੋਇਆ ਹੈ :

*ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥*
*ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕੁ ਗੁਰੁ ਮਿਲਿਆ ਸੋਈ ਜੀਉ ॥* [37]

## 1.5 ਸ੍ਰੀ ਗੁਰੂ ਨਾਨਕ ਦੇਵ ਜੀ : ਅਵਤਾਰ ਜਾਂ ਮਨੁੱਖ?

ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਸਨ ਜਾਂ ਮਨੁੱਖ? ਜਾਂ ਫਿਰ ਕੀ ਗੁਰੂ ਨਾਨਕ ਦੇਵ ਜੀ ਦਾ ਸਰੀਰ 'ਗੁਰੂ' ਸੀ ਜਾਂ ਉਨ੍ਹਾਂ ਦੁਆਰਾ ਦਿਤਾ ਉਪਦੇਸ਼ ਗੁਰੂ ਸੀ? ਇਹ ਵਿਚਾਰਨਯੋਗ ਸਵਾਲ ਹਨ। ਜ਼ਿਕਰਯੋਗ ਹੈ ਕਿ 'ਗੁਰੂ' ਇਕ ਰਹਸਦਵਾਦੀ ਵਰਤਾਰਾ ਹੈ। ਇਹ ਮਨੁਖੀ ਗਿਆਨ-ਇੰਦਰੀਆਂ ਦੀ ਪਹੁੰਚ ਤੋਂ ਪਰੇ ਦੀ ਖੇਡ ਹੈ। ਵਿਦਵਾਨ ਲੋਕ ਆਪੋ-ਆਪਣੀ ਬੁਧ ਅਨੁਸਾਰ ਉਕਤ ਸਵਾਲਾਂ ਦੇ ਜਵਾਬ ਤਾਂ ਦਿੰਦੇ ਹਨ, ਪਰੰਤੂ ਉਹ 'ਗੁਰੂ' ਦੇ 'ਅਸਲੇ' ਦੀ ਥਾਹ ਨਹੀਂ ਪਾ ਸਕਦੇ।

ਭਾਰਤ ਵਿਚ ਸਮੇਂ-ਸਮੇਂ 'ਤੇ ਹੋਏ ਦੇਵੀ-ਦੇਵਤਿਆਂ ਨੂੰ ਭਾਵੇਂ ਲੋਕਾਂ ਨੇ ਅਵਤਾਰ ਮੰਨ ਕੇ ਪੂਜਿਆ ਹੈ, ਪਰ ਗੁਰਮਤਿ ਅਨੁਸਾਰ ਉਨ੍ਹਾਂ ਨੂੰ ਅਵਤਾਰ ਨਹੀਂ ਕਿਹਾ ਜਾ ਸਕਦਾ। ਇਹ ਦੈਵੀ ਸ਼ਕਤੀਆਂ ਪਾਰਬ੍ਰਹਮ ਦਾ ਪ੍ਰਕਾਸ਼ ਗੁਣ ਲੈ ਕੇ ਉਸ ਦੇ ਹੁਕਮ ਵਿਚ ਮਨੁਖੀ ਕਲਿਆਣ ਦਾ ਪ੍ਰਯੋਜਨ ਲੈ ਕੇ ਇਸ ਸੰਸਾਰ ਵਿਚ ਪ੍ਰਗਟ ਹੋਈਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਇਸ ਪ੍ਰਥਾਇ ਸਪਸ਼ਟ ਕੀਤਾ ਹੈ ਕਿ ਪਾਰਬ੍ਰਹਮ ਤੋਂ ਹੀ ਬਲ ਲੈ ਕੇ ਦੁਰਗਾ (ਪਰਮੇਸ਼ਰੀ ਸ਼ਕਤੀ) ਨੇ ਦੈਂਤਾਂ ਦਾ, ਰਾਮ ਨੇ ਰਾਵਣ ਦਾ ਅਤੇ ਕ੍ਰਿਸ਼ਨ ਨੇ ਕੰਸ ਦਾ ਸੰਘਾਰ ਕੀਤਾ।[38] ਪਰਮੇਸਰ ਦੀ ਇਸ ਪ੍ਰਕਾਸ਼ ਸ਼ਕਤੀ ਦੇ ਅਵਤ੍ਰਣ ਸੰਬੰਧੀ ਭਟ ਬਾਣੀ ਵਿਚ ਇਸ ਤਰ੍ਹਾਂ ਅੰਕਿਤ ਹੈ:

*ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥* [39]

ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਰਾਮ, ਕ੍ਰਿਸ਼ਨ ਜਾਂ ਦੂਜੇ ਅਵਤਾਰਾਂ ਦੀ ਤਰ੍ਹਾਂ ਪਰਮਾਤਮਾ ਦਾ ਅਵਤਾਰ ਨਹੀਂ:

*ਜਾ ਕੋ ਨਾਮੁ ਹੈ ਅਜੋਨੀ ਕੈਸੇ ਕੈ ਜਨਮੁ ਲੈ*
*ਕਹਾ ਜਾਨ ਬ੍ਰਤ ਜਨਮਾਸਟਮੀ ਕੋ ਕੀਨੋ ਹੈ ॥*
*ਜਾ ਕੋ ਜਗਜੀਵਨ ਅਕਾਲ ਅਬਿਨਾਸੀ*
*ਨਾਮੁ ਕੈਸੇ ਕੈ ਬਧਿਕ ਮਾਰਓ ਅਪਜਸੁ ਲੀਨੋ ਹੈ ॥*
*ਨਿਰਮਲ ਨਿਰਦੋਖ ਮੋਖ ਪਦੁ ਜਾ ਕੇ ਨਾਮਿ ਗੋਪੀਨਾਥ*
*ਕੈਸੇਹੁਇ ਬਿਰਹ ਦੁਖ ਦੀਨੋ ਹੈ ॥*
*ਪਾਹਨ ਕੀ ਪ੍ਰਤਿਮਾ ਕੋ ਅੰਧ ਕੰਧ ਹੈ ਪੂਜਾਰੀ*
*ਅੰਤਰਿ ਅਗਿਆਨ ਮਤਿ ਗਿਆਨ ਗੁਰ ਹੀਨੋ ਹੈ ॥* [40]

ਡਾ. ਸ਼ੇਰ ਸਿੰਘ ਨੇ ਉਕਤ ਪ੍ਰਸ਼ਨ ਦੇ ਸੰਦਰਭ ਵਿਚ ਵਿਦਵਾਨਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ। ਇਕ ਸ਼੍ਰੇਣੀ ਤਾਂ ਉਨ੍ਹਾਂ ਧਰਮ-ਵੇਤਿਆਂ (theologians) ਦੀ ਹੈ, ਜਿਹੜੇ ਕਹਿੰਦੇ ਹਨ ਕਿ ਗੁਰੂ ਸਾਹਿਬ ਅਵਤਾਰ ਸਨ। ਹਿੰਦੂ ਮਤ ਅਨੁਸਾਰ ਅਵਤਾਰਾਂ ਦੇ ਕਈ ਦਰਜੇ ਹਨ। ਇਹ ਦਰਜੇ ਉਨ੍ਹਾਂ ਅਵਤਾਰਾਂ ਅੰਦਰ ਪਾਏ ਜਾਂਦੇ ਗੁਣ ਅਥਵਾ ਕਲਾਂ ਦੇ ਆਧਾਰ ਉਤੇ ਸਨ। ਇਸ ਤਰ੍ਹਾਂ ਨਾਲ 12, 14, 16 ਕਲਾਂ ਸੰਪੂਰਨ ਅਵਤਾਰਾਂ ਦਾ ਜਿਕਰ ਹਿੰਦੂ ਗ੍ਰੰਥਾਂ ਵਿਚ ਆਮ ਮਿਲਦਾ ਹੈ। ਇਸ ਪਰੰਪਰਾ ਅਧੀਨ ਨਿਰਮਲੇ ਸਾਧੂਆਂ ਨੇ ਗੁਰੂ ਨਾਨਕ ਦੇਵ ਜੀ ਤੇ ਬਾਕੀ ਨੌਂ ਗੁਰੂ ਸਾਹਿਬਾਨ ਨੂੰ 16 ਕਲਾਂ ਸੰਪੂਰਨ ਸਿਧ ਕੀਤਾ ਹੈ। ਦੂਜੀ ਸ਼੍ਰੇਣੀ ਵਿਚ ਉਹ ਵਿਦਵਾਨ ਹਨ ਜਿਹੜੇ ਵਿਗਿਆਨ ਦੇ ਅਸਰ ਹੇਠ ਕਾਰਨ-ਕਾਰਜ ਦੇ ਸਿਧਾਂਤ ਨੂੰ ਰੂਹਾਨੀ ਮੰਡਲਾਂ 'ਤੇ ਲਾਗੂ ਕਰਦੇ ਹਨ। ਇਨ੍ਹਾਂ ਅਨੁਸਾਰ ਗੁਰੂ ਸਾਹਿਬਾਨ ਨੇ ਮਿਹਨਤ ਕਰਕੇ ਰੂਹਾਨੀ ਮੰਜ਼ਿਲਾਂ ਪ੍ਰਾਪਤ ਕੀਤੀਆਂ। ਤੀਜੀ ਸ਼੍ਰੇਣੀ ਦੇ ਵਿਦਵਾਨ

ਕਹਿੰਦੇ ਹਨ ਕਿ ਗੁਰੂ ਸਾਹਿਬਾਨ ਸਨ ਤਾਂ ਮਨੁਖ ਹੀ, ਪਰੰਤੂ ਉਹ ਜਮਾਂਦਰੂ ਹੀ ਮਾਨਸਿਕ ਤੇ ਆਤਮਿਕ ਤੌਰ ਉਤੇ ਪੂਰਨ ਸਨ। ਉਨ੍ਹਾਂ ਅੰਦਰ ਰਬੀ ਅੰਸ਼ ਬਿਨਾਂ ਕਿਸੇ ਸਥੂਲ ਰੂਪ ਦੇ ਸੀ, ਪਰੰਤੂ ਉਹ ਰਬ ਨਹੀਂ ਸਨ। ਰਬ ਤੋਂ ਵਖ ਵੀ ਨਹੀਂ ਸਨ।[41]

ਵਰਨਣਯੋਗ ਹੈ ਕਿ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਅਵਤਾਰੀ ਖਿਆਲ ਦਾ ਵਿਰੋਧ ਕੀਤਾ ਹੈ।[42] ਇਸੇ ਲਈ ਉਹ ਆਪਣੇ ਆਪ ਨੂੰ ਕਿਸੇ ਵੀ ਤਰ੍ਹਾਂ ਦਾ ਵੈਦਿਕ ਅਵਤਾਰ, ਇਸਲਾਮਿਕ ਪੈਗੰਬਰ ਜਾਂ ਰਬ ਦਾ ਈਸਾਈ ਪੁਤਰ ਨਹੀਂ ਅਖਵਾਉਂਦੇ। ਗੁਰਬਾਣੀ ਵਿਚ ਕਈ ਥਾਈਂ ਸਤਿਗੁਰਾਂ ਨੇ ਪੈਗੰਬਰਾਂ ਤੇ ਅਵਤਾਰਾਂ ਨੂੰ ਆਮ ਮਨੁਖਾਂ ਵਾਂਗ ਹੀ ਦਰਸਾਇਆ ਹੈ।[43] ਗੁਰਬਾਣੀ ਵਿਚ ਇਹ ਵੀ ਸਿਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਅਕਾਲਪੁਰਖ ਦਾ ਹੀ ਰੂਪ ਹਨ। ਇਹ ਅਭੇਦਤਾ ਚਿੰਨ੍ਹਾਤਮਕ ਹੋਣ ਦੇ ਨਾਲ-ਨਾਲ ਯਥਾਰਥਕ ਵੀ ਹੈ:

*ਗੁਰੁ ਅਰਜੁਨੁ ਪਰਤਖ੍ਹ ਹਰਿ ॥* [44]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰਾਂ ਤੋਂ ਵਡੀ ਹਸਤੀ ਹਨ, ਪਰੰਤੂ ਇਹ ਵਡਤ ਉਨ੍ਹਾਂ ਨੂੰ ਗੈਰ-ਮਨੁਖ ਨਹੀਂ ਬਣਾਉਂਦੀ। ਗੁਰੂ ਸਾਹਿਬ ਤੇ ਆਮ ਮਨੁਖਾਂ ਵਿਚ ਜਾਤੀ ਦਾ ਭੇਦ ਨਹੀਂ, ਬਲਕਿ ਦਰਜੇ (ਉਚਾ-ਨੀਵਾਂ) ਦਾ ਭੇਦ ਜਰੂਰ ਹੈ। ਜਨਮਸਾਖੀਆਂ ਦੇ ਅਧਿਐਨ ਉਪਰੰਤ ਪਤਾ ਚਲਦਾ ਹੈ ਕਿ ਸਾਖੀਕਾਰਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਆਮ ਪੈਗੰਬਰਾਂ, ਅਵਤਾਰਾਂ ਆਦਿ ਤੋਂ ਘਟ ਨਹੀਂ ਰਖਿਆ, ਵਾਹ ਲਗਦੀ ਉਨ੍ਹਾਂ ਨੂੰ ਵੀ ਅਵਤਾਰਾਂ ਦੇ ਰਾਹਾਂ ਤੇ ਲੀਹਾਂ ਉਤੇ ਤੁਰਦੇ ਪੇਸ਼ ਕੀਤਾ ਹੈ। ਅਜਿਹਾ ਉਨ੍ਹਾਂ ਨੇ ਅਗਿਆਨ ਵਸ ਨਹੀਂ ਕੀਤਾ, ਬਲਕਿ ਗੁਰੂ ਪ੍ਰੇਮ ਵਿਚ ਭਿਜੇ ਸਾਖੀਕਾਰ ਸਰੀਰ ਨਾਲੋਂ ਗੁਰੂ ਦੇ ਦਿਬ-ਰੂਪ ਦੀ ਵਿਆਖਿਆ ਵਧੇਰੇ ਕਰਦੇ ਹਨ। ਜ਼ਿਕਰਯੋਗ ਹੈ ਕਿ ਸਾਖੀਕਾਰਾਂ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਟ ਸਾਹਿਬਾਨ ਨੇ ਵੀ ਇਸੇ ਤਰ੍ਹਾਂ ਦੀ ਵਿਆਖਿਆ ਕੀਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨੁਖਾ ਰੂਪ ਹੋਣ ਕਰਕੇ ਅਸੀਂ ਉਨ੍ਹਾਂ ਨੂੰ ਅਵਤਾਰ ਨਹੀਂ ਕਹਿ ਸਕਦੇ, ਪਰੰਤੂ ਨਾਲ ਹੀ ਉਨ੍ਹਾਂ ਦੁਆਰਾ ਮਨੁਖਾ ਰੂਪ ਧਾਰਨ ਕਰਨ ਨਾਲ, ਉਨ੍ਹਾਂ ਨੂੰ ਇਕ ਭੌਤਿਕ ਦਾਇਰਿਆਂ ਵਿਚ ਵਿਚਰਦਾ ਮਨੁਖ ਵੀ ਨਹੀਂ ਕਿਹਾ ਜਾ ਸਕਦਾ। ਇਸ ਦਾ ਇਕ ਕਾਰਨ ਇਹ ਹੈ ਕਿ ਸਰੀਰ ਤਾਂ ਗੁਰੂ-ਜੋਤਿ ਦੀ ਤਰ੍ਹਾਂ ਇਕ ਬਾਹਰੀ ਪੋਸ਼ਾਕ ਹੈ। ਇਸ ਤੋਂ ਬਿਨਾਂ ਜਿਵੇਂ ਇਹ ਪਰਮੇਸਰੀ-ਜੋਤਿ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪ੍ਰਵੇਸ਼ ਕਰਦੀ ਹੋਈ ਗ੍ਰੰਥ-ਪੰਥ ਤਕ ਪੁਜਦੀ ਹੈ, ਇਹ ਅਵਤਾਰਵਾਦੀ ਪਰੰਪਰਾ ਅਨੁਸਾਰੀ ਨਹੀਂ।

ਗੁਰਬਿਲਾਸ ਪਾ:6 ਅਨੁਸਾਰ ਗੁਰੂ-ਸਰੂਪ ਵਰਨਣ ਕਰਨਾ ਆਮ ਮਨੁਖ ਦੇ ਵਸ ਦੀ ਗਲ ਨਹੀਂ:

*ਸ੍ਰੀ ਗੁਰੁ ਨਾਨਕ ਕੀ ਉਪਮਾ ਸਮ ਸਿੰਧੁ ਕੋਊ ਕਵਿ ਪਾਰ ਨ ਪਾਵੈ ॥*
*ਨੇਤਿ ਹੀ ਨੇਤਿ ਸੁ ਬੇਦ ਰਰੈ ਸਦ ਸਿਧ ਸਭੀ ਜਿਨ ਕੈ ਬਲਿ ਜਾਵੈ ॥* [45]

ਜਨਮਸਾਖੀ ਸਾਹਿਤ ਨੇ ਗੁਰੂ ਨੂੰ ਗੁਰ-ਪਰਮੇਸਰ ਅਤੇ ਪਰਮਸਤਾ ਨੂੰ ਪਾਰਬ੍ਰਹਮ-ਪਰਮੇਸਰ ਕਹਿ ਕੇ ਗੁਰੂ ਅਤੇ ਪਰਮੇਸਰ ਦੀ ਵਖਰੀ ਪਛਾਣ ਸਥਾਪਿਤ ਕਰਕੇ ਗੁਰੂ ਨੂੰ ਅਵਤਾਰਵਾਦ ਨਾਲੋਂ ਨਿਖੇੜਿਆ ਹੈ। ਦਸ ਸਰੀਰਾਂ ਤੋਂ ਗੁਰ-ਪਰਮੇਸਰ ਦੀ ਜੋਤਿ, ਜਿਸ ਪ੍ਰਕਾਰ ਗ੍ਰੰਥ-ਪੰਥ ਤਕ ਪਹੁੰਚਦੀ ਹੈ, ਇਹ ਮਨੁਖੀ ਸੀਮਾਵਾਂ ਅਧੀਨ ਮੰਨਣਾ ਮੁਸ਼ਕਿਲ ਹੈ। ਸੋ, ਸਰੀਰ ਵਿਚ ਹੁੰਦਿਆਂ ਵੀ ਗੁਰੂ-ਜੋਤਿ ਬੰਧਨਾਂ ਤੋਂ ਮੁਕਤ ਹੈ।

ਭਾਈ ਗੁਰਦਾਸ ਜੀ ਨੇ ਗੁਰੂ-ਸਰੂਪ ਬਾਰੇ ਵਿਸਤਾਰ ਵਿਚ ਵਰਨਣ ਕੀਤਾ ਹੈ। ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਗੁਰੂ ਤੇ ਪਰਮੇਸਰ ਇਕ ਹਨ:

*ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰੰਕਾਰਿ ਆਕਾਰੁ ਬਣਾਇਆ ॥*
*ਅਬਿਗਤਿ ਗਤਿ ਆਗਾਧਿ ਬੋਧ ਗੁਰ ਮੂਰਤਿ ਹੋਇ ਅਲਖੁ ਲਖਾਇਆ ॥....*[46]

ਗੁਰੂ-ਜੋਤਿ ਅਤੇ ਪਾਰਬ੍ਰਹਮ ਵਿਚਾਲੇ ਕਿਸੇ ਪ੍ਰਕਾਰ ਦਾ ਕੋਈ ਭਰਮ-ਭੇਦ ਨਹੀਂ ਹੈ। ਜਦੋਂ ਗੁਰੂ-ਜੋਤਿ ਅੰਦਰੋਂ ਵਖਰੀ ਹੋਂਦ ਰਖਣ ਦੀ ਅਨੁਭਵਤਾ ਹੀ ਖਤਮ ਹੋ ਗਈ ਅਤੇ ਉਸ ਦੀ ਥਾਂ 'ਹਮ ਕਿਛੁ ਨਾਹੀ ਏਕੈ ਓਹੀ' ਨੇ ਲੈ ਲਈ, ਤਾਂ ਫਿਰ ਉਸ ਜੋਤਿ ਦੇ ਮਨੁਖਾ ਦੇਹੀ ਵਿਚ ਨਿਵਾਸ ਰਖਦਿਆਂ ਹੋਇਆਂ ਵੀ ਇਹੋ ਕਹਿਣਾ ਬਣਦਾ ਹੈ:

*ਮਾਨੁਖ ਕਾ ਕਰਿ ਰੂਪੁ ਨਾ ਜਾਨੁ ॥*[47]

**ਭਾਈ ਲਹਣਾ ਜੀ ਨੂੰ ਗੁਰਿਆਈ :** ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਗੁਰਿਆਈ' ਅਕਾਲਪੁਰਖ ਨੇ ਆਪ ਬਖਸ਼ੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹੀ 'ਗੁਰਿਆਈ' ਬਖਸ਼ਿਸ਼ ਦੀ ਪਰੰਪਰਾ ਵਿਚ ਢਾਲ ਕੇ ਅਗੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿਤੀ। ਸ੍ਰੀ ਗੁਰੂ ਨਾਨਕ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਅੰਤਰ ਕੇਵਲ ਸਰੀਰ ਦਾ ਸੀ। 'ਜੋਤਿ' ਦੀ ਦ੍ਰਿਸ਼ਟੀ ਤੋਂ ਦੋਵੇਂ ਇਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹਰੇਕ ਗੁਰੂ, ਸਿੱਖ ਧਰਮ ਦੇ ਬਾਨੀ ਦਾ ਰੂਹਾਨੀ ਵਾਰਿਸ ਸੀ, ਜਿਸ ਅੰਦਰ ਅਧਿਆਤਮਕ ਵਿਸ਼ੇਸ਼ਤਾਵਾਂ ਤੇ ਯੋਗਤਾਵਾਂ 'ਗੁਰੂ ਪਦਵੀ' ਪ੍ਰਾਪਤ ਕਰਨ ਸਮੇਂ ਸਹਿਜੇ ਦੀ ਪ੍ਰਵੇਸ਼ ਕਰ ਜਾਂਦੀਆਂ ਸਨ। ਗੁਰੂ ਪਦਵੀ ਪ੍ਰਾਪਤ ਕਰਨਾ ਇਕ ਰੂਹਾਨੀ ਗੁਣ ਸੀ।

ਇਕ ਗਲ ਬਿਲਕੁਲ ਸਪਸ਼ਟ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗੁਰਿਆਈ ਪਰੰਪਰਾ ਦੀ ਨਿਰੰਤਰਤਾ ਵਿਚ ਸਨ :

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥*[48]

ਇਤਿਹਾਸਕ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਨਾਨਕ-ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਆਈ। ਇਥੇ ਇਹ ਗਲ ਸਪਸ਼ਟ ਕਰਨੀ ਬਣਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰਿਆਈ ਮਿਲਣੀ ਨਿਰੋਲ ਰੂਪ ਵਿਚ ਅਧਿਆਤਮਕ ਪ੍ਰਕ੍ਰਿਆ ਸੀ, ਜਦੋਂ ਕਿ ਇਹੀ ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਪ੍ਰਾਪਤ ਹੋਈ ਤਾਂ ਅਧਿਆਤਮਕ ਹੋਣ ਦੇ ਨਾਲ-ਨਾਲ ਇਹ ਇਤਿਹਾਸਕ ਵੀ ਬਣ ਗਈ। ਭਾਵ, ਕਾਲ ਦੇ ਇਕ ਖਾਸ ਖੰਡ ਵਿਚ ਬਾਹਰੀ ਚਿੰਨ੍ਹਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਨੂੰ ਸੰਗਤ ਦੀ ਹਾਜ਼ਰੀ ਵਿਚ ਆਪਣੀ 'ਜੋਤਿ' ਉਨ੍ਹਾਂ ਦੇ ਹਿਰਦੇ ਵਿਚ ਟਿਕਾ ਕੇ ਉਨ੍ਹਾਂ ਨੂੰ ਗੁਰੂ ਥਾਪ ਦਿੱਤਾ। ਜਨਮਸਾਖੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਮਿਲਣ ਦਾ ਚਿਤ੍ਰਣ ਇਉਂ ਪੇਸ਼ ਕੀਤਾ ਗਿਆ ਹੈ:

> ਤਬ ਬਾਬਾ ਜੀ ਰਾਵੀ ਦੇ ਕਿਨਾਰੇ ਆਇਆ। ਤਦਹੁੰ ਪੈਸੇ ਪੰਜਿ ਬਾਬੇ ਜੀ ਗੁਰੂ ਅੰਗਦ ਜੀ ਕੈ ਅਗੈ ਰਖਿ ਕੈ ਪੈਰੀ ਪਇਆ। ਤਦਹੁੰ ਪਰਵਾਰ ਵਿਚਿ ਖਬਰਿ ਹੋਈ, ਤਾ ਸਰਬਤਿ ਸੰਗਤਿ ਵਿਚ ਖਬਰਿ ਹੋਈ, ਜੇ ਗੁਰੂ ਬਾਬਾ ਚਲਾਣੈ ਦੇ ਘਰਿ ਹੈ। ਤਦਹੁੰ ਗੁਰੂ ਅੰਗਦੁ ਹਥਿ ਜੋੜ ਖੜਾ ਹੋਇਆ। ਤਬ ਬਾਬੈ ਆਖਿਆ: 'ਕੁਛੁ ਮੰਗੁ' ਤਬ ਗੁਰੂ ਅੰਗਦ ਜੀ ਆਖਿਆ: 'ਜੀ ਪਾਤਿਸਾਹੁ! ਤੁਧੁ ਭਾਵੈ ਤ ਏਹ ਜੋ ਸੰਗਤਿ ਨਾਲਹੁੰ ਤੁਟੀ ਹੈ, ਸੋ ਲੜਿ ਲਾਈਐ ਜੀ। ਤਾ ਬਚਨ ਹੋਇਆ ਗੁਰੂ ਅੰਗਦੁ ਨੂੰ ਜੋ 'ਤੇਰਾ ਸਦਕਾ ਸਭਾ ਬਖਸ਼ੀ'। ਤਬ ਗੁਰੂ ਅੰਗਦੁ ਪੈਰੀਂ ਪਾਇਆ। ਉਤ ਮਹਲਿ ਸਬਦੁ ਹੋਇਆ।...[49]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ 'ਰਾਮਕਲੀ ਕੀ ਵਾਰ' ਵਿਚੋਂ 'ਗੁਰਿਆਈ' ਦੇ ਦਿਬ ਦਰਸ਼ਨ ਹੁੰਦੇ ਹਨ। ਵਾਰ ਦੀ ਚੌਥੀ ਪਉੜੀ ਵਿਚ ਭਾਈ ਸਤਾ ਜੀ ਬੜੀ ਅਸਚਰਜਤਾ ਨਾਲ ਬਿਆਨ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਇਕ ਨਵਾਂ ਰਸਤਾ ਚਲਾਇਆ। ਉਨ੍ਹਾਂ ਦਾ ਇਹ ਵਰਤਾਰਾ ਦੇਖ ਕੇ ਦੁਨੀਆ ਹੈਰਾਨ ਹੋ ਕੇ ਆਖਣ ਲਗੀ ਕਿ ਗੁਰੂ ਨਾਨਕ ਦੇਵ ਜੀ ਨੇ ਹੋਰ ਪਾਸਿਓਂ ਗੰਗਾ ਚਲਾ ਕੇ ਇਹ ਕੀ ਕੀਤਾ ਹੈ :

*ਹੋਰਿਓ ਗੰਗੁ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥*
*ਨਾਨਕ ਈਸਰਿ ਜਗਨਾਥਿ ਉਚ ਹਦੀ ਵੈਣੁ ਵਿਰਿਕਿਓਨੁ ॥*[50]

ਦੁਨੀਆ ਹੈਰਾਨ ਇਸ ਲਈ ਹੋਈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਦੇ ਸਿਰ ਉਤੇ ਗੁਰਿਆਈ ਦਾ ਛਤਰ ਧਰ ਕੇ ਉਨ੍ਹਾਂ ਦੀ ਸੋਭਾ ਅਸਮਾਨ ਤਕ ਪਹੁੰਚਾ ਦਿਤੀ। ਗੁਰੂ ਨਾਨਕ ਦੇਵ ਜੀ ਦੀ ਆਤਮਾ ਭਾਈ ਲਹਣਾ ਜੀ ਦੀ ਆਤਮਾ ਵਿਚ ਸਮਾ ਗਈ :

*ਲਹਣੇ ਧਰਿਓਨੁ ਛਤ੍ਰ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥*

*ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥* [51]

ਦੁਨੀਆ ਲਈ ਇਹ ਨਵੀਂ ਰੀਤ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਚੇਲੇ (ਸੇਵਕ) ਅਗੇ ਸਿਰ ਨਿਵਾਇਆ। ਭਾਈ ਬਲਵੰਡ ਜੀ ਵੀ ਇਸ ਅਸਚਰਜਤਾ ਅਧੀਨ ਫੁਰਮਾਉਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਧਰਮ ਦਾ ਇਕ ਨਵਾਂ ਰਾਜ ਚਲਾਇਆ ਹੈ, ਆਪਣੇ ਸੇਵਕ ਭਾਈ ਲਹਣਾ ਜੀ ਨੂੰ ਆਪਣੇ ਵਰਗਾ ਬਣਾ ਕੇ ਗੁਰੂ ਹੁੰਦਿਆਂ ਆਪਣੇ ਸੇਵਕ ਅਗੇ ਮਥਾ ਟੇਕਿਆ:

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥*

*ਗੁਰਿ ਚੇਲੇ ਰਹਿਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥*

*ਸਹਿ ਟਿਕਾ ਦਿਤੋਸੁ ਜੀਵਦੈ ॥* [52]

ਭਾਈ ਬਲਵੰਡ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਜਦੋਂ ਗਰਿਆਈ ਦਾ ਤਿਲਕ ਭਾਈ ਲਹਣਾ ਜੀ ਨੂੰ ਦਿਤਾ ਤਾਂ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦੀ ਬਰਕਤਿ ਨਾਲ ਭਾਈ ਲਹਣਾ ਜੀ ਦੀ ਪ੍ਰਸਿਧੀ ਸਾਰੇ ਪਾਸੇ ਫੈਲ ਗਈ। ਇਹ ਸਾਰਾ ਦੈਵੀ ਵਰਤਾਰਾ ਸੀ, ਕਿਉਂਕਿ ਭਾਈ ਲਹਣਾ ਜੀ ਦੇ ਅੰਦਰ ਗੁਰੂ ਨਾਨਕ ਦੇਵ ਜੀ ਦੀ ਹੀ ਜੋਤਿ ਪ੍ਰਵੇਸ਼ ਕੀਤੀ ਸੀ ਤੇ ਉਨ੍ਹਾਂ ਦੇ ਜੀਵਨ ਦਾ ਢੰਗ (ਜੁਗਤਿ) ਵੀ ਉਹੀ ਗੁਰੂ ਨਾਨਕ ਦੇਵ ਜੀ ਵਾਲਾ ਸੀ। ਇਹ ਤਾਂ ਮਾਨੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਰੀਰ ਹੀ ਵਟਾਇਆ ਸੀ :

*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥*

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥* [53]

ਭਟ ਮਥੁਰਾ ਜੀ ਦੀ ਨਜਰ ਵਿਚ ਪੰਚ ਪਰਮਾਣ ਪੁਰਖਾਂ ਦੀ ਮੂਰਤਿ ਦਾ ਇਤਿਹਾਸਕ ਵਰਤਾਰਾ ਨਿਰੋਲ ਅਧਿਆਤਮਿਕ ਹੈ। ਇਹ ਕਿਸੇ ਪਰੰਪਰਾ ਦਾ ਅਨੁਯਾਈ ਨਹੀਂ :

*ਜੋਤਿ ਰੂਪ ਹਰਿ ਗੁਰੂ ਨਾਨਕੁ ਕਹਾਯਉ ॥*

*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥...* [54]

ਵਿਸ਼ਵ ਧਰਮ ਇਤਿਹਾਸ ਵਿਚ ਅਜਿਹਾ ਕਦੇ ਨਹੀਂ ਹੋਇਆ ਕਿ ਕਿਸੇ ਗੁਰੂ ਨੇ ਆਪਣੇ ਚੇਲੇ ਨੂੰ ਗੁਰੂ ਥਾਪ ਕੇ ਉਸ ਅਗੇ ਸੀਸ ਨਿਵਾਇਆ ਹੋਵੇ, ਪਰੰਤੂ ਸਿੱਖ ਧਰਮ ਵਿਚ ਵਾਪਰੀ ਇਸ ਰਹਸਮਈ ਤੇ ਨਿਵੇਕਲੀ ਖੇਡ ਬਾਰੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਗੁਰੂ ਅੰਗਦ ਦੇਵ (ਭਾਈ ਲਹਣਾ) ਨੂੰ ਗੁਰੂ ਥਾਪਨਾ ਮਾਨੋ ਉਲਟੀ ਗੰਗਾ ਵਹਾਉਣ ਦੇ ਤੁਲ ਸੀ :

*ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ ॥* [55]

ਭਾਈ ਲਹਣਾ ਜੀ ਨੂੰ ਆਪਣੇ ਜਿਉਂਦੇ-ਜੀਅ ਗੁਰਿਆਈ ਦੇ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨਵਾਂ ਇਤਿਹਾਸ ਰਚਿਆ। ਇਸ ਇਤਿਹਾਸਕ ਸਚਾਈ ਨੂੰ ਦੁਨਿਆਵੀ ਲੋਕ ਸਮਝ ਨਾ ਸਕੇ, ਕਿਉਂਕਿ ਇਹ ਵਿਸਮਾਦੀ ਖੇਡ ਸੀ, ਜਿਸ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੇਵਲ ਆਪਣਾ ਸਰੀਰ ਹੀ ਬਦਲਿਆ ਸੀ :

*ਥਾਪਿਆ ਲਹਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ ॥*

*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪ ਵਟਾਇਆ ॥*

*ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ ॥*

*ਕਾਇਆ ਪਲਟਿ ਸਰੂਪ ਬਣਾਇਆ ॥* [56]

ਭਾਈ ਸਾਹਿਬ ਦਸਦੇ ਹਨ ਕਿ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਣ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਟਿਕਾ, ਸਿਰ ਦਾ ਛਤ੍ਰ, ਸਿੰਘਾਸਨ, ਆਪਣੀ ਛਾਪ (ਸ਼ਕਤੀ) ਆਦਿ ਦਿਤੀ, ਜਿਸ ਨਾਲ ਗੁਰੂ ਅੰਗਦ ਦੀ ਦੋਹੀ ਫਿਰ ਗਈ :

*ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤੁ ਟਿਕਾਈ ॥*
*ਗੁਰ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ ॥* [57]

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਅੰਤਿਮ ਰੂਪ** : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਸਮਾਜ ਨੂੰ 'ਸੁਭ ਅਮਲ' ਕਰਨ ਦੀ ਪ੍ਰੇਰਨਾ ਦਿੰਦੇ ਹੋਏ 'ਨਿਰਮਲ ਪੰਥ' ਦੀ ਸਿਰਜਣਾ ਕੀਤੀ। ਲੋਕਾਂ ਨੂੰ ਧਰਮ ਦੀ ਸਹੀ ਦਿਸ਼ਾ ਦਿਖਾਉਂਦੇ ਹੋਏ ਉਨ੍ਹਾਂ ਨੂੰ 'ਸੰਗਤ' ਦੀ ਮਹਾਨਤਾ ਦ੍ਰਿੜ ਕਰਵਾਈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸੰਗਤਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੁੰਦਾ ਗਿਆ। ਸੰਗਤਾਂ ਨੂੰ ਗੁਰ-ਉਪਦੇਸ਼ਾਂ ਨਾਲ ਜੋੜਨ ਲਈ ਸਮੇਂ-ਸਮੇਂ ਉਤੇ ਮੰਜੀ ਅਤੇ ਮਸੰਦ ਪ੍ਰਥਾਵਾਂ ਹੋਂਦ ਵਿਚ ਆਈਆਂ। ਪਰੰਤੂ ਸਮੇਂ ਦੇ ਬੀਤਣ ਨਾਲ ਮਸੰਦ ਪ੍ਰਥਾ ਵਿਚ ਵਿਗਾੜ ਪੈ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਮਸੰਦਾਂ ਤੋਂ ਸੰਗਤ ਨੂੰ ਹਮੇਸ਼ਾਂ ਲਈ ਦੂਰ ਕਰ ਦਿਤਾ। ਸ਼ੁਰੂ-ਸ਼ੁਰੂ ਵਿਚ ਮਸੰਦ ਆਪਣੇ-ਆਪਣੇ ਇਲਾਕੇ ਵਿਚ ਸਿੱਖੀ-ਪ੍ਰਚਾਰ ਕਰਦੇ ਸਨ। ਉਥੋਂ ਦੀਆਂ ਸੰਗਤਾਂ ਤੋਂ ਦਸਵੰਧ ਇਕੱਠਾ ਕਰਕੇ ਗੁਰੂ ਦਰਬਾਰ ਵਿਚ ਪਹੁੰਚਾਉਂਦੇ ਸਨ। ਪਰੰਤੂ ਸਮੇਂ ਦੇ ਬੀਤਣ ਨਾਲ ਮਸੰਦ ਕੁਰਾਹੇ ਪੈ ਗਏ ਅਤੇ ਸੰਗਤਾਂ ਦੀਆਂ ਭੇਟਾਵਾਂ ਗੁਰੂ-ਘਰ ਵਿਚ ਦੇਣ ਦੀ ਥਾਂ ਖੁਦ ਰੱਖਣ ਲਗ ਪਏ। ਸੰਗਤਾਂ ਨਾਲ ਉਨ੍ਹਾਂ ਦਾ ਵਰਤਾਉ ਵੀ ਭੈੜਾ ਹੋ ਗਿਆ। ਸੰਗਤਾਂ ਦੀਆਂ ਸ਼ਿਕਾਇਤਾਂ ਮਿਲਣ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਖਤਮ ਕਰਕੇ ਸੰਗਤਾਂ ਨੂੰ ਆਪਣੇ ਅਧੀਨ ਕਰਨ ਦਾ ਫੈਸਲਾ ਕਰ ਲਿਆ। ਸਿੱਟੇ ਵਜੋਂ 30 ਮਾਰਚ, 1699 ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਨਿਰਮਲ ਪੰਥ ਨੂੰ ਖਾਲਸਾ ਪੰਥ ਦੇ ਰੂਪ ਵਿਚ ਬਦਲ ਦਿੱਤਾ। ਭਾਈ ਗੁਰਦਾਸ (ਦੂਜਾ) ਨੇ ਇਸ ਦੀ ਗਵਾਹੀ ਇਉਂਭਰੀ ਹੈ:

*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ॥* [58]

ਅਰਥਾਤ ਮਨਮੁਖਾਂ (ਮਸੰਦਾਂ) ਦੀ ਦੁਹੇਲਾ (ਦੁਖੀ) ਕੀਤੀ ਹੋਈ ਸੰਗਤ ਗੁਰੂ ਸਾਹਿਬ ਨੇ ਖਾਲਸਾ ਕਰ ਦਿਤੀ। ਭਾਵ, ਮਸੰਦਾਂ ਦੀ ਵਿਲੋਚਗੀ ਹਟਾ ਕੇ ਆਪਣੇ ਨਾਲ ਸਿੱਧੀ ਜੋੜ ਲਈ। ਗੁਰਬਿਲਾਸ ਪਾਤਸ਼ਾਹੀ ਦਸਵੀਂ ਦੇ ਕਰਤਾ ਸੁੱਖਾ ਸਿੰਘ ਨੇ ਬੜੇ ਜ਼ੋਰਦਾਰ ਤਰੀਕੇ ਨਾਲ ਇਹ ਸਾਬਿਤ ਕੀਤਾ ਹੈ ਕਿ ਖਾਲਸਾ, ਪਹਿਲਾਂ ਸਾਜੀ ਹੋਈ ਸੰਗਤ ਦਾ ਹੀ ਰੂਪ ਸੀ। ਇਸ ਦੀ ਤਿਆਰੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਈ ਸੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਿਮ ਰੂਪ ਦਿਤਾ:

*ਜਹਾਂ ਜਹਾਂ ਸੰਗਤ ਗੁਰ ਪਯਾਰੀ। ਭਈ ਖਾਲਸਾ ਸਰਬ ਸੁ ਸਾਰੀ ॥*
*ਲਿਖ ਲਿਖ ਦੀਨੇ ਹੁਕਮ ਪਠਾਈ। ਅਨੈ ਬਚਨ ਸੋਈ ਜਿਨ ਜਾਈ ॥* [59]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਣਾ ਕਰਕੇ ਸੁੱਤੀ ਹੋਈ ਨਿਰਜਿੰਦ ਮਨੁਖਤਾ ਨੂੰ ਭੈ-ਰਹਿਤ ਕਰਕੇ ਪਖੰਡੀਆਂ ਦਾ ਪਖੰਡ ਦੂਰ ਕਰਕੇ ਇਕ ਅਜਿਹੀ ਅਕਾਲ-ਜੋਤਿ ਦਾ ਨਿਰਮਾਣ ਕੀਤਾ, ਜਿਸ ਦੀ ਲਿਵ ਹਰ ਵੇਲੇ ਵਾਹਿਗੁਰੂ ਨਾਲ ਜੁੜੀ ਰਹੇ ਅਤੇ ਉਹ 'ਸ਼ੁਭ ਕਰਮਨ' ਦੇ ਮਾਰਗ ਉਤੇ ਕਾਇਮ ਰਹੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਮਨੁਖ ਨੂੰ ਹਰ ਪ੍ਰਕਾਰ ਦੇ ਧਾਰਮਿਕ-ਸਮਾਜਿਕ ਪ੍ਰਬੰਧ ਦੀ ਜਕੜ ਤੋਂ ਮੁਕਤ ਕਰ ਦਿਤਾ। ਕਿਸੇ ਧਰਮ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ ਜਿਥੇ ਕਿਸੇ ਗੁਰੂ ਨੇ ਆਪਣੇ ਚੇਲੇ ਨੂੰ ਆਪਣੇ ਬਰਾਬਰ ਦਾ ਰੁਤਬਾ ਦਿਤਾ ਹੋਵੇ। ਇਹ ਗੁਰੂ ਸਾਹਿਬਾਨ ਦੇ ਹੀ ਹਿਸੇ ਆਇਆ ਹੈ। ਖਾਲਸਾ ਸਿਰਜਣ ਉਪਰੰਤ ਗ੍ਰੰਥ-ਪੰਥ ਨੂੰ ਗੁਰਿਆਈ ਦੇਣਾ ਸਿਖ ਧਰਮ ਦੀ ਸੰਪੂਰਨਤਾ ਸੀ। ਮੌਜੂਦਾ ਸਮੇਂ ਵਿਚ ਸਰਬਤ ਦੇ ਭਲੇ ਦੀ ਕਾਮਨਾ ਕਰਦਾ ਹੋਇਆ ਸਿਖ ਪੰਥ ਨਾਨਕ ਨਾਮ ਦੀ ਮਸਤੀ ਵਿਚ ਚੜ੍ਹਦੀ ਕਲਾ ਵਿਚ ਵਿਚਰ ਰਿਹਾ ਹੈ।

ਸਾਰੰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ 'ਗੁਰੂ' ਦੈਵੀ ਵਰਤਾਰਾ ਹੋਣ ਕਾਰਨ ਅਖਰਾਂ ਤੋਂ ਪਰ੍ਹੇ ਦੀ ਖੇਡ ਹੈ, ਜਿਸ ਬਾਰੇ ਕਥਨ ਕਰਨਾ ਮੁਸ਼ਕਿਲ ਕਾਰਜ ਹੈ। ਦੂਜਾ, 'ਗੁਰੂ' ਸੰਬੰਧੀ ਮਿਲਦੇ ਵਖ-ਵਖ ਅਰਥਾਂ ਦੀ ਰੌਸ਼ਨੀ ਵਿਚ ਸਾਡਾ ਮਤ ਹੈ ਕਿ 'ਗੁਰੂ' ਜੇਕਰ ਮਨੁਖ ਨੂੰ ਗਿਆਨ ਕਰਵਾਉਣ ਵਾਲਾ ਹੈ,

ਤਾਂ ਇਹ ਗਿਆਨ ਉਸ ਨੂੰ ਅੰਤਰ-ਆਤਮੇ ਹੁੰਦਾ ਹੈ। ਇਸ ਦਾ ਬੋਧ ਮਨੁਖ ਦੀ ਅੰਦਰਲੀ ਆਵਾਜ਼ ਰਾਹੀਂ ਹੁੰਦਾ ਹੈ। ਇਸ ਹਵਾਲੇ ਵਿਚ 'ਗੁਰੂ' ਕਿਸੇ ਬਾਹਰੀ ਸਰੂਪ ਦਾ ਨਾਮ ਨਹੀਂ, ਬਲਕਿ ਇਹ ਮਨੁਖ ਦਾ ਅੰਦਰਲਾ 'ਆਪਾ' ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ ਗੁਰੂ ਦੇ ਤਿੰਨ ਪਖ ਹਨ:** ਜੋਤਿ, ਜੁਗਤਿ ਤੇ ਕਾਇਆ।[60] ਜੋਤਿ ਤੋਂ ਭਾਵ ਸਚ ਦਾ ਪ੍ਰਕਾਸ਼ ਜਾਂ ਸਿਧਾਂਤ ਹੈ, ਜੁਗਤਿ ਉਹ ਰਹਿਤ ਤੇ ਨੀਤੀ ਹੈ, ਜਿਸ ਦੁਆਰਾ ਸਚ ਬਾਰੇ ਮਿਲੇ ਪ੍ਰਕਾਸ਼ ਜਾਂ ਸਿਧਾਂਤ ਨੂੰ ਜੀਵਨ ਵਿਚ ਜਿਉਣਾ ਹੈ ਅਤੇ ਕਾਇਆ ਉਹ ਮਾਧਿਅਮ ਹੈ, ਜਿਸ ਦੀ ਸਹਾਇਤਾ ਨਾਲ ਜੋਤਿ ਦੀ ਜੁਗਤਿ ਧਾਰਨ ਕੀਤੀ ਜਾਂਦੀ ਹੈ। ਗੁਰਿਆਈ ਦੇ ਉਕਤ ਤਿੰਨੇ ਪਖ ਸਦਾ ਕਾਇਮ ਰਹੇ ਹਨ, ਭਾਵੇਂ ਇਨ੍ਹਾਂ ਦੇ ਨਾਮ ਤੇ ਰੂਪ ਬਦਲਦੇ ਰਹੇ ਹਨ। ਸੋ, ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹਰੇਕ ਗੁਰੂ ਸਾਹਿਬ ਵਿਚ ਜੋਤਿ, ਜੁਗਤਿ ਤੇ ਕਾਇਆ ਦੇ ਤਿੰਨੋ ਪਖ ਮੌਜੂਦ ਸਨ। ਗੁਰਬਾਣੀ ਜਾਂ ਸਬਦ ਉਨ੍ਹਾਂ ਦੀ ਜੋਤਿ ਦਾ ਪ੍ਰਕਾਸ਼ ਹੈ, ਉਨ੍ਹਾਂ ਦੁਆਰਾ ਕੀਤੀ ਨਾਮ ਭਗਤੀ/ਸੇਵਾ ਤੇ ਹੋਰ ਕਾਰਜ, ਉਨ੍ਹਾਂ ਦੀ ਜੁਗਤਿ ਦਾ ਅੰਗ ਹੈ ਅਤੇ ਕਾਇਆ ਪਲਟ ਕੇ ਗੁਰ-ਸਿੱਖ/ਗੁਰੂ-ਪੰਥ, ਸੰਗਤ ਜਾਂ ਖਾਲਸਾ ਵਿਚ ਆ ਗਈ ਹੈ।

## ਹਵਾਲੇ ਅਤੇ ਟਿੱਪਣੀਆਂ

1. ਗੁਰਮੁਖਿ ਨਾਦੰ ਗੁਰਮਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
   ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ **ਸ੍ਰੀ ਗੁਰੂ ਗ੍ਰੰਥ ਸਾਹਿਬ**, 2.
2. ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
   ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ **ਉਹੀ**, 957.
3. श्रीम गवदगीता, अध्या. 4
4. ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ॥ ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ ॥ ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੌ ਰਸਾਤਲਿ ਟੋਆ ॥ ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ ॥ ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ ॥ ...**ਵਾਰਾਂ ਭਾਈ ਗੁਰਦਾਸ**, ਵਾਰ/ਪਉੜੀ - 1/22.
5. **ਵਾਰਾਂ ਭਾਈ ਗੁਰਦਾਸ**, ਵਾਰ/ਪਉੜੀ - 1/23.
6. **ਸ੍ਰੀ ਗੁਰੂ ਗ੍ਰੰਥ ਸਾਹਿਬ**, 750.
7. **ਮਹਾਨ ਕੋਸ਼**, ਪੰਨਾ 415.
8. **ਉਹੀ**
9. **ਸ੍ਰੀ ਗੁਰੂ ਗ੍ਰੰਥ ਸਾਹਿਬ**, 463.
10. **ਸ੍ਰੀ ਗੁਰੂ ਗ੍ਰੰਥ ਸਾਹਿਬ**, 241.
11. **ਸ੍ਰੀ ਗੁਰੂ ਗ੍ਰੰਥ ਸਾਹਿਬ**, 1387.
12. **ਵਾਰਾਂ ਭਾਈ ਗੁਰਦਾਸ**, ਵਾਰ/ਪਉੜੀ - 1/38.
13. ਵੀਰ ਸਿੰਘ (ਭਾਈ), (ਸੰਪਾ.), **ਸਿੱਖਾਂ ਦੀ ਭਗਤਮਾਲਾ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1996 (ਛੇਵੀਂ ਵਾਰ), ਪੰਨਾ 37.
14. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ** (ਜਿਲਦ ਦੂਜੀ), (ਸੰਪਾ.) ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੂਰਬਾਰਧ ਅਧਯਾਯ 1, ਪੰਨਾ 92.
15. **ਉਹੀ**, ਪੰਨੇ 92-9.
16. **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ** (ਜਿਲਦ ਦੂਜੀ), ਪੂਰਬਾਰਧ ਅਧਯਾਯ 1, ਪੰਨੇ 92-5.
17. ਵੀਰ ਸਿੰਘ (ਭਾਈ), **ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ** (ਪੋਥੀ ਪਹਿਲੀ), (ਸੰਪਾ.) ਡਾ. ਬਲਬੀਰ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1993 (ਪੰਜਵੀਂ ਵਾਰ), ਪੰਨਾ 31.

18. **ਉਹੀ**, ਪੰਨਾ 33.
19. **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ** (ਫਰੀਦਕੋਟ ਵਾਲਾ ਟੀਕਾ, ਭਾਗ 1), ਪੰਨਾ 3.
20. ਕਿਰਪਾਲ ਸਿੰਘ ਕਸੇਲ (ਅਨੁ.), **ਸਿੱਖੀ ਦੀ ਆਤਮਾ**, ਪੰਨਾ 369.
21. **ਸ੍ਰੀ ਗੁਰੂ ਗ੍ਰੰਥ ਸਾਹਿਬ**, 72.
22. **ਸ੍ਰੀ ਗੁਰੂ ਗ੍ਰੰਥ ਸਾਹਿਬ**, 1329.
23. **ਸ੍ਰੀ ਗੁਰੂ ਗ੍ਰੰਥ ਸਾਹਿਬ**, 286.
24. **ਸ੍ਰੀ ਗੁਰੂ ਗ੍ਰੰਥ ਸਾਹਿਬ**, 168.
25. **ਅਮਰ ਲੇਖ**, (ਭਾਗ-1), ਪੰਨੇ 41-2.
26. Puran Singh (Prof.), **Spirit Of The Sikh** (vol.II, part II), Punjabi University, Patiala, 2004, p. 220.
27. Kapur Singh, **Sikhism for Modern Man,** Guru Nanak Dev University, Amritsar, 2006 (V edition), p.34.
28. Teja Singh, **Sikhism: Its Ideals and Institutions**, Khalsa Brothers, Amritsar, 1970 (V edition), p. 17.
29. ਜੋਧ ਸਿੰਘ (ਭਾਈ), **ਗੁਰਮਤਿ ਨਿਰਣਯ**, (ਲੇਖਕ ਖੁਦ), ਅੰਮ੍ਰਿਤਸਰ, 1932, ਪੰਨਾ 108.
30. **ਗੁਰੂ ਨਾਨਕ ਚਿੰਤਨ ਤੇ ਕਲਾ**, ਪੰਨਾ 185.
31. **ਸ੍ਰੀ ਗੁਰੂ ਗ੍ਰੰਥ ਸਾਹਿਬ**, 895.
32. **ਸ੍ਰੀ ਗੁਰੂ ਗ੍ਰੰਥ ਸਾਹਿਬ**, 1279.
33. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ **ਸ੍ਰੀ ਗੁਰੂ ਗ੍ਰੰਥ ਸਾਹਿਬ**, 1408.
34. ਵੀਰ ਸਿੰਘ, ਭਾਈ, (ਸੰਪਾ.), **ਪੁਰਾਤਨ ਜਨਮਸਾਖੀ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1996 (ਛੇਵੀਂ ਵਾਰ), ਸਾਖੀ/ਪੰਨੇ - 10/40-1.
35. ਕਿਰਪਾਲ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ, (ਸੰਪਾ.), **ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ** : ਪੋਥੀ ਮਿਹਰਬਾਨ, ਹਰਿ ਜੀ ਤੇ ਚਤੁਰਭੁਜ (ਦੂਜੀ ਸੈਂਚੀ), ਸਿੱਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ, 1969, ਗੋਸ਼ਟਿ/ਪੰਨਾ - 42/261.
36. **ਉਹੀ.**
37. **ਸ੍ਰੀ ਗੁਰੂ ਗ੍ਰੰਥ ਸਾਹਿਬ**, 599.
38. ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਰਾਵਣੁ ਘਾਇਆ ॥ ਤੈਥੋ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜਿ ਗਿਰਾਇਆ ॥ **ਸ਼ਬਦਾਰਥ ਦਸਮ ਗ੍ਰੰਥ ਸਾਹਿਬ** (ਪੋਥੀ ਪਹਿਲੀ) (ਸੰਪਾ.), ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜਾ ਸੰਸਕਰਣ), ਪੰਨਾ 154.
39. **ਸ੍ਰੀ ਗੁਰੂ ਗ੍ਰੰਥ ਸਾਹਿਬ**, 1390.
40. ਸੇਵਾ ਸਿੰਘ (ਭਾਈ), **ਕਬਿਤ ਸਵਯੇ ਭਾਈ ਗੁਰਦਾਸ ਜੀ ਸਟੀਕ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001 (ਤੀਜੀ ਵਾਰ), 485.
41. ਸ਼ੇਰ ਸਿੰਘ (ਡਾ.), **ਗੁਰਮਤਿ ਦਰਸ਼ਨ**, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998, ਪੰਨੇ 51-3.
42. ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ **ਸ੍ਰੀ ਗੁਰੂ ਗ੍ਰੰਥ ਸਾਹਿਬ**, 1136.
43. ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥ **ਸ੍ਰੀ ਗੁਰੂ ਗ੍ਰੰਥ ਸਾਹਿਬ**, 423.
44. **ਸ੍ਰੀ ਗੁਰੂ ਗ੍ਰੰਥ ਸਾਹਿਬ**, 1409; ਹੋਰ ਵੇਖੋ: 887; 802; 77; 710; 1152; 1271.
45. ਭਗਤ ਸਿੰਘ (ਭਾਈ), **ਗੁਰਬਿਲਾਸ ਪਾਤਸ਼ਾਹੀ 6**, (ਸੰਪਾ.), ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ (SGPC), ਸ੍ਰੀ ਅੰਮ੍ਰਿਤਸਰ, 1998, ਅਧਿਆਇ/ਬੰਦ/ਪੰਨਾ - 1/6/2.

46. **ਉਹੀ**, 16/18; ਹੋਰ ਵੇਖੋ: 24/1; 26/5; 23/1.
47. **ਸ੍ਰੀ ਗੁਰੂ ਗ੍ਰੰਥ ਸਾਹਿਬ**, 895.
48. **ਸ੍ਰੀ ਗੁਰੂ ਗ੍ਰੰਥ ਸਾਹਿਬ**, 966.
49. **ਪੁਰਾਤਨ ਜਨਮਸਾਖੀ**, ਸਾਖੀ/ਪੰਨਾ - 56/25.
50. **ਸ੍ਰੀ ਗੁਰੂ ਗ੍ਰੰਥ ਸਾਹਿਬ**, 967.
51. **ਸ੍ਰੀ ਗੁਰੂ ਗ੍ਰੰਥ ਸਾਹਿਬ**, 967.
52. **ਸ੍ਰੀ ਗੁਰੂ ਗ੍ਰੰਥ ਸਾਹਿਬ**, 967.
53. **ਸ੍ਰੀ ਗੁਰੂ ਗ੍ਰੰਥ ਸਾਹਿਬ**, 967.
54. **ਸ੍ਰੀ ਗੁਰੂ ਗ੍ਰੰਥ ਸਾਹਿਬ**, 1408.
55. **ਵਾਰਾਂ ਭਾਈ ਗੁਰਦਾਸ**, ਵਾਰ/ਪਉੜੀ-1/38.
56. **ਵਾਰਾਂ ਭਾਈ ਗੁਰਦਾਸ**, ਵਾਰ/ਪਉੜੀ-1/14.
57. **ਵਾਰਾਂ ਭਾਈ ਗੁਰਦਾਸ**, ਵਾਰ/ਪਉੜੀ-1/46.
58. **ਵਾਰ ਭਾਈ ਗੁਰਦਾਸ ਦੂਜਾ**, ਵਾਰ/ਪਉੜੀ - 41/1.
59. ਸੁਖਾ ਸਿੰਘ, **ਗੁਰਬਿਲਾਸ ਪਾਤਸ਼ਾਹੀ 10**, (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ, ਪਟਿਆਲਾ, 1989 (ਦੂਜੀ ਵਾਰ), ਅਧਿਆਇ/ਬੰਦ/ਪੰਨਾ - 12/139/181.
60. ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ **ਸ੍ਰੀ ਗੁਰੂ ਗ੍ਰੰਥ ਸਾਹਿਬ**, 966.

◈

# ਗੁਰੂ ਨਾਨਕ ਬਾਣੀ ਵਿਚਲੀ ਪ੍ਰਗਟਾ ਜੁਗਤ 'ਬਿੰਬ' : ਵਿਭਿੰਨ ਪਾਸਾਰ




ਡਾ. ਜਸਬੀਰ ਸਿੰਘ
ਅਸਿਸਟੈਂਟ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ, ਅੰਮ੍ਰਿਤਸਰ।
jasbir81@ymail.com
ਮੋ. : 8968166331

ਅਨੁਭਵ ਦੇ ਪ੍ਰਗਟਾ ਮਾਧਿਅਮ ਵਜੋਂ 'ਬਿੰਬ' ਇਕ ਪ੍ਰਮੁਖ ਪ੍ਰਗਟਾ ਜੁਗਤ ਹੈ। ਮਨੁੱਖੀ ਅਨੁਭਵ ਦੇ ਪ੍ਰਗਟਾਵੇ ਵਜੋਂ ਕਵਿਤਾ ਇਕ ਕਲਾਤਮਕ ਪ੍ਰਾਪਤੀ ਹੈ। ਇਸ ਵਿਚ ਮਨੁੱਖੀ ਮਨ ਦੇ ਅਨੁਭਵਾਂ ਅਤੇ ਭਾਵਨਾਵਾਂ ਨੂੰ ਸੂਖਮ ਰੂਪ ਵਿਚ ਪ੍ਰਗਟਾ ਹਾਸਿਲ ਹੁੰਦਾ ਹੈ। ਕਵਿਤਾ ਵਿਚ ਇਹ ਪ੍ਰਗਟਾ ਸਿੱਧਾ ਸਪਾਟ ਨਾ ਹੋ ਕੇ ਕਲਾਤਮਕਤਾ ਭਰਭੂਰ ਹੁੰਦਾ ਹੈ ਜੋ ਕਾਵਿ ਵਿਚ ਚਮਤਕਾਰ ਪੈਦਾ ਕਰਦਾ ਹੈ। ਇਸ ਕਲਾਤਮਕ ਪ੍ਰਗਟਾ ਵਿਚ ਕਲਪਨਾ ਦੀ ਅਹਿਮ ਭੂਮਿਕਾ ਹੁੰਦੀ ਹੈ ਜੋ ਕਵੀ ਦੇ ਅੰਦਰਲੇ ਅਨੁਭਵ ਨੂੰ ਸਾਕਾਰ ਰੂਪ ਵਿਚ ਪ੍ਰਗਟਾਉਂਦੀ ਹੈ। ਕਵਿਤਾ ਵਿਚ ਕਲਪਨਾ ਦਾ ਮੁਖ ਕਾਰਜ ਹੁੰਦਾ ਹੈ 'ਬਿੰਬ ਨਿਰਮਾਣ'। ਇਸ ਪ੍ਰਕਾਰ ਬਿੰਬ ਸਿਰਜਨਾ ਕਾਵਿਕ ਪ੍ਰਤਿਭਾ ਦਾ ਇਕ ਵਿਲੱਖਣ ਪਾਸਾਰ ਹੈ। ਬਿੰਬ ਕਵਿਤਾ ਵਿਚ ਕਲਾਤਮਕਤਾ ਭਰਨ ਦੇ ਨਾਲ ਨਾਲ ਵਿਚਾਰਾਂ ਨੂੰ ਰੌਚਕ ਅਤੇ ਪ੍ਰਭਾਵਸ਼ਾਲੀ ਵੀ ਬਣਾਉਂਦੇ ਹਨ। ਕਵਿਤਾ ਵਿਚ ਬਿੰਬ ਦੋਹਰੀ ਭੂਮਿਕਾ ਨਿਭਾਉਂਦੇ ਹਨ। ਬਿੰਬ ਜਿਥੇ ਕਵਿਤਾ ਦੇ ਸੁਹਜ ਵਿਚ ਵਾਧਾ ਕਰਦੇ ਹਨ ਉਥੇ ਕਵਿਤਾ ਵਿਚਲੇ ਸੂਖਮ ਤੇ ਗਹਿਨ ਵਿਚਾਰਾਂ ਨੂੰ ਸਰਲਤਾ ਪ੍ਰਦਾਨ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਕਵੀ ਦੇ ਮਨ ਦੀਆਂ ਡੂੰਘਾਈਆਂ ਵਿਚ ਪਏ ਅਨੁਭਵਾਂ ਨੂੰ ਸਮਝਣ ਲਈ ਉਨ੍ਹਾਂ ਨੂੰ ਸਮੂਰਤ ਰੂਪ ਪ੍ਰਦਾਨ ਕਰਨਾ ਜ਼ਰੂਰੀ ਹੁੰਦਾ ਹੈ। ਸੋ ਬਿੰਬ ਸੂਖਮ ਤੋਂ ਸਥੂਲ ਵੱਲ ਦੀ ਯਾਤਰਾ ਹੈ ਜੋ ਅਦ੍ਰਿਸ਼ ਜਗਤ ਨੂੰ ਦਿਸਦੇ ਜਗਤ ਵਿਚ ਪਰਿਵਰਤਤ ਕਰਦੀ ਹੈ।

'ਬਿੰਬ' ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Image' ਦਾ ਪੰਜਾਬੀ ਰੂਪਾਂਤਰਣ ਹੈ, ਜਿਸ ਦੇ ਅਰਥ ਹਨ-ਚਿੱਤਰ, ਰੂਪ, ਤਸਵੀਰ, ਛਾਇਆ, ਮੂਰਤੀਮਾਨ ਕਰਨਾ, ਕਲਪਨਾ ਕਰਨੀ ਆਦਿ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ 'ਬਿੰਬ' ਦੇ ਅਰਥ ਕੁਝ ਇਸ ਤਰ੍ਹਾਂ ਕੀਤੇ ਹਨ-ਪ੍ਰਤੀਬਿੰਬ, ਛਾਇਆ, ਅਕਸ। ਉਹ ਵਸਤੂ ਜਿਸ ਦਾ ਪ੍ਰਤੀਬਿੰਬ (ਅਕਸ਼) ਪੈਂਦਾ ਹੈ।[1]

ਬਿੰਬ ਨੂੰ ਵੱਖਰੇ ਵੱਖਰੇ ਵਿਦਵਾਨਾਂ ਨੇ ਆਪਣੇ ਆਪਣੇ ਤੌਰ ਤੇ ਪਰਿਭਾਸ਼ਤ ਕੀਤਾ ਹੈ। ਸੀ. ਡੀ. ਲੀਵਜ਼ ਅਨੁਸਾਰ - "ਬਿੰਬ ਇਕ ਇੰਦ੍ਰਿਆਈ ਚਿੱਤਰ ਹੈ, ਜਿਸ ਵਿਚ ਰੂਪਕੀ ਗੁਣ ਹੁੰਦੇ ਹਨ।"[2]

ਸਟੀਫਨਜੇ ਬਰਾਊਨ ਨੇ ਬਿੰਬ ਨੂੰ ਇਸ ਪ੍ਰਕਾਰ ਪਰਿਭਾਸ਼ਤ ਕੀਤਾ ਹੈ- "ਬਿੰਬ ਕਾਲਪਨਿਕ ਜਾਂ ਵਾਸਤਵਿਕ ਵਸਤੂਆਂ ਜਾਂ ਘਟਨਾਵਾਂ ਦੇ ਰੰਗ, ਧਵਨਿ, ਗਤੀ ਅਤੇ ਅਕਾਰ ਪ੍ਰਕਾਰ ਨਾਲ ਪੂਰਨ ਪ੍ਰਭਾਵਸ਼ਾਲੀ ਚਿੱਤਰ ਦਾ ਨਾਮ ਹੈ।"[3]

ਰਾਬਿਨ ਸਕੈਲਟਨ ਨੇ ਬਿੰਬ ਦੇ ਇੰਦਰਿਆਈ ਪ੍ਰਤੀਕਰਮ ਉੱਪਰ ਜ਼ੋਰ ਦਿੰਦਿਆਂ ਕਿਹਾ ਹੈ ਕਿ- "ਬਿੰਬ ਉਹ ਸ਼ਬਦ ਹੈ ਜੋ ਇੰਦਰਿਆਈ ਬੋਧ ਨੂੰ

ਉਜਾਗਰ ਕਰਦਾ ਹੈ।"[4]

ਡਾ. ਸਤਿੰਦਰ ਸਿੰਘ 'ਬਿੰਬ' ਨੂੰ ਪਰਿਭਾਸ਼ਤ ਕਰਦੇ ਹੋਏ ਲਿਖਦੇ ਹਨ- "ਬਿੰਬ ਕਾਵਿ ਦੀ ਸੁੰਦਰਤਾ ਵਿਚ ਵਾਧਾ ਹੀ ਨਹੀਂ ਕਰਦਾ ਸਗੋਂ ਕਾਵਿ ਦੇ ਭਾਵ ਨੂੰ ਦ੍ਰਿਸ਼ ਬਣਾ ਕੇ ਉਸਦਾ ਸੰਚਾਰ ਵੀ ਕਰਦਾ ਹੈ।"[5]

ਇਸ ਪ੍ਰਕਾਰ 'ਬਿੰਬ' ਕਾਵਿ ਦੀ ਆਤਮਾ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ ਜੋ ਕਵਿਤਾ ਵਿਚ ਸੁਹਜ ਦਾ ਵਾਧਾ ਕਰਨ ਦੇ ਨਾਲ ਨਾਲ ਸਪੱਸ਼ਟਤਾ ਵੀ ਲਿਆਉਂਦਾ ਹੈ। ਕਵੀ ਸ਼ਬਦ ਚਿੱਤਰ ਉਸਾਰ ਕੇ ਆਪਣੇ ਗਹਿਨ ਅੰਤਰਮਨ ਵਿਚ ਪਏ ਵਿਚਾਰਾਂ ਨੂੰ ਸਮੂਰਤ ਕਰਦਾ ਹੈ ਭਾਵ ਉਹ ਵਿਚਾਰਾਂ ਦੀ ਪੁਨਰ ਸਿਰਜਨਾ ਕਰਦਾ ਹੈ। ਇਸ ਵਿਚ ਕਲਪਨਾ ਦੀ ਅਹਿਮ ਭੂਮਿਕਾ ਹੁੰਦੀ ਹੈ ਜੋ ਅਦ੍ਰਿਸ਼ ਨੂੰ ਦ੍ਰਿਸ਼ਟਮਾਨ ਕਰਦੀ ਹੈ।

ਗੁਰੂ ਨਾਨਕ ਦੇਵ ਜੀ ਇਕ ਯੁੱਗਪੁਰਸ਼ ਅਤੇ ਇਕ ਮਹਾਨ ਕਵੀ ਹੋਏ ਹਨ। ਉਨ੍ਹਾਂ ਦੁਆਰਾ ਰਚੀ ਗਈ ਬਾਣੀ ਜਨ ਸਧਾਰਨ ਨੂੰ ਰੁਹਾਨੀ ਅਤੇ ਦੁਨਿਆਵੀ ਗਿਆਨ ਪ੍ਰਦਾਨ ਕਰਦੀ ਹੈ। ਉਨ੍ਹਾਂ ਦਾ ਰਹੱਸਵਾਦੀ ਅਨੁਭਵ ਅਮੋਲਕ ਵਿਚਾਰਾਂ ਦੇ ਰਾਹੀਂ ਪ੍ਰਗਟ ਹੁੰਦਾ ਹੈ। ਇਹ ਵਿਚਾਰ ਕਲਾਤਮਕ ਪੱਖੋਂ ਉੱਤਮ ਦਰਜੇ ਦੇ ਹਨ। ਉਨ੍ਹਾਂ ਦੇ ਇਹ ਵਿਚਾਰ ਉਨ੍ਹਾਂ ਦੇ ਰੁਹਾਨੀ ਗਿਆਨ ਅਤੇ ਦੇਸ਼ ਦੁਨੀਆ ਦੀਆਂ ਯਾਤਰਾਵਾਂ ਵਿਚੋਂ ਰੂਪ ਗ੍ਰਹਿਣ ਕਰਦੇ ਹਨ। ਇਹ ਅਧਿਆਤਮਕ ਵਿਚਾਰ ਸੂਖਮ ਅਤੇ ਗਹਿਰੇ ਹੁੰਦੇ ਹੋਏ ਵੀ ਜਨ ਸਧਾਰਨ ਦੀ ਮਾਨਸਿਕ ਪੱਧਰ ਉੱਪਰ ਆ ਕੇ ਪ੍ਰਗਟ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸੂਖਮ ਵਿਚਾਰਾਂ ਨੂੰ ਸਮਾਜਕ ਵਿਹਾਰ, ਆਲੇ-ਦੁਆਲੇ ਤੇ ਪ੍ਰਕਿਰਤਕ ਮਾਹੌਲ ਨਾਲ ਇਸ ਪ੍ਰਕਾਰ ਜੋੜ ਕੇ ਪੇਸ਼ ਕੀਤਾ ਹੈ ਕਿ ਇਹ ਜਨ ਸਧਾਰਨ ਉੱਪਰ ਗਹਿਰਾ ਅਸਰ ਪਾ ਗਏ। ਇਸ ਸਭ ਵਿਚ ਉਨ੍ਹਾਂ ਦੀ ਸੋਚ ਤੇ ਕਲਪਨਾ ਸ਼ਕਤੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਵੇਂ ਉਨ੍ਹਾਂ ਦੀ ਰਚਨਾ ਕਾਵਿਕ ਗੁਣਾਂ ਨੂੰ ਸਾਹਮਣੇ ਰੱਖ ਕੇ ਨਹੀਂ ਰਚੀ ਗਈ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਰਚਨਾ ਕਾਵਿਕ ਗੁਣਾਂ ਨਾਲ ਭਰਭੂਰ ਹੈ।

ਗੁਰੂ ਨਾਨਕ ਬਾਣੀ ਵਿਚ ਬਿੰਬਾਂ ਦੀ ਵਰਤੋਂ ਭਾਵੇਂ ਸੁਚੇਤ ਪੱਧਰ ਉੱਤੇ ਨਹੀਂ ਕੀਤੀ ਗਈ ਜਾਂ ਇਹ ਕਿਹਾ ਜਾ ਸਕਦਾ ਹੈ ਕਿ 'ਬਿੰਬ' ਉਸ ਸਮੇਂ ਇਕ ਕਲਾਤਮਕ ਜੁਗਤ ਵਜੋਂ ਪਛਾਣਿਆ ਨਹੀਂ ਸੀ ਜਾਂਦਾ, ਪਰ ਇਨ੍ਹਾਂ ਦੀ ਵਰਤੋਂ ਕਵਿਤਾ ਵਿਚ ਉਸ ਸਮੇਂ ਵੀ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਦਾ ਮਨੋਰਥ ਜਨ ਸਧਾਰਨ ਨੂੰ ਅਧਿਆਤਮਕ ਮਾਰਗ ਉੱਤੇ ਤੋਰ ਕੇ ਜੀਵਨ ਰੂਪੀ ਭਵਸਾਗਰ ਤੋਂ ਪਾਰ ਕਰਾਉਣਾ ਸੀ। ਇਸ ਮਨੋਰਥ ਦੀ ਪ੍ਰਾਪਤੀ ਲਈ ਲੋਕਾਂ ਵਿਚ ਇਸ ਪ੍ਰਤੀ ਚੇਤਨਾ ਭਰਨਾ ਬਹੁਤ ਜ਼ਰੂਰੀ ਸੀ। ਇਸੇ ਤਹਿਤ ਉਨ੍ਹਾਂ ਨੇ ਡੂੰਘੇ ਅਧਿਆਤਮਕ ਵਿਚਾਰਾਂ ਨੂੰ ਵੱਖ ਵੱਖ ਸਮਾਜਕ ਵਿਹਾਰਾਂ ਅਤੇ ਸਾਮਗਰੀ ਨਾਲ ਜੋੜ ਕੇ ਪੇਸ਼ ਕੀਤਾ। ਇਸ ਨਾਲ ਇਹ ਵਿਚਾਰ ਜਨ ਸਧਾਰਨ ਦੇ ਮਨਾਂ ਨੂੰ ਟੁੰਬਦੇ ਹਨ ਅਤੇ ਉਨ੍ਹਾਂ ਦੀ ਚੇਤਨਾ ਦਾ ਹਿੱਸਾ ਬਣਦੇ ਹਨ। ਗੁਰੂ ਨਾਨਕ ਬਾਣੀ ਵਿਚ ਬਿੰਬਾਂ ਦਾ ਇਕ ਵੱਡਾ ਭੰਡਾਰ ਮੌਜੂਦ ਹੈ। ਇਨ੍ਹਾਂ ਦੀ ਪਹਿਚਾਣ ਕਰਨ ਲਈ ਇਨ੍ਹਾਂ ਨੂੰ ਵਿਦਵਾਨਾਂ ਦੁਆਰਾ ਕੀਤੀ 'ਬਿੰਬਾਂ' ਦੀ ਵੰਡ ਤਹਿਤ ਸਮਝਿਆ ਜਾ ਸਕਦਾ ਹੈ।

ਬਿੰਬਾਂ ਦਾ ਸੰਬੰਧ ਮਨੁੱਖੀ ਗਿਆਨ ਇੰਦਰੀਆਂ ਨਾਲ ਹੁੰਦਾ ਹੈ। ਇੰਨ੍ਹਾਂ ਗਿਆਨ ਇੰਦਰੀਆਂ ਦੇ ਅਧਾਰ ਤੇ ਹੀ ਬਿੰਬਾਂ ਦੀ ਪਹਿਚਾਣ ਕੀਤੀ ਜਾਂਦੀ ਹੈ। ਗਿਆਨ ਦੀ ਪ੍ਰਕਿਰਿਆ ਇਨ੍ਹਾਂ ਗਿਆਨ ਇੰਦਰੀਆਂ ਰਾਂਹੀ ਸੰਭਵ ਹੁੰਦੀ ਹੈ ਜੋ ਮਨੁੱਖੀ ਸੋਚ ਨੂੰ ਵਿਕਸਤ ਕਰਦੀ ਹੈ ਤੇ ਇਕ ਨਿਸ਼ਚਿਤ ਦਿਸ਼ਾ ਪ੍ਰਦਾਨ ਕਰਦੀ ਹੈ। ਜਿਸ ਪ੍ਰਕਾਰ ਕਵੀ ਆਪਣੀਆਂ ਗਿਆਨ ਇੰਦਰੀਆਂ ਜ਼ਰੀਏ ਆਲੇ ਦੁਆਲੇ ਵਿਚੋਂ ਗਿਆਨ ਅਤੇ ਸੁਹਜ ਅਨੁਭਵ ਕਰਦਾ ਹੈ। ਉਹ ਬਿੰਬਾਂ ਦੇ ਜ਼ਰੀਏ ਉਹੀ ਗਿਆਨ ਅਤੇ ਸੁਹਜ ਪਾਠਕ ਤੱਕ ਪਹੁੰਚਾਉਂਦਾ ਹੈ। ਗੁਰੂ ਨਾਨਕ ਬਾਣੀ ਵਿਚਲੇ ਬਿੰਬਾਂ ਨੂੰ ਗਿਆਨ ਇੰਦਰੀਆਂ ਦੇ ਅਧਾਰ ਤੇ ਵੰਡ ਕੇ ਸਮਝਿਆ ਜਾ ਸਕਦਾ ਹੈ। ਇਹ ਬਿੰਬ ਪ੍ਰਤੱਖ ਗਿਆਨ ਨਾਲ ਸੰਬੰਧਿਤ ਹਨ।

## ਦ੍ਰਿਸ਼ ਬਿੰਬ :

ਇਸ ਬਿੰਬ ਦਾ ਸੰਬੰਧ ਅੱਖਾਂ ਨਾਲ ਹੈ। ਕਵੀ ਇਸ ਪ੍ਰਕਾਰ ਦੇ ਬਿੰਬਾਂ ਵਿਚ ਆਪ ਵੇਖੇ ਦ੍ਰਿਸ਼ਾਂ ਨੂੰ ਪਾਠਕ ਦੀਆਂ ਅੱਖਾਂ ਵਿਚ ਭਰਦਾ ਹੈ ਜਾਂ ਇੰਝ ਕਿਹਾ ਜਾ ਸਕਦਾ ਹੈ ਕਿ ਪਾਠਕ ਕਵੀ ਦੀਆਂ ਅੱਖਾਂ

ਰਾਹੀਂ ਵੱਖ ਵੱਖ ਦ੍ਰਿਸ਼ਾਂ ਨੂੰ ਸਾਕਾਰ ਰੂਪ ਵਿਚ ਵੇਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਸਮੁੱਚੀ ਰਚਨਾ ਵਿਚ ਥਾਂ ਥਾਂ ਇਸ ਬਿੰਬ ਦੀ ਵਰਤੋਂ ਕੀਤੀ ਹੈ। ਇਸ ਰਾਹੀਂ ਉਹ ਕਈ ਅਜਿਹੇ ਪ੍ਰਕਿਰਤਕ ਤੇ ਸਮਾਜਕ ਦ੍ਰਿਸ਼ਾਂ ਨੂੰ ਅਲੌਕਿਕ ਰੂਪ ਵਿਚ ਸਾਕਾਰ ਕਰਦੇ ਹਨ ਜੋ ਉਂਝ ਸਧਾਰਨ ਰੂਪ ਵਿਚ ਸਾਡੇ ਆਲੇ ਦੁਆਲੇ ਹੀ ਮੌਜੂਦ ਹੁੰਦੇ ਹਨ :

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ॥*
*ਤਾਰਿਕਾ ਮੰਡਲ ਜਨਕ ਮੋਤੀ ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ ॥*
*ਸਗਲ ਬਨਰਾਇ ਫੂਲੰਤ ਜੋਤੀ ॥*
*ਕੈਸੀ ਆਰਤੀ ਹੋਇ ॥*
*ਭਵ ਖੰਡਨਾ ਤੇਰੀ ਆਰਤੀ ॥*[6]

ਇਸ ਕਾਵਿ ਬੰਦ ਵਿਚ ਇਕ ਧਾਰਮਿਕ ਗੀਤ ਆਰਤੀ ਦਾ ਦ੍ਰਿਸ਼ ਸਿਰਜਿਆ ਗਿਆ ਹੈ, ਪਰ ਇਹ ਗੀਤ ਇਥੇ ਵੱਖਰੇ ਅਰਥਾਂ ਨੂੰ ਪ੍ਰਗਟਾਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਹਮੇਸ਼ਾਂ ਹੀ ਫੋਕੇ ਕਰਮਕਾਂਡਾਂ ਅਤੇ ਗੀਤਾਂ ਨੂੰ ਨਕਾਰਿਆ ਹੈ। ਇਥੇ ਉਹ ਹਿੰਦੂ ਧਰਮ ਵਿਚ ਨਿਭਾਈ ਜਾਂਦੀ ਆਰਤੀ ਦੀ ਗੀਤ ਦੇ ਸੰਦਰਭ ਵਿਚ ਇਹ ਅਰਥ ਪ੍ਰਗਟਾਉਂਦੇ ਹਨ ਕਿ ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਆਰਤੀ ਕਰਦੀ ਹੈ। ਗੁਰੂ ਜੀ ਵੱਲੋਂ ਉਸਾਰਿਆ ਬਿੰਬ ਪ੍ਰਕਿਰਤਕ ਵਸਤਾਂ ਨੂੰ ਇਕ ਨਵੇਂ ਰੂਪ ਵਿਚ ਚਿਤਰਦਾ ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਮਾਤਮਾ ਇਕ ਹੈ ਜੋ ਅਮੂਰਤ ਹੈ। ਉਸ ਦੇ ਰੂਪ ਨੂੰ ਸਿਰਫ ਮਨ ਵਿਚ ਚਿਤਵਿਆ ਜਾ ਸਕਦਾ ਹੈ। ਗੁਰੂ ਜੀ ਪ੍ਰਮਾਤਮਾ ਦੇ ਅਲੌਕਿਕ ਸਰੂਪ ਨੂੰ ਪ੍ਰਗਟਾਉਂਦੇ ਹੋਏ ਉਸ ਦਾ ਸੁੰਦਰ ਬਿੰਬ ਉਸਾਰਦੇ ਹਨ:

*ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥*
*ਸੋਹਣੇ ਨਕ ਜਿਨ ਲੰਮੜੇ ਵਾਲਾ ॥*
*ਕੰਚਨ ਕਾਇਆ ਸੁਇਨੇ ਕੀ ਢਾਲਾ ॥*
*ਸੋਵੰਨ ਢਾਲਾ ਕ੍ਰਿਸ਼ਨ ਮਾਲਾ ਜਪਹੁ ਤੁਸੀ ਸਹੇਲੀਹੋ ॥*[7]

ਗੁਰੂ ਨਾਨਕ ਬਾਣੀ ਵਿਚ ਮਨੁੱਖ ਨੂੰ ਪ੍ਰਮਾਤਮਾ ਦਾ ਨਾਮ ਜਪਣ ਅਤੇ ਚੰਗੇ ਕਰਮ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ਤਾਂ ਕਿ ਮਨੁੱਖ ਆਪਣਾ ਜੀਵਨ ਸਫਲ ਕਰ ਸਕੇ। ਇਸ ਮਨੋਰਥ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਉਸ ਨਾਰ ਦਾ ਬਿੰਬ ਉਸਾਰਿਆ ਹੈ ਜੋ ਸੁੰਦਰ ਹੈ ਅਤੇ ਹਾਰ ਸ਼ਿੰਗਾਰ ਨਾਲ ਆਪਣੇ ਰੂਪ ਨੂੰ ਹੋਰ ਨਿਖਾਰਦੀ ਹੈ ਪਰ ਉਸ ਦੀ ਸੁੰਦਰਤਾ ਤੇ ਹਾਰ-ਸ਼ਿੰਗਾਰ ਬੰਦਗੀ ਦੇ ਬਿਨਾ ਵਿਅਰਥ ਹੈ। ਇਸ ਪ੍ਰਕਾਰ ਗੁਰੂ ਜੀ ਅਨੁਸਾਰ ਬਾਹਰੀ ਰੰਗ ਰੂਪ ਦੀ ਬਜਾਇ ਸੱਚੇ ਮਨ ਨਾਲ ਪ੍ਰਮਾਤਮਾ ਨਾਲ ਜੁੜਨਾ ਹੀ ਮੁਕਤੀ ਦਾ ਪ੍ਰਮੁਖ ਸਾਧਨ ਹੈ:

*ਨੈਨ ਸਲੋਨੀ ਸੁੰਦਰ ਨਾਰੀ ॥*
*ਖੋੜ ਸੀਗਾਰ ਕਰੈ ਅਤਿ ਪਿਆਰੀ ॥*
*ਬਿਨ ਜਗਦੀਸ ਭਜੇ ਨਿਤ ਖੁਆਰੀ ॥*[8]

ਗੁਰੂ ਨਾਨਕ ਦੇਵ ਜੀ ਨੇ ਭੇਖੀ ਸਾਧੂਆਂ ਤੇ ਉਨ੍ਹਾਂ ਦੇ ਪਾਖੰਡੀ ਚੇਲਿਆਂ ਦਾ ਬਿੰਬ ਵੀ ਉਸਾਰਿਆ ਹੈ ਜੋ ਰੋਟੀ ਖਾਤਰ ਧਰਮ ਦੇ ਨਾਂ ਤੇ ਕਈ ਤਰ੍ਹਾਂ ਦੇ ਸੁਆਂਗ ਰਚਦੇ ਹਨ ਅਤੇ ਲੋਕਾਂ ਦੇ ਮਜਾਕ ਦਾ ਪਾਤਰ ਬਣਦੇ ਹਨ:

*ਵਾਇਨਿ ਚੇਲੇ ਨਚਨਿ ਗੁਰ ॥*
*ਪੈਰ ਹਲਾਇਨਿ ਫੇਰਨਿ ਸਿਰ ॥*
*ਉਡਿ ਉਡਿ ਰਾਵਾ ਝਾਟੈ ਪਾਇ ॥*
*ਵੇਖੈ ਲੋਕੁ ਹਸੈ ਘਰਿ ਜਾਇ ॥*[9]

## ਨਾਦ ਬਿੰਬ :

ਨਾਦ ਬਿੰਬ ਦਾ ਸੰਬੰਧ ਮਨੁੱਖੀ ਗਿਆਨ ਇੰਦਰੀ ਕੰਨ ਨਾਲ ਹੈ। ਇਸ ਦਾ ਸੰਬੰਧ ਆਵਾਜ਼,

ਸੰਗੀਤ ਅਤੇ ਸਾਜ਼ਾਂ ਨਾਲ ਹੈ। ਇਸ ਬਿੰਬ ਤਹਿਤ ਕਵੀ ਆਪਣੇ ਕੰਨਾਂ ਨਾਲ ਅਨੁਭਵ ਕੀਤੀਆਂ ਆਵਾਜ਼ਾਂ ਜਾਂ ਸੰਗੀਤ ਨੂੰ ਪਾਠਕ ਦੇ ਕੰਨਾਂ ਤੱਕ ਪਹੁੰਚਾਉਂਣ ਦਾ ਯਤਨ ਕਰਦਾ ਹੈ। ਇਹ ਬਿੰਬ ਵੱਖਰੇ ਵੱਖਰੇ ਭਾਵਾਂ ਅਰਥਾਤ ਖੁਸ਼ੀ, ਗਮੀ, ਭੈਅ ਆਦਿ ਨੂੰ ਉਤਪੰਨ ਕਰਦਾ ਹੈ। ਗੁਰੂ ਨਾਨਕ ਬਾਣੀ ਵਿਚ ਇਸ ਬਿੰਬ ਦੀ ਭਰਪੂਰ ਵਰਤੋਂ ਹੋਈ ਹੈ। ਗੁਰੂ ਜੀ ਆਪਣੇ ਅਧਿਆਤਮਕ ਵਿਚਾਰਾਂ ਨੂੰ ਮਧੁਰ ਸੰਗੀਤ/ਸਾਜ਼ ਦੇ ਮਾਧਿਅਮ ਰਾਹੀਂ ਪ੍ਰਗਟਾਉਂਦੇ ਹਨ। ਪ੍ਰਮਾਤਮਾ ਦੇ ਅਲੌਕਿਕ ਸਰੂਪ ਸੰਬੰਧੀ ਗੁਰੂ ਜੀ ਨੇ ਬਹੁਤ ਖ਼ੂਬਸੂਰਤ ਬਿੰਬਾਂ ਦੀ ਸਿਰਜਨਾ ਕੀਤੀ ਹੈ। ਅਲੌਕਿਕ ਸੰਗੀਤਕ ਧੁਨਾਂ ਪ੍ਰਮਾਤਮਾ ਦੀ ਸਿਫਤ ਸਲਾਹ ਕਰਦੀਆਂ ਉਸ ਦੇ ਸਰੂਪ ਨੂੰ ਮੂਰਤੀਮਾਨ ਕਰਦੀਆਂ ਹਨ। ਗੁਰੂ ਜੀ ਫਰਮਾਉਂਦੇ ਹਨ ਕਿ ਤੇਰੇ ਦਰ ਤੇ ਕਈ ਤਰ੍ਹਾਂ ਦੇ ਸੰਗੀਤ ਗੂੰਜਦੇ ਹਨ ਜੋ ਅਲੌਕਿਕ ਵਿਸਮਾਦ ਸਿਰਜਦੇ ਹਨ। ਕਈ ਦੇਵਤੇ ਤੇਰਾ ਜਸ ਗਾਇਨ ਕਰਦੇ ਹਨ। ਧਿਆਨ ਅਵਸਥਾ ਵਿਚ ਬੈਠੇ ਸੰਤ ਮਹਾਂਪੁਰਖ ਤੇਰਾ ਹੀ ਨਾਮ ਜਪਦੇ ਹਨ ਤੇ ਯੋਧੇ ਵੀ ਤੈਨੂ ਹੀ ਧਿਆਉਂਦੇ ਹਨ। ਵਿਦਵਾਨ ਅਤੇ ਰਿਸ਼ੀ ਵੀ ਤੇਰੀ ਹੀ ਕੀਰਤੀ ਗਾਇਨ ਕਰਦੇ ਹਨ।

*ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥*
*ਕੇਤੇ ਤੇਰੇ ਰਾਗ ਪਰੀ ਸਿਉ ਕਹੀਅਨਿ ਕੇਤੇ ਤੇਰੇ ਗਾਵਣਹਾਰੇ ॥*[10]

ਪ੍ਰਮਾਤਮਾ ਦੀ ਬੋਲੀ ਮਿੱਠੀ ਹੈ। ਉਸ ਦੀ ਆਵਾਜ਼ ਕੋਇਲ ਦੀ ਤਰ੍ਹਾਂ ਸੁਰੀਲੀ ਹੈ:

*ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥*[11]
*ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥*
*ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥*[12]

ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਕਲਜੁਗ ਦੇ ਪ੍ਰਭਾਵ ਨੂੰ ਬੜੇ ਸੁੰਦਰ ਬਿੰਬਾਂ ਰਾਹੀਂ ਉਘਾੜਿਆ ਹੈ:

*ਤਾਲ ਮਦੀਰੇ ਘਟ ਕੇ ਘਾਟ ॥*
*ਦੋਲਕ ਦੁਨੀਆ ਵਾਜਹਿ ਵਾਜ ॥*
*ਨਾਰਦੁ ਨਾਚੈ ਕਲਿ ਕਾ ਭਾਉ ॥*
*ਜਤੀ ਸਤੀ ਕਹ ਰਾਖਹਿ ਪਾਉ ॥*[13]

## ਗੰਧ ਬਿੰਬ :

ਗੰਧ ਬਿੰਬ ਮਨੁੱਖੀ ਗਿਆਨ ਇੰਦਰੀ ਨੱਕ ਨਾਲ ਸੰਬੰਧਿਤ ਹੈ। ਇਸ ਬਿੰਬ ਦੀ ਵਰਤੋਂ ਕਵੀ ਦੀ ਕੋਮਲ ਸੰਵੇਦਨਾ ਵੱਲ ਸੰਕੇਤ ਕਰਦੀ ਹੈ। ਕਵੀ ਜਿਨ੍ਹਾਂ ਰਸਾਂ ਦਾ ਆਨੰਦ ਸੁੰਘ ਕੇ ਮਾਣਦਾ ਹੈ ਉਨ੍ਹਾਂ ਨੂੰ ਗੰਧ ਬਿੰਬ ਰਾਹੀਂ ਪ੍ਰਗਟਾਉਂਦਾ ਹੈ। ਗੁਰੂ ਨਾਨਕ ਬਾਣੀ ਵਿਚ ਗੰਧ ਬਿੰਬ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ। ਗੁਰੂ ਜੀ ਪ੍ਰਮਾਤਮਾ ਨੂੰ ਪ੍ਰਕਿਰਤੀ ਦੇ ਕਣ-ਕਣ ਵਿਚ ਵਿਦਮਾਨ ਮੰਨਦੇ ਹਨ ਤੇ ਉਸਨੂੰ ਆਪਣੀ ਹਰੇਕ ਗਿਆਨ ਇੰਦਰੀ ਰਾਹੀਂ ਅਨੁਭਵ ਕਰਦੇ ਹਨ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਪ੍ਰਮਾਤਮਾ ਦੇ ਸਰਵ ਵਿਆਪਕ ਨਾਮ ਰੂਪੀ ਅੰਮ੍ਰਿਤ ਨੂੰ ਬਿਆਨ ਕਰਦੇ ਹੋਏ ਗੰਧ ਬਿੰਬ ਦੀ ਸੁੰਦਰ ਵਰਤੋਂ ਕਰਦੇ ਹਨ :

*ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥*
*ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥*[14]

ਗੁਰੂ ਜੀ ਇਕ ਈਸ਼ਵਰ ਤੇ ਉਸਦੇ ਅਨੇਕਾਂ ਰੂਪਾਂ ਨੂੰ ਭਾਵ ਏਕਤਾ ਵਿਚ ਅਨੇਕਤਾ ਨੂੰ ਦਰਸਾਉਂਦੇ ਹੋਏ ਉਚਾਰਦੇ ਹਨ ਕਿ ਸਭ ਸੁਗੰਧੀਆਂ ਦਾ ਤੂੰ ਸੋਮਾ ਹੈਂ ਫਿਰ ਮੈਂ ਸੁਗੰਧੀ ਕਰਨ ਲਈ ਕਿਸ ਅੱਗੇ ਧੂਫ ਧੁਖਾਵਾਂ :

*ਤੇਰੀ ਮੂਰਤਿ ਏਕਾ ਬਹੁਤੁ ਰੂਪ ॥*
*ਕਿਸੁ ਪੂਜ ਚੜਾਵਉ ਦੇਉ ਧੂਪ ॥*
*ਤੇਰਾ ਅੰਤੁ ਨ ਪਾਇਆ ਕਹਾ ਪਾਇ ॥*
*ਤੇਰਾ ਦਾਸਨਿ ਦਾਸਾ ਕਹਉ ਰਾਇ ॥*[15]

## ਸਵਾਦ ਬਿੰਬ :

ਅਨੁਭਵ ਦਾ ਇਕ ਸਾਧਨ ਜੀਭ ਹੈ ਜੋ ਪਦਾਰਥਾਂ ਦੇ ਸਵਾਦ ਨੂੰ ਅਨੁਭਵ ਕਰਾਉਣ ਵਿਚ ਸਹਾਇਕ ਹੁੰਦੀ ਹੈ। ਕਵੀ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਅਨੁਭਵ ਕੀਤੇ ਰਸਾਂ ਨੂੰ ਸਵਾਦ ਬਿੰਬ ਰਾਹੀਂ ਪ੍ਰਟਾਉਂਦਾ ਹੈ ਜੋ ਪਾਠਕਾਂ ਨੂੰ ਉਹੀ ਰਸ ਅਨੁਭਵ ਕਰਾਉਣ ਵਿਚ ਮਦਦਗਾਰ ਹੁੰਦਾ ਹੈ ਜੋ ਕਵੀ ਨੇ ਮਹਿਸੂਸ ਕੀਤੇ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਵਾਦ ਬਿੰਬ ਦੀ ਵੀ ਵਰਤੋਂ ਕੀਤੀ ਹੈ ਜੋ ਅਧਿਆਤਮਕ ਸੁਹਜ ਸਵਾਦ ਨੂੰ ਅਨੁਭਵ ਕਰਾਉਂਦੇ ਹਨ। ਗੁਰੂ ਜੀ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਸੰਦੇਸ਼ ਦਿੰਦੇ ਹਨ ਕਿ ਉਹ ਦੁਨਿਆਵੀ ਵਸਤਾਂ ਦੇ ਸਵਾਦ ਵਿਚ ਗੁਆਚ ਕੇ ਹਰੀ-ਰਸ ਨੂੰ ਭੁਲਾ ਦਿੰਦਾ ਹੈ। ਗੁਰੂ ਜੀ ਨੇ ਜੀਭ ਦੇ ਰਸ ਨਾਲੋਂ ਹਰੀ-ਰਸ ਨੂੰ ਮਾਨਣ ਉੱਪਰ ਜ਼ੋਰ ਦਿੱਤਾ ਹੈ ਜੋ ਚਿਰ ਸਥਾਈ ਹੈ :

*ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥*
*ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥*
*ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥*[16]

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਮਨੁੱਖ ਪਹਿਲਾਂ ਬਾਲ ਅਵਸਥਾ ਵਿਚ ਮਾਂ ਦੇ ਦੁੱਧ ਨਾਲ ਪਿਆਰ ਪਾ ਲੈਂਦਾ ਹੈ। ਪੰਜਵੀਂ ਅਵਸਥਾ ਵਿਚ ਉਹ ਦੁਨਿਆਵੀ ਰਸਾਂ ਵਿਚ ਇੰਨਾ ਗਵਾਚ ਜਾਂਦਾ ਹੈ ਕਿ ਉਸ ਨੂੰ ਅਸਲ ਰਸ ਭਾਵ ਹਰਿ-ਰਸ ਭੁੱਲ ਜਾਂਦਾ ਹੈ। ਗੁਰੂ ਜੀ ਇਨ੍ਹਾਂ ਬਿੰਬਾਂ ਰਾਹੀਂ ਹਰਿ-ਰਸ ਦੀ ਮਹੱਤਤਾ ਨੂੰ ਦਰਸਾਉਂਦੇ ਹਨ :

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*[17]

## ਸਪਰਸ਼ ਬਿੰਬ :

ਇਸ ਬਿੰਬ ਦਾ ਸੰਬੰਧ ਚਮੜੀ ਨਾਲ ਹੈ। ਕਿਸੇ ਪਦਾਰਥ ਦੀ ਛੁਹ ਕਾਰਨ ਇਸ ਰਸ ਦੀ ਪ੍ਰਾਪਤੀ ਹੁੰਦੀ ਹੈ। ਇਹ ਛੁਹ ਮਨੁੱਖੀ ਮਨ ਦੀ ਸੰਤੁਸ਼ਟੀ ਕਰਦੀ ਹੈ। ਇਸ ਬਿੰਬ ਦਾ ਬੋਧ ਵਧੇਰੇ ਪ੍ਰਤੱਖ ਹੁੰਦਾ ਹੈ। ਗੁਰੂ ਨਾਨਕ ਬਾਣੀ ਵਿਚ ਸਪਰਸ਼ ਬਿੰਬ ਉੱਤਮ ਰੂਪ ਵਿਚ ਪ੍ਰਗਟ ਹੋਏ ਹਨ ਜੋ ਪਾਠਕ ਦੇ ਮਨ ਉੱਪਰ ਆਪਣਾ ਗਹਿਰਾ ਪ੍ਰਭਾਵ ਪਾਉਂਦੇ ਹਨ। ਗੁਰੂ ਜੀ ਨੇ ਮਨਮੁਖ ਵਿਅਕਤੀ ਨੂੰ ਸਮਝਾਉਣ ਲਈ ਪਾਰਸ ਪੱਥਰ ਦਾ ਬਿੰਬ ਉਸਾਰਿਆ ਹੈ। ਪਾਰਸ ਇਕ ਅਜਿਹਾ ਪੱਥਰ ਹੈ ਜੋ ਕਿਸੇ ਵੀ ਵਸਤੂ ਨੂੰ ਸੋਨਾ ਬਣਾ ਦਿੰਦਾ ਹੈ। ਇਸ ਰਾਹੀਂ ਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਗੁਰਮੁਖ ਵਿਅਕਤੀ ਦੀ ਸੰਗਤ ਕਿਸੇ ਮਨਮੁਖ ਵਿਅਕਤੀ ਨੂੰ ਵੀ ਗੁਰਮੁਖ ਬਣਾ ਦਿੰਦੀ ਹੈ ਭਾਵ ਉਹ ਸੋਨਾ ਬਣ ਜਾਂਦਾ ਹੈ :

*ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥*
*ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥*[18]

ਇਸੇ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਪਤੀ-ਪਤਨੀ ਦਾ ਬਿੰਬ ਉਸਾਰਦੇ ਹੋਏ ਮਨੁੱਖ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਲਈ ਪ੍ਰੇਰਿਆ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਉਹ ਜੀਵ ਇਸਤਰੀ ਭਾਵ ਜੀਵ ਆਤਮਾ ਹੀ ਖ਼ੁਸ਼ੀ ਮਾਨਦੀ ਹੈ ਜੋ ਪ੍ਰਭੂ ਪ੍ਰੀਤਮ ਦੀ ਛੁਹ ਪ੍ਰਾਪਤ ਕਰਦੀ ਹੈ। ਇਹ ਸੁੱਖ ਸੁਹਾਗਣ ਨੂੰ ਹੀ ਪ੍ਰਾਪਤ ਹੁੰਦਾ ਹੈ ਦੁਹਾਗਣ ਦੁੱਖ ਸਹਾਰਦੀ ਹੈ :

*ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥*
*ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥*[19]

ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਇੰਦਰਿਆਈ ਬਿੰਬਾਂ ਤੋਂ ਇਲਾਵਾ ਬਹੁਤ ਸਾਰੀਆਂ ਵੰਨਗੀਆਂ ਦੇ ਬਿੰਬਾਂ ਦਾ ਅਮੋਲਕ ਖਜ਼ਾਨਾ ਮੌਜੂਦ ਹੈ ਜੋ ਗੁਰੂ ਜੀ ਦੀ ਵਿਚਾਰਧਾਰਾ ਅਤੇ ਗਹਿਰੇ ਅਨੁਭਵ ਨਾਲ ਓਤਪੋਤ ਹੈ। ਇਹ ਬਿੰਬ ਭਾਵੇਂ ਆਲੇ ਦੁਆਲੇ ਦੇ ਪ੍ਰਕਿਰਤਕ ਜਾਂ ਸਮਾਜਕ ਚੌਗਿਰਦੇ ਵਿਚੋਂ ਉਸਾਰੇ

ਗਏ ਹਨ ਪਰ ਇਨ੍ਹਾਂ ਦਾ ਪ੍ਰਭਾਵ ਵਿਲੱਖਣ ਹੈ ਜੋ ਜਨ ਸਧਾਰਨ ਨੂੰ ਕੀਲਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਬਿੰਬਾਂ ਵਿਚੋਂ ਕੁਝ ਇਕ ਬਿੰਬਾਂ ਨੂੰ ਵੇਖਿਆ ਜਾ ਸਕਦਾ ਹੈ। ਜ਼ਿੰਦਗੀ ਦੀ ਨਾਸ਼ਮਾਨਤਾ ਅਤੇ ਚੰਗੇ ਕਰਮਾਂ ਦੇ ਮਹੱਤਵ ਨੂੰ ਪ੍ਰਗਟਾਉਂਦਾ ਇਹ ਬਿੰਬ ਬਹੁਤ ਪ੍ਰਭਾਵਸ਼ਾਲੀ ਹੈ :

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥* [20]

ਇਸੇ ਤਰ੍ਹਾਂ ਪ੍ਰਮਾਤਮਾ ਤੋਂ ਵਿਛੜੀ ਜੀਵ ਆਤਮਾ ਦੇ ਬਿਰਹਾ ਦੇ ਭਾਵਾਂ ਨੂੰ ਪ੍ਰਗਟਾਉਂਦਾ ਇਹ ਬਿੰਬ ਬਹੁੱਤ ਖ਼ੂਬਸੂਰਤ ਹੈ ਜੋ ਵੈਦ ਅਤੇ ਉਸ ਦੁਆਰਾ ਕੀਤੇ ਜਾਂਦੇ ਇਲਾਜ ਰਾਹੀਂ ਉਸਾਰਿਆ ਗਿਆ ਹੈ :

*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥*
*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥* [21]

ਇਨਸਾਨੀ ਰਿਸ਼ਤਿਆਂ ਨੂੰ ਮਹੱਤਵ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਜਾਤ-ਪਾਤ ਤੇ ਉਨ੍ਹਾਂ ਨਾਲ ਜੁੜੇ ਫੋਕੇ ਕਰਮ ਕਾਂਡਾਂ ਦਾ ਵਿਰੋਧ ਕਰਦੇ ਹਨ। ਇਸ ਵਿਚਾਰ ਨੂੰ ਉਨ੍ਹਾਂ ਨੇ ਇਸ ਬਿੰਬ ਰਾਹੀਂ ਉਭਾਰਿਆ ਹੈ :

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥* [22]

ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਸ਼ਾਲ ਜੀਵਨ ਅਨੁਭਵ ਨੂੰ ਇੰਨ੍ਹਾਂ ਬਿੰਬਾਂ ਦੇ ਸਹਾਰੇ ਲੋਕਾਂ ਨਾਲ ਸਾਂਝਾ ਕੀਤਾ। ਆਪ ਜੀ ਨੇ ਜਨ ਸਧਾਰਨ ਨੂੰ ਧਰਮ ਦੇ ਅਸਲ ਅਰਥ ਸਮਝਾਉਣ ਲਈ ਅਤੇ ਗਹਿਰੇ ਅਧਿਆਤਮਕ ਅਨੁਭਵ ਨੂੰ ਪ੍ਰਗਟਾਉਣ ਲਈ ਬਹੁੱਤ ਸਾਰੇ ਬਿੰਬਾਂ ਦੀ ਸਹਿਜ ਸੁਭਾ ਵਰਤੋਂ ਕੀਤੀ। ਇਹ ਬਿੰਬ ਸਮਾਜਕ ਚੌਗਿਰਦੇ ਵਿਚੋਂ ਲਏ ਗਏ ਹਨ ਤਾਂ ਕਿ ਜਨ ਸਧਾਰਨ ਇਨ੍ਹਾਂ ਰਾਹੀਂ ਗੂੜ ਵਿਚਾਰਾਂ ਨੂੰ ਅਸਾਨੀ ਨਾਲ ਸਮਝ ਸਕੇ ਅਤੇ ਜੀਵਨ ਦੇ ਅਸਲ ਅਰਥਾਂ ਨੂੰ ਜਾਣ ਸਕੇ। ਇਨ੍ਹਾਂ ਬਿੰਬਾਂ ਵਿਚ ਅਧਿਆਤਮਕ ਵਿਚਾਰ, ਸਮਾਜਕ ਕਾਰ-ਵਿਹਾਰ, ਲੋਕ-ਮਨ, ਰੁਚੀਆਂ, ਸੱਧਰਾਂ, ਪਿਆਰ ਆਦਿ ਦੇ ਰੰਗ ਭਰੇ ਪਏ ਹਨ। ਇਨ੍ਹਾਂ ਬਿੰਬਾਂ ਰਾਹੀਂ ਹੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਪੱਸ਼ਟ ਉਜਾਗਰ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਾਰ ਮਹਾਨ ਕੋਸ਼**, ਭਾਸ਼ਾ ਵਿਭਾਗ ਪਟਿਆਲਾ, 1981, ਪੰਨਾ-872
2. C. D. Lewis, **The Poetic Image**, London, 1948, P.18
3. ਸਟੀਫਨਜੇ ਬਰਾਊਨ, **ਵਰਲਡ ਆਫ਼ ਇਮੇਜਰੀ** (ਉਧਰਿਤ), ਡਾ. ਵਿਜਯ ਦ੍ਵਿਵੇਦੀ, **ਨਈਂ ਕਵਿਤਾ ਪ੍ਰੇਰਣਾ ਔਰ ਪ੍ਰਯੋਜਨ**, ਪ੍ਰਗਤੀ ਪ੍ਰਕਾਸ਼ਨ, ਆਗਰਾ-3, 1978, ਪੰਨਾ-113
4. Robin Skelton, **The Poetic Pattern**, Routladge and Kegan Ral, London, 1956, P.90
5. ਡਾ. ਸਤਿੰਦਰ ਸਿੰਘ, **ਵਿਹਾਰਕ ਸਮੀਖਿਆ** (ਕਵਿਤਾ ਤੇ ਵਾਰਤਕ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2005, ਪੰਨਾ 39
6. **ਸ੍ਰੀ ਗੁਰੂ ਗ੍ਰੰਥ ਸਾਹਿਬ**, ਆਰਤੀ, ਅੰਗ 663
7. **ਸ੍ਰੀ ਗੁਰੂ ਗ੍ਰੰਥ ਸਾਹਿਬ**, ਵਡਹੰਸ ਮ:1, ਅੰਗ 567
8. **ਸ੍ਰੀ ਗੁਰੂ ਗ੍ਰੰਥ ਸਾਹਿਬ**, ਗਉੜੀ ਮ:1, ਅੰਗ 225
9. **ਸ੍ਰੀ ਗੁਰੂ ਗ੍ਰੰਥ ਸਾਹਿਬ**, ਆਸਾ ਦੀ ਵਾਰ, ਅੰਗ 465
10. **ਸ੍ਰੀ ਗੁਰੂ ਗ੍ਰੰਥ ਸਾਹਿਬ**, ਅੰਗ 6
11. **ਸ੍ਰੀ ਗੁਰੂ ਗ੍ਰੰਥ ਸਾਹਿਬ**, ਵਡਹੰਸ ਮ:1, ਅੰਗ 567
12. **ਸ੍ਰੀ ਗੁਰੂ ਗ੍ਰੰਥ ਸਾਹਿਬ**, ਵਡਹੰਸ ਮ:1, ਅੰਗ 566

13. **ਸ੍ਰੀ ਗੁਰੂ ਗ੍ਰੰਥ ਸਾਹਿਬ**, ਆਸਾ ਮ:1, ਅੰਗ 349
14. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਾਰੂ ਵਾਰ ਮ:1, ਅੰਗ 1091
15. **ਸ੍ਰੀ ਗੁਰੂ ਗ੍ਰੰਥ ਸਾਹਿਬ**, ਬਸੰਤ ਮ:1, ਅੰਗ 1168
16. **ਸ੍ਰੀ ਗੁਰੂ ਗ੍ਰੰਥ ਸਾਹਿਬ**, ਸਿਰੀ ਰਾਗ ਮ:1, ਅੰਗ 15
17. **ਸ੍ਰੀ ਗੁਰੂ ਗ੍ਰੰਥ ਸਾਹਿਬ**, ਵਾਰ ਮਾਝ, ਅੰਗ 137
18. **ਸ੍ਰੀ ਗੁਰੂ ਗ੍ਰੰਥ ਸਾਹਿਬ**, ਬਸੰਤ ਹਿੰਡੋਲ, ਅੰਗ 1172
19. **ਸ੍ਰੀ ਗੁਰੂ ਗ੍ਰੰਥ ਸਾਹਿਬ**, ਸਿਰੀ ਰਾਗ, ਅੰਗ 54
20. **ਸ੍ਰੀ ਗੁਰੂ ਗ੍ਰੰਥ ਸਾਹਿਬ**, ਅੰਗ 470
21. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਲਾਰ ਕੀ ਵਾਰ, ਅੰਗ 1279
22. **ਸ੍ਰੀ ਗੁਰੂ ਗ੍ਰੰਥ ਸਾਹਿਬ**, ਅੰਗ 471

◈

# ਸਭਿਆਚਾਰਕ ਕ੍ਰਾਂਤੀ ਅਤੇ ਨਵ ਜਾਗ੍ਰਿਤੀ ਦਾ ਸੰਕਲਪ: ਨਾਨਕ ਬਾਣੀ ਦੇ ਵਿਸ਼ੇਸ਼ ਸੰਦਰਭ ਵਿੱਚ




ਡਾ. ਅਮਨਦੀਪ ਕੌਰ
ਅਸਿਸਟੈਂਟ ਪ੍ਰੋਫ਼ੈਸਰ,
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ,
ਖ਼ਾਲਸਾ ਕਾਲਜ, ਅੰਮ੍ਰਿਤਸਰ।
amandeepchhina41@gmail.com
ਮੋ. : 9815102484

ਸਭਿਆਚਾਰ ਮਨੁੱਖੀ ਇਤਿਹਾਸ ਦਾ ਅਜਿਹਾ ਵਰਤਾਰਾ ਹੈ, ਜਿਸਨੇ ਭਾਸ਼ਾਈ ਤੇ ਗੈਰ ਭਾਸ਼ਾਈ ਮਾਧਿਅਮ ਰਾਹੀਂ ਸਮਾਜ ਅਤੇ ਸਾਹਿਤ ਨੂੰ ਆਪਣੀ ਪਛਾਣ ਦੇ ਕੇ ਉਹ ਅਧਾਰ ਦਿੱਤੇ ਹਨ, ਜਿੰਨ੍ਹਾਂ ਦੇ ਮਾਧਿਅਮ ਰਾਹੀਂ ਨਵੇਂ ਪਰਿਵਰਤਨ ਜਨਮ ਲੈਂਦੇ ਹਨ। ਸਭਿਆਚਾਰ ਇਕ ਜੀਊਂਦਾ ਜਾਗਦਾ ਦਸਤਾਵੇਜ ਹੈ, ਜਿਸ ਨਾਲ ਬੀਤੇ ਦਾ ਅਧਿਐਨ ਵੀ ਕੀਤਾ ਜਾ ਸਕਦਾ ਹੈ ਅਤੇ ਵਰਤਮਾਨ ਬਾਰੇ ਵੀ ਸਾਰਥਕ ਸੂਝ ਪੈਦਾ ਕੀਤੀ ਜਾ ਸਕਦੀ ਹੈ। ਸਭਿਆਚਾਰਕ ਅਮਲ ਨਿਰੋਲ ਮਨੁੱਖੀ ਬਿਬੇਕ 'ਤੇ ਸਹਿਜ ਚਿੰਤਨ ਦੀਆਂ ਗਹਿਰਾਈਆਂ ਵਿਚੋਂ ਨਿਕਲਦਾ ਹੋਇਆ ਯਥਾਰਥ ਵਿਚ ਅਕਾਰ ਗ੍ਰਹਿਣ ਕਰਦਾ ਹੈ। ਸਭਿਆਚਾਰ 'ਤੇ ਲੋਕਧਾਰਾ ਨਿਰੀ ਪਰੰਪਰਾ ਨਹੀਂ ਬਲਕਿ ਜੀਵਨ ਦੀ ਕਿਰਿਆਸ਼ੀਲ ਸ਼ਕਤੀ ਹੋਣ ਦੇ ਨਾਤੇ ਇਸਨੇ ਜੀਵੰਤ ਸੰਸਥਾ ਦਾ ਰੂਪ ਧਾਰਿਆ ਹੈ।

ਮਨੁੱਖੀ ਜੀਵਨ ਦੀ ਹਰ ਸਿਆਣਪ ਅਤੇ ਬਣਤਰ ਦਾ ਅਮਲ ਲੋਕਧਾਰਾ ਅਤੇ ਸਭਿਆਚਾਰ ਵਿਚ ਪਿਆ ਹੁੰਦਾ ਹੈ। ਹਰ ਵਸ਼ਿਸ਼ਟ ਸਾਹਿਤਕਾਰ ਆਪਣੀ ਸਾਹਿਤਿਕ ਸਿਰਜਣਾਂ ਲਈ ਲੋਕ ਸਾਹਿਤ ਵਿਚੋਂ ਸਮੱਗਰੀ ਲੈਂਦਾ ਹੈ ਤੇ ਆਪਣੇ ਵਿਸ਼ੇ ਅਤੇ ਮਨੋਰਥ ਸਿਧੀ ਅਨੁਸਾਰ ਉਸਨੂੰ ਪਰਿਵਰਤਿਤ ਕਰਕੇ ਵਰਤਦਾ ਹੈ। ਲੋਕਧਾਰਾ ਦੀ ਸਮੱਗਰੀ ਨੂੰ ਸਾਹਿਤ ਵਿਚ ਬੁਣਨ ਦੀ ਵਿਧੀ ਸੁਚੇਤ ਅਤੇ ਅਚੇਤ ਦੋਹਾਂ ਹਾਲਤਾਂ ਵਿੱਚ ਹੁੰਦੀ ਹੈ। ਸਾਹਿਤਕਾਰ ਸ਼ਬਦਾਂ ਦੁਆਰਾ ਆਪਣੇ ਭਾਵਾਂ ਨੂੰ ਅਤੇ ਕਲਪਨਾਵਾਂ ਨੂੰ ਦਰਸਾਉਣ ਦੇ ਨਾਲ-ਨਾਲ ਲੋਕ ਸਮੱਗਰੀ ਜਿਹੀ ਵਿਸਤ੍ਰਿਤ ਵਸਤੂ ਦੀ ਵਰਤੋਂ ਵੀ ਕਰਦੇ ਹਨ। ਮੱਧਕਾਲੀ ਸਾਹਿਤਕਾਰਾਂ ਨੇ ਸਭਿਆਚਾਰਕ ਸਮੱਗਰੀ ਨੂੰ ਆਪਣੇ ਵਿਸ਼ੇ ਦੇ ਨਿਭਾਓ ਅਤੇ ਸਰਲੀਕਰਨ ਲਈ ਵਰਤਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਭਿਆਚਾਰਕ ਚੇਤਨਾ ਦਾ ਉਦਗਮ ਸ੍ਰੋਤ ਹੋਣ ਦੇ ਨਾਲ-ਨਾਲ ਮੱਧਕਾਲ ਦੀ ਅਜਿਹੀ ਅਮੀਰ ਕਾਵਿ-ਧਾਰਾ ਹੈ ਜੋ ਭਾਰਤੀ ਧਰਮ ਸਾਧਨਾਂ ਨੂੰ ਇਕ ਦ੍ਰਿੜ ਸਭਿਆਚਾਰਕ ਆਧਾਰ ਵਜੋਂ ਪੇਸ਼ ਕਰਨ ਦੀ ਉੱਤਮ ਸ੍ਰੋਤ ਬਣਦੀ ਹੈ। ਸਭਿਆਚਾਰ ਦਾ ਅਧਿਐਨ ਸਮਾਜ ਦੇ ਅੰਦਰਲੇ ਅਤੇ ਬਾਹਰਲੇ ਦੋਵਾਂ ਪੱਖਾਂ ਨਾਲ ਸੰਬੰਧਿਤ ਹੈ। ਦੂਸਰੇ ਪਾਸੇ ਦਾਰਸ਼ਨਿਕ ਅਤੇ ਸਾਧਨਾਂ ਭਗਤੀ ਦਾ ਸੰਬੰਧ ਸਭਿਆਚਾਰ ਵਿਚਲੀ ਰਾਜਨੀਤੀ, ਧਾਰਮਿਕ, ਸਮਾਜਿਕ ਅਤੇ ਮਾਨਵ ਸਥਿਤੀ ਨਾਲ ਹੈ। ਗੁਰੂ ਨਾਨਕ ਦੇਵ ਜੀ ਅਜਿਹੇ ਕ੍ਰਾਂਤੀਕਾਰੀ ਯੁੱਗ ਪੁਰਸ਼ ਹੋਏ ਹਨ, ਜਿੰਨ੍ਹਾਂ ਨੇ ਭਾਰਤੀ ਸਭਿਆਚਾਰਕ ਸਥਿਤੀਆਂ ਨੂੰ ਆਪਣੀ ਬਾਣੀ ਰਾਹੀਂ ਸਿੱਧੇ ਵਿਅੰਗਾਤਮਕ ਰੂਪ ਵਿਚ ਬਿਆਨ ਕਰਨ ਦੀ ਪਹਿਲ ਕਦਮੀਂ ਕੀਤੀ ਹੈ। ਉਹਨਾਂ ਨੇ ਪੁਰਾਤਨ ਪਰੰਪਰਾ ਨੂੰ ਨਕਾਰਦਿਆਂ ਨਵ-ਜਾਗ੍ਰਿਤੀ ਦੀ ਲਹਿਰ ਨੂੰ ਉਭਾਰਿਆ ਹੈ।

ਗੁਰੂ ਨਾਨਕ ਦੇਵ ਜੀ ਮੱਧਕਾਲੀ ਸਮਾਜ ਵਿੱਚ **ਸਭਿਆਚਾਰਕ ਨਵ-ਜਾਗ੍ਰਿਤੀ ਲਹਿਰ ਫੈਲਾਉਣ** ਵਾਲੇ ਪਹਿਲੇ ਮਹਾਨ ਯੁੱਗ ਪੁਰਸ਼ ਵਜੋਂ ਸਾਹਮਣੇ ਆਏ ਜਿੰਨ੍ਹਾਂ ਦੇ ਵਿਚਾਰਾਂ 'ਤੇ ਬਾਣੀ ਦੇ ਪ੍ਰੇਰਨਾਦਾਇਕ ਪ੍ਰਭਾਵ ਨੇ ਮੱਧਕਾਲੀ ਸਮਾਜ ਵਿੱਚ ਵਿਸ਼ੇਸ਼ ਪ੍ਰਕਾਰ ਦੀ ਸਭਿਆਚਾਰਕ ਜਾਗ੍ਰਿਤੀ ਨੂੰ ਜਨਮ ਦਿੰਦਿਆਂ ਲੋਕਾਂ ਦੀ ਸੁੱਤੀ ਚੇਤਨਾ ਨੂੰ ਜਗਾਇਆ। ਉਹਨਾਂ ਨੇ ਸਮੁੱਚੀ ਬਾਣੀ ਵਿਚ ਮਾਨਵ ਵਿਰੋਧੀ ਅਨਸਰਾਂ ਅਤੇ ਦੋਖੀਆਂ ਦੀ ਤਿੱਖੀ ਅਲੋਚਨਾ ਕੀਤੀ। ਅਧਿਆਤਮਕ ਚਿੰਤਨ ਦੇ ਨਾਲ-ਨਾਲ ਸਮਾਜ ਵਿਚ ਪ੍ਰਚਲਿਤ ਭੇਡ-ਚਾਲ ਨੂੰ ਤਿਆਗਣ ਵਰਗੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਲੋਕਾਂ ਦੇ ਸਾਹਮਣੇ ਰੱਖਿਆ।

ਗੁਰਮਤਿ ਕਾਵਿ ਧਾਰਾ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਨ। ਉਹਨਾਂ ਦਾ ਆਗਮਨ ਪਤਨਮੁਖੀ ਸਭਿਆਚਾਰਕ ਪ੍ਰਸਥਿਤੀਆਂ ਵਿਚ ਹੋਇਆ। ਜਿਸ ਦਾ ਉਲੇਖ ਕਰਦਿਆਂ ਉਹਨਾਂ ਨੇ ਲੋਕ ਮੁਹਾਵਰੇ ਦਾ ਪ੍ਰਯੋਗ ਕੀਤਾ। ਉਹਨਾਂ ਦੀ ਸਮੁੱਚੀ ਬਾਣੀ ਗੁਰਮੁਖੀ ਭਾਸ਼ਾ ਵਿਚ ਹੈ, ਜੋ ਆਮ ਜਨਮਾਣਸ ਦੇ ਬਿਲਕੁਲ ਨੇੜੇ ਹੈ। ਉਹਨਾਂ ਦੀ ਡੂੰਘੀ ਸੋਚ ਅਤੇ ਦਿੱਬ ਦ੍ਰਿਸ਼ਟੀ ਸਮਾਜ ਦੇ ਸੰਕਟਾਂ ਨੂੰ ਵੇਖਣ ਤੇ ਉਹਨਾਂ ਪ੍ਰਤੀ ਆਵਾਜ਼ ਬੁਲੰਦ ਕਰਨ ਦਾ ਸਾਹਸ ਰੱਖਣ ਵਾਲੀ ਸੀ।

ਉਹਨਾਂ ਨੇ ਲੋਕ-ਕਾਵਿ ਰੂਪਾਂ ਦੀ ਵਰਤੋਂ ਕੀਤੀ, ਜਿਵੇਂ ਸ਼ੀਹਰਫ਼ੀ, ਬਾਵਨ-ਅੱਖਰੀ, ਪੱਟੀ, ਬਾਰਾਂਮਾਹ, ਵਾਰਾਂ, ਅਲਾਹੁਣੀਆਂ ਆਦਿ। ਲੋਕ ਸੰਗੀਤਕ ਧੁਨਾਂ ਦੀ ਵਰਤੋਂ ਕੀਤੀ। ਰਾਗ ਮਾਝ ਮਾਝੇ ਦੀਆਂ ਧੁਨਾਂ ਤੇ ਆਧਾਰਿਤ ਹੈ। ਉਹਨਾਂ ਨੇ ਪੰਜਾਬੀ ਸਮਾਜ-ਸਭਿਆਚਾਰਕ ਨਾਲ ਸੰਬੰਧਿਤ ਪ੍ਰਤੀਕਾਂ ਦੀ ਵਰਤੋਂ ਕੀਤੀ ਜਿਵੇਂ: ਕਪਾਹ, ਸੂਤ, ਜਨੇਊ, ਦੀਵਾ, ਕੱਲਰ ਆਦਿ। ਸਮਾਜਿਕ ਜੀਵਨ ਨਾਲ ਜੁੜੇ ਪ੍ਰਤੀਕ ਅਤੇ ਬਿੰਬ ਸਮਾਜ ਨੂੰ ਬਦਲਣ ਦੇ ਆਸ਼ੇ ਨਾਲ ਵਰਤੇ ਗਏ ਸਨ। ਸਮਾਜਿਕ ਬਰਾਬਰੀ 'ਤੇ ਏਕਤਾ ਦਾ ਸੰਦੇਸ਼ ਲੋਕ-ਬੋਲੀ ਵਿਚ ਜਲਦੀ ਕਾਰਜ ਕਰਦਾ ਹੈ। 'ਕਿਰਤ ਕਰੋ ਵੰਡ ਸ਼ਕੋ' 'ਘਾਲਿ ਖਾਇ ਕਿਛੁ ਹਥਹੁ ਦੇਹਿ' ਵਰਗੇ ਸਿਧਾਂਤ ਜਾਗੀਰਦਾਰੀ ਸਿਸਟਮ ਨੂੰ ਵੰਗਾਰਦੇ ਹਨ ਅਤੇ ਆਮ ਲੋਕਾਂ ਨੂੰ ਕਿਰਤ ਨਾਲ ਜੁੜਣ ਦੇ ਰਾਹ ਤੋਰਦੇ ਹਨ। ਉਹਨਾਂ ਨੇ ਜਗੀਰਦਾਰੀ ਅਤੇ ਲੋਟੂ ਸ਼੍ਰੇਣੀਆਂ ਨੂੰ ਲਹੂ-ਪੀਣੇ ਕਹਿ ਕੇ ਨਿੰਦਿਆ ਹੈ। ਗੁਰੂ ਨਾਨਕ ਦੇਵ ਜੀ ਦੇ ਸਮਾਜ-ਸਭਿਆਚਾਰਕ ਸੰਘਰਸ਼ ਦਾ ਇਕ ਪਹਿਲੂ ਇਹ ਵੀ ਹੈ ਕਿ ਉਹ ਬ੍ਰਾਹਮਣਵਾਦ ਤੋਂ ਨਾਤਾ ਤੋੜਦੇ ਹਨ। ਬਹੁ ਦੇਵੀਵਾਦ, ਮੂਰਤੀ ਪੂਜਾ ਤੇ ਤੀਰਥਵਾਦ ਨੂੰ ਨਕਾਰਦੇ ਹਨ। ਗੁਰੂ ਨਾਨਕ ਦੇਵ ਜੀ ਪੰਜਾਬ ਦੇ ਰਹਿਣ ਵਾਲੇ ਸਨ। ਏਸੇ ਲਈ ਉਹਨਾਂ ਦੀ ਭਾਸ਼ਾ ਪੰਜਾਬੀ ਅਤੇ ਜਨ-ਮਾਣਸ ਦੇ ਬਹੁਤ ਨੇੜੇ ਹੈ। ਉਹਨਾਂ ਦੀ ਬਾਣੀ ਵਿਚ ਮੁਹਾਵਰਿਆਂ, ਅਖਾਣਾਂ ਦਾ ਪ੍ਰਯੋਗ ਵੀ ਆਮ ਮਿਲਦਾ ਹੈ। ਗੁਰਬਾਣੀ ਦੀਆਂ ਕਈ ਪੰਕਤੀਆਂ ਲੋਕ ਤੱਥਾਂ ਜਾਂ ਲੋਕ ਸੱਚਾਈਆਂ ਵਾਂਗ ਆਮ ਲੋਕਾਂ ਦੀ ਜ਼ੁਬਾਨ ਤੇ ਚੜ ਗਈਆਂ ਹਨ। ਜਿੰਨ੍ਹਾਂ ਵਿਚ ਸਦਾਚਾਰਕ 'ਤੇ ਸਭਿਆਚਾਰਕ ਗੁਣ ਗ੍ਰਹਿਣ ਕਰਦਿਆਂ ਔਗੁਣਾਂ ਨੂੰ ਤਿਆਗਣ ਦਾ ਸੰਦੇਸ਼ ਦਿੱਤਾ ਗਿਆ ਹੈ।

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ* (ਰ. ਆਸਾ ਮ 1 ਪੰਨਾ 470)
*ਮੰਦਾ ਮੂਲਿ ਨ ਕੀਚਈ*
*ਦੇ ਲੰਮੀ ਨਦਰਿ ਨਿਹਾਲੀਐ* (ਰ. ਆਸਾ ਮ 1 ਪੰਨਾ 474)
*ਚੰਗਿਆਈਆ ਬੁਰਿਆਈਆ ਵਾਜੈ ਧਰਮੁ ਹਦੂਰਿ* (ਜਪੁ ਜੀ ਮਹਲਾ 2, 9)
*ਨਾਨਕ ਫਿਕੈ ਬੋਲੀਐ ਤਨ ਮਨ ਫਿਕਾ ਹੋਇ* (ਵਾਰ ਆਸਾ ਮ 1)

ਸਭਿਆਚਾਰ ਜਦੋਂ ਆਪਣੀਆਂ ਮੂਲ ਜੜਾਂ ਤੋਂ ਟੁੱਟ ਜਾਵੇ ਤਾਂ ਉਹ ਆਪਣੇ ਅਸਲ ਸਭਿਆਚਾਰ ਤੋਂ ਪਿਛੇ ਰਹਿ ਜਾਂਦਾ ਹੈ। ਜਿਸਨੂੰ ਸਭਿਆਚਾਰਕ ਪਛੜੇਵਾਂ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਆਗਮਨ ਵੀ ਸਭਿਆਚਾਰਕ ਪਛੜੇਵੇਂ ਦੀ ਸੰਕਟ ਗ੍ਰਸਤ ਸਥਿਤੀ ਵਿਚ ਹੋਇਆ। ਉਸ ਸਮੇਂ ਸਮੁੱਚਾ ਆਰਥਿਕ, ਸਮਾਜਿਕ, ਰਾਜਨੈਤਿਕ ਪ੍ਰਬੰਧ ਬੁਰੀ ਤਰ੍ਹਾਂ ਅਸਤ ਵਿਅਸਤ ਹੋ ਚੁੱਕਾ ਸੀ। ਸਭਿਆਚਾਰ ਆਪਣੀ ਮੂਲ ਸਾਰਥਕਤਾ ਤੋਂ ਪਿਛੜਦਾ ਜਾ ਰਿਹਾ ਸੀ। ਉਸ ਸਮੇਂ ਸਮਾਜ ਵਿਚ ਕਈ ਕਰਮਕਾਂਡਾਂ ਦਾ ਗਲਬਾ ਸੀ। ਸਮਾਜ ਦੀ ਵੰਡ ਜਾਤੀ ਅਧਾਰਿਤ ਹੋ ਰਹੀ ਸੀ। ਇਕ ਪਾਸੇ ਬ੍ਰਾਹਮਣੀ ਅੱਤਿਆਚਾਰ ਤੇ ਦੂਜੇ ਪਾਸੇ ਇਸਲਾਮਿਕ ਲੁੱਟ-ਖਸੁੱਟ ਅਤੇ ਹਮਲੇ ਆਮ ਲੋਕਾਂ ਦਾ ਸਰੀਰਕ ਤੇ ਮਾਨਸਿਕ ਨਿਘਾਰ ਕਰ ਰਹੇ ਸਨ। 8ਵੀਂ ਤੋਂ 15ਵੀਂ ਸਦੀ ਦਾ ਸਮਾਂ ਸਭਿਆਚਾਰੀਕਰਨ

ਦੇ ਮੁਢਲੇ ਟਕਰਾਉ ਵਿਚੋਂ ਗੁਜ਼ਰ ਰਿਹਾ ਸੀ। ਵਿਭਿੰਨ ਸਭਿਆਚਾਰਕ ਸੁਮੇਲਤਾ ਤੇ ਟਕਰਾਉ ਵਿਚੋਂ ਗੁਰੂ ਸਾਹਿਬ ਦੀ ਬਾਣੀ ਨੇ ਜਿਥੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਦਿਆਂ ਆਪਣੀਆਂ ਮੂਲ ਜੜ੍ਹਾਂ ਨਾਲ ਜੋੜਨ ਦਾ ਕਾਰਜ ਕੀਤਾ, ਉਥੇ ਨਵੀਨ ਸਭਿਆਚਾਰਕ ਮੁੱਲਾਂ ਦੀ ਉਸਾਰੀ ਕਰਨ ਵਿਚ ਵੀ ਅਹਿਮ ਯੋਗਦਾਨ ਪਾਇਆ। ਇਸ ਵਿਚਾਰ ਦੀ ਪੁਸ਼ਟੀ ਡਾ. ਹਰਿਮੰਦਰ ਸਿੰਘ ਬੇਦੀ ਦੇ ਵਿਚਾਰ ਤੋਂ ਹੁੰਦੀ ਹੈ।

"ਗੁਰੂ ਨਾਨਕ ਨੇ ਜਿਸ ਯੁੱਗ ਵਿਚ ਆਪਣੀ ਬਾਣੀ ਦਾ ਉਚਾਰਨ ਕੀਤਾ, ਉਹ ਯੁੱਗ ਭਾਰਤੀ ਸੰਸਕ੍ਰਿਤੀ ਦੇ ਪਤਨ ਦਾ ਯੁੱਗ ਸੀ। ਸੰਸਕ੍ਰਿਤੀ ਦੇ ਪਤਨ ਦਾ ਆਦਰਸ਼ ਰੂਪ ਕਿਧਰੇ ਵੀ ਨਜ਼ਰ ਨਹੀਂ ਸੀ ਆਉਂਦਾ ਜੀਵਨ ਦੇ ਹਰ ਖੇਤਰ ਵਿਚ ਖਲਾਅ ਤੇ ਭਟਕਣ ਸੀ। ਦੰਭ ਅਤੇ ਪਾਖੰਡ ਦਾ ਮਾਹੌਲ ਚਾਰੇ ਪਾਸੇ ਪਸਰਿਆ ਹੋਇਆ ਸੀ। ਸਮਾਜਿਕ ਜੀਵਨ ਵਿਚ ਅਜਿਹੀਆਂ ਤ੍ਰੇੜਾਂ ਆ ਚੁੱਕੀਆਂ ਸਨ, ਜਿੰਨ੍ਹਾਂ ਕਰਕੇ ਸਮਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨਾ ਸਿਰਫ਼ ਆਪਣਾ ਮਹੱਤਵ ਹੀ ਗੁਆ ਚੁੱਕੀਆਂ ਸਨ। ਸਗੋਂ ਉਹਨਾਂ ਦੀ ਜਗ੍ਹਾ ਅਨੈਤਿਕ ਕਦਰਾਂ-ਕੀਮਤਾਂ ਆਪਣੀ ਸੱਤਾ ਕਾਇਮ ਕਰ ਚੁੱਕੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਸਮੇਂ ਸਮਾਜਿਕ ਮਾਹੌਲ ਵਿਚ ਆਪਣੀ ਬਾਣੀ ਰਾਹੀਂ ਸੰਸਕ੍ਰਿਤਕ ਕ੍ਰਾਂਤੀ ਲਿਆਂਦੀ।

ਗੁਰੂ ਸਾਹਿਬ ਦੇ ਸਮੇਂ ਦੌਰਾਨ ਇਸਤਰੀ ਜਾਤੀ ਦੀ ਦਸ਼ਾ ਬਹੁਤ ਨਿਘਾਰ ਵੱਖ ਜਾ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਿਸੇ ਵੀ ਸਾਹਿਤਕਾਰ ਨੇ ਔਰਤ ਨੂੰ ਉਚਿਆਉਣ ਜਾਂ ਉਸਦੀ ਸਮਾਜਕ ਹਾਲਤ ਸੁਧਾਰਨ ਦੇ ਆਸ਼ੇ ਨਾਲ ਨਹੀਂ ਲਿਖਿਆ। ਨਾਥਾਂ ਨੇ ਆਪਣੇ ਬਾਣੀ ਵਿਚ ਔਰਤ ਨੂੰ 'ਬਾਘਨ' ਦੀ ਸੰਗਿਆ ਦੇ ਕੇ ਨਿੰਦਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਔਰਤ ਨੂੰ ਪਹਿਲੀ ਵਾਰ ਸਤਿਕਾਰਤ ਦਰਜਾ ਪ੍ਰਾਪਤ ਹੋਇਆ। ਉਹਨਾਂ ਨੇ ਔਰਤ ਨੂੰ ਸਮਾਜ ਵਿਚ ਬਣਦਾ ਹੱਕ ਦਵਾਉਣ ਲਈ ਆਵਾਜ਼ ਬੁਲੰਦ ਕੀਤੀ।

*ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥* (ਆਸਾ ਮ 2, ਪੰਨਾ 473)

ਸਮੁੱਚੀ ਗੁਰਮਤਿ ਕਾਵਿ ਧਾਰਾ ਵਿਚ ਪ੍ਰਮਾਤਮਾ ਦੇ ਆਤਮਾ ਨੂੰ ਸੁਹਾਗਣ ਦੁਹਾਗਣ ਭਾਵ ਔਰਤ-ਮਰਦ ਦੇ ਪ੍ਰਤੀਕ ਵਜੋਂ ਅਧਿਆਤਮਕ ਰੰਗਣ ਦਿੱਤਾ ਗਿਆ ਹੈ। ਇਹਨਾਂ ਪ੍ਰਤੀਕਾਂ ਦੀ ਵਰਤੋਂ ਪਿਛੇ ਗੁਰੂ ਸਾਹਿਬ ਦੀ ਇਹੀ ਧਾਰਣਾ ਜਾਪਦੀ ਹੈ ਕਿ ਸਮਾਜ ਵਿਚ ਲਿਤਾੜੀ, ਸਤਾਈ ਤੇ ਰੋਲੀ ਜਾ ਚੁੱਕੀ ਇਸਤਰੀ ਨੂੰ ਵਡਿਆਉਣਾ। ਜੇਕਰ ਸਮੁੱਚੇ ਪੰਜਾਬੀ ਲੋਕ ਕਾਵਿ ਰੂਪਾਂ ਦਾ ਅਧਿਐਨ ਕੀਤਾ ਜਾਵੇ ਤਾਂ ਉਹਨਾਂ ਵਿਚੋਂ ਵੀ ਔਰਤ ਮਨ ਦੀ ਵੇਦਨਾ ਉਘੜਦੀ ਹੈ।

ਧਾੜਵੀਆਂ ਦੇ ਹਮਲਿਆਂ ਦੌਰਾਨ ਔਰਤ ਦੀ ਹੁੰਦੀ ਬੇਪਤੀ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਦਾ ਮਨ ਪਸੀਜ ਗਿਆ। ਸਮਾਜ, ਧਰਮ ਅਤੇ ਘਰ ਦੀ ਮੁੱਖ ਚੂਲ ਜਾਂ ਕੇਂਦਰੀ ਧੁਰਾ ਔਰਤ ਹੈ। ਵਿਦੇਸ਼ੀ ਹਮਲਿਆਂ ਦੌਰਾਨ ਬੰਦੀ ਬਣਾਈਆਂ, ਬੇਪੱਤ ਕੀਤੀਆਂ ਔਰਤਾਂ ਦੀ ਕੁਰਲਾਹਟ ਵੇਖ ਕੇ ਉਹਨਾਂ ਨੇ ਔਰਤ ਮਨ ਦੀ ਵੇਦਨਾ ਨੂੰ ਬੜੇ ਸੰਵੇਦਨਸ਼ੀਲ ਕਵੀ ਵਾਂਗ ਮਹਿਸੂਸਦਿਆਂ ਸਮਾਜਿਕ ਹਲਾਤਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ। ਦੂਸਰੇ ਪਾਸੇ ਭਾਰਤੀ ਸਮਾਜ ਵਿਚ ਔਰਤ ਨੂੰ ਪਤੀ ਦੀ ਮੌਤ ਤੋਂ ਬਾਅਦ ਜੀਊਣ ਦਾ ਕੋਈ ਹੱਕ ਨਹੀਂ ਦਿੱਤਾ ਜਾਂਦਾ ਸੀ। ਉਸਨੂੰ ਪਤੀ ਦੀ ਮ੍ਰਿਤਕ ਦੇਹ ਦੇ ਨਾਲ ਜਿਊਂਦਿਆਂ ਸਾੜਨ ਦਾ ਰਿਵਾਜ ਸੀ। ਗੁਰੂ ਜੀ ਨੇ ਸਤੀ ਪ੍ਰਥਾ ਵਰਗੀ ਏਸ ਕੁਰੀਤੀ ਨੂੰ ਨਿੰਦਿਆ।

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗ ਜਲੇਨਿ ॥*
*ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥* (ਆਸਾ 1 ਪੰਨਾ 787)

ਨਾਨਕ ਬਾਣੀ ਦੀ ਰਚਨਾ ਭਾਵੇਂ ਮੱਧਕਾਲੀ ਯੁੱਗ ਵਿਚ ਹੋਈ ਹੈ ਪਰ ਇਹ ਪਰੰਪਰਾ ਅਜੋਕੇ ਦੌਰ ਵਿਚ ਵੀ ਮਨੁੱਖੀ ਸੰਵੇਦਨਾ ਨੂੰ ਟੁੰਬਦੀ ਹੋਈ ਆਪਣੀ ਸਾਰਥਕਤਾ ਕਾਇਮ ਰੱਖਦੀ ਨਜ਼ਰ ਆਉਂਦੀ ਹੈ। ਮੱਧ-ਯੁੱਗ ਦੇ ਸਮਾਜ ਅਤੇ ਸਭਿਆਚਾਰਕ ਚਿੰਤਨ ਅਧੀਨ ਰਚੀ ਬਾਣੀ ਵਰਤਮਾਨ ਸਮੇਂ ਦੀ ਪ੍ਰਸੰਗਿਕਤਾ ਨੂੰ ਵੀ ਬਿਆਨ ਕਰਦੀ ਹੈ। ਜਿਵੇਂ ਔਰਤ ਦੀ ਸਮਾਜਿਕ ਸਥਿਤੀ, ਜਾਤ-ਪਾਤ, ਵਿਸ਼ਵਾਸ, ਅੰਧ-ਵਿਸ਼ਵਾਸ, ਰਹੁ-ਰੀਤਾਂ, ਧਾਰਮਿਕ ਕਰਮਕਾਂਡ, ਰਾਜਨੀਤਿਕ ਗਿਰਾਵਟ ਆਦਿ ਅੱਜ ਵੀ ਮੱਧ ਯੁੱਗ ਨਾਲੋਂ ਥੋੜ੍ਹਾ ਭੇਸ ਵਟਾ ਕੇ ਲੋਕ ਜੀਵਨ ਨੂੰ ਕੁਰਾਹੇ ਪਾਉਣ ਦਾ ਸਬੱਬ ਬਣ ਰਹੀਆਂ ਹਨ।

ਸਭਿਆਚਾਰਕ ’ਤੇ ਸਮਾਜਿਕ ਦਾਇਰਿਆਂ ਵਿਚ ਬਾਣੀ ਪਰੰਪਰਾ ਤੋਂ ਆਧੁਨਿਕਤਾ ਦਾ ਸਫ਼ਰ ਤਹਿ ਕਰਦੀ ਹੋਈ ਅੱਜ 21ਵੀਂ ਸਦੀ ਵਿਚ ਪ੍ਰਚਲਿਤ ਕੁਰੀਤੀਆਂ ਉਪਰ ਵੀ ਪੂਰਾ ਵਾਰ ਕਰਨ ਦੇ ਸਮਰੱਥ ਹੈ। ਬਾਬਰ ਬਾਣੀ ਵਿਚ ਗੁਰੂ ਜੀ ਨੇ ਗਿਰਦੀ ਜਾ ਰਹੀ ਰਾਜਨੀਤਿਕ ਹਾਲਤ ਨੂੰ ਬਿਆਨ ਕੀਤਾ ਹੈ। ਜਦੋਂ ਬਾਬਰ ਕਾਬਲੋਂ ਪਾਪ ਦੀ ਜੰਞ ਲੈ ਕੇ ਆਉਂਦਾ ਹੈ ਤੇ ਭਾਰਤ ਵਿਚ ਵਿਨਾਸ਼ ਦਾ ਕਾਰਨ ਬਣਦਾ ਹੈ। ਦੇਖਿਆ ਜਾਵੇ ਤਾਂ ਸਥਿਤੀਆਂ ਅੱਜ ਵੀ ਲਗਭਗ ਉਹੋ ਜਿਹੀਆਂ ਹਨ। ਫਰਕ ਕੇਵਲ ਇਹ ਹੈ ਕਿ ਬਾਬਰ ਵਿਦੇਸ਼ੀ ਸੀ ਤੇ ਅੱਜ ਦੇ ਲੋਟੂ ਅਨਸਰ ਸਵਦੇਸ਼ੀ ਹਨ। ਡਾ. ਹਰਿਭਜਨ ਸਿੰਘ ਦੀ ਕਵਿਤਾ **ਕੇਵਲ ਸ਼ਰਧਾਂਜਲੀ** ਗੁਰੂ ਨਾਨਕ ਦੇਵ ਜੀ ਦੁਆਰਾ ਨਿਸ਼ਕਾਮ ਰਹਿ ਕੇ ਮਨੁੱਖਤਾ ਦੇ ਕਲਿਆਣ ਲਈ ਕੀਤੀ ਸੇਵਾ ਭਾਵਨਾ ਅਤੇ ਤਿਆਗ ਦੀ ਪੇਸ਼ਕਾਰੀ ਕਰਦੀ ਹੋਈ ਵਰਤਮਾਨ ਕਲਿਆਣਕਾਰੀਆਂ ਅਤੇ ਅਨੁਯਾਈਆਂ ਦੇ ਭੇਖਾਚਾਰ ਉਪਰ ਤਕੜਾ ਵਿਅੰਗ ਕੱਸਦੀ ਹੈ। ਜੋ ਗੁਰੂ ਨਾਨਕ ਦੇਵ ਜੀ ਦੇ ਰਸਤਿਆਂ ਉਪਰ ਚੱਲਣ ਦਾ ਢੋਂਗ ਰਚਦੇ ਹੋਏ ਨਾ ਤਾਂ ਨਿਸ਼ਕਾਮ ਹਨ, ਤੇ ਨਾਂ ਹੀ ਤਿਆਗੀ। ਉਹਨਾਂ ਨੇ ਆਪਣੀ ਜ਼ਿੰਦਗੀ ਦਾ ਅੰਤਿਮ ਸਮਾਂ ਕਰਤਾਰਪੁਰ ਦੀ ਧਰਤੀ ਤੇ ਰਹਿ ਕੇ ਗੁਜ਼ਾਰਦਿਆਂ ਹੱਥੀਂ ਕਿਰਤ ਕਰਨ ਦੀ ਪਿਰਤ ਪਾਈ। ਅਜੋਕੀਆਂ ਵਰਤਮਾਨ ਪ੍ਰਸਥਿਤੀਆਂ ਵਿਚ ਉਹਨਾਂ ਦੇ ਸਭਿਆਚਾਰਕ ਅਤੇ ਕਲਿਆਣਕਾਰੀ ਪ੍ਰਪੰਚਾਂ ਨੂੰ ਨਿੱਜੀ ਹਿੱਤਾਂ ਦੀ ਪੂਰਤੀ ਲਈ ਵਰਤਿਆ ਜਾ ਰਿਹਾ ਹੈ। 15ਵੀਂ ਸਦੀ ਵਾਂਗ ਅੱਜ ਵੀ ਉਹੀ ਭ੍ਰਿਸ਼ਟ ਰਾਜਨੀਤੀ ਦਾ ਬੋਲ-ਬਾਲਾ ਹੈ। ਹਰਿਭਜਨ ਸਿੰਘ ਦੀਆਂ ਇਹਨਾਂ ਤੁਕਾਂ ਰਾਹੀਂ ਗੁਰੂ ਜੀ ਸੱਚੀ-ਸੁੱਚੀ ਸੋਚ ਦੀ ਪਰੰਪਰਾ ਅਤੇ ਅਜੋਕੀ ਭ੍ਰਿਸ਼ਟ ਤੇ ਕੋਹਝੀ ਸੋਚ ਵਿਚਲਾ ਫ਼ਰਕ ਉਭਰਵੇਂ ਰੂਪ ਵਿਚ ਬਾਹਰ ਆਉਂਦਾ ਹੈ:

*ਗੁਰੂ ਨਾਨਕ ਜਿੰਨ੍ਹਾਂ ਰਾਹਾਂ ਤੇ ਤੁਰਿਆ ਸੀ*
*ਉਹਨਾਂ ਰਾਹਾਂ ’ਤੇ ਮੈ ਬਸ ਸੋਚਦਾ ਹਾਂ।*
*ਗੁਰੂ ਨੇ ਆਪ ਕਿਰਤੀ ਵਾਂਗ ਜੋ-ਜੋ ਸਾਜਿਆ ਸੀ,*
*ਮੈਂ ਉਸਨੂੰ ਫ਼ਾਸਲੇ ਉਪਰ ਖਲੋ ਕੇ ਬੱਸ ਸਲਾਹਿਆ ਹੈ।*
*ਉਹਨੂੰ ਬਿਨ ਮੰਗਿਆਂ ਮਹਿਮਾਂ ਮਿਲੀ,*
*ਮੈਂ ਸਫ਼ਲਤਾ ਦੀ ਯਾਚਨਾ ਵਿਚ ਉਮਰ ਗਲੀ ਹੈ।*
*ਗੁਰੂ ਦੀ ਅੰਜਲੀ ਵਿਚ ਦੋ ਆਲਮ ਦਾ ਖਜ਼ਾਨਾ ਸੀ।*

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਚਿੰਤਨ ਨਾ ਕੇਵਲ ਧਾਰਮਿਕ ਸੀ ਤੇ ਨਾਂ ਕੋਰਾ ਆਦਰਸ਼ਵਾਦ, ਬਲਕਿ ਉਹਨਾਂ ਦੁਆਰਾ ਕ੍ਰਾਂਤੀਕਾਰੀ ਸੰਭਾਵਨਾ ਤੇ ਆਦਰਸ਼ਵਾਦੀ ਸੋਚ ਮਾਨਵ ਭਲਾਈ ਦਾ ਰਾਹ ਖੋਲਦੀ ਹੈ। ਉਹਨਾਂ ਦੁਆਰਾ ਨਿਭਾਈ ਗਈ ਭੂਮਿਕਾ ਧਾਰਮਿਕ ਸਭਿਆਚਾਰਕ ਤੇ ਸਮਾਜਿਕ ਵਿਵਸਥਾ ਲਈ ਉਪਜਾਊ ਜ਼ਮੀਨ ਤਿਆਰ ਕਰਨ ਦਾ ਸਾਧਨ ਬਣਦੀ ਹੈ।

ਨਾਨਕ ਬਾਣੀ ਸਮਾਨਤਾ, ਏਕਤਾ, ਸੁਤੰਤਰਤਾ ਅਤੇ ਬਰਾਬਰਤੀ ਦਾ ਸੰਦੇਸ਼ ਦਿੰਦਿਆਂ ਸਾਂਝੀਵਾਲਤਾ ਫੈਲਾਉਣ ਦਾ ਪ੍ਰਮੁੱਖ ਸਾਧਨ ਬਣਦੀ ਹੈ। ਉਹਨਾਂ ਨੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਵਿਅੰਗਾਤਮਕ ਰੂਪ ਵਿਚ ਨਿੰਦਿਆ ਹੈ। ਭਾਰਤ ਇਕ ਧਰਮ ਪ੍ਰਧਾਨ ਦੇਸ਼ ਹੋਣ ਦੇ ਨਾਂ ਤੇ ਕਈ ਰਹੁ-ਰੀਤਾਂ ਨਿਭਾਉਂਦਾ ਹੈ। ਰਹੁ-ਰੀਤਾਂ ਹੌਲੀ-ਹੌਲੀ ਵਿਕਾਸ ਕਰਦੀਆਂ ਜਦੋਂ ਕਰਮ-ਕਾਂਡ ਬਣ ਜਾਂਦੀਆਂ ਹਨ। “ਸਭਿਆਚਾਰ ਵਿਚ ਇਹਨਾਂ ਰੀਤਾਂ ਦਾ ਜਾਲ ਐਡਾ ਵੱਡਾ ਸੀ ਕਿ ਇਹ ਬੱਚੇ ਦੇ ਜਨਮ ਤੋਂ ਵੀ ਪਹਿਲਾਂ ਆਰੰਭ ਹੋ ਜਾਂਦੀਆਂ ਸੀ ਤੇ ਫਿਰ ਮਰਨ ਪਿਛੋਂ ਤੱਕ ਜਾਰੀ ਰਹਿੰਦੀਆਂ ਸਨ।”

ਜਾਤੀ ਅਧਾਰਿਤ ਇਹ ਰਸਮਾਂ ਜਿਵੇਂ ਸੁੰਨਤ, ਜੰਞੂ, ਜਨੇਊ, ਸੂਤਕ-ਪਾਤਕ, ਆਵਾਗਵਨ, ਤੀਰਥ ਸਥਾਨ, ਪਰਵ-ਮਹਾਤਮ, ਸੁੱਚ-ਭਿੱਟ, ਮੂਰਤੀ ਪੂਜਾ, ਜੰਤਰ-ਮੰਤਰ, ਕਰਾਮਾਤ, ਰਿੱਧੀਆਂ-ਸਿੱਧੀਆਂ ਆਦਿ ਕਰਮਕਾਂਡਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਤਿਆਗਣ ਦਾ ਸੰਦੇਸ਼ ਦਿੱਤਾ ਹੈ।

ਗੁਰੂ ਜੀ ਦੀ ਬਾਣੀ ਦੇ ਅਧਿਐਨ ਵਿਚੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਉਹਨਾਂ ਦੀ ਕਹਿਣੀ, ਕਰਨੀ ਅਤੇ ਕਥਨੀ ਵਿਚ ਤਰਕ ਤੇ ਦਲੀਲ ਹੈ। ਉਹਨਾਂ ਨੇ ਵੱਡੇ-ਵੱਡੇ ਰਾਜਨੀਤਿਕ ਨੇਤਾਵਾਂ ਵਾਗ-ਭਾਸ਼ਣ ਨਹੀਂ ਦਿੱਤੇ ਤੇ ਨਾ ਹੀ ਕੋਈ ਅੰਦੋਲਨ ਚਲਾਏ। ਸਗੋਂ ਪੈਦਲ ਉਦਾਸੀਆਂ ਦੌਰਾਨ ਲੋਕ-ਜੀਵਨ ਨੂੰ ਬਦਲਿਆ। ਉਹਨਾਂ ਨੇ ਸਮਾਜ ਵਿਚ ਹਰੇਕ ਸ਼ੋਸ਼ਣਕਾਰੀ ਧਿਰ ਦਾ ਵਿਰੋਧ ਕੀਤਾ।

ਨਿਰਭੈਅ ਹੋ ਕੇ ਵੱਡੇ-ਵੱਡੇ ਹਾਕਮਾਂ ਵਿਰੁੱਧ ਆਵਾਜ਼ ਬੁਲੰਦ ਕੀਤੀ।

'ਰਾਜੇ ਸੀਂਹ ਮੁਕੱਤਮ ਕੁੱਤੇ' ਵਰਗੇ ਤਿੱਖੇ ਪ੍ਰਤੀਕ ਵਰਤੇ। ਉਹਨਾਂ ਨੇ ਪ੍ਰਚਲਿਤ ਪਰੰਪਰਾਗਤ ਵਲਗਣਾ ਤੇ ਸ਼ੋਸ਼ਣਕਾਰੀਆਂ ਨੂੰ ਚੁਣੌਤੀ ਦਿੱਤੀ। ਉਹਨਾਂ ਨੇ ਆਪਣੀ ਵਿਚਾਰਧਾਰਾ ਸਦਕਾ ਲੋਕਾਂ ਨੂੰ ਕੀਲਿਆ ਅਤੇ ਨਵੀਨ ਪਰੰਪਰਾ ਦੀ ਨੀਂਹ ਰੱਖੀ। ਭੇਖਾਚਾਰ ਨੂੰ ਭੰਡਦਿਆਂ ਹੋਇਆਂ ਮਨੁੱਖਤਾ ਦੇ ਭਲੇ ਦੀ ਆਵਾਜ਼ ਉਠਾਈ ਤਾਂ ਜੋ ਇਕ ਨਿਰੋਆ ਸਭਿਆਚਾਰ ਵਿਕਸਿਤ ਹੋ ਸਕੇ।

ਸਮਾਜ ਦੇ ਲੋਕਾਂ ਨੂੰ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਜੰਗਲਾਂ ਵਿਚ ਜਾ ਕੇ ਘਰ-ਬਾਰ ਤਿਆਗਣ ਵਾਲੇ ਤਪੱਸਵੀਂ ਜੀਵਨ ਦੀ ਥਾਂ 'ਤੇ ਗ੍ਰਹਿਸਥ ਜੀਵਨ ਜੀਊਣ ਦਾ ਸੰਦੇਸ਼ ਦਿੱਤਾ। ਉਹਨਾਂ ਆਪ ਵੀ ਹੱਥੀਂ ਖੇਤੀ ਕੀਤੀ। ਉਹਨਾਂ ਨੇ ਸਦਾਚਾਰਕ ਗੁਣਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦੇ ਹੋਏ ਉਚ ਨੈਤਿਕ ਗੁਣ ਧਾਰਨ ਕਰਨ ਤੇ ਸਮਾਜਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਦਾ ਉਪਦੇਸ਼ ਦਿੱਤਾ।

ਮਿੱਥ ਕਥਾਵਾਂ ਦਾ ਲੋਕਧਾਰਾ ਵਿਚ ਵਿਸ਼ੇਸ਼ ਸਥਾਨ ਹੈ। ਦੇਵੀ-ਦੇਵਤਿਆਂ ਨਾਲ ਸੰਬੰਧਿਤ ਮਿੱਥਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਰੂਪਾਂਤਰਣ ਵਿਧੀ ਰਾਹੀਂ ਆਪਣੀ ਬਾਣੀ ਵਿਚ ਸਿੱਧੇ ਤੇ ਅਸਿੱਧੇ ਦੋਵਾਂ ਰੂਪਾਂ ਵਿਚ ਪ੍ਰਯੋਗ ਕੀਤਾ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਵਿਚ ਅਡੰਬਰਵਾਦੀ ਧਰਮ ਸਾਧਨਾਂ ਅਤੇ ਦਿਖਾਵੇ ਦੀ ਜ਼ਿੰਦਗੀ ਦਾ ਪੁਰ-ਜੋਰ ਖੰਡਨ ਹੋਇਆ ਮਿਲਦਾ ਹੈ। ਉਹਨਾਂ ਦੀ ਵਿਚਾਰਧਾਰਾ ਸਹੀ ਅਰਥਾਂ ਵਿਚ ਸਭਿਆਚਾਰਕ ਕ੍ਰਾਂਤੀ ਦੀ ਲਖਾਇਕ ਹੋ ਨਿਬੜਦੀ ਹੈ। ਜਿਸ ਵਿਚ ਉਹਨਾਂ ਨੇ ਸਮਾਜ ਦੀ ਚਾਲ ਨੂੰ ਬਦਲਦਿਆਂ ਨਵੀਨ ਰਾਹ ਦਿਖਾਇਆ ਹੈ ਤੇ ਗਲਤ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੱਤੀ ਹੈ। ਗੁਰੂ ਨਾਨਕ ਬਾਣੀ ਮਨੁੱਖ ਨੂੰ ਬਦਲਾਵ ਲਈ ਕ੍ਰਾਂਤੀਕਾਰੀ ਸੁਰ ਅਪਨਾਉਣ ਦਾ ਸੰਦੇਸ਼ ਦਿੰਦਿਆਂ ਹਰ ਸਮੇਂ ਆਪਣੀ ਸਾਰਥਕਤਾ ਬਰਕਰਾਰ ਰੱਖਦੀ ਹੋਈ ਪਰੰਪਰਾਗਤ ਰੂੜੀਵਾਦੀ ਪਰੰਪਰਾਵਾਂ ਨੂੰ ਤਿਆਗ ਕੇ ਨਵੇਂ ਰਾਹ ਪੈਣ ਦਾ ਸੰਦੇਸ਼ ਦਿੰਦੀ ਹੈ। ਉਹਨਾਂ ਨੇ ਪੰਜਾਬੀ ਭਾਸ਼ਾ ਦਾ ਪ੍ਰਯੋਗ ਕਰਦਿਆਂ ਅਧਿਆਤਮਕ ਸੰਦੇਸ਼ ਦੇਣ ਲਈ ਪੰਜਾਬ ਦੀ ਲੋਕਧਾਰਾਈ ਤੇ ਸਭਿਆਚਾਰਕ ਸਮੱਗਰੀ ਨੂੰ ਅਧਾਰ ਬਣਾਇਆ ਹੈ। ਉਦਾਹਰਣ ਵਜੋਂ ਅਲਾਹੁਣੀਆਂ, ਛੰਤ, ਬਾਰਾਮਾਂਹ, ਵਾਰਾਂ ਆਦਿ ਲੋਕਧਾਰਾਈ ਕਾਵਿ ਰੂਪਾਂ ਨੂੰ ਵਰਤਣਾ ਆਪਣੇ-ਆਪ ਵਿਚ ਮਹੱਤਵਪੂਰਨ ਸਭਿਆਚਾਰਕ ਅਮਲ ਤੇ ਨਵ ਜਾਗ੍ਰਿਤੀ ਦਾ ਲਖਾਇਕ ਹੋ ਨਿਬੜਦਾ ਹੈ।

## ਹਵਾਲੇ-ਟਿੱਪਣੀਆਂ


1. Kerneth and Merry Clarke, **Folklore Reader**, A.S. Barnves & Com, New York, 1965, p. 101
2. Archer Taylor, **Folklore and Students of Literature**, The Study of Folklore, p. 34.
3. **ਸਭਿਆਚਾਰਕ ਪਤ੍ਰਿਕਾ**, ਪੰਜਾਬੀ ਯੂਨੀਵਰਸਿਟੀ ਪਟਿਆਲਾ, ਅੰਕ-2, ਜਨਵਰੀ 2000, ਪੰਨਾ 108
4. **ਸੁਖਨ ਦੇ ਸੂਰਜ** (ਆਧੁਨਿਕ ਪੰਜਾਬੀ ਕਾਵਿ-ਸੰਗ੍ਰਹਿ : 1901-1905) ਸੰਪ. ਡਾ. ਬਲਜੀਤ ਕੌਰ ਅਤੇ ਟੀ.ਆਰ. ਵਿਨੋਦ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
5. ਸ. ਸ. ਅਮੋਲ, **ਬਾਬਾ ਫਰੀਦ**, ਪੰਨਾ 43


◈

# ਗੁਰੂ ਨਾਨਕ ਦਾ ਸ਼ਬਦ-ਸਰੂਪ ਉਸਤਤੀ ਵਿਧਾਨ: ਕੀਰਤਨ




ਡਾ. ਜਤਿੰਦਰ ਸਿੰਘ
ਸੰਗੀਤ ਵਿਭਾਗ
ਖ਼ਾਲਸਾ ਕਾਲਜ,
ਅੰਮ੍ਰਿਤਸਰ।
jatindersinghbatala@gmail.com
ਮੋ.: 8283027370

ਮੱਧ ਕਾਲ ਦੀ ਭਗਤੀ ਧਾਰਾ ਅਤੇ ਪ੍ਰਾਚੀਨ ਅਧਿਆਤਮਿਕ ਵਿਚਾਰਧਾਰਾ ਦੇ ਤੱਤ-ਸਾਰ ਵੱਜੋਂ ਉਪਜੀ ਗੁਰਬਾਣੀ ਦੀ ਇਕ ਵਿਲੱਖਣ ਕੋਮਲ ਧਾਰਾ ਨੇ ਵਰਤਮਾਨ ਸਮੇਂ ਵਿਚ ਸਮੁੱਚੇ ਵਿਸ਼ਵ ਭਾਈਚਾਰੇ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਇਕ ਸਾਂਝ-ਪ੍ਰੇਰਕ ਹੋਣ ਦਾ ਸਬੂਤ ਦਿੱਤਾ ਹੈ। ਇਸ ਸਿਧਾਂਤ-ਧਾਰਕ ਪ੍ਰਵਚਨਾਂ ਦੇ ਪਾਠ ਬੋਧ ਦਾ ਨਿਰੋਲ ਰੂਹਾਨੀਅਤ ਭਰਪੂਰ ਗਿਆਨ ਸ਼ਬਦ-ਸਰੂਪ ਸਥਾਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਦੀ ਪੈਰਵੀ ਕਰਦਾ ਹੈ। ਸਮੁੱਚੇ ਬਾਣੀਕਾਰਾਂ ਦੁਆਰਾ ਇਸ ਦੇ ਕਾਵਿ-ਰੂਪਾਂ, ਜਿਸ ਵਿਚ ਸ਼ਾਸਤਰੀ ਤੇ ਲੋਕ-ਅੰਗ ਨਾਲ ਸੰਬੰਧਿਤ ਦੋਵਾਂ ਪ੍ਰਕਾਰ ਦੇ ਖੇਤਰਾਂ ਦਾ ਸੁਮੇਲ ਹੈ, ਨੂੰ ਸੰਗੀਤ-ਆਧਾਰਿਤ ਬਣਾਇਆ ਗਿਆ ਹੈ। ਗੁਰਬਾਣੀ ਵਿਚ ਮੌਜੂਦ ਸੰਗੀਤ ਦਾ ਇਹ ਸਿਧਾਂਤ, ਸੰਗੀਤ ਦੇ ਕਿਸੇ ਵਿਸ਼ੇਸ਼ ਸ਼ਾਸਤਰੀ ਪਰਿਪੇਖ ਦੀ ਅਗਵਾਈ ਕਰਦਾ ਹੈ। ਇਹ ਸਿਧਾਂਤਕ ਪੱਖ ਕੇਵਲ ਰਚਨਾ-ਕਾਲ ਜਾਂ ਉਸ ਤੋਂ ਉਪਰੰਤ ਚਲੀ ਕੀਰਤਨ ਧਾਰਾ ਤੱਕ ਹੀ ਸੀਮਿਤ ਨਹੀਂ ਰਿਹਾ, ਸਗੋਂ ਵਰਤਮਾਨ ਅਤੇ ਭਵਿੱਖ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਇਸ ਦੇ ਸਿਧਾਂਤਕ ਪੱਖ ਨੂੰ ਹਮੇਸ਼ਾਂ ਲਈ ਬਾਣੀ ਰਾਹੀਂ ਸਮਕਾਲੀ ਵਿਰਸੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਰਾਹੀਂ ਉਜਾਗਰ ਕਰਦੀ ਰਹੇਗੀ। ਇਸ ਵਿਚਾਰਧਾਰਾ ਨੇ ਕੀਰਤਨ ਰੂਪ ਨੂੰ ਗੁਰੂ-ਕਾਲ ਤੋਂ ਚਲੀ ਆ ਰਹੀ ਗੁਰਬਾਣੀ ਦੀ ਸੰਚਾਰ ਜੁਗਤ ਦਾ ਅਧਾਰ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦਾ ਰੁਤਬਾ ਸਿੱਖਾਂ ਵਿਚ ਇਕ ਜਾਗਤ-ਜੋਤ ਸਰੂਪ ਦੇ ਰੂਪ ਵਿਚ ਵਿਦਮਾਨ ਹੈ। ਇਹ ਕਾਵਿਕ ਭਾਸ਼ਾ ਪਰੰਤੂ ਇਲਾਹੀ ਚੇਤੰਨਤਾ ਚੋਂ ਉਪਜੀ ਹੈ। ਇਸ ਦੀ ਸੰਚਾਰ ਜੁਗਤ ਗੁਰੂ-ਕਾਲ ਸਮੇਂ ਵੀ ਸੰਗੀਤ ਸੀ ਅਤੇ ਵਰਤਮਾਨ ਸਮੇਂ ਵੀ ਸੰਗੀਤ ਹੈ। ਇਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਬਾਣੀਕਾਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਾਕਾਰਾਂ ਦੁਆਰਾ ਇਸ ਦੇ ਰੂਹਾਨੀ ਇਲਹਾਮ ਨੂੰ ਸੰਗੀਤ ਦੀ ਇਕ ਵਿਸ਼ੇਸ਼ ਜੁਗਤ ਰਾਹੀਂ ਪ੍ਰਚਾਰ ਵਿਚ ਲਿਆਂਦਾ ਗਿਆ। ਜਿਸ ਵਿਚ ਗੁਰੂ ਸਾਹਿਬਾਨ ਦੀ ਕੀਰਤਨ ਦੀ ਇਕ ਵਿਸ਼ੇਸ਼ ਜੁਗਤ ਨੂੰ ਗੁਰਬਾਣੀ ਦਾ ਅਧਾਰ ਬਣਾਇਆ। ਇਸ ਪ੍ਰਬੰਧ ਅਧੀਨ ਸੰਗੀਤ ਨਾਲ ਸੰਬੰਧਿਤ ਬਹੁਤ ਸਾਰੀਆਂ ਚਿੰਨ੍ਹਾਤਮਿਕ ਸੰਕੇਤਾਂ ਦਾ ਹਵਾਲਾ ਇਸ ਗ੍ਰੰਥ ਵਿਚੋਂ ਮਿਲਦਾ ਹੈ। ਵਿਦਵਾਨਾਂ, ਸੰਗੀਤਕਾਰਾਂ ਤੇ ਕੀਰਤਨਕਾਰਾਂ ਦੀ ਸੂਝ ਨੇ ਇਸ ਨੂੰ ਭਾਰਤੀ ਸੰਗੀਤ ਪ੍ਰਣਾਲੀ ਨਾਲੋਂ ਵੱਖਰੇ, ਪਰੰਤੂ ਅਨਿੱਖੜਵੇਂ ਅੰਗ ਵੱਜੋਂ ਮਾਨਤਾ ਦਿੱਤੀ ਹੈ। ਇਸ ਪ੍ਰਬੰਧ ਵਿਚ ਬਾਣੀ ਦਾ ਸੰਗੀਤਮਈ ਗਾਇਨ ਕੀਰਤੀ ਰੂਪ ਵਿਚ ਹੋ ਕੇ 'ਕੀਰਤਨ' ਦਾ ਰੂਪ ਧਾਰਦਾ ਹੈ, ਜੋ ਕਿ ਕੇਵਲ ਇਸ ਪ੍ਰਬੰਧ ਦੀ ਪੈਰਵੀ ਕਰਨ ਵਿਚ ਹਮੇਸ਼ਾਂ ਨਿਸ਼ਾਨ-ਦੇਹੀ ਕਰਦਾ

ਰਿਹਾ ਹੈ। ਵੱਖ-ਵੱਖ ਪਰੰਪਰਾਵਾਂ ਦੇ ਸੰਚਾਲਕਾਂ ਦੁਆਰਾ ਅਨੇਕਾਂ ਗੀਤਾਂ ਦੀ ਪੈਰਵੀ ਕਰਦਾ ਆਇਆ, ਇਹ ਪੁਰਾਤਨ ਕੀਰਤਨ ਦਾ ਸਰੂਪ ਨਵਧਾ-ਭਗਤੀ ਦੇ ਸਮੁੱਚੇ ਦਾਇਰੇ ਨੂੰ ਵੀ ਸੰਚਾਲਿਤ ਕਰਦਾ ਹੈ। ਦੇਵਿੰਦਰ ਸਿੰਘ ਵਿਦਿਆਰਥੀ ਕੀਰਤਨ ਨੂੰ ਇਕ ਪ੍ਰਬੰਧਮ ਵਾਲਾ ਸਰੂਪ ਮੰਨਦੇ ਹੋਏ, ਇਸ ਦੇ ਸਰੂਪ ਵਿਚ ਪ੍ਰਾਚੀਨ ਅਧਿਆਤਮਕ ਸੰਗੀਤ ਪਰੰਪਰਾ ਦੇ ਕੁਝ ਬੀਜ਼ ਜ਼ਰੂਰ ਹੋਣ ਦਾ ਹਵਾਲਾ ਦਿੰਦੇ ਹਨ। ਉਹਨਾਂ ਅਨੁਸਾਰ "ਕੀਰਤਨ ਦਾ ਪੁਰਾਣਾ ਰੂਪ 'ਪ੍ਰਬੰਧਮ' ਵਾਲਾ ਹੀ ਪ੍ਰਤੀਤ ਹੁੰਦਾ ਹੈ। ਇਹ ਸਰੂਪ ਵੈਦਿਕ ਸਮੇਂ ਦੀਆਂ ਯੱਗ ਨਾਲ ਸੰਬੰਧਿਤ ਰਸਮਾਂ ਵਿਚੋਂ ਹੀ ਉਪਜਿਆ ਅਤੇ ਵਿਕਸਿਆ ਹੋਵੇਗਾ, ਇਸ ਵਿਚ ਸੰਦੇਹ ਨਹੀਂ ਹੋ ਸਕਦਾ। ਯੱਗ ਵਿਚ ਦੇਵਤਿਆਂ ਦੇ ਸਤੋਤ੍ਰ ਅਤੇ ਗਾਥਾਵਾਂ ਗਾਉਣ ਦੀ ਰੀਤ ਹੁੰਦੀ ਸੀ। ਕੀਰਤਨ ਵਿਚ ਇਸ਼ਟ ਮੰਨੇ ਕਰਤਾਰ, ਅਵਤਾਰਾਂ, ਧਰਮ-ਸੰਚਾਲਕਾਂ ਅਤੇ ਧਰਮ ਧੁਰੰਦਰਾਂ ਨੂੰ 'ਦੁਖ ਹਰਤਾ' ਮੰਨ ਕੇ ਉਨ੍ਹਾਂ ਦੇ ਹਜ਼ੂਰ ਬੇਨਤੀਆਂ, ਅਰਜ਼ੋਈਆਂ, ਜੋਦੜੀਆਂ ਆਦਿ ਕਰਨਾ ਅਤੇ ਉਸਤਤੀਆਂ ਅਤੇ ਕਰਮ, ਗੁਣ, ਰੂਪ, ਲੀਲਾ ਆਦਿ ਉੱਤੇ ਮਹਿਮਾ ਗਾਨ, ਨਾਮਾਵਲੀਆਂ ਆਦਿ ਗਾਉਣ ਅਤੇ ਮੁਰਾਦਾਂ ਮੰਗਣ ਆਦਿ ਦੀ ਰੀਤ ਹੈ। ਇਹ ਨਵਧਾ ਭਗਤੀ ਦੇ ਹੀ ਇੱਕ ਅੰਗ ਦਾ ਵਿਸਤਾਰ ਕਿਹਾ ਜਾ ਸਕਦਾ ਹੈ।"[1]

## ਕੀਰਤਨ: ਪਰਿਭਾਸ਼ਾ ਤੇ ਮਹੱਤਤਾ:

ਸਿੱਖ ਧਰਮ ਵਿਚ ਕੀਰਤਨ ਪ੍ਰਭੂ ਦੀ ਕੀਰਤੀ, ਅਕਾਲ ਦੇ ਗੁਣਾਂ ਨੂੰ ਗਾਉਣਾ, ਪਰਮਾਤਮਾ ਦੀ ਯਾਦ ਨੂੰ ਹਿਰਦੇ ਵਿਚ ਵਸਾਉਣਾ, ਹਰੀ ਦਾ ਜਸ, ਗੁਰੂ ਸਮੇਤ ਸੰਗਤ ਰੂਪ ਹੋ ਕੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਗੁਣਗਾਨ ਸੰਗੀਤ ਦੀਆਂ ਸੁਰਾਂ ਵਿਚ ਪਰੋ ਕੇ ਕਰਨ ਦੀ ਪ੍ਰਕਿਰਿਆ ਨੂੰ ਮੰਨਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਗੁਰੁਮਤ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ।"[2] ਵਿਦਵਾਨਾਂ ਅਨੁਸਾਰ ਗੁਰੂ ਸਾਹਿਬਾਨ ਦੁਆਰਾ ਰਚਿਤ ਬਾਣੀ ਨੂੰ ਸੰਗੀਤ ਦੀ ਮਹੱਤਵਪੂਰਨ ਇਕਾਈ 'ਰਾਗ' ਵਿਚ ਬੱਧ ਕਰਕੇ ਗਾਉਣਾ ਕੀਰਤਨ ਕਹਾਉਂਦਾ ਹੈ। ਗੁਰਬਾਣੀ ਦਾ ਕੀਰਤਨ ਆਪਣੇ ਸੰਪੂਰਨ ਸੰਦਰਭ ਵਿਚ ਕਈ ਪੜਾਵਾਂ ਰਾਹੀਂ ਪਹੁੰਚਦਾ ਹੈ, ਜਿਸ ਵਿਚ ਸ਼ਬਦ ਅਤੇ ਨਾਦ ਭਾਵ ਦਾ ਸੰਚਾਰ ਇਕ ਤੱਤਾਂ ਦੀ ਸਾਂਝ ਨੂੰ ਉਸਤਤੀ ਵਿਧਾਨ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਦੇਵਿੰਦਰ ਸਿੰਘ ਵਿਦਿਆਰਥੀ ਕੀਰਤਨ ਨੂੰ ਰੂਪਮਾਨ ਕਰਨ ਵਿਚ ਸਹਾਇਕ ਤੱਤਾਂ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ ਕਿ "ਸ਼ਬਦ ਦਾ ਮੂਲ ਅਤੇ ਮਹਤ ਆਧਾਰ ਅੱਕਸ਼ਰ ਮੰਨਿਆ ਜਾਂਦਾ ਹੈ। ਅੱਕਸ਼ਰ ਦਾ ਸੰਕੋਚ ਨਾਦ-ਬਿੰਦੂ ਵਿਚ ਅਤੇ ਵਿਸਤਾਰ ਪ੍ਰਬੰਧ ਦੇ ਅਨੰਤ ਕਥਨ ਵਿਚ ਪੂਰਣਤਾ ਨੂੰ ਅਪੜਦਾ ਹੈ। ਪ੍ਰਬੰਧ ਦੀ ਸੀਮਾ ਨਹੀਂ। ਨਾਦ ਵਿਚਲੀ ਭਾਵ-ਸੰਚਾਰਿਨੀ ਸਮਰਥਾ ਉੱਤੇ ਸ਼ਬਦ ਵਿਚਲੀ ਭਾਵ-ਕਥਨ ਦੀ ਸ਼ਬਦ-ਨਾਦ ਮਈ ਏਕਤਾ ਵਿਚ 'ਸੁਰਤਿ' ਦਾ ਵਾਸਾ ਹੁੰਦਾ ਹੈ। ਨਾਦ-ਸ਼ਬਦ ਅਤੇ ਸੁਰਤਿ ਦੇ ਦੋਹਾਂ ਤੱਤਾਂ ਵਿਚਕਾਰ ਧੁਨਿ ਦੇ ਤੀਜੇ ਤੱਤ ਨੂੰ ਸਮੋਣ ਨਾਲ ਰਾਗ ਨਿੱਖਰਦਾ ਹੈ। ਰਾਗ ਨਾਲ ਸ਼ਬਦ ਦਾ, ਗੀਤ ਜਾਂ ਪ੍ਰਬੰਧ ਰੂਪ ਮਿਲਾ ਕੇ ਹੀ, ਇੱਕ ਪੰਚ-ਮੇਲ ਵਸੀ-ਕਰਣ ਤੰਤ੍ਰ ਦੀ ਉਤਪਤੀ ਹੁੰਦੀ ਹੈ, ਜਿਸ ਨੂੰ ਸ਼ਰਧਾ-ਗਾਨ ਜਾਂ ਮਹਿਮਾ-ਗਾਨ ਆਖਿਆ ਜਾਂਦਾ ਹੈ। ਇਹ ਮਹਿਮਾ-ਗਾਨ ਵਸੀ-ਕਰਣ ਤੰਤ੍ਰ ਅਪਣੇ ਇਸ਼ਟ ਨੂੰ ਰੀਝਾਵਣ ਲਈ ਸਿਮਰਣ ਦੀ ਵੇਦੀ ਉੱਤੇ ਜਗਾਈਦਾ ਹੈ ਤਾਂ ਕੀਰਤਨ ਆਪਣੇ ਸੰਪੂਰਣ ਸੰਦਰਭ ਵਿਚ ਰੂਪਮਾਨ ਹੁੰਦਾ ਹੈ।"[3]

ਗੁਰਬਾਣੀ ਨੂੰ ਵਿਭਿੰਨ ਵਿਸ਼ਿਆਂ ਦੁਆਰਾ ਕੀਰਤਨ ਦੇ ਰੂਪ ਵਿਚ ਗਾਇਨ ਕਰਕੇ ਪ੍ਰਸਤੁਤ ਕੀਤਾ ਜਾਂਦਾ ਹੈ। ਜਿਸ ਵਿਚ ਬੇਨਤੀ, ਮਹਿਮਾ, ਹੁਕਮ ਦੀ ਤਾਮੀਰ, ਪ੍ਰੇਮ, ਬਿਰਹਾ, ਮਿਲਾਪ ਦਾ ਅਨੰਦ ਅਤੇ ਵਿਛੋੜੇ ਦੀ ਹੂਕ ਨੂੰ ਰਾਗ ਰੂਪ ਵਿਚ ਗਾਇਆ ਜਾਂਦਾ ਹੈ। "ਵਸਤੂ ਦੇ ਪੱਖੋਂ, ਕੀਰਤਨ ਦਾ ਭਾਵ ਭਗਵਾਨ ਦੀ ਕੀਰਤੀ ਦਾ ਵਿਸਥਾਰ, ਨਾਮਾਵਲੀਆਂ, ਨਾਮ-ਧੁਨਿ, ਉਤਸਵ ਦੇ ਇਤਿਹਾਸ ਨਾਲ ਜੁੜੇ ਪ੍ਰਸੰਗ, ਪ੍ਰਭੂ ਮਹਿਮਾ ਦੀਆਂ ਗਥਾਵਾਂ, ਪ੍ਰਭੂ ਦੀ ਭਗਤ ਵਤਸਲਤਾ ਦਾ ਜਸ, ਸਤੋਤਰ, ਅਸ਼ਟਕ, ਅਸ਼ਟਪਦੀਆਂ, ਛੋਟੇ ਵੱਡੇ ਪ੍ਰਬੰਧ ਜਿਨ੍ਹਾਂ ਵਿਚ ਕਿਸੇ ਇਸ਼ਟ, ਅਵਤਾਰ, ਗੁਰ-ਪੀਰ ਆਦਿ ਦੇ ਗੁਣ ਗਾਏ ਹੋਣ ਆਮ ਕਰਕੇ ਕੀਰਤਨ ਦਾ ਵਿਸ਼ਾ ਬਣਦੇ ਹਨ।"[4]

ਕੀਰਤਨ ਨਿਰੰਕਾਰ ਦੀ ਉਪਾਸਨਾ ਅਤੇ ਆਰਾਧਨਾ ਦੀ ਸਭ ਤੋਂ ਉੱਤਮ ਯੁਕਤੀ ਹੈ। ਇਹ ਜੀਵ-ਆਤਮਾ ਅਤੇ ਪਰਮ-ਆਤਮਾ ਦੀ ਗੁਰਮਤਿ ਸੇਧਾਂ ਅਨੁਸਾਰ ਮਿਲਾਪ ਕਰਵਾਉਣ ਵਿਚ

ਸਹਾਇਕ ਹੈ। ਸ਼ਬਦ-ਸੁਰਤ ਰਾਹੀਂ ਹੀ ਮਨੁੱਖ ਨੂੰ ਸੱਚੀ ਜੁਗਤੀ ਦਾ ਪ੍ਰਕਾਸ਼ ਹੁੰਦਾ ਹੈ, ਜਿਸ ਦੀ ਜੜ੍ਹਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਜੀਵ ਦੇ ਬੌਧਿਕ ਸਤਰ ਦੇ ਆਪਸੀ ਮਿਲਾਪ ਭਾਵ ਤੋਂ ਉਪਜਦੀ ਹੈ। ਉਪਰ ਉਸ ਦੁਆਰਾ ਜੀਵ ਨੂੰ ਆਤਮ-ਰੰਗਤਾ ਅਤੇ ਕਲਿਆਣ ਦਾ ਅਕਿਹ ਰਸ ਪ੍ਰਦਾਨ ਹੁੰਦਾ ਹੈ।

*ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥*
*ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥*
*ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥* [5]

ਕੀਰਤਨ, ਪ੍ਰਾਚੀਨ ਸਮੇਂ ਤੋਂ ਧਰਮ-ਕਰਮ ਦੇ ਵਰਤ-ਵਿਹਾਰ ਦੀਆਂ ਸਮੁੱਚੀਆਂ ਕ੍ਰਿਆਵਾਂ ਦਾ ਇੱਕ ਪ੍ਰਮੁੱਖ ਅੰਗ ਰਿਹਾ ਹੈ। ਜੇਕਰ ਇਤਿਹਾਸ ਉਪਰ ਝਾਤ ਪਾਈ ਜਾਵੇ ਤਾਂ ਭਾਰਤੀ ਇਤਿਹਾਸ ਅਤੇ ਮਿਥਿਹਾਸ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਬੇਸ਼ੱਕ ਧਰਮਾਂ ਅਤੇ ਅਵਤਾਰਾਂ ਦੇ ਰੂਪ-ਸਵਰੂਪ ਵਿਚ ਸਮੇਂ ਅਨੁਸਾਰ ਤਬਦੀਲੀ ਆਉਂਦੀ ਰਹੀ, ਪਰੰਤੂ ਭਾਰਤ ਦੀ ਸਮੁੱਚੀ ਸੰਸਕ੍ਰਿਤੀ ਆਦਿ ਕਾਲ ਤੋਂ ਹੀ ਪ੍ਰਭੂ-ਕੀਰਤੀ ਅਤੇ ਪ੍ਰਭੂ-ਮਿਲਾਪ ਦੀ ਦੀਵਾਨੀ ਰਹੀ ਹੈ ਅਤੇ ਭਗਤਾਂ ਅਤੇ ਕੀਰਤਨੀਆਂ ਦੀ ਪਰਮਾਤਮਾ ਵਿਚ ਰੁਚੀ ਅਤੇ ਸ਼ਰਧਾ ਬਰਾਬਰ ਕਾਇਮ ਹੈ। ਇਸ ਮਨੋਰਥ ਭਾਵ ਨੇ ਭਗਤੀ ਦੀਆਂ ਬਹੁਰੂਪੀ ਕ੍ਰਿਆਵਾਂ ਵਿਚੋਂ ਕੀਰਤੀ ਨੂੰ ਇਕ ਵਿਸ਼ੇਸ਼ ਯੁਗਤ ਬਣਾਉਂਦਿਆਂ ਹੋਇਆਂ, ਭਗਤੀ ਦੇ ਇਕ ਖ਼ਾਸ ਕਰਮ-ਸਿਧਾਂਤ ਲਈ ਨਿਰਧਾਰਿਤ ਕੀਤਾ। ਇਸ ਸਿਧਾਂਤ ਦਾ ਪ੍ਰਚਾਰ ਭਾਵੇਂ ਬਹੁ-ਗਿਣਤੀ ਵਿਚ ਦੇਵੀ-ਦੇਵਤਿਆਂ ਦੀ ਉਸਤਤੀ-ਵਿਧਾਨ ਹੋ ਨਿਬੜਿਆ, ਪਰੰਤੂ ਇਕ ਖ਼ਾਸ ਸ਼੍ਰੇਣੀ ਵੀ ਇਸੇ ਵਹੀਰ ਵਿਚੋਂ ਪ੍ਰਗਟ ਹੋਈ, ਜਿਸ ਨੇ ਸਮੁੱਚੇ ਧਰਮ-ਕਰਮ ਨੂੰ ਇਕ-ਈਸ਼ਵਰਵਾਦੀ ਸਿਧਾਂਤ ਹੇਠ ਇਕੱਤਰ ਕਰਨ ਵਿਚ ਆਪਣੀ ਭੂਮਿਕਾ ਬਣਾਈ। ਜਿਸ ਦਾ ਪ੍ਰਭਾਵ ਸਮਾਜ ਦੇ ਕਈ ਖੇਤਰਾਂ ਵਿਚ ਪਿਆ। ਜਿਸ ਕਾਰਨ ਸਮਾਜ ਦਾ ਸਮੁੱਚਾ ਧਾਰਮਿਕ ਵਰਗ ਸਮਾਜਿਕ ਕ੍ਰਿਆਵਾਂ ਵਿਚ ਵੀ ਪ੍ਰਭੂ-ਉਸਤਤੀ ਨੂੰ ਇੱਕ ਮਹੱਤਵਪੂਰਨ ਦਰਜਾ ਦਿੰਦਾ ਆਇਆ ਹੈ। ਇਸ ਪਰੰਪਰਾ ਦਾ ਤੱਤ ਜੀਵਨ ਵਿਚ ਬਹੁਤ ਨੇੜਲਾ ਸੰਬੰਧ ਹੋਣ ਕਰਕੇ ਇਸ ਦੀ ਇਤਿਹਾਸਿਕ ਅਤੇ ਤਕਨੀਕੀ ਰੂਪ ਵਿਚ ਜਾਣਕਾਰੀ ਪੱਖੋਂ ਬਹੁਤ ਅਵੇਸਲਾਪਨ ਹੀ ਰਿਹਾ ਹੈ। ਵਿਵਹਾਰਿਕ ਰੂਪ ਵਿਚ ਇਸ ਦੀ ਜਾਣਕਾਰੀ ਉੱਤਰ ਭਾਰਤ ਦੀਆਂ ਪੁਰਾਤਨ ਪਰੰਪਰਾਵਾਂ ਦੇ ਮੁਖੀਆਂ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਉਹ ਵੀ ਬਹੁਤ ਵਿਰਲੇ ਰੂਪ ਵਿਚ, ਪਰੰਤੂ ਦੱਖਣ ਵਿਚ ਇਸ ਦੀ ਹੋਂਦ ਨੂੰ, ਉੱਥੋਂ ਦੀ ਸੰਗੀਤ ਪ੍ਰਣਾਲੀ ਵਿਚੋਂ ਅਤੇ ਵਿਦਵਾਨਾਂ ਦੇ ਕੀਰਤਨ ਪ੍ਰਤੀ ਸੰਕਲਪ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਮੂਹ ਗੁਰੂ-ਸਾਹਿਬਾਨ ਵਲੋਂ ਬਖਸ਼ਿਸ਼ ਰੂਪ ਵਿਚ ਪ੍ਰਾਪਤ ਹੋਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਅਦੁੱਤੀ ਖ਼ਜ਼ਾਨੇ ਵਿਚ ਸੰਗੀਤ ਦੀ ਵੀ ਇੱਕ ਵਿਲੱਖਣ ਤੇ ਵਿਸਮਾਦ ਭਰਪੂਰ ਹੋਂਦ ਪੂਰਨ ਰੂਪ ਵਿਚ ਸਮਾਈ ਹੋਈ ਹੈ। ਇਸੇ ਹੋਂਦ ਨੂੰ ਗੁਰੂ ਕਾਲ ਤੋਂ ਗੁਰਬਾਣੀ ਕੀਰਤਨ, ਸਿੱਖ ਸੰਗੀਤ, ਗੁਰਮਤਿ ਸੰਗੀਤ ਆਦਿ ਦੇ ਰੂਪ ਵਿਚ ਰਬਾਬੀ ਕੀਰਤਨੀਏ ਅਤੇ ਸਮੁੱਚੇ ਸਿੱਖ ਕੀਰਤਨੀਏ ਪ੍ਰਚਾਰਦੇ ਆਏ ਹਨ।

ਹਰੇਕ ਸੰਪ੍ਰਦਾਇ ਵਿਚ ਧਰਮ-ਕਰਮ, ਵਿਧੀ-ਵਿਧਾਨ ਲਈ ਇੱਕ ਇਸ਼ਟ ਦੀ ਆਰਾਧਨਾ ਕਿਸੇ ਨਾ ਕਿਸੇ ਰੂਪ ਵਿਚ ਉਹਨਾਂ ਦੇ ਰਹਿਬਰਾਂ ਜਾਂ ਸੰਪ੍ਰਦਾਇ ਦੇ ਮੁਖੀਆਂ ਵੱਲੋਂ ਪਰੰਪਰਾਗਤ ਰੂਪ ਵਿਚ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਕੀਰਤਨ ਦੀ ਮਰਿਆਦਾ ਦਾ ਅਰੰਭ ਗੁਰੂ ਨਾਨਕ ਕਾਲ ਤੋਂ ਹੀ ਮੰਨਿਆ ਜਾਂਦਾ ਹੈ, ਪਰ ਕੀਰਤਨ ਦਾ ਜਨਮ ਕਦੋਂ, ਕਿੱਥੇ ਅਤੇ ਕਿਸ ਮਹਾਂਪੁਰਖ ਦੁਆਰਾ ਹੋਇਆ, ਇਸ ਨੂੰ ਕਿਹੜੀਆਂ ਪ੍ਰਸਥਿਤੀਆਂ ਦੁਆਰਾ ਹੋਂਦ ਵਿਚ ਵਿਚ ਲਿਆਂਦਾ ਗਿਆ, ਕੀਰਤਨ ਦੇ ਇਸ ਸਿਰਜਣਾਤਮਿਕ ਸਵਰੂਪ ਨੂੰ ਨਿਖੇੜ ਕੇ ਦੱਸ ਸਕਣਾ ਸੰਭਵ ਨਹੀਂ ਹੈ। ਦੇਵਿੰਦਰ ਸਿੰਘ ਵਿਦਿਆਰਥੀ ਦੇ ਅਨੁਸਾਰ “ਚਿੰਤਕ ਪ੍ਰਵ੍ਰਿਤੀਆਂ ਦੇ ਸੰਕਲਪਾਂ ਤੋਂ ਮਿਲਦੀ ਸੇਧ ਨੂੰ ਆਧਾਰ ਬਣਾ ਕੇ ਸਹਿਜੇ ਕਿਹਾ ਜਾ ਸਕਦਾ ਹੈ ਕਿ ਕੀਰਤਨ ਦਾ ਸਿਰਜਣ ਅਚਾਨਕ ਹੀ ਨਹੀਂ ਹੋ ਗਿਆ ਅਤੇ ਨਾ ਕਿਸੇ ਇੱਕ ਰਿਖੀ ਕਲਾਵਾਨ ਦੀ ਦੇਣ ਹੈ, ਸਗੋਂ ਇਹ ਇੱਕ ਗਤੀਮਾਨ ਉਪਜ ਕਹੀ ਜਾ ਸਕਦੀ ਹੈ ਅਤੇ ਇਸ ਦੇ ਅੰਗਾਂ ਦਾ ਸਮੇਂ-ਸਮੇਂ ਕ੍ਰਮਿਕ ਕ੍ਰਿਆ ਨਾਲ ਪੁਰੋ-ਪੁਰ ਵਿਕਾਸ ਹੁੰਦਾ ਆਇਆ ਹੈ”।

ਗੁਰੂ ਨਾਨਕ ਦਾ ਸ਼ਬਦ-ਸਰੂਪ ਵਿਧਾਨ: ਵੈਸੇ ਤਾਂ ਗੁਰਬਾਣੀ ਗਾਇਨ ਪਰੰਪਰਾ ਦਾ ਭਗਤੀ ਕਾਲ ਤੋਂ ਹੀ 12ਵੀਂ ਸਦੀ ਵਿਚ ਭਗਤ ਕਬੀਰ ਦੁਆਰਾ ਅਰੰਭ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ

ਨੇ ਇਸ ਚਲ ਰਹੀ ਭਗਤੀ ਲਹਿਰ ਨੂੰ "ਸਾਂਝੀ ਸਗਲ ਜਹਾਨੇ" ਵਿਚ ਸ਼ਾਮਿਲ ਕਰ "ਸਭੇ ਸਾਂਝੀਵਾਲ ਸਦਾਇਨ ਤੂੰ ਕਿਸੈ ਨਾ ਦਿਸੈ ਬਾਹਰਾ ਜੀਉ" ਕਰਤਾਰ ਦੇ ਅਪਾਰ ਹੁਕਮ ਨੂੰ ਸਗਲ ਜਹਾਨ ਵਿਚ ਪ੍ਰਚਾਰਨ ਦਾ ਬੀੜਾ ਚੁੱਕਿਆ। ਇਸ ਹੁਕਮ ਨੂੰ ਗੁਰੂ ਸਾਹਿਬ ਨੇ ਗੁਰਬਾਣੀ ਦੇ ਸ਼ਬਦ ਅਤੇ ਸੰਗੀਤ ਦੀ ਮਹੱਤਵਪੂਰਨ ਇਕਾਈ ਰਾਗ ਰੂਪ ਵਿਚ ਨਿਰਧਾਰਿਤ ਕਰ ਕੇ ਸਗਲ ਸ੍ਰਿਸ਼ਟ ਵਿਚ ਪ੍ਰਚਾਰਿਆ। ਭਾਈ ਅਰਦਮਨ ਸਿੰਘ ਬਾਗੜੀਆਂ ਦੇ ਸ਼ਬਦਾਂ ਵਿਚ "ਸੰਗੀਤ ਦਾ ਅਸਰ ਮਨ ਉਪਰ ਦੋਧਾਰੇ ਖੰਡੇ ਵਾਙੂੰ ਕਈ ਪਾਸੀਂ ਕਾਟ ਕਰਦਾ ਹੈ। ਇਹ ਵਿਭਚਾਰ, ਐਸ਼, ਤੇ ਰਸਾਤਲ ਵੱਲ ਭੀ ਲਿਜਾ ਸਕਦਾ ਹੈ, ਬੀਰ ਰਸ ਭੀ ਪੈਦਾ ਕਰ ਸਕਦਾ ਹੈ, ਅਰ ਇਹ ਪ੍ਰਮਾਰਥ ਵੱਲ ਲਿਜਾ ਕੇ ਕਲਯਾਣਕਾਰੀ ਭੀ ਬਣ ਸਕਦਾ ਹੈ। ਸੋ ਇਸ ਮਨ ਨੂੰ ਸਹੀ ਸੇਧ ਦੇਣ ਵਾਸਤੇ ਸਤਿਗੁਰਾਂ ਨੇ ਸੰਗੀਤ ਨਾਲ ਸ਼ਬਦ ਰਲਾ ਕੇ ਪੱਕਾ ਗੁਣਕਾਰੀ ਬਣਾ ਦਿੱਤਾ।" ਇਹ ਕੀਰਤਨ ਰੂਪੀ ਸਿਫ਼ਤ-ਸਲਾਹ ਗੁਰੂ ਸਾਹਿਬ ਨੇ ਧੁਰੋਂ ਹੀ ਪ੍ਰਾਪਤ ਕੀਤੀ ਸੀ, ਜਿਸ ਦੇ ਭੰਡਾਰੀ ਬਣ ਕੇ ਉਹ ਇਸ ਅਲੌਕਿਕ ਵੰਡ ਨੂੰ ਸਗਲ ਜਹਾਨ ਵਿਚ ਕੀਰਤਨ ਰੂਪੀ ਬ੍ਰਹਮ ਭੋਜ ਰਾਹੀਂ ਵਰਤਾ ਰਹੇ ਸਨ। ਕੀਰਤਨ ਰੂਪ ਵਿਚ ਕੀਤੀ ਸਿਫਤ ਸਲਾਹ ਦੇ ਤਿੰਨ ਗੁਣਾਂ ਬਾਰੇ ਭਾਈ ਵੀਰ ਸਿੰਘ ਜੀ ਇਸ ਪ੍ਰਕਾਰ ਆਪਣੇ ਵਿਚਾਰ ਰੱਖਦੇ ਹਨ- "ਸਰੀਰ ਸੁਖੀ ਹੋ ਕੇ ਮੰਨ ਜੁੜਦਾ ਹੈ। ਜੁੜਿਆ ਮੰਨ 'ਆਪਣੇ ਆਪੇ ਦੇ' 'ਆਪਣੇ ਜੀਵਨ ਦੇ ਆਪਣੇ ਆਪੇ ਦੇ' ਰਸ ਨੂੰ ਮਾਣਦਾ ਹੈ ਤੇ ਨਾਲ ਹੀ ਸਿਫਤ ਸਲਾਹ ਦੇ ਭਾਵ ਨਾਲ ਤੇ ਰਾਗ ਦੀ ਤਾਸੀਰ ਨਾਲ ਜੁੜਨ ਕਰਕੇ ਕੋਈ ਹਠ ਤਪ ਵਰਗੀ ਖੇਚਲ ਬੀ ਨਹੀਂ ਪੈਂਦੀ। ਸਿਫ਼ਤ ਸਾਲਾਹ ਜਾਂ ਕੀਰਤਨ ਨਾਲ ਜੁੜਕੇ ਆਪੇ ਦਾ ਸਹਜ ਸੁਖ ਆਪਣੇ ਆਪ ਨੂੰ ਆਪੇ ਪ੍ਰਗਟ ਕਰਦਾ ਹੈ। ਇਸ ਤੋਂ ਅੱਗੇ ਇਸ ਆਪੇ ਨੂੰ ਉਸ ਪ੍ਰਮਾਤਮ ਦੇਵ ਦੀ ਹਜ਼ੂਰੀ ਮਿਲਦੀ ਹੈ, ਜਿਸ ਦਾ ਕਿ ਕੀਰਤਨ ਕਰਦੇ ਸਾਂ, ਇਉਂ ਹੁੰਦੇ-ਹੁੰਦੇ ਉਹਨਾਂ ਦੇ ਸਰੂਪ ਵਿਚ ਸਮਾਈ ਪ੍ਰਾਪਤ ਹੁੰਦੀ ਹੈ।" ਸੋ ਇਸ ਪ੍ਰਕਾਰ ਸ਼ਬਦ ਰਾਹੀਂ ਰਸ ਵਿਚ ਆ ਕੇ ਰਸ ਰੂਪ ਹੋ ਜਾਣਾ ਅਤੇ ਸੰਪੂਰਨ ਪ੍ਰਮਾਤਮ ਦੇਵ ਦੀ ਖੁਸ਼ਾਮਦ ਨੂੰ ਨਿਰੰਤਰਤਾ ਵਿਚ ਗਾਇਨ ਕਰਨਾ ਹੀ ਕੀਰਤਨ ਰਾਹੀਂ ਸਿਫਤ-ਸਲਾਹ ਹੈ। ਜਿਸ ਬਾਰੇ ਗੁਰੂ ਅੰਗਦ ਦੇਵ ਦੀ ਬਾਣੀ ਵਿਚ ਫੁਰਮਾਨ ਹੈ-

*ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥*
*ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ ॥*
*ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥*
*ਨਦਰਿ ਤਿਨ੍ਾ ਕਉ ਨਾਨਕਾ ਨਾਮੁ ਜਿਨ੍ਾ ਨੀਸਾਣੁ ॥* [10]

ਗੁਰੂ ਨਾਨਕ ਦੇ ਕੀਰਤਨ ਨੇ ਵਿਛੜੇ ਜੀਵ-ਰੂਪੀ ਵਣਜਾਰੇ ਨੂੰ ਪ੍ਰਭੂ ਮਿਲਾਪ ਦਾ ਸਾਧਨ ਬਣਾਇਆ, ਕਿਉਂਕਿ ਗੁਰੂ ਨਾਨਕ ਦਾ ਕੀਰਤਨ ਇੱਕ ਅਨਾਦੀ, ਅਨੰਤ ਅਪਾਰ ਸੱਤਾ ਵਾਲੇ ਕਰਤਾਰ ਨਾਲ ਜੁੜਿਆ ਹੈ। ਗੁਰੂ ਨਾਨਕ ਦੇਵ ਜੀ ਆਪ ਇਸ਼ਟ ਰੂਪ ਸਨ ਅਤੇ ਇਸ਼ਟ ਨਾਲ ਉਹਨਾਂ ਦੀ ਅਟੁੱਟ ਸਾਂਝ ਦਾ ਅਨੁਭਵ ਬਾਣੀ ਰੂਪ ਹੋ ਕੇ ਪ੍ਰਗਟ ਹੋਇਆ।

*ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥*
*ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥* [11]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਆਪਣੇ ਗਾਇਨ ਰੂਪ ਰਾਹੀਂ ਇਸ ਸੰਸਾਰ ਦੇ ਜੀਵ ਕਲਿਆਣ ਦਾ ਮਾਧਿਅਮ ਹੀ ਨਹੀਂ ਬਣਾਇਆ, ਸਗੋਂ ਸਮੁੱਚੀ ਮਾਨਵਤਾ ਲਈ ਪਰਉਪਕਾਰ ਦਾ ਵਸੀਲਾ ਬਣਾ ਕੇ ਇਕ ਸਤ-ਸਿਧਾਂਤ ਦੀ ਪੈਰਵੀ ਕਰਦਿਆਂ ਅਗਮ-ਰੂਪ ਦੇ ਅਗੰਮੀ ਬੋਲਾਂ ਨੂੰ ਗਾਇਨ ਕਰਨ ਦਾ ਸੁਖੈਨ ਜਰੀਆ ਵੀ ਪ੍ਰਵਾਨਿਆ। ਭਾਈ ਅਵਤਾਰ ਸਿੰਘ ਤੇ ਭਾਈ ਗੁਰਚਰਨ ਸਿੰਘ ਦਿੱਲੀ ਵਾਲਿਆਂ ਅਨੁਸਾਰ "ਜਗਤ ਤਾਰਕ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਜਿਥੇ ਹੋਰ ਬੇਅੰਤ ਪਰਉਪਕਾਰ ਦੇ ਕਾਰਜ ਕੀਤੇ ਤੇ ਭੁਲੇ ਲੋਕਾਂ ਨੂੰ ਸੱਚ ਦਾ ਮਾਰਗ ਦਰਸਾਇਆ, ਉੱਥੇ ਇਹ ਭੀ ਸਤਿਗੁਰੂ ਜੀ ਦੀ ਕਲਜੁਗੀ ਜੀਵਾਂ ਉਪਰ ਮਹਾਨ ਬਖ਼ਸ਼ਿਸ਼ ਹੈ ਕਿ ਪ੍ਰਭੂ ਦੀ ਪ੍ਰਾਪਤੀ ਲਈ ਸਿਮਰਨ, ਭਗਤੀ ਦਾ ਸੁਖੈਨ ਢੰਗ ਹਰੀ ਕੀਰਤਨ ਪ੍ਰਚੱਲਤ ਕੀਤਾ।"[12] ਗੁਰੂ ਨੇ ਆਪਣੇ ਹੁਕਮ ਨੂੰ ਸ਼ਬਦ ਰੂਪ ਰਾਹੀਂ ਹੀ ਸਿੱਖਾਂ ਨੂੰ ਗ੍ਰਹਿਣ ਕਰਾਇਆ, ਅਤੇ ਹਰੀ ਚਰਨਾਂ ਦੀ ਸਥਿਰਤਾ ਪ੍ਰਦਾਨ ਕਰਾਈ। ਗੁਰੂ ਨਾਨਕ ਦੇਵ ਨੇ ਗੁਰ-ਸ਼ਬਦ ਦੇ ਪ੍ਰਕਾਸ਼ ਨੂੰ ਕੀਰਤਨ ਦੀ ਧੁਨੀ ਦੇ ਰੂਪ ਵਿਚ ਉਜਾਗਰ ਕੀਤਾ। ਸ਼ਬਦ ਅਤੇ ਮਨੁੱਖ ਦਾ ਸੰਬੰਧ ਅਤੇ ਉਸ ਨਾਲ ਸੰਬੰਧਿਤ ਰਹੱਸਾਂ ਦੀ ਗਹਿਰਾਈ ਵਿਚ ਕੀਰਤਨ ਵਿਸ਼ੇਸ਼

ਮਹੱਤਵ ਰੱਖਦਾ ਹੈ। ਦੇਵਿੰਦਰ ਸਿੰਘ ਵਿਦਿਆਰਥੀ ਦੇ ਸ਼ਬਦਾਂ ਵਿਚ "ਕੀਰਤਨ, ਜਿਸ ਵਿਚ ਗਾਥਾ ਵੀ ਹੈ, ਸਤੋਤਰ ਵੀ ਹੈ, ਵਿਅਸਥਾ ਵੀ ਹੈ, ਅਤੇ ਅਨੰਤ ਮਿਲਣ ਦਾ ਸੁਖ ਵੀ ਹੈ, ਸ਼ਬਦ ਅਤੇ ਨਾਦ ਦੀ ਸੰਧੀ ਰਾਹੀਂ ਪ੍ਰਾਪਤ ਹੋਣ ਵਾਲੀ ਅਮੋਲਕ ਵਸਤੂ ਦਾ ਅਜਰ ਨਾਮ ਹੀ ਕੀਰਤਨ ਹੈ। ਇਹ ਮਨੁ-ਮੋਈ ਅੰਮ੍ਰਿਤ ਲਹਿਰ ਸਦਾ ਤੋਂ ਵਿਆਪਕ ਰਹੀ ਹੈ ਅਤੇ ਅਨੰਤ ਤੱਕ ਇਸ ਦੇ ਬਣੇ ਰਹਿਣ ਦੀ ਆਸ ਹੈ"।[13] ਸ਼ਬਦ ਦੇ ਪ੍ਰਕਾਸ਼ ਰਾਹੀਂ ਹੀ ਗੁਰੂ ਬਾਬੇ ਨੇ ਰਸ ਗੁੱਧੇ ਅੰਮ੍ਰਿਤ ਬਚਨਾਂ ਦੁਆਰਾ ਕੇਵਲ ਵੱਡੇ-ਵੱਡੇ ਜੋਗੀਆਂ ਨੂੰ ਹੀ ਸੱਚ ਦਾ ਅਸਲੀ ਮਾਰਗ ਨਹੀਂ ਦਿਖਾਇਆ, ਸਗੋਂ ਮਲਕ ਭਾਗੋ, ਕੌਡਾ ਰਾਕਸ਼, ਨੂਰ ਸ਼ਾਹ ਜਾਦੂਗਰਨੀ, ਬਾਬਰ ਜਾਲਮ ਅਤੇ ਵਲੀ ਕੰਧਾਰੀ ਵਰਗੇ ਹੰਕਾਰੀਆਂ ਨੂੰ ਵੀ ਸਚੇ ਮਾਰਗ ਦਾ ਧਾਰਨੀ ਬਣਾ ਛੱਡਿਆ। ਜਿਸ ਦੀ ਗਵਾਹੀ ਇਤਿਹਾਸਿਕ ਜਨਮ ਸਾਖੀਆਂ ਤੋਂ ਮਿਲਦੀ ਹੈ। ਗੁਰਬਾਣੀ ਕੀਰਤਨ ਦਾ ਪ੍ਰਭਾਵ ਮਨੁੱਖ 'ਤੇ ਤਾਂ ਅਸਰ ਕਰਦਾ ਹੀ ਹੈ, ਪਰ ਇਸ ਤੋਂ ਸਮੁੱਚੀ ਕਾਇਨਾਤ ਅਤੇ ਪਸ਼ੂ-ਪਰੇਤ ਵੀ ਅਛੂਤੇ ਨਹੀਂ ਰਹਿ ਸਕਦੇ, ਜਿਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਿਲਦਾ ਹੈ-

*ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥*
*ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥*
*ਪੂਰੇ ਗੁਰ ਕੀ ਦੇਖੁ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ਰਹਾਉ॥* [14]

**ਗੁਰੂ ਬਾਬੇ ਦੀ ਸੰਚਾਰ-ਵਿਧੀ:** ਗੁਰਬਾਣੀ ਦਾ ਮੂਲ ਏਕੰਕਾਰ ਦਾ ਇਲਾਹੀ ਨਾਦ ਸਮੁੱਚੇ ਬ੍ਰਹਿਮੰਡ ਵਿਚ ਇਕ-ਸਾਰ ਵਿਆਪਕ ਹੈ। ਇਸ ਨਾਦ ਦੀ ਮੂਲ ਚੇਤਨਾ ਦਾ ਸ਼ਬਦ-ਰੂਪ ਗੁਰਬਾਣੀ ਹੈ। ਜਿਸ ਦੀ ਵਿਆਪਕਤਾ ਅੱਖਰਾਂ ਦੇ ਬੋਧ ਵਿਚੋਂ ਪ੍ਰਗਟ ਹੋਈ ਹੈ। ਇਸ ਅੱਖਰੀਂ ਗਿਆਨ ਦੀ ਸਾਰ ਸੀਮਾ ਨੂੰ ਗੁਰੂ ਨਾਨਕ ਦੇਵ ਜੀ ਨੇ ਧੁਰੋਂ ਪ੍ਰਾਪਤ ਕੀਤਾ। ਜਿਸ ਦਾ ਵਰਤਾਰਾ ਸ਼ਬਦ ਰੂਪ ਵਿਚ ਕੀਰਤੀ ਦੇ ਮਾਧਿਅਮ ਰਾਹੀਂ ਹੋਇਆ। ਸ਼ਬਦ ਸੁਰਤ ਦੇ ਪ੍ਰਕਾਸ਼ ਦੀ ਲੋਅ ਨੂੰ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਕੀਰਤਨ ਦੇ ਰੂਪ ਵਿਚ ਪ੍ਰਚਾਰਿਆ। ਸਮੁੱਚੀਆਂ ਮਜ਼੍ਹਬੀ ਵਿੱਥਾਂ ਅਤੇ ਜਾਤ-ਪਾਤ ਦੇ ਵਿਤਕਰਿਆਂ ਨੂੰ ਮਿਟਾਉਣ ਲਈ ਖੰਡਾਂ-ਬ੍ਰਹਿਮੰਡਾਂ ਵਿਚ ਰਮੇ ਕਰਤਾਰ ਦੇ ਹੁਕਮ ਨੂੰ ਵਿਵਹਾਰਿਕ ਅਤੇ ਸਿਧਾਂਤਿਕ ਰੂਪ ਵਿਚ ਸੰਚਾਰਿਤ ਕੀਤਾ। ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਪ੍ਰਚਾਰ ਵਿਚ ਉਹਨਾਂ ਨੇ ਰਬਾਬੀ ਮਰਦਾਨੇ ਦੀ ਸਾਜ਼ੋ-ਸੰਗਤ ਨੂੰ ਵੀ ਇਕ ਜ਼ਰੂਰੀ ਹਿੱਸਾ ਸਮਝਦਿਆਂ ਉਸ ਨੂੰ ਕੀਰਤਨ ਦੇ ਹਰੇਕ ਪੜਾਅ ਵਿਚ ਸੰਗ-ਸਾਥ ਰੱਖਿਆ। ਪ੍ਰਿੰਸੀਪਲ ਗੰਗਾ ਸਿੰਘ ਦੇ ਕਥਨ ਅਨੁਸਾਰ "ਗੁਰੂ ਜੀ ਨੇ ਆਪਣੇ ਹਰ ਸਫ਼ਰ ਵਿਚ ਮਰਦਾਨੇ ਦੇ ਆਖ਼ਰੀ ਸੁਆਸਾਂ ਤਕ ਉਸ ਨੂੰ ਨਾਲ ਰੱਖਿਆ। ਉਹ ਜਿਥੇ ਵੀ ਜਾਂਦੇ, ਲੋਕ ਉੱਧਾਰ ਹਿਤ, ਮਰਦਾਨੇ ਨੂੰ ਰਬਾਬ ਛੇੜਨ ਨੂੰ ਕਹਿੰਦੇ ਤੇ ਆਪ ਕੀਰਤਨ ਕਰਦੇ। ਇਸ ਕੀਰਤਨ ਦੇ ਅਸਰ ਨੇ ਜਗਤ ਵਿਚ ਨਵਾਂ ਪਲਟਾ ਲੈ ਆਂਦਾ। ਮਨੁੱਖੀ ਮਨ ਦੀਆਂ ਸੁੱਕੀਆਂ ਹੋਈਆਂ ਟਹਿਣੀਆਂ ਵਿਚੋਂ ਰਸ-ਉਤਸ਼ਾਹ ਦੇ ਨਵੇਂ ਅੰਕੁਰ ਫੁੱਟ ਨਿਕਲੇ, ਕਰਮ-ਕਾਂਡਾਂ ਦੀ ਠੰਡਕ ਨਾਲ ਬਰਫ਼ ਹੋ ਚੁੱਕੇ ਦਿਲ ਕੁਝ ਨਿੱਘ ਮਹਿਸੂਸ ਕਰ ਪੰਘਰ ਤੁਰੇ।"[15] ਗੁਰੂ ਨਾਨਕ ਦੇਵ ਜੀ ਨੇ ਕੁਦਰਤੀ ਪ੍ਰਭਾਉ ਦੇ ਟਿਕਾਉ ਵਿਚ ਇੱਕ ਅਕਾਲ ਰੂਪ ਹੋ ਕੇ ਕਰਤਾਰ ਦੀ ਸਿਫਤ ਸਲਾਹ ਅਰੰਭੀ।

ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।[16]

ਦੇਵਿੰਦਰ ਸਿੰਘ ਵਿਦਿਆਰਥੀ ਵੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਦੇ ਆਪਸੀ ਸਾਂਝ-ਸਾਰ ਤੋਂ ਉਪਜੀ ਸ਼ਬਦ ਦੀ ਇਕ ਰਹੱਸਮਈ ਹੋਂਦ ਦਾ ਹਵਾਲਾ ਦਿੰਦੇ ਹਨ। ਉਹਨਾਂ ਨੇ ਭਾਈ ਮਰਦਾਨੇ ਨੂੰ ਸੁਰਤਿ ਦਾ ਦਰਜਾ ਦਿੱਤਾ ਹੈ ਅਤੇ ਜਿਸ ਦੀ ਛਾਇਆ ਵਿਚ ਕੀਰਤਨ ਸਾਕਾਰ ਰੂਪ ਹੋਇਆ। "ਕੀਰਤਨ ਦੇ ਪਿਛੋਕੜ ਵਿਚ ਬਾਬੇ ਨੂੰ ਸ਼ਬਦ ਰੂਪ ਆਖਣਾ ਅਤੇ ਮਰਦਾਨੇ ਨੂੰ ਸੁਰਤਿ ਦਾ ਦਰਜਾ ਦੇਣਾ, ਇਸ ਅਨੁਮਾਨ ਨੂੰ ਜਨਮ ਦਿੰਦਾ ਹੈ ਕਿ ਬਾਬੇ ਦਾ ਯੋਗਦਾਨ ਇਸ ਰਹੱਸਮਈ ਖੇਤਰ ਵਿਚ ਰਸ-ਅਨੁਭਵ ਵਿਚ ਪਤੀਜਣ (Consummation of Aesthetic Experience) ਵਾਲਾ ਹੈ ਅਤੇ ਮਰਦਾਨੇ ਵਿਚਲੀ ਪ੍ਰਾਪਤੀ ਸੁਰਤਿ-ਰੂਪ ਹੋਣ ਕਾਰਨ ਉਸ ਰਸ ਅਨੁਭਵ ਨੂੰ ਵਜੂਦ ਦੇਣ (Exposition of Aesthetic Experience) ਨਾਲ ਜੁੜੀ ਹੈ।"[17] ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਭਾਈ ਫਿਰੰਦੇ ਪਾਸ ਭੇਜ ਕੇ ਜਗਤ ਉਧਾਰ ਲਈ ਇਕ ਵਿਸ਼ੇਸ਼ ਰਬਾਬ ਮੰਗਵਾਇਆ। ਇਸ ਰਬਾਬ ਨਾਲ ਵੱਜੀ ਬਾਣੀ ਦੀ ਅਨਹਦ ਧੁਨ ਨੇ ਜਲ-ਥਲ ਨੂੰ ਆਨੰਦਿਤ ਕਰ, ਕੌਡੇ ਜਿਹੇ

ਜਾਲਮਾਂ, ਸੱਜਣ ਜਿਹੇ ਠੱਗਾਂ ਨੂੰ ਫਕੀਰੀ ਵੱਲ ਤੋਰ ਲਿਆ ਤੇ ਜਗਤ ਉਧਾਰਿਕ ਬਾਬੇ ਨੇ ਚੌਹਾਂ ਚੱਕਾਂ ਵਿਚ ਕੀਰਤਨ ਨੂੰ ਪ੍ਰਗਟ ਕਰ ਦਿੱਤਾ।

*"ਘਲ ਕੇ ਫਿਰੰਦੇ ਵਿਗ ਰਬਾਬ ਮੰਗਾਇਆ ਪਹਿਲੇ,*
*ਆਪ ਹੀ ਸਿਖਾਇਆ, ਉਹਨੂੰ ਆਉਂਦਾ ਨਾ ਬਜਾਣਾ ਸੀ।*
*ਛਾਰ ਕੁੰਟ ਤਾਰ ਵੱਜੀ ਜੰਗਲੀ ਪਹਾੜੀਂ ਥਲੀਂ,*
*ਸੁਣੀ ਹੋਇਆ ਪਾਰ, ਰਿਹਾ ਆਵਣ ਨਾ ਜਾਣਾ ਸੀ।*
*ਕੌਡੇ ਜਿਹੇ ਜਾਬਰਾਂ, ਬਾਬਰ ਜਿਹੇ ਕਾਬਰਾਂ,*
*ਤੇ ਸੱਜਣ ਜਿਹੇ ਠੱਗਾਂ ਨੇ ਵੀ ਸੁਣਿਆ ਤਰਾਨਾ ਸੀ।*
*ਬਾਬੇ ਦਾ ਰਬਾਬੀ, ਰਬ-ਆਬੀ ਭਿੰਨੀ ਤਾਰ ਜੀਹਦੀ,*
*ਨਾਮ ਮਰਦਾਨਾ, ਜਗ ਤਾਰਨੇ ਬਹਾਨਾ ਸੀ।"*[18]

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਭਾਈ ਫਿਰੰਦੇ ਦੁਆਰਾ ਤਿਆਰ ਕੀਤੀ ਰਬਾਬ ਨੇ ਭਾਈ ਮਰਦਾਨੇ ਨੂੰ ਸਧਾਰਣ ਰਬਾਬੀਆਂ ਦੀ ਚਾਰ ਤਾਰਾਂ ਵਾਲੀ ਰਬਾਬ ਨਾਲੋਂ ਛੇ ਤਾਰਾਂ ਵਾਲੀ ਰਬਾਬ ਦਾ ਵਜੰਤ੍ਰੀ ਚੁਣਿਆ। ਰਬਾਬ ਦੇ ਸੰਬੰਧ ਵਿਚ ਵੀ ਅੱਜ ਸਿੱਖ ਪੰਥ ਦੇ ਵਿਦਵਾਨਾਂ ਵਿਚ ਸੰਬੰਧੀ ਆਪਸੀ ਮਤਭੇਦ ਹਨ, ਜਿਸ ਸੰਬੰਧ ਵਿਚ ਕਈ ਸੰਗੀਤ ਨਾਲ ਸੰਬੰਧਿਤ ਵਿਦਵਾਨ ਰਬਾਬ ਨੂੰ ਚਾਰ ਤਾਰਾਂ ਵਾਲਾ ਅਤੇ ਕਈ ਛੇ ਤਾਰਾਂ ਵਾਲਾ ਮੰਨਦੇ ਹਨ ਅਤੇ ਉਹਨਾਂ ਦਾ ਇਸ ਦੀ ਬੈਠਕ ਸੰਬੰਧੀ ਵੀ ਮਤਭੇਦ ਹੈ। ਪ੍ਰਿੰਸੀਪਲ ਗੰਗਾ ਸਿੰਘ ਕਹਿੰਦੇ ਹਨ ਕਿ "ਇਹ ਰਬਾਬ ਗੁਰੂ ਨਾਨਕ ਨੇ ਖ਼ਾਸ ਤੌਰ ਉੱਤੇ ਫਿਰੰਦੇ ਰਬਾਬੀ ਪਾਸੋਂ ਤਿਆਰ ਕਰਵਾਇਆ ਸੀ ਅਤੇ ਮਰਦਾਨੇ ਨੂੰ ਉਚੇਚਾ ਭੇਜ ਕੇ ਮੰਗਵਾਇਆ ਸੀ। ਇਸ ਰਬਾਬ ਦੀ ਬਣਤਰ ਸਾਧਾਰਣ ਰਬਾਬਾਂ ਨਾਲੋਂ ਕੁਝ ਵੱਖਰੇ ਪਰਕਾਰ ਦੀ ਸੀ। ਕਿਹਾ ਜਾਂਦਾ ਹੈ ਕਿ ਇਸ ਰਬਾਬ ਵਿਚ ਚਾਰ ਦੀ ਥਾਂ ਛੇ ਤਾਰ ਚੜ੍ਹਾਏ ਜਾਂਦੇ ਸਨ।" ਜਿਸ ਬਾਰੇ ਭਾਈ ਵੀਰ ਸਿੰਘ 'ਸ੍ਰੀ ਗੁਰੂ ਨਾਨਕ ਚਮਤਕਾਰ' ਦੇ ਪੂਰਬਾਰਧ ਭਾਗ ਵਿਚ ਜ਼ਿਕਰ ਕਰਦੇ ਹਨ "ਇਸ ਧੂਹ ਲੈਣ ਵਾਲੀ ਸੂਰਤ ਦੇ ਕੋਲ ਇੱਕ ਸੰਗੀਤ ਦਾ ਅਵਤਾਰ ਇਕ ਅਚਰਜ ਹੀ ਤਰ੍ਹਾਂ ਦਾ ਛੇ ਤਾਰਾਂ ਤੇ ਤਰਬਾਂ ਨਾਲ ਭਰਪੂਰ ਇਲਾਹੀ ਸਾਜ਼ ਲਈ ਬੈਠਾ ਵਜਾ ਰਿਹਾ ਹੈ।"[19] ਗੁਰੂ ਬਾਬੇ ਦੁਆਰਾ ਕੀਤੀ ਗਈ ਰਬਾਬ ਦੀ ਚੋਣ ਅਤੇ ਰਬਾਬੀ ਦਾ ਸਾਥ ਅਤੇ ਛੇ ਤਾਰੀ ਰਬਾਬ ਗੁਰੂ ਨਾਨਕ ਦੇ ਕੀਰਤਨ ਦਾ ਅਧਾਰ ਬਣੀ। ਦੇਵਿੰਦਰ ਸਿੰਘ ਵਿਦਿਆਰਥੀ ਦਾ ਇਸ ਸੰਬੰਧ ਵਿਚ ਕਥਨ ਹੈ ਕਿ "ਸਤਿਗੁਰੂ ਨੂੰ ਬਾਣੀ ਦੀ ਦਾਤ ਕਰਤਾਰੋਂ ਮਿਲੀ ਸੀ ਅਤੇ ਸੰਗੀਤ ਲਈ ਮਰਦਾਨਾ ਤੇ ਰਬਾਬ ਨਾਲ ਲੈ ਲਏ। ਕਿਹਾ ਜਾਂਦਾ ਹੈ ਕਿ ਇਸ ਰਬਾਬ ਵੀ ਚਾਰ ਦੀ ਥਾਂ ਛੇ ਤਾਰਾਂ ਵਾਲਾ ਸੀ। ਇਸ ਛੇ ਤਾਰਾਂ ਦੇ ਯੰਤ੍ਰ ਵਿਚ ਵੀ ਇਕ ਰੂਪਕ ਹੈ। 'ਛੇ' ਦੀ ਗਿਣਤੀ ਵੀ ਸੰਕੇਤਕ ਹੀ ਹੈ। ਗੁਰਬਾਣੀ ਲਈ ਰਾਗਾਂ ਦੀ ਚੋਣ ਵੀ ਰੂਪਾਤਮਕ ਹੋਈ ਹੈ। ਇਹ ਰੂਪਾਤਮਕ ਗਤੀ ਸੰਗਤ ਦੇ ਵਸੀਲੇ ਨਾਲ ਜੁੜ ਕੇ ਕਰਾਮਾਤੀ ਪ੍ਰਾਪਤੀਆਂ ਦੀ ਜਨਕ ਸਿੱਧ ਹੋਈ ਹੈ।"[20]

ਇਸ ਰਬਾਬ ਅਤੇ ਸ਼ਬਦ ਦੀ ਸੰਧੀ ਨੇ ਮਿਲ ਕੇ ਸਗਲ ਜਹਾਨ ਵਿਚ ਇਲਾਹੀ ਬਾਣੀ ਦੇ ਵੇਗ ਦਾ ਪ੍ਰਵਾਹ ਹੋਰ ਤੇਜ਼ ਕੀਤਾ। ਜਿਸ ਦਾ ਵਹਿਣ ਪਹਿਲ੍ਹਾਂ ਭਗਤੀ ਧਾਰਾ ਦੇ ਰੂਪ ਵਿਚ ਵਹਿ ਰਹਿਆ ਸੀ, ਜਿਸ ਨੂੰ ਗੁਰੂ ਬਾਬੇ ਨੇ ਗੁਰਮਤਿ ਵਿਚ ਪ੍ਰਵੇਸ਼ ਕਰਾਇਆ ਅਤੇ ਵੇਦ ਕਾਲ ਦੀ ਅਧਿਆਤਮਿਕ ਪਰੰਪਰਾ ਨਾਲ ਸੰਬੰਧ ਰੱਖਣ ਵਾਲੀਆਂ ਸਮੁੱਚੀਆਂ ਰਹੁ-ਰੀਤਾਂ ਅਤੇ ਕ੍ਰਿਆਵਾਂ ਦਾ ਉਲੇਖ ਸੁਖਾਲੇ ਅਤੇ ਨਵੇਕਲੇ ਰੂਪ ਵਿਚ ਗੁਰਬਾਣੀ ਰਾਹੀਂ ਵੀ ਪ੍ਰਗਟ ਕੀਤਾ। ਦੇਵਿੰਦਰ ਸਿੰਘ ਵਿਦਿਆਰਥੀ ਦੇ ਵਿਚਾਰ ਅਨੁਸਾਰ "ਵੇਦ ਵਿਚ ਵਰਣਨ ਕੀਤੀਆਂ ਅਲਖ ਦੀਆਂ ਉਸਤਤੀਆਂ ਦੇ ਸਤੋਤਰ, ਸੱਚ ਦੇ ਅਨੁਭਵ ਦੀਆਂ ਗੂੜ ਸ਼ਕਤੀਆਂ, ਭਾਵਨਾ ਗੁੱਧੇ ਮੰਤਰ ਅਤੇ ਸਲੋਕ, ਸੂਕਤਾਂ ਵਿਚ ਬਿਆਨੀਆਂ ਰਹਸ ਭਰੀਆਂ ਸਾਖੀਆਂ, ਸੁਆਦਲੇ ਤੱਥਾਂ ਨਾਲ ਛੁਲਕਦੇ ਸੰਬਾਦ, ਰਿਸ਼ੀਆਂ ਦੀਆਂ ਕਲਪਨਾ ਦੀਆਂ ਉਡਾਰੀਆਂ, ਅਨੁਭਵਾਂ-ਜਣੇ ਸਿਧਾਂਤ-ਵਾਕ, ਆਲਵਾਰਾਂ ਦੀਆਂ ਰਚਨਾਵਾਂ ਜਿਹੇ ਭਗਤੀ ਬੋਲ, ਤਿਰੁਵਾਰਮ ਵਿਚਲੇ ਸ਼ਰਧਾ-ਕਥਨਾਂ ਜਿਹੇ ਪਦ, ਸ਼ੈਵ ਨੈਨਿਆਰਾਂ, ਦਾਸਾਂ ਅਤੇ ਸ਼ਰਨ ਭਗਤਾਂ ਦੀਆਂ ਅਰਜ਼ੋਈਆਂ, ਮੀਰਾਂ ਜਿਹੀਆਂ ਪ੍ਰੇਮ ਭਗਤਣਾਂ ਦੀਆਂ ਜੋਦੜੀਆਂ, ਜੈਦੇਵ ਜਿਹਾਂ ਦੀਆਂ ਲੀਲਾ-ਚਰਿਤ ਗਾਉਂਦੀਆਂ ਅਸ਼ਟਪਦੀਆਂ, ਚੰਡੀਦਾਸ ਦੇ ਕੀਰਤਨ ਪਦ, ਗੌਰਾਂਗ ਪ੍ਰਭੂ ਚੈਤੰਨ-ਦੇਵ ਦੇ ਨ੍ਰਿਤ-ਗੀਤ, ਅਸ਼ਟ-ਛਾਪ ਦੇ ਕਵੀਆਂ ਦੀ ਵਾਤਸੱਲ-ਭਾਵਨਾ ਆਦਿ ਗੁਰਬਾਣੀ ਵਿਚ ਕੀ ਨਹੀਂ ਮਿਲਦਾ।"[21]

ਗੁਰੂ ਨਾਨਕ ਦੇਵ ਜੀ ਨੇ ਜਦੋਂ ਆਪਣੇ ਬਾਲ ਸਖਾਈ ਮਿੱਤਰ ਮਰਦਾਨੇ ਨੂੰ ਨਾਲ ਲੈ ਗੁਰਮਤਿ ਆਧਾਰਿਤ ਕੀਰਤਨ ਦੀ ਨੀਂਹ ਰੱਖਦੇ ਹੋਏ ਉਦਾਸੀਆਂ ਦਾ ਪੈਂਡਾ ਅਰੰਭਿਆ ਤਾਂ ਦੇਸ਼-ਕਾਲ ਦੇ ਬੰਧਨਾਂ ਤੋਂ ਮੁਕਤ ਹੋ ਕੇ ਰਸ-ਗੁੱਧੇ ਕਰਤਾਰੀ ਬੋਲਾਂ ਦਾ ਪ੍ਰਚਾਰ ਸੰਸਾਰ ਦੇ ਅਲੱਗ-ਅਲੱਗ ਖੇਤਰਾਂ ਵਿਚ ਜਾ ਕੇ ਕੀਤਾ। ਇਲਾਹੀ ਬਾਣੀ ਦਾ ਸ਼ਬਦ ਹੀ ਸਮੂਹ ਗੁਰੂ-ਸਾਹਿਬਾਨਾਂ ਦੁਆਰਾ ਕੀਰਤਨ ਦੀ ਧੁਨੀ ਰਾਹੀਂ ਸਮੁੱਚੇ ਜਗਤ ਵਿਚ ਪ੍ਰਗਟਿਆ ਅਤੇ ਸ਼ਬਦ ਦੀ ਲੋਅ ਨੇ ਸੰਸਾਰੀ ਜੀਵਾਂ ਨੂੰ ਗਿਆਨ ਦੇ ਪ੍ਰਕਾਸ਼ ਰਾਹੀਂ ਚਾਨਣ ਕੀਤਾ। ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਦੀ ਸੁਰ-ਸਾਂਝ ਨੇ ਸ਼ਬਦ-ਵਾਕ ਨੂੰ ਸਮਕਾਲੀ ਪਰੰਪਰਾ ਵਿਚ ਅਮਲ ਰਾਹੀਂ ਲਿਆਂਦਾ, ਜਿਸ ਰਾਹੀਂ ਗੁਰਬਾਣੀ ਦੀ ਅਸਲ ਸਿਧਾਂਤਕਤਾ ਦਾ ਪ੍ਰਚਾਰ ਹੋਇਆ। ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਹੋਈ ਗੁਰਬਾਣੀ ਸੰਗੀਤ ਦੀ ਕੀਰਤਨ ਪਰੰਪਰਾ ਨੂੰ ਸਮੂੰਹ ਗੁਰੂ ਸਾਹਿਬਾਨ ਅਤੇ ਉਪਰੰਤ ਗੁਰੂ-ਦਰਬਾਰ ਦੇ ਰਬਾਬੀਆਂ, ਰਾਗੀਆਂ ਨੇ ਨਿਰੰਤਰ ਵਿਕਸਤ ਕੀਤਾ। ਇਸ ਦੀ ਵਿਕਾਸਧਾਰਾ ਦਾ ਪ੍ਰਵਾਹ ਉਂਜ ਵੀ ਨਿਰੰਤਰ ਦੇਸ਼ਾਂ-ਵਿਦੇਸ਼ਾਂ ਵਿਚ ਜਾਰੀ ਹੈ। ਸੋ ਗੁਰਬਾਣੀ ਅਤੇ ਗੁਰਬਾਣੀ ਦਾ ਸਿਧਾਂਤ ਕੀਰਤਨ ਦੇ ਰੂਪ ਵਿਚ ਸਦੀਆਂ ਤੋਂ ਵਿਕਸਤ ਹੋ ਰਿਹਾ ਹੈ। "ਸਿੱਧੇ ਸਾਦੇ ਸ਼ਬਦਾਂ ਵਿਚ ਆਖੀਏ ਤਾਂ ਕਹਾਂਗੇ ਕਿ ਕੀਰਤਨ ਨਾਲ ਸਿੱਖ ਗੁਰੂਆਂ ਦੇ ਸੰਯੋਗ ਦਾ ਮੂਲ ਸੰਧੀ-ਸੂਤਰ ਗੁਰੂ-ਬਾਣੀ ਦੀ ਪਰੰਪਰਾ ਵਿਚੋਂ ਉਪਜਦਾ ਹੈ। ਇਹ ਪਰੰਪਰਾ ਉਸ ਚਿੰਤਨ ਪ੍ਰਣਾਲੀ ਨਾਲ ਜੁੜੀ ਹੋਈ ਹੈ ਜਿਸ ਦਾ ਵਿਸ਼ਵਾਸ ਜ਼ਬਾਨੀ ਕਲਾਮੀ ਸਿਖਿਆ ਦੇ ਮੁਕਾਬਲੇ ਅੱਖਰ-ਬੱਧ ਸੰਦੇਸ਼ ਵਿਚ ਹੈ। ਇਸ ਅੱਖਰ-ਬੱਧ ਸੰਦੇਸ਼ ਨੂੰ ਲੋਕਾਂ ਵਿਚ ਮਘਦਾ ਰੱਖਣ ਦਾ ਸਾਧਨ ਕੀਰਤਨ ਸਦਾਉਂਦਾ ਹੈ। ਅੱਖਰ ਨਾਲ ਸ਼ਬਦ ਦੀ ਇਹੋ ਸੰਗੀਤਕ ਸਾਂਝ ਹੈ ਜੋ ਕੀਰਤਨ ਦਾ ਮੂਲ ਆਧਾਰ ਬਣਦੀ ਆਈ ਹੈ, ਗੁਰੂ ਇਸ ਸਾਂਝ ਸ਼ਕਤੀ ਨੂੰ ਜਾਣਦੇ ਅਤੇ ਬਾਣੀ ਵਿਚ ਵਖਿਆਨਦੇ ਆਏ ਹਨ।"[22]

ਗੁਰਬਾਣੀ ਦੀ ਅਜਿਹੀ ਸੰਗੀਤਕ ਸਾਂਝ ਨੂੰ ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਸੰਸਾਰ ਭਰ ਵਿਚ ਕੀਰਤਨ ਦੇ ਰੂਪ ਵਿਚ ਪ੍ਰਚਾਰਿਆ। ਜਿਸ ਦੇ ਤਹਿਤ ਧੁਰੋਂ ਆਈ ਇਲਾਹੀ ਬਾਣੀ ਸੰਗੀਤ-ਰੂਪ ਹੋ ਕੇ ਸਮੁੱਚੇ ਸੰਸਾਰ ਦੇ ਕਲਿਆਣ ਹਿਤ ਵਿਚਰਦੀ ਰਹੀ। ਕੀਰਤਨ ਇਸ ਬਾਣੀ ਦੇ ਅਮੁੱਲ ਖਜ਼ਾਨੇ ਦਾ ਵਾਹਕ ਬਣਿਆ। ਜਿਸ ਵਿਚ ਸੰਗੀਤ ਨੂੰ ਗੁਰੂ ਸਾਹਿਬ ਨੇ ਉਸ ਦੇ ਸਮਕਾਲੀ ਅਤੇ ਕੁਝ ਮੌਲਿਕ ਰੂਪਾਂ ਤੋਂ ਅਧਾਰ ਬਣਾ ਕੇ ਸ਼ਬਦ ਦੀ ਇਲਾਹੀ ਧੁਨ ਨੂੰ ਗਿਆਨ ਰੂਪ ਵਿਚ ਪ੍ਰਕਾਸ਼ਮਾਨ ਕਰਨ ਲਈ ਵਰਤਿਆ। ਗੁਰੂ ਬਾਬੇ ਦੇ ਸ਼ਬਦ ਨੇ ਇਸ ਅੰਧਿਕਾਰੀ ਪਈ ਸੁਰਤ ਨੂੰ ਸ਼ਬਦ ਦੀ ਲੌਅ ਵਿਚ ਅਧਿਆਤਮ ਗਿਆਨ ਦਾ ਬੌਧ ਕਰਵਾਇਆ। ਇਹ ਕੀਰਤਨ ਸਿੱਖ ਧਰਮ ਦੀ ਪਰੰਪਰਾ ਦਾ ਇੱਕ ਵਿਸ਼ੇਸ਼ ਅੰਗ ਬਣ ਗਿਆ। ਜਿਸ ਦੀ ਮੌਜੂਦਗੀ ਕੇਵਲ ਧਾਰਮਿਕ ਸਥਾਨਾਂ ਜਾਂ ਧਰਮਸ਼ਾਲਾਂ ਤੱਕ ਹੀ ਸੀਮਿਤ ਨਹੀਂ ਰਹੀ, ਸਗੋਂ ਹਰੇਕ ਗੁਰਸਿੱਖ ਦੇ ਕਰਮ ਰੂਪ ਵਿਚ ਵੀ ਇਸ ਦਾ ਪ੍ਰਭਾਵ ਰਿਹਾ। ਸਮਾਜਿਕ ਸੰਸਕਾਰਾਂ ਵਿਚ ਕੀਰਤਨ ਦੀ ਵਿਸ਼ੇਸ਼ ਸਥਾਪਤੀ ਹੋਈ। ਸਦੀਆਂ ਤੋਂ ਚਲੀ ਆ ਰਹੀ ਧਰਮ ਅਤੇ ਸੰਗੀਤ ਦੀ ਸਾਂਝ ਨੂੰ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੇ ਉਸਤਤੀ ਵਿਧਾਨ ਰਾਹੀਂ ਮਹਿਮਾ ਦੇ ਸਰੂਪ ਵਿਚ ਢਾਲਿਆ। ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭੀ ਕੀਰਤਨ ਪਰੰਪਰਾ ਨੇ ਵਿਸ਼ਵ ਭਰ ਵਿਚ ਗੁਰਬਾਣੀ ਦੇ ਪ੍ਰਚਾਰ ਤੇ ਪਾਸਾਰ ਲਈ ਇਸ ਵਿਸ਼ੇਸ਼ ਜੁਗਤ ਦੀ ਸਥਾਪਤੀ ਨਿਰੰਤਰ ਤੇ ਚਿਰਸਥਾਈ ਕਾਇਮ ਕੀਤੀ ਹੈ। ਜਿਸ ਦਾ ਵਿਧਾਨ ਵਰਤਮਾਨ ਸਮੇਂ ਵਿਚ ਵੀ ਵਿਦਵਾਨ ਸੰਗੀਤਕਾਰਾਂ ਅਤੇ ਕੀਰਤਨਕਾਰਾਂ ਰਾਹੀਂ ਵਿਕਸਤ ਹੋ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਦੇਵਿੰਦਰ ਸਿੰਘ ਵਿਦਿਆਰਥੀ, **ਕੀਰਤਨ ਸੰਦਰਭ ਅਤੇ ਸਰੂਪ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1992, ਪੰ.171.
2. ਭਾਈ ਕਾਨ੍ਹ ਸਿੰਘ ਨਾਭਾ, **ਮਹਾਨ ਕੋਸ਼**, ਪੰ.332
3. ਦੇਵਿੰਦਰ ਸਿੰਘ ਵਿਦਿਆਰਥੀ, **ਉਪਰੋਕਤ**, ਪੰ. 4
4. ਦੇਵਿੰਦਰ ਸਿੰਘ ਵਿਦਿਆਰਥੀ, **ਉਪਰੋਕਤ**, ਪੰ. 16
5. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰ. 1075.

6. ਦੇਵਿੰਦਰ ਸਿੰਘ ਵਿਦਿਆਰਥੀ, **ਉਪਰੋਕਤ**, ਪੰ. 15.
7. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰ. 97.
8. ਭਾਈ ਅਰਦਮਨ ਸਿੰਘ ਬਾਗੜੀਆਂ, 'ਸ਼ਬਦ ਕੀਰਤਨ-ਮਰਯਾਦਾ', **ਨਾਨਕ ਪ੍ਰਕਾਸ਼ ਪੱਤ੍ਰਿਕਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1973, ਪੰ. 220
9. ਭਾਈ ਵੀਰ ਸਿੰਘ, ਪਿਆਰਾਂ ਦਾ ਸਾਂਈ (ਕੀਰਤਨ), **ਖਾਲਸਾ ਸਮਾਚਾਰ**, ਅੰਮ੍ਰਿਤਸਰ, 1972, ਪੰ. 19.
10. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰ. 1239.
11. **ਉਹੀ**, 1395.
12. ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ**, (ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. xvii.
13. ਦੇਵਿੰਦਰ ਸਿੰਘ ਵਿਦਿਆਰਥੀ, **ਉਪਰੋਕਤ**, ਪੰ. 14.
14. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰ. 614.
15. ਪ੍ਰਿੰਸੀ. ਗੰਗਾ ਸਿੰਘ, **ਸਿੱਖ ਧਰਮ ਫ਼ਿਲਾਸਫ਼ੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰ. 23.
16. **ਵਾਰਾਂ ਭਾਈ ਗੁਰਦਾਸ**, ਵਾਰ 1, ਪਉੜੀ 35.
17. ਦੇਵਿੰਦਰ ਸਿੰਘ ਵਿਦਿਆਰਥੀ, **ਉਪਰੋਕਤ**, ਪੰ. 113.
18. ਪ੍ਰਿੰਸੀ. ਗੰਗਾ ਸਿੰਘ, **ਉਪਰੋਕਤ**, ਪੰ. 22.
19. **ਉਹੀ**, ਪੰ. 111.
20. ਦੇਵਿੰਦਰ ਸਿੰਘ ਵਿਦਿਆਰਥੀ, **ਗੁਰਬਾਣੀ ਦੇ ਰਾਗ ਸੰਬੰਧ ਅਤੇ ਸਾਰਥਕਤਾ**, ਸਿਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, 1986, ਪੰਨਾ 15.
21. ਦੇਵਿੰਦਰ ਸਿੰਘ ਵਿਦਿਆਰਥੀ, **ਉਪਰੋਕਤ**, ਪੰ. 111.
22. **ਉਹੀ**, ਪੰ. 121.

◈

# ਕਰਤਾਰ ਸਿੰਘ ਦੁੱਗਲ ਦੀ ਕਹਾਣੀ ਕਰਾਮਾਤ : ਗੁਰੂ ਨਾਨਕ ਸਾਹਿਬ ਦੇ ਸ਼ਖ਼ਸੀ ਪ੍ਰਭਾਵ ਦੀ ਪੇਸ਼ਕਾਰੀ




ਡਾ. ਕਾਰਜ ਸਿੰਘ
ਅਸਿਸਟੈਂਟ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ
ਅਧਿਐਨ ਵਿਭਾਗ
ਖ਼ਾਲਸਾ ਕਾਲਜ,
ਅੰਮ੍ਰਿਤਸਰ।
karajsingh.786@
gmail.com
ਮੋ. : 9876122316

ਸਾਹਿਤ ਇਕ ਸ਼ਾਬਦਿਕ ਕਲਾ ਹੈ ਅਤੇ ਸ਼ਬਦ ਐਸਾ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਦੇ ਮਾਧਿਅਮ ਰਾਹੀਂ ਕਿਸੇ ਵੀ ਦੇਸ਼ ਜਾਂ ਕੌਮ ਦੇ ਸਰੂਪ ਨੂੰ ਬਦਲਿਆ ਜਾ ਸਕਦਾ ਹੈ। ਇਸ ਦੀ ਮਿਸਾਲ ਗੁਰੂ ਨਾਨਕ ਸਾਹਿਬ ਹਨ ਜਿਨ੍ਹਾਂ ਨੇ 'ਸ਼ਬਦ' ਰਾਹੀਂ ਹੀ ਰੂੜ੍ਹੀਵਾਦੀ ਮਾਨਤਾਵਾਂ ਨੂੰ ਨਿਕਾਰਿਆ ਤੇ ਸਮੁੱਚੀ ਕੌਮ ਨੂੰ ਅਗਾਂਹਵਧੂ ਵਿਚਾਰਧਾਰਾ ਨਾਲ ਜੋੜਿਆ। ਉਹਨਾਂ ਜ਼ਾਲਮ ਵਰਗ ਦਾ ਖੰਡਨ ਕਰਦੇ ਹੋਏ ਲੋਕ-ਹਿਤੈਸ਼ੀ ਵਰਗ ਦਾ ਪੱਖ ਪੂਰਿਆ। ਉਹਨਾਂ ਨੇ ਵੇਲੇ ਦੀ ਹਕੀਕਤ ਨੂੰ ਆਪਣੀ ਲਿਖਤ ਦੇ ਮਾਧਿਅਮ ਰਾਹੀਂ ਮੂਰਤੀਮਾਨ ਕੀਤਾ। ਮਾਨਵਤਾ ਦੇ ਦਰਦ ਨੂੰ ਬਿਆਨ ਕਰਨਾ ਹੀ ਸਾਹਿਤ ਦਾ ਪ੍ਰਮੁੱਖ ਸਰੋਕਾਰ ਹੈ। ਅਜੋਕੇ ਸਮਿਆਂ ਦਾ ਸਾਹਿਤ ਗੁਰੂ ਨਾਨਕ ਸਾਹਿਬ ਦੀ ਇਸ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਲਿਖਿਆ ਜਾ ਰਿਹਾ ਹੈ। ਪੰਜਾਬੀ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਦੁਆਰਾ ਲਿਖੀ 'ਕਰਾਮਾਤ' (1957) ਕਹਾਣੀ ਗੁਰੂ ਸਾਹਿਬ ਦੇ ਮਨੁੱਖਤਾ ਅਤੇ ਕੌਮ ਲਈ ਕੁਰਬਾਨੀ ਦੇਣ ਵਾਲੇ ਫ਼ਲਸਫੇ ਨੂੰ ਪੇਸ਼ ਕਰਦੀ ਹੈ। ਕਹਾਣੀ ਇਤਿਹਾਸਕ ਘਟਨਾ 'ਤੇ ਆਧਾਰਿਤ ਹੈ ਜਿਸ ਦਾ ਸੰਬੰਧ 'ਪੰਜਾ ਸਾਹਿਬ' ਵਿਚ ਵਾਪਰੇ ਖ਼ੂਨੀ ਸਾਕੇ ਨਾਲ ਜੁੜਦਾ ਹੈ। ਸਿੱਖ ਇਤਿਹਾਸ ਵਿਚ ਇਹ ਸਾਕਾ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖਾਂ ਵੱਲੋਂ ਆਪਣੇ ਗੁਰਧਾਮਾਂ ਨੂੰ ਅੰਗਰੇਜ਼ਾਂ ਦੇ ਪਿੱਛਲਗੂ ਅਖੌਤੀ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਸਮੇਂ ਵਾਪਰਦਾ ਹੈ। ਸ੍ਰੀ ਅਕਾਲ ਤਖ਼ਤ ਦੇ ਹੁਕਮ ਅਨੁਸਾਰ ਗੁਰਧਾਮਾਂ ਦੇ ਪ੍ਰਬੰਧ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ। ਦੂਜੇ ਪਾਸੇ ਅਕਾਲੀ ਦਲ ਨੇ ਨੌਜਵਾਨ ਜਥੇਬੰਦ ਕਰਕੇ ਐਸ਼-ਪ੍ਰਸਤ ਮਹੰਤਾਂ ਪਾਸੋਂ ਗੁਰਦੁਆਰਿਆਂ ਦਾ ਕਬਜ਼ਾ ਲੈਣ ਲਈ ਕਾਰਵਾਈ ਕਰਨੀ ਸ਼ੁਰੂ ਕੀਤੀ। ਇਸ ਦੌਰਾਨ ਨਨਕਾਣਾ ਸਾਹਿਬ ਦਾ ਸਾਕਾ, ਚਾਬੀਆਂ ਵਾਲਾ ਮਸਲਾ, ਗੁਰੂ ਦਾ ਬਾਗ ਅਤੇ ਪੰਜਾ ਸਾਹਿਬ ਦਾ ਖ਼ੂਨੀ ਸਾਕਾ ਵਾਪਰਿਆ। ਗੁਰੂ ਕਾ ਬਾਗ ਦੇ ਮੋਰਚੇ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਾਗ੍ਰਿਤ ਕੀਤਾ ਅਤੇ ਉਹਨਾਂ ਨੇ ਅੰਗਰੇਜ਼ਾਂ ਵੱਲੋਂ ਵੱਖ-ਵੱਖ ਸਾਕਿਆਂ ਵਿਚ ਘੋਸ਼ਿਤ ਅਪਰਾਧੀ ਸਿੱਖ ਜਿਹਨਾਂ ਨੂੰ ਜੇਲਾਂ ਵਿਚ ਭੇਜਿਆ ਜਾ ਰਿਹਾ ਸੀ, ਦਾ ਰਸਤਿਆਂ ਵਿਚ ਰੇਲਗੱਡੀਆਂ ਰੋਕ ਨੇ ਸਵਾਗਤ ਕਰਨਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਪੰਜਾ ਸਾਹਿਬ ਦਾ ਸਾਕਾ ਵਾਪਰਦਾ ਹੈ। ਇਸ ਇਤਿਹਾਸਕ ਸਾਕੇ ਸੰਬੰਧੀ ਪ੍ਰਸਿੱਧ ਸਿੱਖ ਇਤਿਹਾਸਕਾਰ ਖੁਸ਼ਵੰਤ ਸਿੰਘ ਦਾ ਵਿਚਾਰ ਹੈ :

> ਅਕਤੂਬਰ 30, 1922 ਈ. ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮਰਦ ਅਤੇ ਇਸਤਰੀਆਂ ਪੰਜਾ ਸਾਹਿਬ ਵਿਖੇ ਚਲਦੀ ਗੱਡੀ ਰੋਕਣ

> ਲਈ ਰੇਲ ਦੀ ਪਟੜੀ 'ਤੇ ਬੈਠ ਗਏ ਤਾਂ ਜੋ ਭੁੱਖੇ ਕੈਦੀਆਂ ਨੂੰ ਲੰਗਰ ਛਕਾਇਆ ਜਾ ਸਕੇ ਜਿੰਨ੍ਹਾਂ ਨੂੰ ਨੌਸ਼ਹਿਰਾ ਜੇਲ ਵਿਚ ਲਿਜਾਇਆ ਜਾ ਰਿਹਾ ਸੀ। ਦੋ ਗੁਰਮੁਖ (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਮਹੰਤ ਭਾਈ ਕਰਮ ਸਿੰਘ ਜੀ ਅਤੇ ਪੰਜਾ ਸਾਹਿਬ ਗੁਰਦੁਆਰੇ ਦੇ ਅਕਾਉਂਟੈਂਟ ਭਾਈ ਪ੍ਰਤਾਪ ਸਿੰਘ) ਇੰਜਣ ਦੇ ਪਹੀਆਂ ਹੇਠ ਆ ਕੇ ਕੁਚਲੇ ਗਏ, ਇਸ ਤੋਂ ਪਹਿਲਾਂ ਕਿ ਡਰਾਈਵਰ ਗੱਡੀ ਰੋਕ ਸਕਦਾ।[1]

ਨਿਰਸੰਦੇਹ ਪੰਜਾ ਸਾਹਿਬ ਦਾ ਸਾਕਾ ਸਿੱਖ ਕੌਮ ਦੀ ਬਹਾਦਰੀ ਅਤੇ ਕੁਰਬਾਨੀ ਦੀ ਮਿਸਾਲ ਹੈ। ਇਸ ਇਤਿਹਾਸਕ ਘਟਨਾ ਨੂੰ ਆਧਾਰ ਬਣਾ ਕੇ 'ਕਰਾਮਾਤ' ਕਹਾਣੀ ਦਾ ਬਿਰਤਾਂਤ ਉਸਾਰਿਆ ਗਿਆ ਹੈ। ਕਹਾਣੀ ਦੇ ਸ਼ੁਰੂ ਵਿਚ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ 'ਪੰਜਾ ਸਾਹਿਬ' ਵਾਲੀ ਸਾਖੀ ਦੇ ਵੇਰਵੇ ਆਉਂਦੇ ਹਨ। ਸਾਖੀ ਵਿਚ ਗੁਰੂ ਸਾਹਿਬ ਦੇ ਸ਼ਕਤੀਸ਼ਾਲੀ ਵਿਅਕਤਿਤਵ ਨੂੰ ਪੇਸ਼ ਕੀਤਾ ਹੈ ਜਿਸ ਵਿਚ ਉਹ ਵਲੀ ਕੰਧਾਰੀ ਵੱਲੋਂ ਸੁੱਟੇ ਪੱਥਰ ਨੂੰ ਇਕ ਹੱਥ ਨਾਲ ਰੋਕਦੇ ਹਨ। ਭਾਵ ਉਹਨਾਂ ਨੂੰ ਮੁਸੀਬਤਾਂ ਦਾ ਸਾਹਮਣਾ ਨਿਡਰਤਾ ਨਾਲ ਕਰਦੇ ਹੋਏ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਕਹਾਣੀਕਾਰ ਨੇ ਇਸ ਸਾਖੀ ਨੂੰ ਅੰਤਰਪਾਠ ਦੇ ਤੌਰ 'ਤੇ ਵਰਤਿਆ ਹੈ। ਕਹਾਣੀ ਵਿਚ ਸਾਖੀ ਪੂਰਵਪਾਠ ਸਮੱਗਰੀ ਦੇ ਤੌਰ 'ਤੇ ਦਰਜ ਹੈ। ਕਹਾਣੀਕਾਰ ਨੇ ਸਾਖੀ ਵਿਚਲੀ ਪੰਜਾ ਸਾਹਿਬ ਨਾਲ ਜੁੜੀ ਘਟਨਾ ਦੇ ਮੂਲ ਪਾਠ ਨੂੰ ਪ੍ਰਸ਼ਨੋਤਰੀ ਵਿਧੀ ਰਾਹੀਂ ਸੰਖੇਪ ਰੂਪ ਵਿਚ ਪੇਸ਼ ਕੀਤਾ ਹੈ :

> ਕਿਵੇਂ ਬਾਬਾ ਨਾਨਕ ਮਰਦਾਨੇ ਨਾਲ ਇਸ ਪਾਸੇ ਆਏ। ਕਿਵੇਂ ਮਰਦਾਨੇ ਨੂੰ ਪਿਆਸ ਲਗੀ। ਕਿਵੇਂ ਬਾਬੇ ਨੇ ਵਲੀ ਕੰਧਾਰੀ ਕੋਲ ਮਰਦਾਨੇ ਨੂੰ ਪਾਣੀ ਲਈ ਭੇਜਿਆ। ਕਿਵੇਂ ਵਲੀ ਕੰਧਾਰੀ ਨੇ ਤਿੰਨ ਵਾਰ ਮਰਦਾਨੇ ਨੂੰ ਨਿਰਾਸ਼ ਵਾਪਸ ਕਰ ਦਿੱਤਾ। ਕਿਵੇਂ ਬਾਬੇ ਨਾਨਕ ਨੇ ਮਰਦਾਨੇ ਨੂੰ ਇਕ ਪੱਥਰ ਪੁਟਣ ਲਈ ਕਿਹਾ। ਕਿਵੇਂ ਹੇਠੋਂ ਪਾਣੀ ਦਾ ਚਸ਼ਮਾ ਫੁਟ ਪਿਆ ਤੇ ਵਲੀ ਕੰਧਾਰੀ ਦੇ ਖੂਹ ਦਾ ਸਾਰੇ ਦਾ ਸਾਰਾ ਪਾਣੀ ਹੇਠ ਖਿਚਿਆ ਹੋਇਆ ਆ ਗਿਆ। ਫਿਰ ਕਿਵੇਂ ਗੁੱਸੇ ਵਿਚ ਵਲੀ ਕੰਧਾਰੀ ਨੇ ਉਤੋਂ ਪਹਾੜੀ ਦਾ ਇਕ ਟੁਕੜਾ ਰੇੜ੍ਹਿਆ। ਕਿਵੇਂ ਮਰਦਾਨਾ ਘਬਰਾਇਆ, ਪਰ ਬਾਬੇ ਨਾਨਕ ਨੇ 'ਧੰਨ ਨਿਰੰਕਾਰ' ਕਹਿਕੇ ਆਪਣੇ ਹੱਥ ਨਾਲ ਪਹਾੜ ਦੇ ਟੁਕੜੇ ਨੂੰ ਠਲ੍ਹ ਲਿਆ।[2]

ਕਹਾਣੀਕਾਰ ਨੇ ਇਸ ਸਾਖੀ ਨੂੰ ਪੰਜਾ ਸਾਹਿਬ ਦੇ ਸਾਕੇ ਦੌਰਾਨ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣਦੀ ਹੋਈ ਦ੍ਰਿਸ਼ਟੀਗੋਚਰ ਕੀਤਾ ਹੈ। ਕਹਾਣੀ ਵਿਚ ਮੈਂ ਪਾਤਰ ਆਪਣੀ ਮਾਂ ਅਤੇ ਭੈਣ ਦੇ ਨਾਲ ਪੰਜਾ ਸਾਹਿਬ ਦੇ ਸਾਕੇ ਦੀ ਘਟਨਾ ਨੂੰ ਵੇਖਣ ਜਾਂਦਾ ਹੈ। ਉਥੇ ਉਹਨਾਂ ਨੂੰ ਪਤਾ ਲਗਦਾ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਆਪਣੇ ਅਧੀਨ ਕਰਨ ਲਈ ਸਿੱਖਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਦੇ ਬਦਲੇ ਉਹਨਾਂ ਨੂੰ ਅੰਗਰੇਜ਼ਾਂ ਵੱਲੋਂ ਸਖ਼ਤ ਸਜ਼ਾਵਾਂ ਦੇ ਕੇ ਵੱਖ-ਵੱਖ ਜੇਲਾਂ ਵਿਚ ਭੇਜਿਆ ਜਾ ਰਿਹਾ ਸੀ। ਇਸੇ ਸਮੇਂ ਹੀ ਪੰਜਾ ਸਾਹਿਬ ਦਾ ਸਾਕਾ ਵਾਪਰਦਾ ਹੈ। ਸਿੱਖ ਕੈਦੀਆਂ ਨਾਲ ਭਰੀ ਰੇਲਗੱਡੀ ਰੋਕਣ ਲਈ ਲੋਕ ਰੇਲਵੇ ਸਟੇਸ਼ਨ 'ਤੇ ਇਕੱਤਰ ਹੋ ਜਾਂਦੇ ਹਨ। "ਜਦੋਂ ਪੰਜਾ ਸਾਹਿਬ ਵਿਚ ਇਹ ਖ਼ਬਰ ਪੁੱਜੀ ਜਿਸ ਕਿਸੇ ਨੇ ਸੁਣਿਆ ਲੋਕਾਂ ਨੂੰ ਚਾਰੇ ਕਪੜੇ ਅੱਗ ਲੱਗ ਗਈ, ਪੰਜਾ ਸਾਹਿਬ ਜਿਥੇ ਬਾਬੇ ਨਾਨਕ ਨੇ ਆਪ ਮਰਦਾਨੇ ਦੀ ਪਿਆਸ ਬੁਝਾਈ ਸੀ, ਉਸ ਸ਼ਹਿਰ ਤੋਂ ਗੱਡੀ ਭਰੀ ਪਿਆਸਿਆਂ ਦੀ ਲੰਘ ਜਾਏ, ਭੁੱਖਿਆਂ ਦੀ ਲੰਘ ਜਾਏ, ਮਜ਼ਲੂਮਾਂ ਦੀ ਲੰਘ ਜਾਏ, ਇਹ ਕਿਵੇਂ ਹੋ ਸਕਦਾ ਸੀ? ਤੇ ਫ਼ੈਸਲਾ ਹੋਇਆ ਕਿ ਗੱਡੀ ਨੂੰ ਰੋਕਿਆ ਜਾਏਗਾ।"[3] ਪੰਜਾ ਸਾਹਿਬ ਦੇ ਲੋਕ ਰੇਲਗੱਡੀ ਦੀ ਪਟੜੀ ਤੇ ਲੇਟ ਜਾਂਦੇ ਹਨ। ਉਹਨਾਂ ਦਾ ਇਹ ਨਿਡਰ ਵਿਵਹਾਰ, ਕਰਮਸ਼ੀਲ ਮਾਨਸਿਕਤਾ ਅਤੇ ਕੁਰਬਾਨ ਹੋਣ ਦਾ ਜਜ਼ਬਾ ਗੁਰੂ ਨਾਨਕ ਪੰਥ ਦੀ ਵਿਚਾਰਧਾਰਾ ਨੂੰ ਪ੍ਰਗਟਾਉਂਦਾ ਹੈ। ਲੋੜਵੰਦ ਦੀ ਮਦਦ ਲਈ ਤਿਆਰ ਬਰ ਤਿਆਰ ਰਹਿਣ ਵਾਲੀ ਗੁਰੂ ਪਰੰਪਰਾ ਪੰਜਾ ਸਾਹਿਬ ਦੇ ਲੋਕਾਂ ਅੰਦਰ ਸੂਰਬੀਰਤਾ ਪੈਦਾ ਕਰਦੀ ਹੈ। ਕਹਾਣੀ ਦੇ ਸ਼ੁਰੂ ਵਿਚ ਪੇਸ਼ ਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ ਦਾ ਕਰਾਮਾਤੀ ਸਰੂਪ ਪ੍ਰਤੀਕਾਤਮਕ ਹੈ। ਜਿਸ ਦਾ ਸੰਬੰਧ ਕਰਨੀ ਵਾਲੇ ਮਨੁੱਖ ਨਾਲ ਜੁੜਦਾ ਹੈ ਜੋ ਜ਼ਾਲਮ ਪ੍ਰਸਥਿਤੀਆਂ

ਦਾ ਸਾਹਮਣਾ ਨਿਡਰਤਾ ਨਾਲ ਕਰ ਸਕਦਾ ਹੈ। ਕਹਾਣੀ ਵਿਚ ਸਿੱਖ ਸੰਗਤਾਂ ਦੇ ਵਿਰੋਧ ਪਿੱਛੇ ਗੁਰੂ ਸਾਹਿਬ ਦਾ ਇਹ ਸ਼ਕਤੀਸ਼ਾਲੀ ਸਰੂਪ ਹੀ ਪ੍ਰੇਰਨਾ ਸ੍ਰੋਤ ਬਣਦਾ ਹੈ। ਪੰਜਾ ਸਾਹਿਬ ਦੇ ਲੋਕ ਵੀ ਮਹਿਸੂਸ ਕਰਦੇ ਹਨ ਕਿ ਪੰਜਾ ਸਾਹਿਬ ਦੀ ਧਰਤੀ 'ਤੇ ਗੁਰੂ ਸਾਹਿਬ ਨੇ ਆਪ ਮਰਦਾਨੇ ਦੀ ਪਿਆਸ ਬੁਝਾਈ ਅਤੇ ਇੱਕਲੇ ਹੀ ਵਲੀ ਕੰਧਾਰੀ ਵੱਲੋਂ ਸੁੱਟੇ ਪੱਥਰ ਨੂੰ ਰੋਕਿਆ ਸੀ ਤਾਂ ਉਹ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਇਕ ਰੇਲ ਗੱਡੀ ਕਿਉਂ ਨਹੀਂ ਰੋਕ ਸਕਦੇ। ਇਸ ਕਰਕੇ ਭੁੱਖੇ ਪਿਆਸੇ ਸਿੱਖ ਮਜ਼ਲੂਮ ਲੋਕ ਜਿੰਨ੍ਹਾਂ ਨੂੰ ਅੰਗਰੇਜ਼ਾਂ ਪਾਸੋਂ ਸਜ਼ਾਵਾਂ ਮਿਲੀਆਂ ਹੋਈਆਂ ਸਨ, ਦੇ ਲਈ ਲੰਗਰ ਲਗਾ ਦਿੰਦੇ ਹਨ। "ਗੱਡੀ ਨੇ ਪੰਜਾ ਸਾਹਿਬ ਨਹੀਂ ਰੁੱਕਣਾ ਸੀ। ਪਰ ਪੰਜਾ ਸਾਹਿਬ ਦੇ ਲੋਕਾਂ ਦਾ ਇਹ ਫ਼ੈਸਲਾ ਅਟੱਲ ਸੀ ਕਿ ਗੱਡੀ ਨੂੰ ਜ਼ਰੂਰ ਰੋਕ ਲੈਣਾ ਹੈ। ਤੇ ਸ਼ਹਿਰ ਵਾਸੀਆਂ ਨੇ ਸਟੇਸ਼ਨ ਉੱਤੇ ਰੋਟੀਆਂ ਦੇ, ਖੀਰਾਂ ਦੇ, ਪੂੜਿਆਂ ਦੇ, ਦਾਲਾਂ ਦੀਆਂ ਦੇਗਾਂ ਦੇ ਢੇਰ ਲਾ ਦਿੱਤੇ।"[4] ਇਹ ਘਟਨਾਕ੍ਰਮ ਗੁਰੂ ਨਾਨਕ ਪੰਥ ਦੇ ਮੁੱਢਲੇ ਸਿਧਾਂਤ ਪੰਗਤ ਅਤੇ ਸੰਗਤ ਦੇ ਅਨੁਕੂਲ ਹੈ। ਜਿਸ ਦੇ ਸਦਕਾ ਇਕ ਅਜਿਹੀ ਕੌਮ ਦਾ ਉਦਭਵ ਹੋਇਆ ਜੋ ਮਜ਼ਲੂਮ ਵਰਗ ਦੇ ਹਿੱਤਾਂ ਲਈ ਕੁਰਬਾਨ ਹੋਈ। ਸਿੱਖ ਸੰਗਤਾਂ ਦਾ ਅਡੋਲ ਵਿਸ਼ਵਾਸ ਅਤੇ ਦ੍ਰਿੜ ਨਿਸ਼ਚਾ ਇਸ ਪੰਥ ਦੀ ਹੀ ਦੇਣ ਹੈ। ਇਥੇ ਕਹਾਣੀਕਾਰ ਗੁਰੂ ਸਾਹਿਬ ਦੁਆਰਾ ਆਪਣੀ ਕੌਮ ਨੂੰ ਦਿੱਤੇ ਮੁੱਲ-ਵਿਧਾਨ ਦੀ ਪੇਸ਼ਕਾਰੀ ਕਰਦਾ ਹੈ।

ਗੁਰੂ ਨਾਨਕ ਸਾਹਿਬ ਸੰਸਾਰ ਭਰ ਦੇ ਅਜਿਹੇ ਇਕ ਰਚਨਾਕਾਰ ਹੋਏ ਹਨ ਜਿੰਨ੍ਹਾਂ ਨੇ ਕਲਮ ਦੀ ਤਾਕਤ ਦੇ ਮਾਧਿਅਮ ਰਾਹੀਂ ਹਿੰਦੁਸਤਾਨ ਵਿਚ ਇਕ ਬਹਾਦਰ ਕੌਮ ਨੂੰ ਜਨਮ ਦਿੱਤਾ ਅਤੇ ਅਜਿਹੀ ਕ੍ਰਾਂਤੀ ਪੈਦਾ ਕੀਤੀ ਜਿਸਨੇ ਦੇਸ਼ ਵਿਚ ਜ਼ੁਲਮ ਦੀਆਂ ਜੜ੍ਹਾਂ ਦਾ ਖ਼ਾਤਮਾ ਕਰਨਾ ਸੀ। ਪੰਜਾ ਸਾਹਿਬ ਦਾ ਸਾਕਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਸ ਸਾਕੇ ਵਿਚ ਕੁਰਬਾਨ ਹੋਣ ਵਾਲੇ ਲੋਕ ਆਪਣੇ ਗੁਰੂਆਂ ਦੀ ਅਮੀਰ ਪਰੰਪਰਾ ਜੋ ਮਨੁੱਖਵਾਦੀ ਸਭਿਆਚਾਰ ਦਾ ਸਥੂਲ ਅਤੇ ਸਹੀ ਸਰੂਪ ਲੋਕਾਂ ਸਾਹਮਣੇ ਲੈ ਕੇ ਆਈ, ਤੋਂ ਭਲੀਭਾਂਤ ਜਾਣੂ ਸਨ। ਮਾਨਵਤਾ ਦੇ ਹਿੱਤਾਂ ਲਈ ਹੀ ਲੋਕਾਂ ਦੀ ਭੀੜ ਰੇਲਗੱਡੀ ਦੀ ਪਟੜੀ 'ਤੇ ਲੇਟ ਜਾਣ ਲਈ ਤਿਆਰ ਹੋ ਜਾਂਦੀ ਹੈ। ਲੋਕਾਂ ਦੀ ਸ਼ਕਤੀ ਤੇਜ਼ ਰਫ਼ਤਾਰ ਰੇਲਗੱਡੀ ਨੂੰ ਰੋਕਣ ਵਿਚ ਕਾਮਯਾਬ ਹੋ ਜਾਂਦੀ ਹੈ। ਰੇਲ ਗੱਡੀ ਦਾ ਰੁਕ ਜਾਣਾ ਕਰਾਮਾਤ ਹੈ ਕਿਉਂਕਿ ਮਨੁੱਖ ਦਾ ਅਤਿ ਦੀਆਂ ਮੁਸ਼ਕਲ ਪ੍ਰਸਥਿਤੀਆਂ ਤੇ ਕਾਬੂ ਪਾ ਲੈਣਾ ਹੀ ਅਸਲ 'ਕਰਾਮਾਤ' ਹੈ। ਸਾਕੇ ਦੌਰਾਨ ਅਜਿਹੀ ਹੀ ਕਰਾਮਾਤ ਵਾਪਰਦੀ ਹੈ, ਜੋ ਕਹਾਣੀ ਵਿਚ ਪੇਸ਼ ਹੁੰਦੀ ਹੈ। ਮੈਂ ਪਾਤਰ ਦੀ ਮਾਂ ਦੀ ਸਹੇਲੀ ਉਸ ਘਟਨਾਕ੍ਰਮ ਬਾਰੇ ਦੱਸਦੀ ਹੈ :

> ਉਸ ਥਾਂ ਪਟੜੀ ਉੱਤੇ ਪਹਿਲੇ ਉਹ ਲੇਟੇ ਮੇਰੇ ਬੱਚਿਆਂ ਦੇ ਪਿਤਾ। ਫਿਰ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਹੋਰ ਸਾਥੀ ਲੇਟ ਗਏ। ਉਨ੍ਹਾਂ ਤੋਂ ਬਾਅਦ ਅਸੀਂ ਪਤਨੀਆਂ ਲੇਟੀਆਂ। ਫੇਰ ਸਾਡੇ ਬੱਚੇ... ਤੇ ਫੇਰ ਗੱਡੀ ਆਈ ਦੂਰੋਂ ਚੀਖਦੀ ਹੋਈ, ਚਿਚਲਾਂਦੀ ਹੋਈ ਸੀਟੀਆਂ ਤੇ ਸੀਟੀਆਂ ਮਾਰਦੀ ਹੋਈ। ਅਜੇ ਦੂਰ ਹੀ ਸੀ ਕਿ ਮੱਠੀ ਪੈ ਗਈ। ਪਰ ਰੇਲ ਸੀ ਖਲੋਂਦਿਆਂ ਖਲੋਂਦਿਆਂ ਹੀ ਖਲੋਂਦੀ। ਫੇਰ ਉਨ੍ਹਾਂ ਦੇ ਨਾਲ ਦੇ ਸਾਥੀ ਦੀ ਛਾਤੀ ਤੇ ... ਤੇ ਫੇਰ ਮੈਂ ਅੱਖਾਂ ਸੀਟ ਲਈਆਂ। ਮੈਂ ਅੱਖਾ ਖੋਲੀਆਂ ਤਾਂ ਮੇਰੇ ਉੱਤੇ ਗੱਡੀ ਖਲੋਤੀ ਸੀ। ਮੇਰੇ ਨਾਲ ਧੁੜਕ ਰਹੀਆਂ ਛਾਤੀਆਂ ਵਿਚੋਂ 'ਧੰਨ ਨਿਰੰਕਾਰ, 'ਧੰਨ ਨਿਰੰਕਾਰ', ਦੀ ਆਵਾਜ਼ ਆ ਰਹੀ ਸੀ। ਤੇ ਫੇਰ ਮੇਰੇ ਵੇਖਦਿਆਂ ਵੇਖਦਿਆਂ ਗੱਡੀ ਮੁੜੀ। ਗੱਡੀ ਮੁੜੀ ਤੇ ਪਹੀਆਂ ਹੇਠ ਆਈਆਂ ਲਾਸ਼ਾ ਟੁਕੜੇ ਟੁਕੜੇ ਹੋ ਗਈਆਂ....।[5]

ਮੈਂ ਪਾਤਰ ਜਿਸ ਨੂੰ ਗੁਰੂ ਨਾਨਕ ਸਾਹਿਬ ਦੀ ਹੱਥ ਨਾਲ ਪਹਾੜ ਰੋਕਣ ਵਾਲੀ ਸਾਖੀ ਸੁਣ ਕੇ ਵਿਸ਼ਵਾਸ ਨਹੀਂ ਆਉਂਦਾ ਹੈ। ਪਰ ਪੰਜਾ ਸਾਹਿਬ ਦਾ ਸਾਕਾ ਉਸਦੇ ਸ਼ੱਕ ਨੂੰ ਵਿਸ਼ਵਾਸ ਵਿਚ ਬਦਲ ਦਿੰਦਾ ਹੈ। ਉਸ ਨੂੰ ਯਕੀਨ ਆ ਜਾਂਦਾ ਹੈ ਕਿ ਬੰਦੇ ਦੇ ਚਰਿਤਰ ਦੀ ਤਾਕਤ ਨਾਲ ਬੁਰਾਈ ਦਾ ਖ਼ਾਤਮਾ ਹੋਣਾ ਸੰਭਵ ਹੈ। ਗੁਰੂ ਨਾਨਕ ਸਾਹਿਬ ਵੱਲੋਂ ਪਹਾੜ ਨੂੰ ਰੋਕਣਾ ਜ਼ੁਲਮ ਦੀਆਂ ਜੜ੍ਹਾਂ ਨੂੰ ਉਖਾੜ ਦੇਣ ਦਾ ਪ੍ਰਤੀਕ ਹੈ। ਕਹਾਣੀਕਾਰ ਪੰਜਾ ਸਾਹਿਬ ਦੀਆਂ ਦੋਹਾਂ ਘਟਨਾਵਾਂ ਨੂੰ ਅੰਤਰ-ਸੰਬੰਧਤ ਕਰਦਾ ਹੈ। ਸਾਕੇ ਦੌਰਾਨ ਲੋਕਾਂ ਵੱਲੋਂ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਗੈਰ ਮਜ਼ਲੂਮ

ਲੋਕਾਂ ਨੂੰ ਬਚਾਉਣਾ ਕੁਰਬਾਨੀ ਦੀ ਮਿਸਾਲ ਸਾਬਤ ਹੁੰਦੀ ਹੈ। ਕੌਮ ਲਈ ਕੁਰਬਾਨ ਹੋਣ ਦਾ ਫ਼ਰਜ਼ ਗੁਰੂ ਨਾਨਕ ਸਾਹਿਬ ਦੀ ਦੇਣ ਹੈ, ਜਿੰਨ੍ਹਾਂ ਨੇ ਲੋਕਾਂ ਦੀ ਸੋਚ ਵਿਧੀ ਨੂੰ ਬਦਲ ਕੇ ਕਰਮਸ਼ੀਲ ਯੋਧੇ ਬਣਾਇਆ। "ਗੁਰੂ ਨਾਨਕ ਸਾਹਿਬ ਦਾ ਫਲਸਫਾ ਵਿਅਕਤੀਗਤ ਮੁਕਤੀ ਦੇ ਅਭਿਲਾਸ਼ੀਆਂ ਲਈ ਨਹੀਂ ਸਗੋਂ ਖੰਡੇ ਦੀ ਧਾਰ ਤੇ ਤੁਰਨ ਵਾਲੇ ਉਨ੍ਹਾਂ ਸੂਰਵੀਰਾਂ ਤੇ ਯੋਧਿਆਂ ਲਈ ਹੈ ਜੋ ਆਪਣੇ ਨਿੱਜੀ ਸੁੱਖਾਂ ਦੀ ਕੁਰਬਾਨੀ ਕਰਦੇ ਹੋਏ ਆਪਣੀ ਕੌਮ ਅਤੇ ਮਨੁੱਖਤਾ ਲਈ ਜਾਨਾਂ ਵਾਰ ਜਾਂਦੇ ਹਨ।"[6] ਕਹਾਣੀ ਵਿਚ ਮਨੁੱਖੀ ਕੁਰਬਾਨੀ ਦੀ ਸ਼ਕਤੀ ਕਰਕੇ ਹੀ ਰੇਲ ਗੱਡੀ ਦੇ ਡਰਾਈਵਰ ਨੂੰ ਗੱਡੀ ਦੀ ਰਫਤਾਰ ਧੀਮੀ ਕਰਨੀ ਪੈਂਦੀ ਹੈ। 'ਮੈਂ' ਪਾਤਰ ਨੂੰ ਯਕੀਨ ਹੋ ਜਾਂਦਾ ਹੈ ਕਿ ਮਨੁੱਖ ਦੀ ਤਾਕਤ ਦੇ ਸਾਹਮਣੇ ਅਤਿ ਮੁਸ਼ਕਲ ਪ੍ਰਸਥਿਤੀਆਂ ਦਾ ਝੁਕਣਾ ਹੀ ਕਰਾਮਾਤ ਹੈ। ਇਸੇ ਕਰਕੇ ਹੀ ਜਦੋਂ ਉਸ ਦੀ ਭੈਣ ਗੁਰੂ ਨਾਨਕ ਸਾਹਿਬ ਵੱਲੋਂ ਪਹਾੜ ਰੋਕਣ ਬਾਰੇ ਪ੍ਰਸ਼ਨ ਕਰਦੀ ਹੈ ਤਾਂ ਉਹ ਆਖਦਾ ਹੈ, "ਕਿਉਂ ਨਹੀਂ ਕੋਈ ਰੋਕ ਸਕਦਾ? ... ਹਨੇਰੀ ਵਾਂਗ ਉਡਦੀ ਟਰੇਨ ਨੂੰ ਜੇ ਰੋਕਿਆ ਜਾ ਸਕਦਾ ਹੈ ਤੇ ਪਹਾੜ ਦੇ ਟੁਕੜੇ ਨੂੰ ਕਿਉਂ ਨਹੀ ਕੋਈ ਰੋਕ ਸਕਦਾ।"[7] ਮੈਂ ਪਾਤਰ ਮਹਿਸੂਸ ਕਰਦਾ ਹੈ ਕਿ ਕਰਨੀ ਵਾਲਾ ਮਨੁੱਖ ਹਰ ਔਕੜ ਦਾ ਸਾਹਮਣਾ ਬਹਾਦਰੀ ਨਾਲ ਕਰ ਸਕਦਾ ਹੈ। ਇਸ ਪ੍ਰਕਾਰ ਕਰਾਮਾਤ ਕਹਾਣੀ ਮਾਨਵਤਾ ਦੇ ਹੱਕ ਵਿਚ ਕੁਰਬਾਨ ਹੋ ਜਾਣ ਵਾਲੇ ਸੂਰਬੀਰ ਲੋਕਾਂ ਦੀ ਦਾਸਤਾਨ ਹੈ। ਜੋ ਨਿੱਜ ਨੂੰ ਤਿਆਗ ਕੇ ਆਪਣੀ ਕੌਮ ਦੇ ਲੋਕਾਂ ਦੀ ਸੁਰੱਖਿਆ ਲਈ ਆਪਣੇ ਆਪ ਨੂੰ ਕੁਰਬਾਨ ਕਰਦੇ ਹਨ। ਇਸ ਤਰ੍ਹਾਂ ਕਹਾਣੀਕਾਰ ਨੇ ਇਤਿਹਾਸਕ ਘਟਨਾ ਦੇ ਮਾਧਿਅਮ ਰਾਹੀਂ ਗੁਰੂ ਨਾਨਕ ਸਾਹਿਬ ਦੀ ਅਗਾਂਹਵਧੂ ਵਿਚਾਰਧਾਰਾ ਨੂੰ ਦਰਸਾਇਆ ਹੈ।

### ਹਵਾਲੇ ਤੇ ਟਿੱਪਣੀਆਂ


1. ਖੁਸ਼ਵੰਤ ਸਿੰਘ, **ਸਿੱਖ ਹਿਸਟਰੀ** (1469-1988), ਪੰਨਾ 346
2. ਕਰਤਾਰ ਸਿੰਘ ਦੁੱਗਲ, **ਕਰਾਮਾਤ ਤੇ ਹੋਰ ਕਹਾਣੀਆਂ**, ਪੰਨਾ 13
3. **ਉਹੀ**, ਪੰਨਾ 12
4. **ਉਹੀ**, ਪੰਨਾ 12
5. **ਉਹੀ**, ਪੰਨਾ 12
6. ਡਾ. ਕੁਲਬੀਰ ਸਿੰਘ ਕਾਂਗ, **ਮਹਾਂ ਕਵੀ ਗੁਰੂ ਨਾਨਕ ਪੁਨਰ ਮੁੱਲਾਂਕਣ ਤੇ ਪੁਨਰ-ਵਿਆਖਿਆ**, ਪੰਨਾ 57.
7. ਕਰਤਾਰ ਸਿੰਘ ਦੁੱਗਲ, **ਕਰਾਮਾਤ ਤੇ ਹੋਰ ਕਹਾਣੀਆਂ**, ਪੰਨਾ 13.


◈



ਪੁਸਤਕ ਦਾ ਨਾਮ :
**ਸਾਦਿਕ ਸੁਲਤਾਨ ਸ਼ੇਰ ਸ਼ਾਹ ਸੂਰੀ (ਨਾਵਲ)**
ਨਾਵਲਕਾਰ :
**ਮਨਮੋਹਨ ਬਾਵਾ**
ਪ੍ਰਕਾਸ਼ਕ :
**ਚੇਤਨਾ ਪ੍ਰਕਾਸ਼ਨ,** ਪੰਜਾਬੀ ਭਵਨ, ਲੁਧਿਆਣਾ।
ਸਾਲ : 2018
ਪੰਨੇ : 400
ਮੁੱਲ : 500/- ਰੁਪਏ
**ਰੀਵਿਊਕਾਰ :**
ਡਾ. ਮਹਿਲ ਸਿੰਘ, ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ।

**ਸ**ਾਦਿਕ ਸੁਲਤਾਨ ਸ਼ੇਰ ਸ਼ਾਹ ਸੂਰੀ ਮਨਮੋਹਨ ਬਾਵਾ ਦਾ ਨਵਾਂ (ਛੇਵਾਂ) ਨਾਵਲ ਹੈ। ਮਨਮੋਹਨ ਬਾਵਾ ਦੀ ਗਲਪੀ ਵਿਸ਼ੇਸ਼ਤਾ ਮੱਧਕਾਲੀ ਇਤਿਹਾਸ-ਮਿਥਿਹਾਸ ਨੂੰ ਨਵੇਂ ਅਰਥ ਦੇਣ ਸੰਬੰਧੀ ਹੈ। ਇੰਨ੍ਹਾਂ ਨੇ ਆਪਣੇ ਪਹਿਲੇ ਨਾਵਲਾਂ ਤੇ ਕਹਾਣੀਆਂ ਵਿਚ ਅਜੇਹੇ ਵਿਸ਼ਿਆਂ ਰਾਹੀਂ ਨਵੇਂ ਅਰਥਾਂ ਦਾ ਉਤਪਾਦਨ ਕੀਤਾ ਹੈ। ਉਪਰੋਕਤ ਨਵਾਂ ਨਾਵਲ ਵੀ ਅਜੇਹੀ ਪੈੜ-ਚਾਲ ਦਾ ਹੀ ਪ੍ਰਮਾਣ ਹੈ। ਆਮ ਕਰਕੇ ਅਸੀਂ ਸਮਰਾਟ ਅਸ਼ੋਕ ਅਤੇ ਸ਼ਹਿਨਸ਼ਾਹ ਅਕਬਰ ਨੂੰ ਹੀ ਮਹਾਨ ਸਮਝਦੇ ਹਾਂ। ਪਰ ਇਸ ਨਾਵਲ ਰਾਹੀਂ ਮਨਮੋਹਨ ਬਾਵਾ ਨੇ ਸ਼ੇਰ ਸ਼ਾਹ ਸੂਰੀ ਦੀ ਮਹਾਨਤਾ ਦਾ ਗਲਪੀ ਬਿੰਬ ਪੇਸ਼ ਕੀਤਾ ਹੈ। ਸ਼ੇਰ ਸ਼ਾਹ ਸੂਰੀ ਭਾਰਤ ਨੂੰ ਰਾਸ਼ਟਰੀ ਮਾਰਗਾਂ ਨਾਲ ਜੋੜਨ ਵਾਲਾ ਪਹਿਲਾਂ ਬਾਦਸ਼ਾਹ ਹੈ। ਇੰਨ੍ਹਾਂ ਸ਼ਾਹ ਰਾਹਾਂ ਉੱਤੇ ਯਾਤਰੀਆਂ ਦੇ ਠਹਿਰਨ ਲਈ ਸਰਾਵਾਂ ਤੇ ਲੰਗਰ ਦੇ ਵੀ ਪ੍ਰਬੰਧ ਕੀਤੇ ਗਏ ਸਨ। ਸੇ ਸ਼ਾਹ ਸੂਰੀ ਨੇ ਜ਼ਮੀਨੀ ਬੰਦੋਬਸਤ ਤਹਿਤ ਕਿਸਾਨੀ ਦੇ ਹਿੱਤਾਂ ਵਿਚ ਕਈ ਸੁਧਾਰ ਕੀਤੇ ਸਨ। ਸ਼ੇਰ ਸ਼ਾਹ ਸੂਰੀ ਨੇ ਜ਼ਮੀਨ ਨੂੰ ਵੱਧ ਉਪਜਾਊ (ਉੱਤਮ), ਦਰਮਿਆਨੀ ਉਪਜਾਊ (ਮੱਧਮ) ਅਤੇ ਘੱਟ ਉਪਜਾਊ (ਦਰਜ਼ਾ ਦੋਮ) ਦੇ ਤਿੰਨ ਹਿੱਸਿਆਂ ਵਿਚ ਵੰਡਿਆ ਸੀ। ਇਸ ਅਨੁਸਾਰ ਹੀ ਲਗਾਨ (ਮਾਲੀਆ) ਦੀ ਦਰ ਨਿਸ਼ਚਿਤ ਕੀਤੀ ਗਈ ਸੀ। ਉਸ ਨੇ ਸਰਕਾਰੀ ਖਰਚੇ ਰਾਹੀਂ ਸਿੰਜਾਈ ਲਈ ਖੂਹ ਲਵਾਏ ਸਨ। ਇਸ ਨਾਲ ਕਿਸਾਨੀ ਨੂੰ ਵੱਡੇ ਪੱਧਰ ਉੱਤੇ ਆਰਥਿਕ ਰਾਹਤ ਹਾਸਿਲ ਹੋਈ ਸੀ। ਜ਼ਮੀਨ ਦੇ ਨਕਸ਼ੇ ਲੱਠੇ ਦੇ ਕਪੜੇ ਉੱਤੇ ਪੱਕੀ ਸਿਆਹੀ ਨਾਲ ਬਣਾਏ ਗਏ ਸਨ। ਅਜੇਹੀ ਪਿਰਤ ਅੱਜ ਤੱਕ ਜਾਰੀ ਹੈ। ਸ਼ੇਰ ਸ਼ਾਹ ਸੂਰੀ ਦੀ ਲੋਕ-ਪ੍ਰਿਯਾ ਸੰਬੰਧੀ 'ਦਿੱਲੀ ਨੂੰ ਆਪਣਾ ਅਸਲ ਸ਼ੌਹਰ' ਮਿਲ ਜਾਣ ਦੇ ਚਰਚੇ ਹੋਣ ਲੱਗੇ ਸਨ। ਨਾਵਲਕਾਰ ਸਪੱਸ਼ਟ ਕਰਦਾ ਹੈ ਕਿ ਬਾਬਰ ਤੇ ਹਿਮਾਯੂੰ ਵਗੈਰਾ ਮੰਗੋਲ ਜਾਤੀ ਨਾਲ ਸੰਬੰਧਿਤ ਮੁਗਲ ਬਾਦਸ਼ਾਹ ਸਨ। ਪਰ ਬਾਅਦ ਦੇ ਬਾਦਸ਼ਾਹ ਜਿਵੇਂ ਸ਼ੇਰ ਸ਼ਾਹ ਸੂਰੀ ਅਫ਼ਗਾਨੀ ਪਠਾਨ ਸਨ। ਇਹ ਅਫ਼ਗਾਨਿਸਤਾਨ ਦੇ ਵਾਸੀ ਸਨ। ਇਨ੍ਹਾਂ ਦੋਵਾਂ ਤਰ੍ਹਾਂ ਦੇ ਬਾਦਸ਼ਾਹਾਂ ਵਿਚ ਧਰਮ (ਇਸਲਾਮ) ਦੀ ਸਾਂਝ ਸੀ। ਪਰ ਇਨ੍ਹਾਂ ਦੀ ਪਿੱਠ-ਭੂਮੀ ਵਿਚ ਵੱਡਾ ਫ਼ਰਕ ਸੀ। ਮੰਗੋਲ ਅਤੇ ਅਫ਼ਗਾਨ ਜਾਤੀ ਦੇ ਚਰਿੱਤਰ ਵਿਹਾਰ ਨੂੰ ਲੇਖਕ ਨੇ ਹਿਮਾਯੂੰ ਤੇ ਸ਼ੇਰ ਸ਼ਾਹ ਸੂਰੀ ਦੇ ਫ਼ਰਕ ਰਾਹੀਂ ਦਰਸਾਇਆ ਹੈ। ਵਧੇਰੇ ਮੁਗਲ ਬਾਦਸ਼ਾਹ ਜਿਥੇ ਆਪਣੇ ਨਿੱਜੀ ਐਸ਼ੋ ਇਸ਼ਰਤ ਵਿਚ ਖੰਚਿਤ ਸਨ, ਉਥੇ ਲੋਕਾਂ (ਰਿਆਇਆ) ਦੀ ਭਲਾਈ ਨੂੰ ਵੱਡੇ ਪੱਧਰ ਉੱਤੇ ਸ਼ੁਰੂ ਕਰਨ ਵਾਲਾ ਕੇਵਲ ਸ਼ੇਰ ਸ਼ਾਹ ਸੂਰੀ ਸੀ।

ਨਾਵਲਕਾਰ ਨੇ ਸ਼ੇਰ ਸ਼ਾਹ ਸੂਰੀ ਨੂੰ ਇਕ ਗਤੀਸ਼ੀਲ ਕਿਰਦਾਰ ਵਜੋਂ ਚਿਤ੍ਰਿਆ ਹੈ। ਇਹ ਕੋਈ ਬਣਿਆ ਬਣਾਇਆ ਉੱਚ ਪਾਤਰ ਨਹੀਂ ਹੈ। ਇਹ ਜ਼ਿੰਦਗੀ ਦੇ ਰਣਤੱਤੇ ਦੇ ਥਪੇੜਿਆਂ ਵਿਚ ਨਿਰੰਤਰ ਅੱਗੇ ਵੱਧਦਾ ਹੈ। ਸ਼ੇਰ ਸ਼ਾਹ ਸੂਰੀ ਪਹਿਲਾ ਬਾਦਸ਼ਾਹ ਸੀ, ਜੋ ਇਕ ਸੈਨਾਪਤੀ ਦਾ ਪੁੱਤਰ ਸੀ। ਇਸ ਤੋਂ ਪਹਿਲਾਂ ਹੋਏ ਬਾਦਸ਼ਾਹ ਤਕਰੀਬਨ ਬਾਦਸ਼ਾਹਾਂ ਦੇ ਹੀ ਪੁੱਤਰ ਸਨ। ਪਰ ਸ਼ੇਰ ਸ਼ਾਹ ਸੂਰੀ ਇਕ ਸਿਪਾਹੀ ਤੋਂ ਬਾਦਸ਼ਾਹਤ ਦਾ ਸਫ਼ਰ ਨਿਰੰਤਰ ਆਪਣੇ ਸੰਘਰਸ਼ ਰਾਹੀਂ ਤਹਿ ਕਰਦਾ ਹੈ। ਇਸ ਨੂੰ ਸ਼ਹਿਨਸ਼ਾਹੀ ਵਿਰਸੇ ਵਿਚੋਂ ਨਹੀਂ, ਰਣ-ਮੈਦਾਨ ਵਿਚੋਂ ਹਾਸਿਲ ਹੁੰਦੀ ਹੈ। ਇਹ ਆਪਣੇ-ਆਪ ਵਿਚ ਹੀ ਸ਼ੇਰ

ਸ਼ਾਹ ਸੂਰੀ ਦੀ ਮਹਾਨਤਾ ਦਾ ਵੱਡਾ ਪਹਿਲੂ ਹੈ। ਸ਼ੇਰ ਸ਼ਾਹ ਸੂਰੀ ਦਾ ਪਹਿਲਾ ਨਾਮ ਫ਼ਰੀਦ ਖ਼ਾਨ ਸੀ। ਇਸ ਦਾ ਨਾਮ ਫਿਰ ਇਕ ਸ਼ੇਰ ਮਾਰਨ ਕਰਕੇ ਸ਼ੇਰ ਖ਼ਾਨ ਪੈ ਜਾਂਦਾ ਹੈ। ਬਾਅਦ ਵਿਚ ਇਹ ਰਣ-ਮੈਦਾਨ ਦੀਆਂ ਜਿੱਤਾਂ ਕਾਰਣ ਸ਼ੇਰ ਖ਼ਾਨ ਤੋਂ ਸ਼ੇਰ ਸ਼ਾਹ ਬਣ ਜਾਂਦਾ ਹੈ। ਸ਼ੇਰ ਸ਼ਾਹ ਸੂਰੀ ਕੋਮਲਭਾਵੀ ਸਿਰਜਣਾਤਮਿਕ ਤੇ ਮਾਨਵੀ ਰੁੱਚੀਆਂ ਵਾਲੇ ਸ਼ਖ਼ਸ ਵਜੋਂ ਪੇਸ਼ ਹੋਇਆ ਹੈ। ਉਹ ਆਸਾਧਾਰਨ ਹੁੰਦਾ ਵੀ ਸਾਧਾਰਨ ਜਾਪਦਾ ਹੈ। ਫ਼ਰੀਦ ਖ਼ਾਨ (ਸ਼ੇਰ ਖ਼ਾਨ/ਸ਼ੇਰ ਸ਼ਾਹ) ਆਮ ਤੇ ਖ਼ਾਸ ਰੁੱਚੀਆਂ ਦਾ ਜਮ੍ਹਾਂ-ਜੋੜ ਹੈ। ਉਹ ਵੱਡਾ ਪਾਤਰ ਤਾਂ ਹੈ, ਪਰ ਆਦਰਸ਼ਕ ਨਹੀਂ ਹੈ। ਸਗੋਂ ਉਹ ਹੱਡ-ਮਾਸ ਦੇ ਪੁਤਲੇ ਵਜੋਂ ਪੇਸ਼ ਹੋਇਆ ਹੈ। ਇਸ ਦੇ ਵੱਡੇ-ਵਡੇਰੇ ਕਦੀ ਘੋੜੇ ਪਾਲਣ ਦਾ ਕਿੱਤਾ ਕਰਦੇ ਸਨ। ਇਕ ਸਾਧਾਰਨ ਸਿਪਾਹੀ ਵਜੋਂ ਸ਼ੇਰ ਸ਼ਾਹ ਨੂੰ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਲੋੜਾਂ ਦਾ ਗਹਿਰਾ ਅਨੁਭਵ ਸੀ। ਇਸ ਅਨੁਭਵ ਦੇ ਸਿੱਟੇ ਵਜੋਂ ਹੀ ਸ਼ੇਰ ਸ਼ਾਹ ਸੂਰੀ ਦਾ ਮੂੰਹ ਸਦਾ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਵੱਲ ਰਹਿੰਦਾ ਹੈ। ਉਹ ਪਹਿਲੇ ਬਾਦਸ਼ਾਹਾਂ ਵਾਲੀ ਅਨਿਆਂ ਤੇ ਦਮਨਕਾਰੀ ਨੀਤੀ ਤੋਂ ਬੇਲਾਗ ਹੈ।

ਮਨਮੋਹਨ ਬਾਵਾ ਅਸਲ ਵਿਚ ਇਤਿਹਾਸਕ ਪਿੱਠ-ਭੂਮੀ ਉੱਤੇ ਵਿਅਕਤੀ ਕਿਰਦਾਰ ਦੀ ਸਿੱਧ-ਪੁੱਠ ਨੂੰ ਬਿਆਨ ਕਰਦਾ ਹੈ। ਸਮੁੱਚੇ ਨਾਵਲ ਵਿਚ ਪਾਤਰਾਂ ਦੇ ਚਰਿੱਤਰ-ਚਿਤ੍ਰਣ ਉੱਤੇ ਬਲ ਹੈ। ਇਸ ਨਾਵਲ ਵਿਚ ਕੇਵਲ ਦੋ ਹੀ ਵੱਡੀਆਂ ਲੜਾਈਆਂ ਦਾ ਜ਼ਿਕਰ ਹੈ। ਸ਼ੇਰ ਸ਼ਾਹ ਸੂਰੀ ਦੀ ਪਹਿਲੀ ਵੱਡੀ ਲੜਾਈ ਹਿਮਾਯੂੰ ਨਾਲ ਹੈ ਅਤੇ ਦੂਜੀ ਹਿਮਾਯੂੰ ਦੇ ਭਰਾ ਕਾਮਰਾਨ ਨਾਲ। ਬਾਬਰ ਦੀ ਵਿਰਾਸਤ ਦੇ ਮਾਲਕ ਹਿਮਾਯੂੰ ਤੇ ਕਾਮਰਾਨ ਕੋਲ ਲੱਖਾਂ ਦੀ ਗਿਣਤੀ ਵਿਚ ਫੌਜ਼ਾਂ ਸਨ। ਪਰ ਇਹ ਫੌਜ਼ਾਂ ਸ਼ੇਰ ਸ਼ਾਹ ਸੂਰੀ ਦੀਆਂ ਹਜ਼ਾਰਾਂ ਦੀ ਗਿਣਤੀ ਵਾਲੀਆਂ ਫੌਜ਼ਾਂ ਅੱਗੇ ਬੁਰੀ ਤਰ੍ਹਾਂ ਹਾਰ ਜਾਂਦੀਆਂ ਸਨ। ਸਪੱਸ਼ਟ ਹੈ ਕਿ ਲੜਾਈ ਵਿਚ ਜਿੱਤ-ਹਾਰ ਲਈ ਗਿਣਤੀ ਨਹੀਂ, ਗੁਣਾਂ ਵਾਲੀ ਯੁੱਧ-ਨੀਤੀ ਫ਼ੈਸਲਾ ਕਰਦੀ ਹੈ। ਆਪਣੀ ਸਹਿ-ਹੋਂਦ, ਮਿੱਤਰਤਾ, ਮਾਨਵਤਾ ਤੇ ਜੰਗਜੂ ਨੀਤੀ ਕਾਰਣ ਸ਼ੇਰ ਸ਼ਾਹ ਸੂਰੀ ਜਿੱਤਾਂ ਹਾਸਿਲ ਕਰਦਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਉਹ ਵਿਰੋਧੀਆਂ ਨੂੰ ਹਰਾਉਂਦਾ ਤਾਂ ਹੈ ਪਰ ਬੇਇੱਜ਼ਤ ਨਹੀਂ ਕਰਦਾ ਹੈ। ਇਥੋਂ ਤੱਕ ਕਿ ਉਹ ਵਿਰੋਧੀ ਬਾਦਸ਼ਾਹ ਦੀਆਂ ਆਪਣੇ ਕਬਜ਼ੇ ਵਿਚ ਆਈਆਂ ਰਾਣੀਆਂ ਵਗੈਰਾ ਨੂੰ ਵੀ ਬਾ-ਇੱਜ਼ਤ ਵਾਪਸ ਕਰ ਦੇਂਦਾ ਹੈ। ਸ਼ੇਰ ਸ਼ਾਹ ਸੂਰੀ ਇਲਾਕੇ ਮੱਲਣ ਲਈ ਔਰਤਾਂ ਦਾ ਦੇਣ-ਲੈਣ ਜਾਂ ਰਿਸ਼ਤੇ ਦਾ ਕੋਈ ਸੌਦਾ ਨਹੀਂ ਕਰਦਾ ਹੈ। ਉਹ ਔਰਤ ਦਾ ਵੱਡਾ ਸਤਿਕਾਰ ਕਰਨ ਵਾਲਾ ਪਹਿਲਾ ਬਾਦਸ਼ਾਹ ਹੈ। ਮਨਮੋਹਨ ਬਾਵਾ ਨੇ ਮਰਦ ਪਾਤਰਾਂ ਦੇ ਨਾਲ-ਨਾਲ ਕੁਝ ਔਰਤ ਪਾਤਰਾਂ (ਗੁਲਬਦਨ ਤੇ ਦਿਲਦਾਰ ਬੇਗਮ) ਦੀ ਸੂਝ-ਸਿਆਣਪ ਵੀ ਬਾਖ਼ੂਬੀ ਪੇਸ਼ ਕੀਤੀ ਹੈ। ਇਸ ਨਾਵਲ ਦਾ ਦੂਸਰਾ ਪਹਿਲੂ ਇਹ ਹੈ ਕਿ ਸ਼ੇਰ ਸ਼ਾਹ ਸੂਰੀ ਵਰਗੇ ਬਾਦਸ਼ਾਹ ਦੀ ਬਾਦਸ਼ਾਹਤ ਦੇ ਅੰਤਰਗਤ ਹੋਰਨਾਂ ਧਾਰਮਿਕ ਵਿਚਾਰਾਂ ਅਤੇ ਲਹਿਰਾਂ-ਫ਼ਕੀਰਾਂ ਨੂੰ ਵੀ ਵੱਧਣ-ਫੁੱਲਣ ਦਾ ਬਲ ਮਿਲਦਾ ਹੈ। ਇਸ ਨਾਵਲ ਨਾਲ ਸਾਡੀਆਂ ਇਤਿਹਾਸ ਸੰਬੰਧੀ ਕਈ ਮਿੱਥਾਂ ਟੁੱਟਦੀਆਂ ਹਨ ਅਤੇ ਨਾਲ ਹੀ ਇਤਿਹਾਸ ਤੇ ਇਤਿਹਾਸਕ ਨਾਇਕਾਂ ਸੰਬੰਧੀ ਸਮਝ ਦੇ ਨਵੇਂ ਝਰੋਖੇ ਖੁੱਲ੍ਹਦੇ ਹਨ। ਸਾਡੇ ਕਈ ਨਾਵਲਕਾਰ ਅਕਸਰ ਹੀ ਇਤਿਹਾਸਕ ਸ਼ਤਾਬਦੀਆਂ ਦਾ ਲਾਹ ਲੈਣ ਲਈ ਅਜੇਹਾ ਉੱਦਮ ਕਰਦੇ ਹਨ। ਪਰ ਮਨਮੋਹਨ ਬਾਵਾ ਅਜੇਹੀ ਮਨੋਬਿਰਤੀ ਤੋਂ ਦੂਰ ਇਤਿਹਾਸ ਪ੍ਰਤੀ ਨਵੀਂ-ਨਿਵੇਕਲੀ ਸਮਝ ਦੇਣ ਦੇ ਫ਼ਰਜ਼ ਤੋਂ ਆਪਣੀ ਗਲਪ-ਰਚਨਾ ਦੇ ਸਫ਼ਰ ਨੂੰ ਜ਼ਾਰੀ ਰੱਖ ਰਿਹਾ ਹੈ। ਅਜੇਹੇ ਨਾਵਲ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਨਵਾਂ ਵਾਧਾ ਹਨ। ਕਿਉਂਕਿ ਇੰਨ੍ਹਾਂ ਨਾਲ ਸਾਨੂੰ ਹੋਏ-ਬੀਤੇ ਸਮਾਜ-ਇਤਿਹਾਸ ਸੰਬੰਧੀ ਕੁਝ ਨਵਾਂ ਜਾਣਨ-ਸਮਝਣ ਦਾ ਮੌਕਾ ਮਿਲ ਰਿਹਾ ਹੈ।

◈

**ਖਾਂ**ਡਵ ਦਾਹ ਬਲਬੀਰ ਪਰਵਾਨਾ ਦਾ ਨਵਾਂ (ਗਿਆਰਵਾਂ) ਨਾਵਲ ਹੈ। ਇਸ ਦਾ ਥੀਮ ਅਜੋਕੀ ਸਭਿਅਤਾ ਤੇ ਇਸ ਦੇ ਮੁੱਲ-ਪ੍ਰਬੰਧ ਨਾਲ ਸੰਬੰਧਿਤ ਹੈ। ਇਸ ਥੀਮ ਨੂੰ ਪ੍ਰਿਯਾ ਅਤੇ ਹਰਿੰਦਰ ਦੇ ਦੰਪਤੀ ਜੋੜੇ ਦੀ ਜ਼ਿੰਦਗੀ ਰਾਹੀਂ ਦਰਸਾਇਆ ਗਿਆ ਹੈ। ਵਿਦਿਆਰਥੀ ਜੀਵਨ ਤੋਂ ਪ੍ਰੇਮ-ਵਿਆਹ ਵਿਚ ਬੱਝੇ ਇਸ ਜੋੜੇ ਦੀਆਂ ਤੰਦਾਂ ਜੀਵਨ ਦੇ ਹਕੀਕੀ ਰਣ-ਮੈਦਾਨ ਵਿਚ ਬੁਰੀ ਤਰ੍ਹਾਂ ਬਿਖਰ ਜਾਂਦੀਆਂ ਹਨ। ਪਤਨੀ (ਪ੍ਰਿਯਾ) ਨੂੰ ਬਾਜ਼ਾਰੀ ਚੀਜ਼ਾਂ-ਵਸਤਾਂ ਦੀ ਖਿੱਚ ਹੈ। ਉਹ ਕਾਲਜ ਦੀ ਫਿਕਸ ਤਨਖਾਹ ਦੇ ਨਾਲ-ਨਾਲ ਕੁਝ ਹੋਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਨਾਲ ਉਹ ਪਤੀ ਨੂੰ ਵੀ ਅਜੇਹਾ ਕਰਨ ਲਈ ਪ੍ਰੇਰਿਤ ਕਰਦੀ ਹੈ। ਪਰ ਪਤੀ (ਹਰਿੰਦਰ) ਪੈਸੇ ਦੀਆਂ ਮੰਡੀ ਕਦਰਾਂ ਤੋਂ ਹੱਟ ਕੇ ਸਾਂਵੀ ਪੱਧਰੀ ਜ਼ਿੰਦਗੀ ਜਿਊਣਾ ਲੋਚਦਾ ਹੈ। ਉਹ ਸਮਾਜ ਨੂੰ ਜਾਣਨ ਤੇ ਸਮਝਣ ਲਈ ਪੜ੍ਹਨ-ਲਿਖਣ ਵਿਚ ਵਿਸ਼ਵਾਸ਼ ਰੱਖਦਾ ਹੈ। ਇਸ ਤਰ੍ਹਾਂ ਇਹ ਦੰਪਤੀ ਜੋੜਾ ਦੋ ਧੁਰਿਆਂ ਵਿਚ ਵੰਡਿਆ ਹੋਇਆ ਬਿਲਕੁਲ ਹੀ ਇਕ-ਦੂਜੇ ਦਾ ਵਿਰੋਧੀ ਬਣ ਜਾਂਦਾ ਹੈ। ਹਰਿੰਦਰ ਦਾ ਵਤੀਰਾ ਜਿੱਥੇ ਦਰ-ਗੁਜਰਨ ਕਰਨ ਦਾ ਹੈ, ਉਥੇ ਪ੍ਰਿਯਾ ਵਧੇਰੇ ਹਮਲਾਵਰ ਰੁਖ਼ ਅਖ਼ਤਿਆਰ ਕਰਦੀ ਹੈ। ਪ੍ਰਿਯਾ ਆਮ ਔਰਤਾਂ ਵਾਂਗ ਜਿਵੇਂ-ਕਿਵੇਂ ਅਮੀਰ ਹੋਣਾ ਲੋਚਦੀ ਹੈ। ਨਿੱਜੀਕਰਣ ਦੇ ਦੌਰ ਵਿਚ ਤਨਖਾਹਦਾਰ ਨੌਕਰੀਪੇਸ਼ਾ ਸ਼੍ਰੇਣੀ ਦੀਆਂ ਆਪਣੀਆਂ ਵਿਸ਼ੇਸ਼ ਮਾਨਸਿਕ ਤੇ ਆਰਥਿਕ ਸਮੱਸਿਆਵਾਂ ਹਨ। ਸਾਧਨ ਸੀਮਿਤ ਹਨ। ਪਰ ਬਾਜ਼ਾਰ ਵਿਚ ਨਿੱਤ ਨਵੀਆਂ ਵਸਤਾਂ ਦੀ ਭਰਮਾਰ ਹੈ। ਨਿੱਜੀਕਰਣ ਦੇ ਕਾਰਪੋਰੇਟ ਦੌਰ ਨੇ ਨਵੀਆਂ-ਨਵੀਆਂ ਵਸਤਾਂ ਦੇ ਮਾਲ ਸਿਸਟਮ ਰਾਹੀਂ ਬੰਦੇ ਨੂੰ ਚਕਾਚੌਂਧ ਕਰ ਦਿੱਤਾ ਹੈ। ਅਜੋਕੀ ਤੇਜ਼ ਰਫ਼ਤਾਰ ਤਬਦੀਲੀ ਵਿਚ ਸਮਾਜਕ ਤੇ ਪਰਿਵਾਰਕ ਰਿਸ਼ਤੇ ਬੁਰੀ ਤਰ੍ਹਾਂ ਉਲਝ ਗਏ ਹਨ। ਅਸੀਂ ਚੀਜ਼ਾਂ-ਵਸਤਾਂ ਵਾਲੀ ਸਭਿਅਤਾ ਦੇ ਜਲੌਅ ਵਿਚੋਂ ਲੰਘ ਰਹੇ ਹਾਂ। ਪਰ ਸਾਡੇ ਪਰਿਵਾਰਕ-ਸਮਾਜਕ ਰਿਸ਼ਤੇ ਮਰ-ਮੁੱਕ ਰਹੇ ਹਨ। ਇਸ ਨਵੇਂ ਬਾਜ਼ਾਰ ਵਿਚ ਔਰਤ ਵੀ ਮੰਡੀ ਦੀ ਖੱਪਤੀ ਵਸਤ ਵਾਂਗ ਹੈ। ਸਾਡੀ ਅਜੋਕੀ ਸਭਿਅਤਾ ਵਿਚ ਬੰਦਾ ਕੇਵਲ ਚੀਜ਼ਾਂ-ਵਸਤਾਂ ਦਾ ਪੁੱਤ ਬਣ ਕੇ ਰਹਿ ਗਿਆ ਹੈ। ਹਰ ਮਨੁੱਖ ਇਕੱਲਾ-ਇਕੱਲਾ ਹੋ ਗਿਆ ਹੈ। ਅਸੀਂ ਆਪਸੀ ਸੰਚਾਰ ਦੀ ਥਾਂ ਆਪੇ ਨਾਲ ਸੰਚਾਰ ਤੱਕ ਸੀਮਤ ਹੋ ਗਏ ਹਾਂ। ਨਾਵਲ ਵਿਚ ਕੁੱਤੇ ਨਾਲ ਸੈਰ ਕਰਦੀ ਤੇ ਮੋਬਾਇਲ ਸੁਣਦੀ ਔਰਤ ਅਜੇਹੀ ਸਥਿਤੀ ਦਾ ਪ੍ਰਤੀਨਿਧ ਪ੍ਰਗਟਾਅ ਹੈ।


ਨਾਵਲਕਾਰ ਅਜੋਕੇ ਸਮਾਜ ਤੇ ਸਟੇਟ ਦੇ ਸੁਭਾਅ ਨੂੰ ਆਪਣੀ ਪਰੰਪਰਾ ਦੇ ਵੇਗ ਵਿਚ ਰੱਖ ਕੇ ਵੇਖਦਾ ਹੈ। ਰਿਗਵੇਦ, ਰਮਾਇਣ ਤੇ ਮਹਾਂਭਾਰਤ ਸਮਾਜ-ਇਤਿਹਾਸ ਸੰਬੰਧੀ ਸਾਡੀਆਂ ਸ਼ਾਹਕਾਰ ਰਚਨਾਵਾਂ ਹਨ। ਨਾਵਲ ਦੇ ਕੇਂਦਰੀ ਪਾਤਰ ਅਨੁਸਾਰ ਅਜੇਹੀਆਂ ਰਚਨਾਵਾਂ ਵਿਚੋਂ ਉਸ ਸਮੇਂ ਦੇ ਸਿਸਟਮ ਦੇ ਸੁਭਾਅ ਤੇ ਸਰੂਪ ਨੂੰ ਭਲੀ-ਭਾਂਤ ਪਛਾਣਿਆ ਜਾ ਸਕਦਾ ਹੈ। ਸਾਡੀ ਕਲਾਸਿਕ ਦਰਜ਼ੇ ਦੀ ਰਚਨਾ ਮਹਾਂਭਾਰਤ ਵਿਚ 'ਖਾਂਡਵ ਦਾਹ' ਐਸਾ ਚਿਹਨ ਹੈ ਜਿਥੇ ਸਭ ਕੁਝ ਭਸਮ ਹੋ ਜਾਂਦਾ ਹੈ। ਇਸ ਵਿਹਾਰ ਨੂੰ ਹੀ ਲੇਖਕ 'ਖਾਂਡਵ ਦਾਹ' ਵਜੋਂ ਪੇਸ਼ ਕਰਦਾ ਹੈ। ਨਾਵਲਕਾਰ ਮੁਤਾਬਕ ਅਜੇਹਾ 'ਖਾਂਡਵ ਦਾਹ' ਹੁਣ ਹੋਰ ਭਿਅੰਕਰ ਰੂਪ ਵਿਚ ਅੱਗੇ ਜਾਰੀ




ਪੁਸਤਕ ਦਾ ਨਾਮ :
**ਖਾਂਡਵ ਦਾਹ (ਨਾਵਲ)**
**ਨਾਵਲਕਾਰ :**
ਬਲਬੀਰ ਪਰਵਾਨਾ
ਪ੍ਰਕਾਸ਼ਕ :
**ਲੋਕ ਗੀਤ ਪ੍ਰਕਾਸ਼ਨ**,
ਐਸ.ਐਸ.ਏ. ਨਗਰ,
ਮੋਹਾਲੀ।
ਸਾਲ : 2018
ਪੰਨੇ : 127
ਮੁੱਲ : 195/- ਰੁਪਏ
**ਰੀਵਿਊਕਾਰ :**
ਡਾ. ਮਹਿਲ ਸਿੰਘ,
ਪ੍ਰਿੰਸੀਪਲ, ਖ਼ਾਲਸਾ
ਕਾਲਜ ਅੰਮ੍ਰਿਤਸਰ।

ਹੈ। ਉਂਝ ਇਸ ਦਾ ਰੂਪ ਜ਼ਰੂਰ ਬਦਲ ਗਿਆ ਹੈ। ਅਜੋਕਾ ਪੂੰਜੀ ਦਾ ਦੌਰ ਸਾਡੇ ਸਭ ਰਿਸ਼ਤੇ, ਪੌਣ-ਪਾਣੀ, ਜ਼ਮੀਨ ਤੇ ਵਾਤਾਵਰਣ ਨੂੰ ਚੱਟਮ ਕਰ ਰਿਹਾ ਹੈ। ਸਪੱਸ਼ਟ ਹੈ ਸਾਡਾ ਸਭਿਆਚਾਰ ਹੀ ਨਹੀਂ, ਸਭਿਅਤਾ ਵੀ ਖ਼ਤਰੇ ਵਿਚ ਹੈ। ਇਹ ਅਜੋਕਾ ਸਭ ਤੋਂ ਵੱਡਾ ਤੇ ਚਿੰਤਾਤੁਰ ਵਿਸ਼ਾ ਹੈ। ਬਲਬੀਰ ਪਰਵਾਨਾ ਨੂੰ ਹਰਿੰਦਰ ਦੇ ਰੂਪ ਵਿਚ ਅਜੇਹੀ ਸਭਿਅਤਾ ਪ੍ਰਵਾਨ ਨਹੀਂ ਹੈ। ਪ੍ਰਿਯਾ (ਪਤਨੀ) ਨੂੰ ਅਜੇਹਾ ਪਤੀ ਪ੍ਰਵਾਨ ਨਹੀਂ ਹੈ। ਪਰਵਾਨਾ ਦੇ ਪਹਿਲੇ ਨਾਵਲ ਵੀ ਭਾਵੇਂ ਅਜੇਹੀ ਸਭਿਅਤਾ ਦੇ ਅਜੋਕੇ ਦੌਰ ਨਾਲ ਹੀ ਸੰਬੰਧਿਤ ਹਨ ਪਰ ਇਹ ਨਾਵਲ ਅਜੋਕੇ ਸਮਿਆਂ ਵਿਚ ਟੁੱਟ ਰਹੀ ਵਿਆਹ ਸੰਸਥਾ (ਦੰਪਤੀ ਜੀਵਨ) ਦਾ ਪ੍ਰਤੀਨਿਧ ਪ੍ਰਗਟਾਅ ਹੈ। ਇਸ ਵਿਚੋਂ ਹਰੇਕ ਨੂੰ ਕਿਤੇ ਨਾ ਕਿਤੇ ਆਪਣਾ ਮੁਹਾਂਦਰਾ ਨਜ਼ਰ ਆਉਂਦਾ ਹੈ। ਬਲਬੀਰ ਪਰਵਾਨਾ ਤੇਜ਼ ਗਤੀ ਨਾਲ ਵਾਪਰ ਰਹੀ ਅਜੋਕੀ ਤਬਦੀਲੀ ਸੰਬੰਧੀ ਤੇਜ਼ੀ ਨਾਲ ਲਿਖਣ ਵਾਲਾ ਨਾਵਲਕਾਰ ਹੈ। ਇਹ ਨਾਵਲ ਅਜੋਕੀ ਨੌਕਰੀਪੇਸ਼ਾ ਤੇ ਪੜ੍ਹੀ-ਲਿਖੀ ਮੱਧ-ਸ਼੍ਰੇਣੀ ਦਾ ਗਲਪੀ ਦਸਤਾਵੇਜ਼ ਹੈ। ਇਸ ਦੀ ਪੜ੍ਹਤ ਆਪਣੇ ਆਪੇ ਤੇ ਸਮਾਜ ਨੂੰ ਪੜ੍ਹਨ ਸਾਮਾਨ ਹੈ।

◈



# ਪਬਲੀਕੇਸ਼ਨ ਪਾਲਿਸੀ


## ਵਿਦਵਾਨ ਲੇਖਕਾਂ ਲਈ ਜ਼ਰੂਰੀ ਸੂਚਨਾ

ਸੰਵਾਦ ਪੰਜਾਬੀ ਭਾਸ਼ਾ, ਸਾਹਿਤ, ਆਲੋਚਨਾ, ਲੋਕਧਾਰਾ ਤੇ ਸਭਿਆਚਾਰ ਨੂੰ ਸਮਰਪਿਤ ਇਕ 'ਪੀਅਰ ਰਿਵਿਊਡ/ਰੈਫ਼ਰੀਡ ਰਿਸਰਚ ਜਰਨਲ' ਹੈ ਜੋ 2015 ਤੋਂ ਲਗਾਤਾਰ ਹਰ ਛਿਮਾਹੀ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਜਰਨਲ ਦਾ ਮੰਤਵ ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ ਵਿਚ ਆਲੋਚਨਾ ਅਤੇ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਵਿਚ ਉੱਚ-ਮਿਆਰੀ ਤੇ ਮੌਲਿਕ ਖੋਜ ਨੂੰ ਉਤਸ਼ਾਹਿਤ ਕਰਨਾ ਹੈ।


**ਸੰਵਾਦ ਵਿੱਚ ਖੋਜ-ਪੱਤਰ ਭੇਜਣ ਤੋਂ ਪਹਿਲਾਂ ਲੇਖਕ ਹੇਠ ਲਿਖੇ ਨੁਕਤਿਆਂ ਵੱਲ ਧਿਆਨ ਦੇਣ :**

- ਸੰਵਾਦ ਵਿਚ ਪ੍ਰਕਾਸ਼ਿਤ ਹੋਣ ਲਈ ਖੋਜ-ਪੱਤਰ 5000-10, 000 ਸ਼ਬਦਾਂ ਵਿਚ ਹੋਣਾ ਚਾਹੀਦਾ ਹੈ। ਖੋਜ-ਪੱਤਰ ਪੂਰਨ ਤੌਰ 'ਤੇ ਖੋਜ-ਵਿਧੀ ਅਨੁਸਾਰ ਲਿਖਿਆ ਹੋਣਾ ਚਾਹੀਦਾ ਹੈ। ਇਸ ਵਿੱਚ ਸਿਰਲੇਖ, ਸਾਰ, ਮੁੱਢਲੇ-ਸ਼ਬਦ, ਜਾਣ-ਪਹਿਚਾਣ, ਚਰਚਾ, ਸਿੱਟੇ/ਨਤੀਜੇ ਜਾਂ ਮੁਲਵਾਨ ਧਾਰਨਾਵਾਂ ਸਪੱਸ਼ਟ ਪ੍ਰਗਟ ਹੋਣ ਅਤੇ ਅੰਤ ਵਿਚ ਹਵਾਲੇ ਤੇ ਟਿੱਪਣੀਆਂ ਹੋਣੇ ਜ਼ਰੂਰੀ ਹਨ। ਖੋਜ-ਪੱਤਰ ਨਾਲ 100 ਤੋਂ 150 ਸ਼ਬਦਾਂ ਵਿਚ ਸਾਰ (Abstract) ਜ਼ਰੂਰ ਭੇਜਿਆ ਜਾਵੇ।
- ਇਸ ਜਰਨਲ ਵਿਚ ਹੱਥ-ਲਿਖਤ ਅਤੇ ਟਾਈਪ ਹੋਏ/ਇਲੈੱਕਟ੍ਰਾਨਿਕ ਦੋਵੇਂ ਤਰੀਕਿਆਂ ਨਾਲ ਨਾਲ ਖੋਜ-ਪੱਤਰ ਭੇਜੇ ਜਾ ਸਕਦੇ ਹਨ। ਟਾਈਪ ਹੋਇਆ ਖੋਜ-ਪੱਤਰ ਸਿੱਧੇ ਵੈਬਸਾਈਟ (www.sanvad.org) ਜਾਂ ਈਮੇਲ (sanvadpunjabi@gmail.com) ਰਾਹੀਂ ਭੇਜਿਆ ਜਾ ਸਕਦਾ ਹੈ ਅਤੇ ਹੱਥ-ਲਿਖਤ ਖੋਜ-ਪੱਤਰ **'ਸੰਵਾਦ' ਪੰਜਾਬੀ ਰਿਸਰਚ ਜਰਨਲ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ**-143002, ਪੰਜਾਬ ਦੇ ਪਤੇ 'ਤੇ ਭੇਜਿਆ ਜਾਵੇ। **ਸੰਵਾਦ** ਸਿਰਫ਼ ਪੰਜਾਬੀ (ਗੁਰਮੁਖੀ ਲਿਪੀ) ਵਿਚ ਹੀ ਖੋਜ-ਪੱਤਰ ਪ੍ਰਕਾਸ਼ਿਤ ਕਰਦਾ ਹੈ।
- ਖੋਜ-ਪੱਤਰ ਵਿਚ ਵਿਆਕਰਣਿਕ ਅਤੇ ਟਾਈਪਿੰਗ ਗਲਤੀਆਂ ਨਹੀਂ ਹੋਣੀਆਂ ਚਾਹੀਦੀਆਂ।
- ਭੇਜਿਆ ਹੋਇਆ ਖੋਜ-ਪੱਤਰ ਕਿਸੇ ਵੀ ਮੈਗਜ਼ੀਨ, ਕਿਤਾਬ, ਜਰਨਲ, ਕਾਨਫ਼ਰੰਸ ਪਰੋਸੀਡਿੰਗ ਜਾਂ ਕਿਸੇ ਵੀ ਹੋਰ ਜਗ੍ਹਾ 'ਤੇ ਪ੍ਰਕਾਸ਼ਿਤ ਨਾ ਹੋਇਆ ਹੋਵੇ ਅਤੇ ਨਾ ਹੀ ਕਿਤੇ ਹੋਰ ਭੇਜਿਆ ਹੋਵੇ।
- ਭੇਜਿਆ ਹੋਇਆ ਖੋਜ-ਪੱਤਰ ਮੌਲਿਕ ਖੋਜ-ਕਾਰਜ ਹੋਵੇ ਅਤੇ ਕਿਸੇ ਦੇ ਖੋਜ-ਕਾਰਜ ਦੀ ਨਕਲ ਨਾ ਹੋਵੇ।
- ਖੋਜ-ਪੱਤਰ ਦੇ ਸਾਰੇ ਲੇਖਕ (ਜੇ ਹਨ ਤਾਂ) ਇਸ ਨੂੰ ਪ੍ਰਕਾਸ਼ਿਤ ਕਰਨ ਲਈ ਸਹਿਮਤ ਹੋਣ ਅਤੇ ਖਰੜੇ ਸੰਬੰਧੀ ਆਪਸ ਵਿਚ ਜਾਂ ਕਿਸੇ ਨਾਲ ਵੀ ਕਿਸੇ ਵੀ ਤਰ੍ਹਾਂ ਦਾ ਵਿਵਾਦ ਨਾ ਹੋਵੇ।
- ਜਰਨਲ ਦੇ ਐਡੀਟਰ ਜਾਂ ਰੀਵਿਊਅਰ ਨੂੰ ਜਰਨਲ ਦੀ ਪਾਲਿਸੀ ਅਨੁਸਾਰ ਕਿਸੇ ਵੀ ਖਰੜੇ/ ਖੋਜ-ਪੱਤਰ ਵਿਚ ਤਬਦੀਲੀ, ਰੱਦ ਕਰਨ ਜਾਂ ਸਵੀਕਾਰ ਕਰਨ ਦਾ ਪੂਰਾ ਹੱਕ ਹੈ।
- ਭੇਜਿਆ ਹੋਇਆ ਖੋਜ-ਪੱਤਰ ਕਿਸੇ ਵੀ ਮਨੁੱਖ, ਖੋਜ-ਕਰਤਾ ਜਾਂ ਸਮਾਜ ਲਈ ਨੁਕਸਾਨ-ਦੇਹ ਨਾ ਹੋਵੇ। ਖੋਜ-ਪੱਤਰ ਵਿਚਲੇ ਵਿਚਾਰ ਲੇਖਕ ਦੇ ਆਪਣੇ ਹਨ ਤੇ ਉਹ ਇਸ ਲਈ ਪੂਰਨ ਜਿੰਮੇਵਾਰ ਹੈ। ਐਡੀਟਰ ਜਾਂ ਬੋਰਡ ਇਸ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

–ਸੰਪਾਦਕ


PLACES VISITED BY
SRI GURU NANAK DEV JI
RUSSIA
CASPIAN SEA
MEDITERRANEAN SEA
ISRAEL
SYRIA
JORDAN
IRAQ
IRAN
AFGHANISTAN
W. PAKISTAN
TIBET
CHINA
NEPAL
BURMA
ARABIA
PERSIAN GULF
RED SEA
AFRICA
ARABIAN SEA
BAY OF BANGAL
CEYLON
PLACES VISITED DURING FIRST JOURNEY (1497-1509)
PLACES VISITED DURING SECOND JOURNEY (1510-1515)
PLACES VISITED DURING THIRD JOURNEY (1515-1517)
PLACES VISITED DURING FOURTH JOURNEY (1517-1521)
PLACES VISITED IN PUNJAB

ISSN : 2395 1273



ESTD. 1892

POST GRADUATE DEPARTMENT OF PUNJABI STUDIES

KHALSA COLLEGE AMRITSAR

E-mail : sanvadpunjabi@gmail.com Website: www.sanvad.org

ISSN 2395-1273

₹ 150/-